Ad Space available
Please call
Ph: 847-359-0746


ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

CDL Class 'B' Driver Needed
For Immediate Hire
ਟਰਾਈ ਸਟੇਟ ਏਰੀਏ ਵਿਚ ਸੀ.ਡੀ.ਐਲ. ਕਲਾਸ 'ਬੀ' ਡਰਾਈਵਰਾਂ ਦੀ ਫੌਰੀ ਲੋੜ ਹੈ
Delivery in Tri State Area
Attractive Pay and Benefits.
Please call: 732-815-9550

Twentieth Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 38, September 21, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਸਿੱਖਾਂ ਦੀ ਕਾਲੀ ਸੂਚੀ ਦੀ 'ਕਾਲੀ' ਸੱਚਾਈ!

## ਸਭ ਧਿਰਾਂ ਸਿਰਫ ਖਾਨਾਪੂਰਤੀ ਵਿਚ ਲੱਗੀਆਂ

**ਚੰਡੀਗੜ੍ਹ:** ਮੋਦੀ ਸਰਕਾਰ ਨੇ 312 ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚੋਂ ਹਟਾਉਣ ਦਾ ਐਲਾਨ ਕਰ ਦਿੱਤਾ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਸੂਚੀ ਵਿਚ ਹੁਣ 2 ਹੀ ਨਾਮ ਬਚੇ ਹਨ। ਐਲਾਨ ਤੋਂ ਬਾਅਦ ਜਿਥੇ ਸਿਆਸੀ ਧਿਰਾਂ ਇਸ 'ਪ੍ਰਾਪਤੀ' ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਜ਼ੋਰ-ਅਜ਼ਮਾਈ ਕਰ ਰਹੀਆਂ ਹਨ, ਉਥੇ ਸ਼੍ਰੋਮਣੀ ਕਮੇਟੀ ਵੱਲੋਂ ਵੀ ਮੋਦੀ ਸਰਕਾਰ ਦਾ ਧੰਨਵਾਦ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਕੇਂਦਰ ਸਰਕਾਰ ਦੀ ਨੀਅਤ ਉਤੇ ਸਵਾਲ ਵੀ ਉਠ ਰਹੇ ਹਨ।

ਕੇਂਦਰ ਵਲੋਂ ਪਹਿਲਾਂ ਵੀ ਅਜਿਹੀਆਂ ਕਈ ਸੂਚੀਆਂ ਜਾਰੀ ਕੀਤੀਆਂ ਗਈ ਪਰ ਇਨ੍ਹਾਂ ਸੂਚੀਆਂ ਵਿਚਲੇ ਨਾਂਵਾਂ ਦਾ ਵੇਰਵਾ ਕਦੇ ਸਾਹਮਣੇ ਨਹੀਂ ਆਇਆ, ਨਾ ਹੀ ਇਨ੍ਹਾਂ ਵਿਚ ਸ਼ਾਮਲ ਕੀਤੇ ਗਏ ਨਾਂਵਾਂ ਦੇ ਕਾਰਨਾਂ ਸਬੰਧੀ ਕਦੀ ਸਹੀ ਉਤਰ ਮਿਲ ਸਕਿਆ ਹੈ। ਯਾਦ ਰਹੇ ਕਿ ਸਰਕਾਰ ਵਲੋਂ ਤਕਰੀਬਨ ਹਰ ਦੋ ਸਾਲ ਬਾਅਦ ਅਜਿਹੀ ਸੂਚੀ ਜਾਰੀ ਕਰਕੇ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਹੁਣ ਇਸ ਸੂਚੀ ਵਿਚ ਕੁਝ ਗਿਣਵੇਂ ਨਾਮ ਰਹਿ ਗਏ ਹਨ। ਪਿਛਲੀ ਵਾਰ ਜਾਰੀ ਸੂਚੀ ਵਿਚ ਦਾਅਵਾ ਕੀਤਾ ਗਿਆ ਸੀ ਕਿ ਹੁਣ ਸਿਰਫ 5-7 ਨਾਮ ਹੀ ਬਚੇ ਹਨ। 2014 ਵਿਚ ਆਖਿਆ ਗਿਆ ਸੀ ਕਿ ਕਾਲੀ ਸੂਚੀ ਵਿਚ 169 ਸਿੱਖਾਂ ਦੇ ਨਾਮ ਰਹੇ ਗਏ ਹਨ। ਕਾਂਗਰਸ ਸਰਕਾਰ ਨੇ ਵੀ 2011 ਕਾਲੀ ਸੂਚੀ ਵਿਚੋਂ 142 ਸਿੱਖਾਂ ਦੇ ਨਾਮ ਕੱਢੇ ਸਨ। ਉਸ ਸਮੇਂ ਪੰਜਾਬ ਕਾਂਗਰਸ ਨੇ ਵਿਸ਼ੇਸ਼ ਸਮਾਗਮ ਕਰਵਾ ਕੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਸਨਮਾਨਿਤ ਵੀ ਕੀਤਾ। ਉਸ ਸਮੇਂ ਅਕਾਲੀ ਦਲ ਬਾਦਲ ਨੇ ਦਾਅਵਾ ਕਰ ਦਿੱਤਾ ਕਿ ਇਹ ਸਭ ਉਨ੍ਹਾਂ ਦੀ ਭੱਜ-ਨੱਠ ਕਰਕੇ ਹੀ ਸੰਭਵ ਹੋਇਆ ਹੈ।

ਹੁਣ ਸਵਾਲ ਉਠ ਰਹੇ ਹਨ ਕਿ 312 ਨਾਮ ਕਿਸ ਸਮੇਂ ਕਾਲੀ ਸੂਚੀ ਵਿਚ ਪਾਏ ਗਏ? ਇਹ ਕਾਲੀਆਂ ਸੂਚੀਆਂ ਕਿਸ ਤਰ੍ਹਾਂ ਹਰ ਸਾਲ ਲੰਮੀਆਂ



ਹੋ ਰਹੀਆਂ ਹਨ ਤੇ ਇਨ੍ਹਾਂ ਵਿਚ ਕਿਨ੍ਹਾਂ ਸਿੱਖਾਂ ਨੂੰ ਪਾਈਆ ਜਾ ਰਿਹਾ ਹੈ? ਉਂਜ, ਇਸ ਬਾਰੇ ਨਾ ਤਾਂ ਸਿੱਖ ਜਥੇਬੰਦੀਆਂ ਜਾਣਨ ਦੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਨਾ ਹੀ ਸਰਕਾਰ ਜਵਾਬ ਦੇਣ ਲਈ ਤਿਆਰ ਹੈ। ਦਰਅਸਲ, ਇਸ ਬਾਰੇ ਨਾ ਤਾਂ ਪੰਜਾਬ ਦੀਆਂ ਸਿਆਸੀ ਧਿਰਾਂ ਨੂੰ ਕੋਈ ਭੁਲੇਖਾ ਹੈ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਨੂੰ; ਸਾਰੀਆਂ ਧਿਰਾਂ ਇਨ੍ਹਾਂ ਸੂਚੀਆਂ ਪਿਛਲੀ ਅਸਲ ਸਚਾਈ ਨੂੰ ਸਾਹਮਣੇ ਲਿਆਉਣ ਦੀ ਥਾਂ ਆਪੋ-ਆਪਣਾ ਉਲੂ ਸਿੱਧਾ ਕਰਨ ਵਿਚ ਜੁਟੀਆਂ ਹੋਈਆਂ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੋਦੀ ਸਰਕਾਰ ਦੇ ਐਲਾਨ ਤੋਂ ਬਾਅਦ ਦਾਅਵਾ ਕਰ ਦਿੱਤਾ ਕਿ ਕਾਲੀ ਸੂਚੀ ਵਿਚੋਂ 312 ਸਿੱਖਾਂ ਦੇ ਨਾਂ ਹਟਾਉਣ ਦੇ ਫੈਸਲੇ ਨਾਲ ਲੰਮੇ ਸਮੇਂ ਤੋਂ ਵਿਦੇਸ਼ਾਂ ਵਿਚ ਰਹਿ ਰਹੇ ਸਿੱਖ ਆਪਣੇ ਘਰ ਪਰਤ ਸਕਣਗੇ, ਪਰ ਇਸ ਸੂਚੀ ਵਿਚ ਕਿਨ੍ਹਾਂ ਸਿੱਖਾਂ ਦੇ ਨਾਂਵਾਂ ਨੂੰ ਬਾਹਰ ਕੱਢਿਆ ਗਿਆ, ਇਹ ਮੁੱਦਾ ਜ਼ੋਰ-ਸ਼ੋਰ ਨਾਲ ਚੁੱਕਣ ਬਾਰੇ ਸਿੱਖਾਂ ਦੀ ਸਿਰਮੌਰ ਸੰਸਥਾ ਅਜੇ ਚੁੱਪ ਹੈ। ਚੇਤੇ ਰਹੇ ਕਿ ਪਿਛਲੇ ਤਕਰੀਬਨ 35 ਸਾਲ ਤੋਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਅਜਿਹੀਆਂ ਸੂਚੀਆਂ ਬਣਾਉਣ ਦਾ ਕੰਮ ਜਾਰੀ ਰੱਖਿਆ ਹੋਇਆ ਹੈ। ਇਸ ਲਈ ਵੱਖ-ਵੱਖ ਦੇਸ਼ਾਂ ਵਿਚ ਭਾਰਤੀ ਹਾਈ ਕਮਿਸ਼ਨਾਂ ਵੱਲੋਂ ਭੇਜੀਆਂ ਜਾਂਦੀਆਂ ਸੂਚਨਾਵਾਂ ਨੂੰ ਹੀ ਆਧਾਰ ਬਣਾਇਆ ਜਾਂਦਾ ਰਿਹਾ ਹੈ। ਸਮੇਂ-ਸਮੇਂ ਵਾਪਰੀਆਂ ਘਟਨਾਵਾਂ ਦੇ ਆਧਾਰ 'ਤੇ ਵੀ ਇਹ ਸੂਚੀਆਂ ਵੱਡੀਆਂ ਹੁੰਦੀਆਂ ਗਈਆਂ। ਕਨਿਸ਼ਕ ਹਵਾਈ ਜਹਾਜ਼ ਹਾਦਸਾ ਅਤੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਤੋਂ ਬਾਅਦ ਵੀ ਇਨ੍ਹਾਂ ਸੂਚੀਆਂ ਵਿਚ ਨਾਂਵਾਂ ਦਾ ਇਜ਼ਾਫਾ ਕੀਤਾ ਜਾਂਦਾ ਰਿਹਾ। ਇਸ ਕੰਮ ਲਈ ਵੀ ਭਾਰਤੀ ਅੰਬੈਸੀਆਂ ਅਤੇ ਹਾਈ ਕਮਿਸ਼ਨਾਂ ਦੀਆਂ ਰਿਪੋਰਟਾਂ ਨੂੰ ਹੀ ਆਧਾਰ ਬਣਾਇਆ ਜਾਂਦਾ ਰਿਹਾ

(ਬਾਕੀ ਸਫਾ 6 ਉਤੇ)

# ਮਾਂ ਬੋਲੀ ਪੰਜਾਬੀ ਨੂੰ ਹੁਣ ਹਿੰਦੀ ਦੀ ਵੰਗਾਰ ਪਈ

**ਚੰਡੀਗੜ੍ਹ:** ਸਰਕਾਰੀ ਅਣਦੇਖੀ ਕਾਰਨ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਮਾਂ ਬੋਲੀ ਪੰਜਾਬੀ ਨੂੰ ਹੁਣ ਨਵੀਂ ਵੰਗਾਰ ਪਈ ਹੈ। ਭਾਜਪਾ ਅਤੇ ਆਰ.ਐਸ.ਐਸ. ਨੇ 'ਇਕ ਭਾਸ਼ਾ ਇਕ



ਰਾਸ਼ਟਰ' ਵਾਲੇ ਸੰਕਲਪ ਨੂੰ ਪੰਜਾਬ ਵਿਚ ਲਾਗੂ ਕਰਨ ਲਈ ਜ਼ੋਰ-ਅਜ਼ਮਾਈ ਸ਼ੁਰੂ ਕੀਤੀ ਹੈ।


ਭਾਸ਼ਾ ਵਿਭਾਗ, ਪੰਜਾਬ ਵਲੋਂ ਕਰਵਾਏ ਹਿੰਦੀ ਦਿਵਸ ਸਮਾਰੋਹ ਵਿਚ ਪੰਜਾਬੀ ਭਾਸ਼ਾ ਦੇ ਨਿਰਾਦਰ ਪਿੱਛੋਂ ਇਹ ਮਾਮਲਾ ਕਾਫੀ ਭਖ ਗਿਆ। ਵੱਡੀ ਗਿਣਤੀ ਸਾਹਿਤਕ ਜਥੇਬੰਦੀਆਂ ਆਰ.ਐਸ.ਐਸ. ਦੀਆਂ ਇਨ੍ਹਾਂ ਕੋਸ਼ਿਸ਼ ਖਿਲਾਫ ਡਟ ਗਈਆਂ ਹਨ। ਮਾਮਲਾ ਭਖਦਾ ਦੇਖ ਹਿੰਦੀ ਅਤੇ ਉਰਦੂ ਸਾਹਿਤਕਾਰਾਂ ਨੇ ਪੰਜਾਬੀ ਜਗਤ ਤੋਂ ਸਿੱਧੇ ਤੇ ਅਸਿੱਧੇ ਢੰਗ ਨਾਲ ਮੁਆਫੀ ਵੀ ਮੰਗ ਲਈ ਹੈ, ਪਰ ਮਾਮਲਾ ਅਜੇ ਠੰਢਾ ਨਹੀਂ ਹੋਇਆ ਹੈ।

ਚੇਤੇ ਰਹੇ ਕਿ ਭਾਸ਼ਾ ਵਿਭਾਗ ਵਲੋਂ 13 ਸਤੰਬਰ ਨੂੰ ਹਿੰਦੀ ਭਾਸ਼ਾ ਦਿਵਸ ਬਾਰੇ ਪਟਿਆਲਾ 'ਚ ਸਮਾਗਮ ਕਰਵਾਇਆ ਗਿਆ ਸੀ, ਜਿਸ ਦੀ ਪ੍ਰਧਾਨਗੀ ਡਾ. ਹੁਕਮ ਚੰਦ ਰਾਜਪਾਲ ਵਲੋਂ ਕੀਤੀ ਗਈ। ਸਮਾਗਮ ਵਿਚ ਹਿੰਦੀ-ਹਿੰਦੂ-ਹਿੰਦੂਸਤਾਨ ਦੇ ਏਜੰਡੇ ਨੂੰ ਲਾਗੂ ਕਰਨ ਲਈ ਪੰਜਾਬੀ ਭਾਸ਼ਾ ਨੂੰ ਗਾਲੀ-ਗਲੋਚ ਤੇ ਝਗੜਾਲੂ ਭਾਸ਼ਾ ਵਜੋਂ ਪੇਸ਼ ਕੀਤਾ ਗਿਆ। ਸ਼੍ਰੋਮਣੀ ਸਾਹਿਤਕਾਰ ਡਾ. ਤੇਜਵੰਤ ਸਿੰਘ ਮਾਨ ਨੇ ਇਸ ਦਾ ਮੋੜਵਾਂ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦਾ ਮਾਈਕ ਖੋਹ ਲਿਆ। ਕੁਝ

(ਬਾਕੀ ਸਫਾ 6 ਉਤੇ)

## ਅਕਾਲ ਤਖਤ ਨੇ ਲਿਆ ਗੰਭੀਰ ਨੋਟਿਸ

**ਅੰਮ੍ਰਿਤਸਰ:** ਸ਼੍ਰੋਮਣੀ ਲੇਖਕ ਡਾ. ਤੇਜਵੰਤ ਸਿੰਘ ਮਾਨ ਨਾਲ ਦੁਰਵਿਹਾਰ ਦਾ ਸਖਤ ਨੋਟਿਸ ਲੈਂਦਿਆਂ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਘਟਨਾ ਨੂੰ ਮੰਦਭਾਗਾ, ਦੁਖਦਾਈ ਅਤੇ ਨਾ-ਬਰਦਾਸ਼ਤਯੋਗ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਜਥੇਦਾਰ ਨੇ ਆਖਿਆ ਕਿ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਪੰਜਾਬ ਤੇ ਪੰਜਾਬੀਆਂ ਦੀ ਸ਼ਾਹ-ਰਗ ਹੈ ਜਿਨ੍ਹਾਂ ਸਦਕਾ ਭਾਰਤ ਵਿਚ ਮਰ ਚੁੱਕਿਆ ਜੀਵਨ ਮੁੜ ਧੜਕਣ ਯੋਗ ਹੋਇਆ ਹੈ ਅਤੇ ਅੱਜ ਵੀ ਇਸੇ ਕਰ ਕੇ ਧੜਕ ਰਿਹਾ ਹੈ। ਸਰਕਾਰੀ ਸਮਾਗਮ ਦੌਰਾਨ ਪੰਜਾਬੀ ਭਾਸ਼ਾ ਨੂੰ ਗਵਾਰਾਂ ਦੀ ਭਾਸ਼ਾ ਦੱਸਣਾ ਮੰਦਭਾਗਾ ਹੈ।

Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832



AVAILABLE AT SELECT INDIAN STORES NEAR YOU
CONTACT: SINGH & SINGH DISTRIBUTORS @ +1 (908) 279-6056

Ad Space Available
Please call
Ph: 847-359-0746

# ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਨੇ ਜੱਲ੍ਹਿਆਂਵਾਲਾ ਬਾਗ ਦੀ ਸੌਵੀਂ ਵਰ੍ਹੇਗੰਢ ਮਨਾਈ


**ਨਿਊ ਯਾਰਕ (ਬਿਊਰੋ):** ਗਦਰੀ ਬਾਬਿਆਂ ਅਤੇ ਜੰਗੇ-ਆਜ਼ਾਦੀ ਦੇ ਸ਼ਹੀਦਾਂ ਨੂੰ ਯਾਦ ਕਰਨ ਲਈ ਪਿਛਲੇ ਲੰਮੇ ਅਰਸੇ ਤੋਂ ਕੰਮ ਕਰ ਰਹੀ ਸੰਸਥਾ 'ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ' ਨੇ ਜੱਲ੍ਹਿਆਂਵਾਲੇ ਬਾਗ ਦੀ ਸੌਵੀਂ ਵਰ੍ਹੇ ਗੰਢ ਇਥੇ ਇਕ ਸਮਾਗਮ ਦੇ ਰੂਪ ਵਿਚ ਮਨਾਈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਜੱਲ੍ਹਿਆਂਵਾਲੇ ਬਾਗ ਦੀ ਦਰਦਨਾਕ ਘਟਨਾ ਬਾਰੇ ਚਾਨਣਾ ਪਾਉਂਦਿਆਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਪੁਸਤਕ 'ਦਲਜੀਤ ਮੋਖਾ ਦੀਆਂ 25 ਕਵਿਤਾਵਾਂ' ਲੋਕ ਅਰਪਣ ਕੀਤੀ ਗਈ ਅਤੇ 'ਪੰਜਾਬ ਟਾਈਮਜ਼', 'ਦੇਸ ਦੁਆਬਾ', 'ਪ੍ਰੀਤਨਾਮਾ' ਅਤੇ 'ਮਹਾ ਪੰਜਾਬ' ਅਖਬਾਰਾਂ ਦੇ ਤਾਜ਼ਾ ਅੰਕ ਵੀ ਰਿਲੀਜ਼ ਕੀਤੇ ਗਏ। ਸਕੂਲਾਂ ਵਿਚ ਚੰਗੇ ਨੰਬਰ ਲੈ ਕੇ ਪਾਸ ਹੋਏ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ।



(ਖੱਬਿਓਂ ਸੱਜੇ) ਡਾ. ਗੁਰੂਮੇਲ ਸਿੱਧੂ, ਜਸਬੀਰ ਸਿੰਘ ਦਿਉਲ, ਗੁਰਮੀਤ ਸ਼ੁਗਲੀ, ਮਨਮੋਹਨ ਪੂਨੀ, ਸਰਮੁਖ ਸਿੰਘ, ਜਸਵਿੰਦਰ ਪਾਲ, ਸੰਦੀਪ ਸਿੰਘ, ਰਾਮਜੀ ਦਾਸ ਸੇਠੀ।



(ਖੱਬਿਓਂ ਸੱਜੇ) ਮੋਹਨ ਸਿੰਘ ਭੰਵਰਾ, ਰਵਿੰਦਰ ਸਹਿਰਾਅ, ਰਾਣੀ ਨਗਿੰਦਰ, ਰੇਸ਼ਮ ਸਿੰਘ ਰੇਸ਼ਮ, ਹਰਜਿੰਦਰ ਕੁਮਾਰ, ਸੁਰਿੰਦਰ ਸੋਹਲ, ਸ਼ਸ਼ੀ ਕਾਂਤ ਉਪਲ।



(ਖੱਬਿਓਂ ਸੱਜੇ) ਕੁਲਬੀਰ ਗੁਰਦਾਸਪੁਰੀ, ਧਰਮ ਸਿੰਘ ਗੋਰਾਇਆ, ਰਾਜਬੀਰ ਕੌਰ, ਗੁਰਵਿੰਦਰ ਸਿੰਘ ਜੋਸਨ, ਕੁਲਵੰਤ ਸਿੰਘ ਸਰਪੰਚ, ਸੁਰਜੀਤ ਸਿੰਘ ਘੋਲੀਆ, ਜੱਸੀ ਢਿੱਲੋਂ, ਹਰਜੀਤ ਕੌਰ



(ਖੱਬਿਓਂ ਸੱਜੇ) ਬਲਵਿੰਦਰ ਬਾਜਵਾ, ਪ੍ਰਿਤਪਾਲ ਕੌਰ ਪ੍ਰੀਤ, ਗੁਰਭੇਜ ਕੌਰ ਸੰਧੂ, ਕਿਰਪਾਲ ਸਿੰਘ ਬਿਲਿੰਗ, ਸੁਰਿੰਦਰ ਕੌਰ ਪੱਖੋਕੇ, ਪਰਮਜੀਤ ਸਿੰਘ, ਦਵਿੰਦਰ ਗੋਰਾਇਆ, ਹਰਜੀਤ ਸਿੰਘ ਹੁੰਦਲ।

ਸਭ ਤੋਂ ਪਹਿਲਾਂ ਫਾਊਂਡੇਸ਼ਨ ਦੇ ਅਹਿਮ ਕਾਰਕੁਨ ਮਨਮੋਹਨ ਪੂਨੀ ਨੇ ਹਾਜ਼ਰੀਨ ਨੂੰ 'ਜੀ ਆਇਆਂ' ਕਿਹਾ। ਉਪਰੰਤ ਇਕ ਮਿੰਟ ਦਾ ਮੌਨ ਰੱਖ ਕੇ ਜੱਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਅਕੀਦਤ ਪੇਸ਼ ਕੀਤੀ ਗਈ। ਬੱਚੀਆਂ-ਬਲਵੰਤ ਕੌਰ ਤੇ ਸਤਵਿੰਦਰ ਕੌਰ ਨੇ 'ਦੇਹ ਸ਼ਿਵਾ ਬਰ ਮੋਹਿ ਇਹੈ' ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨਾਲ ਤਬਲੇ 'ਤੇ ਸੰਗਤ ਬਲਬੀਰ ਸਿੰਘ ਨੇ ਕੀਤੀ।

ਇਸ ਪਿਛੋਂ ਸਟੇਜ 'ਤੇ ਪ੍ਰਸਿੱਧ ਲੇਖਕ ਤੇ ਵਿਦਵਾਨ ਡਾ. ਗੁਰੂਮੇਲ ਸਿੱਧੂ, ਜਸਬੀਰ ਸਿੰਘ ਦਿਉਲ (ਐਡਮੰਟਨ, ਕੈਨੇਡਾ ਦੇ ਵਿਧਾਇਕ) ਨੂੰ ਬੁਲਾਇਆ ਗਿਆ। ਉਨ੍ਹਾਂ ਦੇ ਨਾਲ ਹੀ ਸਟੇਜ 'ਤੇ ਜਸਵਿੰਦਰ ਪਾਲ ਸਿੰਘ, ਧਰਮ ਸਿੰਘ ਗੋਰਾਇਆ, ਸਵਰਨ ਸਿੰਘ ਸਲੈਚ (ਨਾਮਧਾਰੀ ਸਿੱਖ ਸੰਗਤ), ਬਲਦੇਵ ਸਿੰਘ ਗਰੇਵਾਲ, ਪ੍ਰੇਮ ਮਾਨ, ਰਵਿੰਦਰ ਸਹਿਰਾਅ, ਸੁਰਿੰਦਰ ਕੌਰ ਪੱਖੋਕੇ, ਰਾਣੀ ਨਗਿੰਦਰ, ਸੁਖਦੇਵ ਸਿੰਘ ਸੇਵਕ (ਨਾਮਧਾਰੀ ਸਿੱਖ ਸੰਗਤ), ਡਾ. ਰਾਮਜੀ ਦਾਸ ਸੇਠੀ ਅਤੇ ਗੁਰਮੀਤ ਸਿੰਘ ਸ਼ੁਗਲੀ ਸੁਸ਼ੋਭਿਤ ਹੋਏ।

ਵਿਸ਼ੇਸ਼ ਸੱਦੇ 'ਤੇ ਕੈਨੇਡਾ ਤੋਂ ਪਹੁੰਚੇ ਪੰਜਾਬੀ ਵਿਧਾਇਕ ਜਸਬੀਰ ਸਿੰਘ ਦਿਉਲ ਨੇ ਜੱਲ੍ਹਿਆਂਵਾਲੇ ਬਾਗ ਦੇ ਸਾਕੇ ਪਿਛੋਂ ਵਾਪਰੀਆਂ ਘਟਨਾਵਾਂ ਦੇ ਨਾਲ-ਨਾਲ ਅਜੋਕੇ ਸੰਸਾਰ ਵਿਚ ਚੱਲ ਰਹੇ ਦਮਨ ਦੇ ਵਰਤਾਰੇ ਬਾਰੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਇਸ ਗੱਲ 'ਤੇ ਤਸੱਲੀ ਵੀ ਪ੍ਰਗਟਾਈ ਕਿ ਇੰਡੋ-ਅਮੈਰਿਕਨ ਹੈਰੀਟਜ ਫਾਊਂਡੇਸ਼ਨ ਜਿਹੀਆਂ ਸੰਸਥਾਵਾਂ ਸੰਵਾਦ ਰਚਾਉਣ ਦਾ ਮੌਕਾ ਪ੍ਰਦਾਨ ਕਰ ਰਹੀਆਂ ਹਨ।

ਪ੍ਰੋਗਰਾਮ ਦੇ ਮੁੱਖ ਬੁਲਾਰੇ ਡਾ. ਗੁਰੂਮੇਲ ਸਿੱਧੂ ਨੇ ਬਹੁਤ ਹੀ ਖੋਜ ਭਰਪੂਰ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਗਦਰ ਲਹਿਰ ਦੀ ਸ਼ੁਰੂਆਤ ਅਤੇ ਊਧਮ ਸਿੰਘ ਦੇ ਬਦਲਾ ਲੈਣ ਨਾਲ ਜੁੜੀਆਂ ਕਈ ਪ੍ਰਚਲਿਤ ਗਲਤ ਧਾਰਨਾਵਾਂ ਨੂੰ ਤੋੜਿਆ ਹੀ ਨਹੀਂ, ਸਗੋਂ ਉਨ੍ਹਾਂ ਬਾਰੇ ਸਟੀਕ ਜਾਣਕਾਰੀ ਵੀ ਪ੍ਰਦਾਨ ਕੀਤੀ।

ਧਰਮ ਸਿੰਘ ਗੋਰਾਇਆ ਨੇ ਆਪਣੇ ਪਰਚੇ ਵਿਚ ਅੰਗਰੇਜ਼ਾਂ ਦੀਆਂ ਨੀਅਤਾਂ ਅਤੇ ਨੀਤੀਆਂ ਦੀ ਰੌਸ਼ਨੀ ਵਿਚ ਜੱਲ੍ਹਿਆਂਵਾਲੇ ਬਾਗ ਦੇ ਸਾਕੇ ਦਾ ਮੁਲੰਕਣ ਕੀਤਾ।

ਹੋਰਨਾਂ ਤੋਂ ਇਲਾਵਾ ਕਿਰਪਾਲ ਸਿੰਘ ਬਿਲਿੰਗ, ਕੁਲਵੰਤ ਸਿੰਘ ਸਰਪੰਚ, ਗੁਰਵਿੰਦਰ ਸਿੰਘ ਜੋਸਨ, ਸੁਖੈਨ ਮਲਿਕ, ਰਵਿੰਦਰ ਸਹਿਰਾਅ, ਰਾਣੀ ਨਗਿੰਦਰ, ਬਲਵਿੰਦਰ ਸਿੰਘ ਬਾਜਵਾ, ਹਰਜਿੰਦਰ ਕੁਮਾਰ, ਗੁਰਮੀਤ ਸਿੰਘ ਸ਼ੁਗਲੀ, ਜਸਵਿੰਦਰ ਪਾਲ ਸਿੰਘ, ਸਵਰਨ ਸਿੰਘ ਸਲੈਚ ਤੇ ਸਰਮੁਖ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਰਵਿੰਦਰ ਸਹਿਰਾਅ ਅਤੇ ਸੁਰਿੰਦਰ ਸੋਹਲ ਵਲੋਂ ਸੰਪਾਦਿਤ ਨਿਊ ਯਾਰਕ ਦੀ ਰੂਹੇ-ਰਵਾਂ ਰਹੀ ਸ਼ਖਸੀਅਤ ਦਲਜੀਤ ਮੋਖਾ ਦੀਆਂ ਚੋਣਵੀਆਂ ਕਵਿਤਾਵਾਂ ਦੀ ਪੁਸਤਕ 'ਦਲਜੀਤ ਮੋਖਾ ਦੀਆਂ 25 ਕਵਿਤਾਵਾਂ' ਡਾ. ਗੁਰੂਮੇਲ ਸਿੱਧੂ ਨੇ ਰਿਲੀਜ਼ ਕੀਤੀ।



ਅਖਬਾਰਾਂ ਦੇ ਤਾਜ਼ਾ ਅੰਕ ਰਿਲੀਜ਼ ਕੀਤੇ ਜਾਣ ਸਮੇਂ ਦੀ ਇਕ ਤਸਵੀਰ

ਜ਼ਿਕਰਯੋਗ ਹੈ ਕਿ ਦਲਜੀਤ ਮੋਖਾ ਨਿਰਾਲੇ ਸੁਭਾਅ ਤੇ ਵਿਲੱਖਣ ਸ਼ੈਲੀ ਦਾ ਕਵੀ ਸੀ। ਉਸ ਨੇ ਬਹੁਤ ਥੋੜ੍ਹਾ ਪਰ ਉਚ ਪਾਏ ਦਾ ਲਿਖਿਆ ਹੈ। ਇਸ ਮੌਕੇ ਮਰਹੂਮ ਮੋਖਾ ਦੀ ਧਰਮ-ਪਤਨੀ ਰਾਜ ਮੋਖਾ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਸੀ।

ਜੱਲ੍ਹਿਆਂਵਾਲੇ ਬਾਗ ਦੀ ਸੌਵੀਂ ਵਰ੍ਹੇਗੰਢ ਨੂੰ ਸਮਰਪਿਤ ਕਵਿਤਾਵਾਂ ਦਾ ਦੌਰ ਵੀ ਚੱਲਿਆ। ਸਭ ਤੋਂ ਪਹਿਲਾਂ ਕੁਲਬੀਰ ਸਿੰਘ ਗੁਰਦਾਸਪੁਰੀ ਨੇ ਗੀਤ ਪੇਸ਼ ਕੀਤਾ।

ਨਿਊ ਜਰਸੀ ਦੇ ਪ੍ਰਸਿੱਧ ਗਾਇਕ ਰੇਸ਼ਮ ਸਿੰਘ ਰੇਸ਼ਮ ਨੇ ਗੀਤ ਅਤੇ ਕੁਝ ਕਾਵਿਕ ਸਤਰਾਂ ਨਾਲ ਮਾਹੌਲ ਬੰਨ੍ਹਿਆ। ਸੁਰਜੀਤ ਸਿੰਘ ਘੋਲੀਆ, ਰਾਜਬੀਰ ਕੌਰ, ਹਰਜੀਤ ਸਿੰਘ ਹੁੰਦਲ, ਹਰਜੀਤ ਕੌਰ, ਗੁਰਭੇਜ ਕੌਰ ਸੰਧੂ, ਪ੍ਰਿਤਪਾਲ ਕੌਰ ਪ੍ਰੀਤ, ਡਾ. ਸੰਦੀਪ ਸਿੰਘ, ਸੁਰਿੰਦਰ ਸੋਹਲ, ਜੱਸੀ ਢਿਲੋਂ, ਰਾਜਬੀਰ ਕੌਰ, ਦਵਿੰਦਰ ਕੌਰ ਗੋਰਾਇਆ, ਪ੍ਰੋ. (ਨਾਮਧਾਰੀ ਸੰਗਤ ਨਿਊਯਾਰਕ), ਬਲਜੀਤ ਸਿੰਘ ਸੋਹਲ, ਚਰਨਜੀਤ ਸਿੰਘ ਸਮਰਾ, ਪਰਮਜੀਤ ਸਿੰਘ ਜੌਹਲ, ਸੁੱਖਾ ਕੰਦੋਲਾ, ਜਗਦੇਵ ਸਿੰਘ ਢਿੱਲੋਂ, ਹਰਮੇਸ਼ ਕੁਮਾਰ, ਦਰਸ਼ਨ ਸਿੰਘ ਪ੍ਰੀਤ, ਦਲੇਰ ਸਿੰਘ, ਅਜਮੇਰ ਸਿੰਘ, ਦਰਸ਼ਨ ਸਿੰਘ, ਬਲਜੀਤ ਸਿੰਘ, ਤਰਲੋਕ ਸਿੰਘ, ਜਤਿੰਦਰ ਸਿੰਘ ਸੇਖੋਂ, ਗੁਰਪ੍ਰੀਤ ਸਿੰਘ ਲੱਖਾ, ਦੀਦਾਰ ਸਿੰਘ ਚੀਮਾ, ਅਵਤਾਰ ਸਿੰਘ ਬਿੱਲੂ, ਧਰਮਪਾਲ ਸਿੰਘ ਪਾਲ, ਇਕਬਾਲ ਸਿੰਘ, ਡਾ. ਡੀ. ਪੀ. ਸਿੰਘ, ਦਵਿੰਦਰ ਸਿੰਘ ਝਾਵਰ, ਸੁਖਵਿੰਦਰ ਸਿੰਘ, ਪਰਮਜੀਤ ਕੌਰ ਤੇ ਮੋਹਣ ਸਿੰਘ ਭੰਵਰਾ ਨੇ ਵੀ ਕਵਿਤਾਵਾਂ ਪੜ੍ਹੀਆਂ।



(ਖੱਬਿਓਂ ਸੱਜੇ) ਡਾ. ਗੁਰੂਮੇਲ ਸਿੱਧੂ, ਗੁਰਮੀਤ ਸਿੰਘ ਸ਼ੁਗਲੀ (ਨਵਾਂ ਜ਼ਮਾਨਾ), ਰਵਿੰਦਰ ਸਹਿਰਾਅ, ਨੀਰੂ ਸਹਿਰਾਅ, ਰਾਜ ਮੋਖਾ, ਸੁਰਿੰਦਰ ਸੋਹਲ, ਜਸਵੀਰ ਸਿੰਘ ਦਿਓਲ, ਸੁਰਿੰਦਰ ਕੌਰ ਪੱਖੋਕੇ, ਸਵਰਨ ਸਿੰਘ ਸਲੈਚ ਅਤੇ ਧਰਮ ਸਿੰਘ ਗੋਰਾਇਆ।

ਇਸ ਮੌਕੇ ਚੰਗੇ ਗਰੇਡ ਲੈਣ ਵਾਲੇ ਬੱਚਿਆਂ ਨੂੰ ਹੌਸਲਾ-ਅਫਜ਼ਾਈ ਸਰਟੀਫਿਕੇਟ ਵੀ ਦਿੱਤੇ ਗਏ। ਇਨ੍ਹਾਂ ਬੱਚਿਆਂ ਵਿਚ ਆਰਤੀ ਨੱਈਅਰ, ਚੇਤਕ ਨੱਈਅਰ, ਅਰਸ਼ਮਾਨ ਸਿੰਘ ਸੈਣੀ, ਸਿਮਰ ਕੌਰ ਸੈਣੀ, ਆਰੀਅਨ ਵਰਮਾ, ਸੰਤਾ ਸਿੰਘ, ਸਰਵਨ ਸਿੰਘ, ਸਤਨਾਮ ਸਿੰਘ, ਜੈ ਸਿੰਘ, ਜੈ ਕੌਰ, ਸਹਿਜਪ੍ਰੀਤ ਸਿੰਘ, ਮਨਵੀਰ ਸਿੰਘ, ਗੁਨਵੀਰ ਸਿੰਘ, ਚਾਹਤ ਔਜਲਾ, ਹਰਮਨ ਔਜਲਾ, ਸਾਹਿਬਦੀਪ ਸਿੰਘ, ਪਲਵਿੰਦਰਜੀਤ ਸੰਧੂ, ਜਸਪਿੰਦਰ ਸੰਧੂ, ਸੁਖਵਿੰਦਰ ਸੰਧੂ, ਗੁਰਜੰਟ ਸਿੰਘ ਕੰਗ, ਕਰਮ ਕੌਰ ਕੰਗ, ਅੰਮ੍ਰਿਤ ਕੌਰ ਚੋਪੜਾ, ਨਵਰੀਤ ਕੌਰ, ਹਰਸ਼ਰੀਤ ਕੌਰ ਆਦਿ ਸ਼ਾਮਿਲ ਸਨ।

ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਓਂਕਾਰ ਸਿੰਘ ਜੌਹਲ, ਬਲਵੰਤ ਸਿੰਘ, ਸੰਤੋਖ ਸਿੰਘ ਚੇਅਰਮੈਨ, ਜੱਸੀ ਗਰਿੱਲ ਐਂਡ ਬਾਰ, ਹਰਭਜਨ ਸਿੰਘ ਮੰਨਨ, ਜੋਧਾ ਕਲੋਆ, ਕੁਲਦੀਪ ਸਿੰਘ ਢਿੱਲੋਂ, ਜਸਵਿੰਦਰ ਕੌਰ ਢਿੱਲੋਂ, ਮਾਸਟਰ ਸਰਬਜੀਤ ਸਿੰਘ, ਸ਼ਮਸ਼ੇਰ ਸਿੰਘ, ਜਸਵੰਤ ਸਿੰਘ, ਅਮਰਜੀਤ ਸਿੰਘ ਪੇਲੀਆ, ਮਲਕੀਤ ਸਿੰਘ ਮਾਣਾ, ਸੁਰਜੀਤ ਸਿੰਘ ਪਰਹਾਰ, ਤਰਸੇਮ ਕੁਮਾਰ, ਵਿਨੋਦ ਚੰਦ, ਹਰਜੀਤ ਸਿੰਘ, ਟਿੰਕੂ ਮਿੱਲੂ, ਅਮਰਜੀਤ ਸਿੰਘ, ਡਾ. ਜਗਦੀਸ਼ ਸਿੰਘ, ਪ੍ਰੋ. ਸੰਦੀਪ ਸਿੰਘ, ਭਗਵਾਨ ਸਿੰਘ, ਤਾਰਾ ਸਿੰਘ, ਹਰਵਿੰਦਰ ਸਿੰਘ ਭੋਲਾ, ਚੈਂਚਲ ਸਿੰਘ ਤੋਖੀ, ਬਲਕਾਰ ਸਿੰਘ ਬੇਗੋਵਾਲ, ਮੋਹਣ ਸਿੰਘ ਭੰਵਰਾ, ਅਵਤਾਰ ਸਿੰਘ ਧੰਜਲ, ਇੰਦਰਜੀਤ ਸਿੰਘ ਸੋਹਲ, ਭਾਗ ਸਿੰਘ ਮੰਡਾਹੜ, ਸ਼ਮਸ਼ੇਰ ਸਿੰਘ, ਜਸਪਾਲ ਕੌਰ, ਅਮਰਜੀਤ ਸਿੰਘ, ਗੁਰਪ੍ਰੀਤ ਸਿੰਘ ਲੱਖਾ, ਰੀਟਾ ਕੋਹਲੀ ਅਤੇ ਤਰਲੋਚਨ ਸੱਚਰ ਆਦਿ ਦਾ



ਚੰਗੇ ਨੰਬਰ ਲੈ ਕੇ ਪਾਸ ਹੋਣ ਵਾਲੇ ਬੱਚਿਆਂ ਦਾ ਸਨਮਾਨ

ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਅਤੇ ਨਾਮਧਾਰੀ ਸੰਗਤ ਤੋਂ ਇਲਾਵਾ ਸਵਰਨ ਸਿੰਘ ਸਲੈਚ, ਸੁਖਦੇਵ ਸਿੰਘ ਸੇਵਕ ਵਿਸ਼ੇਸ਼ ਯੋਗਦਾਨ ਰਿਹਾ।

ਚਾਹ ਦੀ ਸੇਵਾ ਚਰਨਜੀਤ ਸਮਰਾ, ਪਾਣੀ ਦੀ ਸੇਵਾ ਅਮਰਜੀਤ ਸਿੰਘ ਪੁਆਰ ਅਤੇ ਲੰਗਰ ਦੀ ਸੇਵਾ ਸਤਿਗੁਰੂ ਸਵੀਟਸ ਸ਼ਾਪ ਵਲੋਂ ਕੀਤੀ ਗਈ। ਮੰਚ ਸੰਚਾਲਨ ਸੁਰਿੰਦਰ ਸੋਹਲ ਅਤੇ ਮਨਮੋਹਨ ਪੂਨੀ ਨੇ ਮਿਲ ਕੇ ਕੀਤਾ।

# ਪ੍ਰਕਾਸ਼ ਪੁਰਬ ਮੌਕੇ ਸੁਲਤਾਨਪੁਰ ਲੋਧੀ ਤੱਕ ਐਕਸਪ੍ਰੈੱਸ ਰੇਲ ਗੱਡੀ ਚਲਾਉਣ ਦੀ ਸਹਿਮਤੀ

**ਚੰਡੀਗੜ੍ਹ:** ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸੁਲਤਾਨਪੁਰ ਲੋਧੀ ਵਿਖੇ ਵੱਡੀ ਗਿਣਤੀ 'ਚ ਆਉਣ ਵਾਲੇ ਸ਼ਰਧਾਲੂਆਂ ਦੀ ਆਮਦ ਨੂੰ ਦੇਖਦਿਆਂ ਇਸ ਇਤਿਹਾਸਕ ਸ਼ਹਿਰ ਨੂੰ ਰੇਲ ਰਾਹੀਂ ਨਵੀਂ ਦਿੱਲੀ ਨਾਲ ਜੋੜਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੀ ਬੇਨਤੀ ਨੂੰ ਮੰਨਦਿਆਂ ਕੇਂਦਰ ਸਰਕਾਰ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ।

ਰੇਲਵੇ ਮੰਤਰਾਲੇ ਨੇ 4 ਅਕਤੂਬਰ ਤੋਂ ਨਵੀਂ ਦਿੱਲੀ-ਲੁਧਿਆਣਾ ਸ਼ਤਾਬਦੀ ਨੂੰ ਇੰਟਰਸਿਟੀ ਐਕਸਪ੍ਰੈਸ ਵਜੋਂ ਹਫਤੇ 'ਚ ਪੰਜ ਦਿਨ ਲੋਹੀਆ ਖਾਸ ਤੱਕ ਚਲਾਉਣ ਦਾ ਫੈਸਲਾ ਕੀਤਾ ਹੈ ਜਿਹੜੀ ਸੁਲਤਾਨਪੁਰ ਲੋਧੀ ਵਿਖੇ ਉਚੇਚੇ ਤੌਰ 'ਤੇ ਰੁਕੇਗੀ।

ਇੰਟਰਸਿਟੀ ਐਕਸਪ੍ਰੈਸ ਨਵੀਂ ਦਿੱਲੀ ਰੇਲਵੇ ਸਟੇਸ਼ਨ ਤੋਂ ਸਵੇਰੇ 7.00 ਵਜੇ ਰਵਾਨਾ ਹੋਵੇਗੀ ਜਿਹੜੀ ਲੁਧਿਆਣਾ ਤੇ ਜਲੰਧਰ ਹੁੰਦੀ ਹੋਈ ਦੁਪਹਿਰ ਬਾਅਦ 2.40 ਵਜੇ ਸੁਲਤਾਨਪੁਰ ਲੋਧੀ ਪੁੱਜੇਗੀ। ਇਹ ਰੇਲ ਗੱਡੀ ਵਾਪਸੀ ਦਾ ਸਫਰ ਲੋਹੀਆ ਖਾਸ ਤੋਂ ਦੁਪਹਿਰ ਬਾਅਦ 3.35 ਵਜੇ ਸ਼ੁਰੂ ਕਰਕੇ ਨਵੀਂ ਦਿੱਲੀ ਵਿਖੇ ਰਾਤ 11 ਵਜੇ ਪਹੁੰਚੇਗੀ।

# ਜਦੋਂ ਖੱਟਰ ਰੈਲੀ ਦੌਰਾਨ ਆਪੇ ਤੋਂ ਹੋਏ ਬਾਹਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਕੱਢੀ 'ਜਨ ਅਸ਼ੀਰਵਾਦ ਯਾਤਰਾ' ਭਾਵੇਂ ਮੁਕੰਮਲ ਹੋ ਚੁੱਕੀ ਹੈ, ਪਰ ਇਸ ਯਾਤਰਾ ਮੌਕੇ ਵਾਪਰੇ ਇਕ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ, ਜਿਸ ਵਿਚ ਮੁੱਖ ਮੰਤਰੀ ਖੱਟਰ ਆਪਣੀ ਹੀ ਪਾਰਟੀ ਦੇ ਇਕ ਵਰਕਰ ਵੱਲੋਂ ਚਾਂਦੀ ਦਾ ਮੁਕਟ ਪਹਿਨਾਉਣ ਦੀ ਕੀਤੀ ਕੋਸ਼ਿਸ਼ ਦੌਰਾਨ ਉਹਨੂੰ ਧਮਕਾਉਂਦੇ ਨਜ਼ਰ ਆ ਰਹੇ ਹਨ।

ਇਹੀ ਨਹੀਂ ਮੁੱਖ ਮੰਤਰੀ ਨੇ ਪਾਰਟੀ ਵਰਕਰ ਨੂੰ ਇਥੋਂ ਤਕ ਕਹਿ ਦਿੱਤਾ ਕਿ 'ਮੈਂ ਤੇਰੀ ਧੌਣ ਵੱਢ ਦੇਵਾਂਗਾ।'

# ਓਂਟਾਰੀਓ ਦੇ ਦੋ ਪੰਜਾਬੀ 21 ਲੱਖ ਡਾਲਰ ਦੀ ਕੋਕੀਨ ਸਮੇਤ ਗ੍ਰਿਫਤਾਰ

**ਇੰਡੀਆਨਾ (ਬਿਊਰੋ):** ਇੰਡੀਅਨਐਪੋਲਿਸ ਮੈਟਰੋਪਾਲੀਟਨ ਪੁਲਿਸ ਡਿਪਾਰਟਮੈਂਟ (ਆਈ. ਐਮ. ਪੀ. ਡੀ.) ਨੇ ਦੋ ਵਿਅਕਤੀਆਂ-ਗੁਰਿੰਦਰ ਸਿੰਘ (57 ਸਾਲ) ਅਤੇ



ਸਾਲਾ ਜਗਦੇਵ ਸੰਦਾ (55 ਸਾਲ) ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਤੋਂ ਕਰੀਬ 21 ਲੱਖ ਡਾਲਰ ਦੀ ਕੋਕੀਨ ਬਰਾਮਦ ਹੋਈ ਹੈ। ਦੋਵੇਂ ਓਂਟਾਰੀਓ ਸਟੇਟ ਤੋਂ ਹਨ।

ਪੁਲਿਸ ਵਿਭਾਗ ਅਨੁਸਾਰ 8 ਸਤੰਬਰ ਨੂੰ ਸਵੇਰੇ ਕਰੀਬ 9 ਵਜੇ ਇੰਡੀਅਨਐਪੋਲਿਸ ਦੇ ਦੱਖਣ-ਪੱਛਮ ਵਿਚ ਪੈਂਦੇ ਹਾਈਵੇਅ 465 ਉਪਰ ਕੈਨਟੱਕੀ ਐਵੇਨਿਊ ਐਗਜ਼ਿਟ 'ਤੇ ਜਦੋਂ ਟ੍ਰੈਫਿਕ ਪੁਲਿਸ ਨੇ ਓਂਟਾਰੀਓ ਦੀ ਨੰਬਰ ਪਲੇਟ ਵਾਲੇ ਇਕ ਟਰੱਕ ਨੂੰ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਪਿਛੋਂ ਟਰੱਕ ਰੋਕ ਕੇ ਡਰਾਈਵਰਾਂ ਤੋਂ ਪੁਛਗਿੱਛ ਕੀਤੀ ਤਾਂ ਉਨ੍ਹਾਂ ਵਲੋਂ ਦਿੱਤੀ ਗਈ ਜਾਣਕਾਰੀ ਟਰੱਕ ਦੀ ਲਾਗ ਬੁੱਕ ਦੀਆਂ ਐਂਟਰੀਆਂ ਨਾਲ ਮੇਲ ਨਹੀਂ ਸੀ ਖਾਂਦੀ।

ਜਦੋਂ ਆਈ. ਐਮ. ਪੀ. ਡੀ. ਨੇ ਟਰੱਕ ਦੀ ਤਲਾਸ਼ੀ ਲਈ ਤਾਂ ਉਸ ਵਿਚੋਂ 88 ਕਿਲੋ ਕੋਕੀਨ ਟਰੱਕ 'ਚੋਂ ਬਰਾਮਦ ਹੋਈ, ਜਿਸ ਦੀ ਕੀਮਤ 2.1 ਮਿਲੀਅਨ ਡਾਲਰ ਦੱਸੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਓਂਟਾਰੀਓ ਨਾਲ ਸਬੰਧਿਤ ਕਈ ਪੰਜਾਬੀਆਂ ਨੂੰ ਕਰੋੜਾਂ ਰੁਪਏ ਦੇ ਨਸ਼ਿਆਂ ਨਾਲ ਅਮਰੀਕਾ 'ਚ ਗ੍ਰਿਫਤਾਰ ਕੀਤਾ ਜਾ ਚੁਕਾ ਹੈ, ਜਿਨ੍ਹਾਂ ਦੇ ਸਬੰਧ ਅਮਰੀਕਾ ਤੋਂ ਭਾਰਤ ਤੋਂ ਕੈਨੇਡਾ ਜੁੜ ਰਹੇ ਹਨ।

## ਨਸ਼ੀਲੀਆਂ ਗੋਲੀਆਂ ਵੰਡਣ ਦੇ ਦੋਸ਼ ਹੇਠ 8 ਭਾਰਤੀ-ਅਮਰੀਕੀ ਗ੍ਰਿਫਤਾਰ

**ਨਿਊ ਯਾਰਕ:** ਭਾਰਤ ਤੋਂ ਨਸ਼ੀਲੀਆਂ ਗੋਲੀਆਂ ਮੰਗਵਾ ਕੇ ਅਮਰੀਕਾ 'ਚ ਲੋਕਾਂ ਅਤੇ ਕੰਪਨੀਆਂ ਨੂੰ ਵੰਡੇ ਜਾਣ ਦੇ ਦੋਸ਼ ਹੇਠ ਅੱਠ ਭਾਰਤੀ-ਅਮਰੀਕੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮੁਲਜ਼ਮਾਂ ਦੀ ਪਛਾਣ ਏਜ਼ਿਲ ਸੇਜ਼ੀਆ ਕਮਲਦਾਸ (46), ਮੁਕੁਲ ਚੁਘ (24), ਗੁਲਾਬ ਗੁਲਾਬ (45), ਦੀਪਕ ਮਨਚੰਦਾ (43), ਪੀ ਨਰਾਇਣਸਾਮੀ (58), ਬਲਜੀਤ ਸਿੰਘ (29), ਹਰਪ੍ਰੀਤ ਸਿੰਘ (28) ਅਤੇ ਵਿਕਾਸ ਐੱਮ ਵਰਮਾ (45) ਵਜੋਂ ਹੋਈ ਹੈ।

ਜੇਕਰ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਗਏ ਤਾਂ ਕਮਲਦਾਸ ਨੂੰ 25 ਸਾਲ ਜਦਕਿ ਬਾਕੀਆਂ ਨੂੰ ਪੰਜ-ਪੰਜ ਸਾਲ ਦੀ ਸਜਾ ਹੋ ਸਕਦੀ ਹੈ। ਮੁਲਜ਼ਮਾਂ ਵੱਲੋਂ ਅਮਰੀਕੀ ਮੇਲ ਅਤੇ ਕੁਰੀਅਰ ਕੰਪਨੀਆਂ ਰਾਹੀਂ ਨਸ਼ੀਲੀਆਂ ਗੋਲੀਆਂ ਦੀ ਖੇਪ ਮੰਗਵਾਈ ਜਾਂਦੀ ਸੀ।

ਇਹ ਮੁਲਜ਼ਮ ਕੁਈਨਜ਼ ਦੇ ਇਕ ਗੋਦਾਮ 'ਚੋਂ ਆਪਣਾ ਧੰਦਾ ਚਲਾਉਂਦੇ ਸਨ ਜਿਥੇ ਉਹ ਗੋਲੀਆਂ ਨੂੰ ਪੈਕ ਕੇ ਅਮਰੀਕਾ 'ਚ ਆਪਣੇ ਗਾਹਕਾਂ ਨੂੰ ਭੇਜਦੇ ਸਨ।

# ਕਰਤਾਰਪੁਰ ਲਾਂਘਾ: ਪਾਕਿਸਤਾਨ ਹਰ ਸ਼ਰਧਾਲੂ ਤੋਂ ਵਸੂਲੇਗਾ 20 ਡਾਲਰ

**ਇਸਲਾਮਾਬਾਦ:** ਪਾਕਿਸਤਾਨ ਨੇ ਕਿਹਾ ਹੈ ਕਿ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਉਹ ਲਾਂਘੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਹਰੇਕ ਸ਼ਰਧਾਲੂ ਤੋਂ 20 ਡਾਲਰ ਦੀ ਫੀਸ ਵਸੂਲੇਗਾ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਮੁਹੰਮਦ ਫੈਸਲ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘੇ ਦੇ ਰੱਖ ਰਖਾਅ ਨੂੰ ਦੇਖਦਿਆਂ ਫੀਸ ਵਸੂਲਣ ਦਾ ਫੈਸਲਾ ਲਿਆ ਗਿਆ ਹੈ।

ਪ੍ਰੈੱਸ ਕਾਨਫਰੰਸ ਦੌਰਾਨ ਜਦੋਂ ਫੈਸਲ ਤੋਂ ਕਰਤਾਰਪੁਰ ਲਾਂਘੇ ਲਈ ਸੇਵਾ ਫੀਸ ਵਜੋਂ 20 ਡਾਲਰ ਵਸੂਲਣ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨਖ਼ਾਂ ਕਿਹਾ ਕਿ ਪਾਕਿਸਤਾਨੀ ਸਰਕਾਰ ਨੇ ਲਾਂਘਾ ਤਿਆਰ ਕਰਨ ਲਈ ਭਾਰੀ ਖਰਚਾ ਕੀਤਾ ਹੈ ਅਤੇ ਉਸ ਦੀ ਭਰਪਾਈ ਲਈ ਇਹ ਕਦਮ ਉਠਾਇਆ ਜਾਵੇਗਾ। ਫੈਸਲ ਮੁਤਾਬਕ ਸ਼ਰਧਾਲੂਆਂ ਨੂੰ ਵਧੀਆ ਸਹੂਲਤਾਂ ਦੇਣ ਲਈ ਇਹ ਫੀਸ ਰੱਖੀ ਗਈ ਹੈ। ਮੈਂ ਦੱਸਣਾ ਚਾਹਾਂਗਾ ਕਿ ਇਸ ਨਿਗੂਣੀ ਫੀਸ ਨਾਲ ਪਾਕਿਸਤਾਨ ਸਰਕਾਰ ਵੱਲੋਂ ਖਰਚੀ ਗਈ ਰਕਮ ਦਾ ਥੋੜਾ ਜਿਹਾ ਹਿੱਸਾ ਵੀ ਪੂਰਾ ਨਹੀਂ ਹੋਣਾ ਹੈ।

### ਚਾਰਜ ਨਾ ਲਾਉਣ ਲਈ ਪਾਕਿਸਤਾਨ 'ਤੇ ਦਬਾਅ ਪਾਉਣ ਮੋਦੀ: ਕੈਪਟਨ

**ਚੰਡੀਗੜ੍ਹ:** ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘੇ ਰਾਹੀਂ ਜਾਣ ਵਾਲੇ ਸ਼ਰਧਾਲੂਆਂ 'ਤੇ ਸਰਵਿਸ ਚਾਰਜ ਲਗਾਉਣ ਦੇ ਪ੍ਰਸਤਾਵ ਦੇ ਮਾਮਲੇ ਉਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰਧਾਨ ਮੰਤਰੀ ਨੂੰ ਇਸ ਮਾਮਲੇ ਵਿਚ ਦਖਲ ਦੇਣ ਦੀ ਮੰਗ ਕੀਤੀ। ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਮੁੱਖ ਮੰਤਰੀ ਨੇ ਸੁਝਾਅ ਦਿੱਤਾ ਹੈ ਕਿ ਇਸ ਮਾਮਲੇ ਦੇ ਜਲਦੀ ਹੱਲ ਲਈ ਵਿਦੇਸ਼ ਮੰਤਰਾਲਾ ਦੁਵੱਲੀ ਮੀਟਿੰਗ 'ਚ ਇਹ ਮੁੱਦਾ ਚੁੱਕੇ।

## Matrimonials

### ਲੜਕੀ ਦੀ ਲੋੜ ਹੈ

ਗਰੀਨ ਕਾਰਡ ਹੋਲਡਰ ਰਾਮਗੜ੍ਹੀਆ ਸਿੱਖ ਲੜਕੇ, ਉਮਰ 30 ਸਾਲ, ਕੱਦ 5'-6", ਕਲੀਨ ਸ਼ੇਵ, ਟਰੱਕ ਡਰਾਈਵਰ ਲਈ ਗਰੀਨ ਕਾਰਡ ਜਾਂ ਵਿਜ਼ਿਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 661-444-3657 (ਕੈਲੀਫੋਰਨੀਆ ਟਾਈਮ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ) 35-38

### ਜੀਵਨ ਸਾਥੀ ਦੀ ਲੋੜ ਹੈ

ਇੰਡੀਆ ਰਹਿੰਦੀ ਜੱਟ ਸਿੱਖ 40 ਸਾਲਾ ਕੱਦ 5' 2" ਵਿਧਵਾ ਲਈ ਅਮਰੀਕਨ ਸਿਟੀਜ਼ਨ ਤਲਾਕਸ਼ੁਦਾ ਜਾਂ ਅਣਵਿਆਹੇ ਜੀਵਨ ਸਾਥੀ ਦੀ ਲੋੜ ਹੈ, ਜੋ 35 ਤੋਂ 45 ਸਾਲ ਦਾ ਹੋਵੇ। ਆਪਣੇ ਬੱਚੇ ਹੋਣ ਤਾਂ ਕੋਈ ਗੱਲ ਨਹੀਂ, ਪਰ ਹੋਰ ਬੱਚਾ ਨਾ ਚਾਹੁੰਦਾ ਹੋਵੇ। ਲੜਕੀ ਦੀਆਂ 4 ਤੇ 12 ਸਾਲ ਦੀਆਂ ਦੋ ਬੇਟੀਆਂ ਹਨ, ਅਤੇ ਉਸ ਦੇ ਨਾਂ 5 ਕਿੱਲੇ ਜ਼ਮੀਨ ਹੈ। ਉਹ ਮਾਪਿਆਂ ਦੀ ਸੇਵਾ ਅਤੇ ਪਰਿਵਾਰ ਨਾਲ ਤੇਹ-ਮੋਹ ਕਰਨ ਵਾਲੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦਾ ਭਰਾ ਅਮਰੀਕਾ ਵਿਚ ਵੈਲ ਸੈਟਲਡ ਹੈ ਅਤੇ ਉਸ ਦਾ ਚੰਗਾ ਬਿਜਨਸ ਹੈ। ਲੋੜਵੰਦ ਅਤੇ ਮਿਹਨਤੀ ਲੜਕੇ ਦੀ ਸੈਟ ਕਰਨ ਵਿਚ ਮਦਦ ਕੀਤੀ ਜਾ ਸਕਦੀ ਹੈ। ਗੰਭੀਰ ਤੇ ਲੋੜਵੰਦ ਵੇਰਵੇ ਅਤੇ ਫੋਟੋ ਸਮੇਤ ਸੰਪਰਕ ਕਰਨ। ਈਮੇਲ: jhajjkaur2501@yahoo.com

### ਲੜਕੇ ਦੀ ਲੋੜ ਹੈ

Suitable match for a beautiful US born, Hindu Nai, divorced girl, 30 years, 5'-2". Have Masters in English, worked as an English professor, currently doing final year of law. All family well settled in New York. Please contact: 516-590-9117 38-41

Suitable match for a beautiful US born divorcee Nai girl of 31, 5'-2", doing final year of law, all family well settled in New York. Please contact: 516-590-9117 36-39

Looking for a well qualified Manglik male, Engineer or Doctor, US citizen or green card holder for Sikh Ramdasia girl, 34 yrs, 5'-5", Software Engineer, working as Manager in a reputed MNC in USA, Interested please contact: 1-732-749-0791; email: nina.matrimony@gmail.com 35-38

ਪੰਜਾਬ ਟਾਈਮਜ਼

Visit us on the web:**wwwpunjabtimesusa.com**


## ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਅੰਬਰ ਇੰਡੀਅਨ ਰੈਸਟੋਰੈਂਟ ਅਤੇ ਇੰਡੀਆ ਪੈਲੇਸ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ (ਡਿਸ਼ ਵਾਸ਼ਰ) ਦੀ ਲੋੜ ਹੈ।

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਲਖਵੀਰ ਸਿੰਘ ਜੌਹਲ

ਫੋਨ: 317-709-7800

34-



## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+



## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

**Live on Jas TV**

**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com



## Michigan Truck Driving School

**6405 Middlebelt Road, Romulus, MI 48174**

ਖੁਸ਼ਖਬਰੀ ! ਖੁਸ਼ਖਬਰੀ ! !

ਖੁਸ਼ਖਬਰੀ ! ! !

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**Raj Jamarai Cell:734-644-1010 Office:734-747-4298**

# ਛਪਾਰ ਮੇਲੇ 'ਤੇ ਅਕਾਲੀਆਂ ਤੇ ਕਾਂਗਰਸੀਆਂ ਦਾ ਸਿਆਸੀ ਅਖਾੜਾ

## ਕਾਨਫਰੰਸ ਦੌਰਾਨ ਜੰਮ ਕੇ ਦੂਸ਼ਣਬਾਜ਼ੀ

**ਲੁਧਿਆਣਾ:** ਪੰਜਾਬ ਦੇ ਇਤਿਹਾਸਕ ਛਪਾਰ ਮੇਲੇ ਵਿਚ ਅਕਾਲੀ ਦਲ ਤੇ ਕਾਂਗਰਸ ਦੀ ਸਿਆਸੀ ਕਾਨਫਰੰਸ ਦੌਰਾਨ ਜੰਮ ਕੇ ਦੂਸ਼ਣਬਾਜ਼ੀ ਕੀਤੀ ਗਈ। ਸੱਤਾਧਾਰੀ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ ਬਾਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਆਮ ਆਦਮੀ ਪਾਰਟੀ, ਲੋਕ ਇਨਸਾਫ ਪਾਰਟੀ, ਕਮਿਊਨਿਸਟ ਪਾਰਟੀਆਂ, ਕਿਰਤੀ ਕਿਸਾਨ ਵੈੱਲਫੇਅਰ ਸੁਸਾਇਟੀ ਸਮੇਤ ਵੱਖ-ਵੱਖ ਸਿਆਸੀ ਪਾਰਟੀਆਂ ਨੇ ਕਾਨਫਰੰਸਾਂ ਸਮੇਂ ਇਕ ਦੂਸਰੇ ਨੂੰ ਘੇਰਿਆ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਸਰਕਾਰ 'ਤੇ ਹੜ੍ਹ ਪੀੜਤਾਂ ਨੂੰ ਕੋਈ ਮਦਦ ਨਾ ਪਹੁੰਚਾਉਣ ਦਾ ਇਲਜ਼ਾਮ ਲਾਇਆ। ਉਧਰ, ਕਾਂਗਰਸ ਨੇ ਮੋਦੀ ਸਰਕਾਰ ਉਤੇ ਆਰਥਿਕ ਮੰਦੀ ਨੂੰ ਲੈ ਕੇ ਹਮਲਾ ਬੋਲਿਆ। ਕਾਂਗਰਸ ਦੀ ਸਿਆਸੀ ਕਾਨਫਰੰਸ ਵਿਚ ਵਿਧਾਨ ਸਭਾ ਦਾਖਾ ਵਿਚ ਉਪ ਚੋਣਾਂ ਸਮੇਤ ਸੂਬੇ ਦੇ ਕਈ ਗੰਭੀਰ ਮੁੱਦੇ ਵਿਚਾਰੇ ਗਏ। ਇਸ ਦੌਰਾਨ ਸੁਖਬੀਰ ਬਾਦਲ ਨੇ ਕਿਹਾ ਕਿ ਉਹ ਆਪ ਹੜ੍ਹ ਪੀੜਤ ਇਲਾਕਿਆਂ ਵਿਚ ਜਾ ਕੇ ਆਏ ਹਨ ਪਰ ਉਥੇ ਸਰਕਾਰ ਨੇ ਕਿਸੇ ਨੂੰ ਵੀ ਮਦਦ ਨਹੀਂ ਪਹੁੰਚਾਈ। ਦਾਖਾ ਵਿਧਾਨ ਸਭਾ ਸੀਟ ਲਈ ਉਨ੍ਹਾਂ ਆਮ ਆਦਮੀ ਪਾਰਟੀ ਨੂੰ ਜ਼ਿੰਮੇਵਾਰ



ਠਹਿਰਾਇਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਇਸ ਵਾਰ ਫਿਰ ਮੂੰਹ ਦੀ ਖਾਣੀ ਪਏਗੀ। ਇਸ ਤੋਂ ਇਲਾਵਾ ਬਿਕਰਮ ਮਜੀਠੀਆ ਨੇ ਵੀ ਇਲਜ਼ਾਮ ਲਾਇਆ ਕਿ ਕਾਂਗਰਸ ਸਰਕਾਰ ਨੇ ਸੂਬੇ ਨੂੰ ਆਈ.ਸੀ.ਯੂ. ਦੀ ਸਥਿਤੀ ਵਿਚ ਲਿਆ ਕੇ ਰੱਖ ਦਿੱਤਾ ਹੈ। ਕਾਂਗਰਸ ਵੱਲੋਂ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਦਾਖਾ ਵਿਧਾਨ ਸਭਾ ਖੇਤਰ ਵਿਚ ਉਪ ਚੋਣਾਂ ਲਈ ਉਹ ਬਿਲਕੁਲ ਤਿਆਰ ਹਨ।

ਸਿੱਧੂ ਨੇ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਨੂੰ ਹਰ ਪੱਖੋਂ ਕੰਗਾਲ ਕਰਕੇ ਸੂਬੇ ਦੀ ਆਰਥਿਕਤਾ ਨੂੰ ਵੱਡੀ ਸੱਟ ਮਾਰੀ ਤੇ ਸੂਬੇ ਨੂੰ ਕੰਗਾਲ ਕਰਕੇ ਕਾਂਗਰਸ ਸਰਕਾਰ ਹਵਾਲੇ ਕੀਤਾ, ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਉਸਾਰੂ ਉਪਰਾਲੇ ਕਰਕੇ ਸੂਬੇ ਨੂੰ ਮੁੜ ਲੀਹਾਂ 'ਤੇ ਲੈ ਆਂਦਾ ਹੈ। ਕੈਬਨਿਟ ਮੰਤਰੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਪ੍ਰਾਈਵੇਟ ਲਿਮਟਿਡ ਕੰਪਨੀ ਦਾ ਖਿਤਾਬ ਦਿੰਦਿਆਂ ਕਿਹਾ ਕਿ ਬਾਦਲ ਪਰਿਵਾਰ ਨੇ ਸੂਬੇ ਨੂੰ ਰੱਜ ਕੇ ਲੁੱਟਿਆ ਹੈ। ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੀ ਮੌਜੂਦਾ ਸਰਕਾਰ ਤੇ ਕਾਂਗਰਸ ਪਾਰਟੀ ਨੂੰ ਪੰਜਾਬ 'ਚ ਹਰ ਫਰੰਟ 'ਤੇ ਪੂਰੀ ਤਰ੍ਹਾਂ ਫੇਲ੍ਹ ਕਰਾਰ ਦਿੱਤਾ। ਉਨ੍ਹਾਂ ਕਿਹਾ ਲੋਕਾਂ ਦੀ ਆਵਾਜ਼ ਕਹਿਲਾਉਣ ਦੇ ਦਾਅਵੇ ਕਰਨ ਵਾਲੀ ਪੰਜਾਬ ਕਾਂਗਰਸ ਸਿਰਫ ਸੋਨੀਆ ਦੀ ਆਵਾਜ਼ ਬਣ ਕੇ ਰਹਿ ਗਈ ਹੈ।

ਸੁਖਬੀਰ ਨੇ ਕਿਹਾ ਲੋਕਾਂ ਦੀ ਆਵਾਜ਼ ਅਕਾਲੀ ਦਲ ਪਾਰਟੀ ਹੈ, ਜਿਸ ਨੇ ਆਪਣੇ ਰਾਜ ਦੌਰਾਨ ਸੂਬੇ ਦਾ ਤੇ ਹਰ ਵਰਗ ਦੇ ਲੋਕਾਂ ਲਈ ਸਭ ਤੋਂ ਵੱਧ ਭਲਾਈ ਸਕੀਮਾਂ ਲਿਆਂਦੀਆਂ। ਉਨ੍ਹਾਂ ਕਿਹਾ ਕਿ ਵਰਕਰਾਂ ਨੇ ਹਰ ਚੋਣ 'ਚ ਸਰਕਾਰੀ ਜਬਰ ਦਾ ਡੱਟ ਕੇ ਮੁਕਾਬਲਾ ਕੀਤਾ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਅਕਾਲੀ ਦਲ ਆਉਣ ਵਾਲੀ ਹਲਕਾ ਦਾਖਾ ਤੋਂ ਜ਼ਿਮਨੀ ਚੋਣ ਭਾਰੀ ਬਹੁਮਤ ਨਾਲ ਜਿੱਤੇਗਾ।

## ਕਾਂਗਰਸ ਅਤੇ ਅਕਾਲੀਆਂ ਨੇ ਪੰਜਾਬ ਨੂੰ ਰਲ ਕੇ ਲੁੱਟਿਆ: ਭਗਵੰਤ ਮਾਨ

**ਡੇਹਲੋਂ:** ਮੇਲਾ ਛਪਾਰ ਵਿਖੇ ਆਮ ਆਦਮੀ ਪਾਰਟੀ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੰਸਦ ਮੈਂਬਰ ਭਗਵੰਤ ਸਿੰਘ ਮਾਨ ਨੇ ਕਾਂਗਰਸ ਤੇ ਅਕਾਲੀਆਂ ਤੇ ਤਿੱਖੇ ਸ਼ਬਦਾਂ ਨਾਲ ਹਮਲਾ ਕਰਦਿਆਂ ਕਿਹਾ ਕਿ ਦੋਨਾਂ ਪਾਰਟੀਆਂ ਨੇ ਅੱਜ ਤੱਕ ਪੰਜਾਬ ਅੰਦਰ ਵੱਡੇ ਪੱਧਰ 'ਤੇ ਲੁੱਟ ਖਸੁੱਟ ਕੀਤੀ ਹੈ, ਜਿਸ ਨਾਲ ਪੰਜਾਬ ਦਾ ਵੱਡਾ ਨੁਕਸਾਨ ਹੋਇਆ ਹੈ। ਇਸ ਮੌਕੇ ਵਿਰੋਧੀ ਧਿਰ ਦੇ ਆਗੂ ਵਿਧਾਇਕ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਅੰਦਰ ਮੌਜੂਦਾ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ ਤੇ ਸੂਬੇ 'ਚ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਹੈ।

# ਸੰਵਿਧਾਨਕ ਰੋਕਾਂ ਦੇ ਬਾਵਜੂਦ ਵਿਧਾਇਕਾਂ ਨੂੰ 'ਸੈਟ' ਕਰਨ 'ਤੇ ਅੜੇ ਕੈਪਟਨ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਛੇ ਵਿਧਾਇਕਾਂ ਨੂੰ ਕੈਬਨਿਟ ਮੰਤਰੀਆਂ ਦੇ ਬਰਾਬਰ ਦੇ ਅਹੁਦੇ ਦੇਣ ਨਾਲ ਸੰਵਿਧਾਨਕ ਤੌਰ ਉਤੇ ਮੰਤਰੀ ਮੰਡਲ ਦੀ ਗਿਣਤੀ ਉਤੇ ਲਗਾਈ ਸੀਮਾ



ਬਾਰੇ ਬਹਿਸ ਮੁੜ ਭਖ ਗਈ ਹੈ। ਸੱਤਾ ਦੇ ਗਲਿਆਰਿਆਂ ਵਿਚ ਚਰਚਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਸ਼ਿਆਂ ਦੇ ਮੁੱਦੇ ਉਤੇ ਸੂਬਾ ਸਰਕਾਰ ਵੱਲੋਂ ਕੋਈ ਠੋਸ ਕਾਰਵਾਈ ਨਾ ਕਰਨ ਤੋਂ ਕੁਝ ਕਾਂਗਰਸੀ ਵਿਧਾਇਕ ਲੰਮੇ ਸਮੇਂ ਤੋਂ ਨਾਰਾਜ਼ ਸਨ।

ਕਈ ਵਿਧਾਇਕਾਂ ਨੇ ਆਪਣੀ ਨਾਰਾਜ਼ਗੀ ਖੁੱਲੇਆਮ ਵੀ ਪ੍ਰਗਟ ਕੀਤੀ। ਮੁੱਖ ਮੰਤਰੀ ਨੇ ਛੇ ਵਿਧਾਇਕਾਂ ਨੂੰ ਕੈਬਨਿਟ ਰੈਂਕ ਦੇ ਕੇ ਸਥਿਤੀ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਾਲ 2004 ਵਿਚ ਲਾਗੂ ਕੀਤੀ 91ਵੀਂ ਸੰਵਿਧਾਨਕ ਸੋਧ ਮੁਤਾਬਕ ਸੰਸਦ ਅਤੇ ਵਿਧਾਨ ਸਭਾਵਾਂ ਤੇ ਪਰਿਸ਼ਦਾਂ ਦੇ ਚੁਣੇ ਨੁਮਾਇੰਦਿਆਂ ਦਾ 15 ਫੀਸਦੀ ਹਿੱਸਾ ਹੀ ਮੰਤਰੀ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਪੰਜਾਬ ਦੇ 117 ਵਿਧਾਇਕਾਂ 'ਚੋਂ 18 ਵਿਧਾਇਕ ਹੀ ਮੰਤਰੀ ਬਣ ਸਕਦੇ ਹਨ। ਅਕਾਲੀ-ਭਾਜਪਾ ਦੇ ਦਸ ਸਾਲਾਂ ਦੇ ਰਾਜ-ਕਾਲ ਦੌਰਾਨ ਮੁੱਖ ਸੰਸਦੀ ਸਕੱਤਰ ਅਤੇ ਸੰਸਦੀ ਸਕੱਤਰਾਂ ਦੇ ਅਹੁਦੇ ਦਿੱਤੇ ਗਏ। ਅਦਾਲਤਾਂ ਨੇ ਇਸ ਵਰਤਾਰੇ ਨੂੰ ਸੰਵਿਧਾਨ ਦੀ ਭਾਵਨਾ ਦੇ ਖਿਲਾਫ ਦੱਸਿਆ।

ਸਿਆਸੀ ਦਬਾਅ ਦੇ ਚੱਲਦਿਆਂ ਸੰਸਦੀ ਸਕੱਤਰ ਹਟੇ ਪਰ ਕੈਬਨਿਟ ਅਤੇ ਰਾਜ ਮੰਤਰੀ ਦੇ ਅਹੁਦੇ ਦੇਣ ਦਾ ਰਿਵਾਜ਼ ਸ਼ੁਰੂ ਹੋ ਗਿਆ।

ਮੌਜੂਦਾ ਸਰਕਾਰ ਨੇ ਵੱਡੀ ਪੱਧਰ 'ਤੇ ਇਹ ਅਹੁਦੇ ਵੰਡਣੇ ਸ਼ੁਰੂ ਕਰ ਦਿੱਤੇ ਹਨ। ਇਹ ਵੀ ਮੰਤਰੀ ਮੰਡਲ ਦੀ ਗਿਣਤੀ ਸੀਮਤ ਰੱਖਣ ਵਾਲੀ ਸੰਵਿਧਾਨਕ ਸੋਧ ਦੀ ਭਾਵਨਾ ਦੇ ਖਿਲਾਫ ਹੈ। ਕਾਂਗਰਸ ਨੇ ਚੋਣਾਂ ਦੌਰਾਨ ਕਿਸਾਨਾਂ ਤੇ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰਨਾ, ਘਰ ਘਰ ਨੌਕਰੀ ਦੇਣੀ ਅਤੇ ਨੌਕਰੀ ਨਾ ਦਿੱਤੇ ਜਾਣ ਤੱਕ 25 ਸੌ ਰੁਪਏ ਮਹੀਨਾ ਬੇਰੁਜ਼ਗਾਰੀ ਭੱਤਾ, ਲੜਕੀਆਂ ਨੂੰ ਪੀ.ਐਚ.ਡੀ. ਤੱਕ ਮੁਫਤ ਸਿੱਖਿਆ ਸਮੇਤ ਕਈ ਵਾਅਦੇ ਕੀਤੇ। ਇਨ੍ਹਾਂ ਵਾਅਦਿਆਂ ਉਤੇ ਅਮਲ ਦੀ ਗੱਲ ਕੀਤੀ ਜਾਵੇ ਤਾਂ ਸੇਰ ਵਿਚੋਂ ਅਜੇ ਪੂਣੀ ਵੀ ਨਹੀਂ ਕੱਤੀ ਗਈ। ਵਿੱਤ ਮੰਤਰੀ ਨੇ ਬਜਟ ਭਾਸ਼ਣ ਵਿਚ ਕਿਹਾ ਸੀ ਕਿ ਮਾਲੀਏ ਦਾ 50 ਫੀਸਦੀ ਪੈਸਾ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਉਤੇ ਖਰਚ ਹੁੰਦਾ ਹੈ ਅਤੇ 23 ਫੀਸਦੀ ਕਰਜ਼ੇ ਦੇ ਵਿਆਜ ਦੀ ਕਿਸ਼ਤ ਉਤਾਰਨ ਉਤੇ। ਸੂਬਾ ਸਵਾ ਦੋ ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਬੋਝ ਹੇਠ ਹੈ। ਵਿਕਾਸ ਲਈ ਪੈਸਾ ਨਹੀਂ ਬਚਦਾ।

## ਵਿਰੋਧੀ ਧਿਰਾਂ ਵੱਲੋਂ ਸਰਕਾਰ ਨੂੰ ਘੇਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਵਿਧਾਇਕ ਦਲ ਨੇ ਵਿਧਾਨ ਸਭਾ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਆਖਿਆ ਹੈ ਕਿ ਉਹ ਲਾਭ ਵਾਲਾ ਅਹੁਦਾ ਸਵੀਕਾਰ ਕਰਨ ਲਈ 7 ਕਾਂਗਰਸੀ ਵਿਧਾਇਕਾਂ ਨੂੰ ਅਯੋਗ ਠਹਿਰਾਉਣ। ਇਸ ਤੋਂ ਇਲਾਵਾ ਵਿਧਾਇਕ ਦਲ ਨੇ 'ਆਪ' ਤੋਂ ਅਸਤੀਫਾ ਦੇ ਚੁੱਕੇ 4 ਵਿਧਾਇਕਾਂ ਨੂੰ ਅਯੋਗ ਠਹਿਰਾਉਣ ਜਾਣ ਦੀ ਵੀ ਮੰਗ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਇਕ ਦਲ ਦੇ ਆਗੂ ਪਰਮਿੰਦਰ ਸਿੰਘ ਢੀਂਡਸਾ ਤੇ ਬਿਕਰਮ ਸਿੰਘ ਮਜੀਠੀਆ ਤੇ ਭਾਜਪਾ ਵੱਲੋਂ ਅਰੁਣ ਨਾਰੰਗ ਦੀ ਅਗਵਾਈ ਵਾਲੇ ਵਿਧਾਇਕ ਦਲ ਨੇ ਸਪੀਕਰ ਨੂੰ ਜਾਣੂ ਕਰਵਾਇਆ ਕਿ ਇਹ ਨਿਯੁਕਤੀਆਂ ਸੰਵਿਧਾਨ ਦੀ 91ਵੀਂ ਸੋਧ ਦੀ ਉਲੰਘਣਾ ਹਨ, ਜਿਸ 'ਚ ਕਿਹਾ ਗਿਆ ਹੈ ਕਿ ਮੰਤਰੀਆਂ ਦੀ ਗਿਣਤੀ ਸਦਨ ਦੀ ਕੁੱਲ ਗਿਣਤੀ ਦਾ 15 ਫੀਸਦੀ ਤੋਂ ਵੱਧ ਨਹੀਂ ਹੋਣੀ ਚਾਹੀਦੀ। ਅਕਾਲੀ-ਭਾਜਪਾ ਵਫਦ ਨੇ ਇਹ ਗੱਲ ਵੀ ਸਪੀਕਰ ਦੇ ਧਿਆਨ 'ਚ ਲਿਆਂਦੀ ਕਿ ਕਾਂਗਰਸ ਸਰਕਾਰ ਨੇ ਨਵੇਂ ਸਲਾਹਕਾਰਾਂ ਨੂੰ ਕੈਬਨਿਟ ਮੰਤਰੀਆਂ ਦਾ ਦਰਜਾ ਦੇ ਕੇ ਸਰਕਾਰੀ ਖਜ਼ਾਨੇ 'ਤੇ ਕਰੋੜਾਂ ਰੁਪਏ ਦਾ ਬੋਝ ਪਾ ਦਿੱਤਾ ਹੈ।

## ਕਾਂਗਰਸੀ ਵਿਧਾਇਕ ਨੇ ਖੋਲੀ ਸਰਕਾਰੀ ਦਾਅਵਿਆਂ ਦੀ ਪੋਲ

**ਸੰਗਰੂਰ:** ਕੈਪਟਨ ਸਰਕਾਰ ਝੰਡੀ ਵਾਲੀ ਕਾਰ ਨਾਲ ਸਾਰੇ ਵਿਧਾਇਕਾਂ ਨੂੰ ਖੁਸ਼ ਨਹੀਂ ਕਰ ਸਕੀ। ਅਜੇ ਵੀ ਕਈ ਵਿਧਾਇਕ ਸਰਕਾਰ ਦੀਆਂ ਨਕਾਮੀਆਂ ਦੀ ਪੋਲ ਖੋਲ੍ਹਣ ਲਈ ਡਟੇ ਹੋਏ ਹਨ। ਕਾਂਗਰਸੀ ਵਿਧਾਇਕ ਸੁਰਜੀਤ ਸਿੰਘ ਧੀਮਾਨ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੈਬਨਿਟ ਰੈਂਕ ਦੀ ਪੇਸ਼ਕਸ਼ ਹੋਈ ਸੀ, ਪਰ ਉਨ੍ਹਾਂ ਨਹੀਂ ਕਬੂਲੀ ਕਿਉਂਕਿ ਅਜਿਹੇ ਅਹੁਦੇ ਦੀ ਕੋਈ ਬੁਕਤ ਨਹੀਂ। ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀਆਂ ਵਾਲੀ ਕਾਰ ਜਾਂ ਕੋਠੀ ਹਾਸਲ ਕਰ ਲੈਣਾ ਇਹ ਕੋਈ ਪ੍ਰਾਪਤੀ ਨਹੀਂ ਕਿਉਂਕਿ ਕੈਬਨਿਟ ਰੈਂਕ ਦੇ ਇਸ ਅਹੁਦੇ 'ਤੇ ਜਾਣ ਨਾਲ ਕੋਈ ਵਿਧਾਇਕ ਆਜ਼ਾਦਾਨਾ ਕੰਮ ਨਹੀਂ ਕਰ ਸਕਦਾ ਤੇ ਨਾ ਉਸ ਕੋਲ ਕੋਈ ਤਾਕਤ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ 'ਚ ਨਸ਼ਿਆਂ ਦੇ ਦਰਿਆ ਵਗ ਰਹੇ ਹਨ, ਪਰ ਇਨ੍ਹਾਂ 'ਤੇ ਕਾਬੂ ਪਾਉਣ ਲਈ ਨਾ ਨੀਤੀ ਹੈ ਤੇ ਨਾ ਨੀਅਤ। ਪੰਜਾਬ ਦੀ ਜਵਾਨੀ ਜਾਂ ਨਸ਼ਿਆਂ ਦਾ ਸ਼ਿਕਾਰ ਹੋ ਰਹੀ ਹੈ ਤੇ ਜਾਂ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੀ ਹੈ। ਧੀਮਾਨ ਨੇ ਕਿਹਾ ਕਿ ਰੁਜ਼ਗਾਰ ਮੇਲਿਆਂ ਦਾ ਕੋਈ ਸਾਰਥਿਕ ਨਤੀਜਾ ਸਾਹਮਣੇ ਨਹੀਂ ਆ ਰਿਹਾ ਹੈ। ਪੰਜਾਬ ਦੀ ਸਨਅਤ ਤਬਾਹ ਹੋ ਰਹੀ ਹੈ। ਪਹਿਲਾਂ ਬਾਦਲ ਸਰਕਾਰ ਵੇਲੇ ਦੋਸ਼ ਲਗਾਇਆ ਜਾਂਦਾ ਸੀ ਕਿ ਸਨਅਤਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ, ਨਤੀਜੇ ਵਜੋਂ ਗੋਬਿੰਦਗੜ੍ਹ ਵਰਗੇ ਸਨਅਤੀ ਸ਼ਹਿਰ ਖਾਲੀ ਹੋ ਰਹੇ ਹਨ, ਪਰ ਹੁਣ ਵੀ ਸਥਿਤੀ ਉਹੀ ਹੈ।

# ਡਰੱਗ ਕੇਸ 'ਚ ਰਿਪੋਰਟਾਂ ਤੋਂ ਇਲਾਵਾ ਵੀ ਬੜਾ ਕੁਝ: ਹਾਈਕੋਰਟ

**ਚੰਡੀਗੜ੍ਹ:** ਪੰਜਾਬ ਵਿਚ ਨਸ਼ੇ ਦੇ ਮਾਮਲੇ 'ਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਮੰਨਣਾ ਹੈ ਕਿ ਇਸ ਮਾਮਲੇ 'ਚ ਅਦਾਲਤ ਵਿਚ ਦਾਖਲ ਸੀਲਬੰਦ ਰਿਪੋਰਟਾਂ ਤੋਂ ਇਲਾਵਾ ਹੋਰ ਵੀ



ਅਨੇਕਾਂ ਅਹਿਮ ਮੁੱਦੇ ਹਨ। ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਦੀ ਬੈਂਚ ਨੇ ਕਿਹਾ ਹੈ ਕਿ ਇਸ ਵੱਡੇ ਮਾਮਲੇ ਨੂੰ ਇਕੱਲੀ ਰਿਪੋਰਟਾਂ ਨਾਲ ਜੋੜ ਕੇ ਹੀ ਨਹੀਂ ਦੇਖਿਆ ਜਾ ਸਕਦਾ, ਹੋਰ ਵੀ ਕਈ ਅਹਿਮ ਪਹਿਲੂ ਇਸ ਮਾਮਲੇ ਨਾਲ ਜੁੜੇ ਹੋਏ ਹਨ।

ਦਰਅਸਲ, ਐਸ.ਐਸ.ਪੀ. ਰਹੇ ਰਾਜਜੀਤ ਸਿੰਘ ਵਿਰੁੱਧ ਨਸ਼ੇ ਦੇ ਇਕ ਮਾਮਲੇ 'ਚ ਲੱਗੇ ਇਲਜ਼ਾਮਾਂ ਦੀ ਜਾਂਚ ਦੀ ਰਿਪੋਰਟ ਹਾਈਕੋਰਟ 'ਚ ਦਾਖਲ ਕੀਤੀ ਗਈ ਸੀ, ਜਿਹੜੀ ਕਿ ਅਜੇ ਤੱਕ ਨਹੀਂ ਖੋਲ੍ਹੀ ਗਈ ਹੈ। ਇਸੇ ਰਿਪੋਰਟ ਨੂੰ ਖੋਲ੍ਹਣ ਲਈ ਰਾਜਜੀਤ ਸਿੰਘ ਵੱਲੋਂ ਅਰਜ਼ੀ ਦਾਖਲ ਕੀਤੀ ਗਈ ਸੀ ਤੇ ਇਸ ਕੇਸ ਦੀ ਵਾਰੀ ਆਉਂਦਿਆਂ ਸਾਰ ਉਨ੍ਹਾਂ ਦੇ ਵਕੀਲ ਨੇ ਬੈਂਚ ਮੂਹਰੇ ਬੇਨਤੀ ਕੀਤੀ ਕਿ ਰਿਪੋਰਟ ਖੋਲ੍ਹੀ ਜਾਵੇ ਪਰ ਚੀਫ ਜਸਟਿਸ ਨੇ ਟਿੱਪਣੀ ਕੀਤੀ ਕਿ ਇਸ ਮਾਮਲੇ ਨੂੰ ਰਿਪੋਰਟਾਂ ਨਾਲ ਹੀ ਜੋੜ ਕੇ ਨਹੀਂ ਵੇਖਿਆ ਜਾ ਸਕਦਾ ਤੇ ਰਿਪੋਰਟ ਖੋਲ੍ਹਣ ਬਾਰੇ ਬਾਅਦ 'ਚ ਫੈਸਲਾ ਲਿਆ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਮਾਮਲੇ 'ਚ ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਉਤੇ ਲੱਗੇ ਇਲਜ਼ਾਮਾਂ ਸਬੰਧੀ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਰਿਪੋਰਟ ਵੀ ਸੀਲਬੰਦ ਪਈ ਹੈ ਤੇ ਇਕ ਰਿਪੋਰਟ ਐਸ.ਟੀ.ਐਫ. ਮੁਖੀ ਹਰਪ੍ਰੀਤ ਸਿੰਘ ਸਿੱਧੂ ਵੱਲੋਂ ਵੀ ਦਾਖਲ ਕੀਤੀ ਹੋਈ ਹੈ।

ਇਸ ਤੋਂ ਇਲਾਵਾ ਬੀ.ਐਸ.ਐਫ. ਤੇ ਆਰਮੀ ਆਦਿ ਵੱਲੋਂ ਦਾਖਲ 10 ਹੋਰ ਰਿਪੋਰਟਾਂ ਵੀ ਖੋਲ੍ਹਣ ਲਈ ਪਈਆਂ ਹਨ। ਕੇਂਦਰ ਸਰਕਾਰ ਵੱਲੋਂ ਅਜੇ 10 ਹੋਰ ਰਿਪੋਰਟਾਂ ਦਾਖਲ ਕੀਤੇ ਜਾਣ ਦੀ ਸੰਭਾਵਨਾ ਹੈ। ਅਜਿਹੇ 'ਚ ਰਾਜਜੀਤ ਸਿੰਘ ਦੀ ਅਰਜ਼ੀ 'ਤੇ ਹਾਈਕੋਰਟ ਨੇ ਕਿਹਾ ਹੈ ਕਿ ਰਿਪੋਰਟਾਂ ਨਾਲੋਂ ਅਹਿਮ ਹੋਰ ਕਈ ਮੁੱਦੇ ਇਸ ਮਾਮਲੇ ਨਾਲ ਜੁੜੇ ਹੋਏ ਹਨ।

## ਬੱਚਿਆਂ 'ਚ ਨਸ਼ਿਆਂ ਦਾ ਰੁਝਾਨ ਵਧਿਆ

**ਚੰਡੀਗੜ੍ਹ:** ਬੱਚਿਆਂ ਅਤੇ ਨੌਜਵਾਨਾਂ 'ਚ ਪੈਟਰੋਲ, ਪੇਂਟ ਅਤੇ ਪਾਲਿਸ਼ ਸੁੰਘ ਕੇ ਨਸ਼ਾ ਕਰਨ ਦੇ ਰੁਝਾਨ 'ਚ ਵਾਧਾ ਹੋ ਰਿਹਾ ਹੈ। ਇਸ ਤਰ੍ਹਾਂ ਦੇ ਨਸ਼ੇ ਕਰਨ ਨਾਲ ਸਿਹਤ ਅਤੇ ਦਿਮਾਗ ਉਤੇ ਤਾਂ ਬੁਰਾ ਅਸਰ ਪੈਂਦਾ ਹੀ ਹੈ, ਇਸ ਦੇ ਨਾਲ ਹੀ ਬੱਚਿਆਂ ਦਾ ਪੜ੍ਹਾਈ 'ਚ ਮਨ ਨਾ ਲੱਗਣਾ, ਭੁੱਖ ਨਾ ਲੱਗਣਾ ਅਤੇ ਸੜਕ ਹਾਦਸਿਆਂ ਦਾ ਖਤਰਾ ਵੀ ਬਣਿਆ ਰਹਿੰਦਾ ਹੈ। ਪੀ.ਜੀ.ਆਈ. ਚੰਡੀਗੜ੍ਹ ਦੇ ਮਾਨਸਿਕ ਰੋਗ ਵਿਭਾਗ 'ਚ ਅਜਿਹੇ ਬੱਚਿਆਂ ਅਤੇ ਨੌਜਵਾਨਾਂ ਦੇ ਇਲਾਜ ਕਰਵਾਉਣ ਦੇ ਮਾਮਲਿਆਂ ਵਿਚ ਵਾਧਾ ਹੋਣ ਲੱਗਾ ਹੈ ਜੋ ਕਿ ਪੈਟਰੋਲ, ਪੇਂਟ ਅਤੇ ਪਾਲਿਸ਼ ਸੁੰਘ ਕੇ ਨਸ਼ਾ ਕਰਨ ਦੇ ਸ਼ਿਕਾਰ ਹਨ। ਪੀ.ਜੀ.ਆਈ. 'ਚ ਉਕਤ ਨਸ਼ਿਆਂ ਦੇ ਸ਼ਿਕਾਰ ਜ਼ਿਆਦਾਤਰ ਬੱਚੇ ਅਤੇ ਨੌਜਵਾਨ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਨਾਲ ਲੱਗਦੇ ਇਲਾਕਿਆਂ ਤੋਂ ਇਲਾਜ ਲਈ ਆਉਂਦੇ ਹਨ। ਪੀ.ਜੀ.ਆਈ. ਦੇ ਮਾਨਸਿਕ ਰੋਗ ਵਿਭਾਗ 'ਚ ਉਕਤ ਤਰ੍ਹਾਂ ਦੇ ਨਸ਼ਿਆਂ ਦੇ ਸ਼ਿਕਾਰ ਲਗਭਗ 50 ਬੱਚੇ ਇਲਾਜ ਲਈ ਹਰ ਸਾਲ ਆਉਂਦੇ ਹਨ। ਜਦ ਕਿ ਹੋਰਨਾਂ ਨਸ਼ਿਆਂ 'ਚ ਪਹਿਲਾ ਨੰਬਰ ਤੰਬਾਕੂ ਦਾ ਸੇਵਨ ਕਰਨ ਦੇ ਆਦੀ ਮਰੀਜ਼ਾਂ ਦਾ ਆਉਂਦਾ ਹੈ ਜੋ ਕਿ ਪੀ.ਜੀ.ਆਈ. 'ਚ ਇਲਾਜ ਲਈ ਆਉਂਦੇ ਹਨ। ਇਸੇ ਤਰ੍ਹਾਂ ਅਫੀਮ, ਭੁੱਕੀ, ਚਿੱਟਾ, ਹੈਰੋਇਨ ਅਤੇ ਨਸ਼ੇ ਦੀਆਂ ਦਵਾਈਆਂ ਦਾ ਸ਼ਿਕਾਰ ਮਰੀਜ਼ ਮਾਨਸਿਕ ਰੋਗ ਵਿਭਾਗ 'ਚ ਇਲਾਜ ਲਈ ਆਉਂਦੇ ਹਨ।

# ਦਾਦੇ ਦੇ 'ਪਾਪਾਂ' ਦੀ ਮੁਆਫੀ ਮੰਗਣ ਬਿਕਰਮ ਤੇ ਹਰਸਿਮਰਤ: ਰੰਧਾਵਾ

**ਚੰਡੀਗੜ੍ਹ:** ਪੰਜਾਬ ਦੇ ਸਹਿਕਾਰਤਾ ਤੇ ਜੇਲ੍ਹਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੰਗ ਕੀਤੀ ਹੈ ਕਿ ਬਿਕਰਮ ਸਿੰਘ ਮਜੀਠੀਆ ਤੇ ਹਰਸਿਮਰਤ ਕੌਰ ਬਾਦਲ ਆਪਣੇ ਦਾਦੇ ਸੁੰਦਰ ਸਿੰਘ ਮਜੀਠੀਆ ਦੇ 'ਪਾਪਾਂ' ਲਈ ਮੁਆਫੀ ਮੰਗਣ ਜਿਸ ਦੀ 13 ਅਪਰੈਲ 1919 ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਤੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਵਿਚ ਸਿੱਧੀ ਸ਼ਮੂਲੀਅਤ ਸੀ।

ਉਨ੍ਹਾਂ ਕਿਹਾ ਕਿ ਇਸ ਸਾਲ 13 ਅਪਰੈਲ ਨੂੰ ਜਲ੍ਹਿਆਂਵਾਲੇ ਬਾਗ ਦੇ ਖੂਨੀ ਸਾਕੇ ਦੀ ਸ਼ਤਾਬਦੀ ਪੂਰੀ ਹੋ ਗਈ ਤੇ ਇਸ ਸਾਲ ਨਵੰਬਰ ਮਹੀਨੇ ਗੁਰੂ ਨਾਨਕ ਦੇਵ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ। ਇਹੋ ਵੇਲਾ ਹੈ ਕਿ ਦੋਵੇਂ ਭੈਣ ਭਰਾ ਆਪਣੇ ਦਾਦੇ ਦੇ ਪਾਪਾਂ ਬਦਲੇ ਮੁਆਫੀ ਮੰਗਣ। ਰੰਧਾਵਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਹਰਸਿਮਰਤ ਤੇ ਬਿਕਰਮ ਦੇ ਧਾਰਮਿਕ ਸਮਾਗਮਾਂ ਵਿਚ ਸ਼ਮੂਲੀਅਤ ਤੇ ਉਦੋਂ ਤੱਕ ਪਾਬੰਦੀ ਲਗਾਉਣ ਜਦੋਂ ਤੱਕ ਉਹ ਅਕਾਲ ਤਖਤ ਸਾਹਿਬ ਅੱਗੇ ਮੁਆਫੀ ਨਹੀਂ ਮੰਗ ਲੈਂਦੇ।

ਰੰਧਾਵਾ ਨੇ ਕਿਹਾ ਕਿ ਇਤਿਹਾਸਕ ਤੱਥਾਂ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਸੁੰਦਰ ਸਿੰਘ ਮਜੀਠੀਆ ਇਨ੍ਹਾਂ ਦੋਵੇਂ ਘਟਨਾਵਾਂ ਵਿਚ ਸਿੱਧੇ ਤੌਰ 'ਤੇ ਸ਼ਾਮਲ ਸੀ ਅਤੇ ਉਨ੍ਹਾਂ ਭਾਰਤੀ ਕ੍ਰਾਂਤੀਕਾਰੀਆਂ ਵਿਰੁੱਧ ਅੰਗਰੇਜ਼ਾਂ ਨਾਲ ਖੜ੍ਹਨ ਦਾ ਫੈਸਲਾ ਲਿਆ। ਰੰਧਾਵਾ ਨੇ ਕਿਹਾ ਕਿ ਇਤਿਹਾਸਕਾਰ ਵੀ.ਐਨ. ਦੱਤਾ ਅਨੁਸਾਰ ਸੁੰਦਰ ਸਿੰਘ ਮਜੀਠੀਆ ਭਾਰਤ ਵਿਚ ਅੰਗਰੇਜ਼ਾਂ ਦਾ ਕੱਟੜ ਸਮਰਥਕ ਸੀ ਅਤੇ ਉਸ ਨੇ ਹਮੇਸ਼ਾ ਕ੍ਰਾਂਤੀਕਾਰੀਆਂ ਦੀਆਂ ਗਤੀਵਿਧੀਆਂ ਦਾ ਵਿਰੋਧ ਕੀਤਾ। ਇਸੇ ਸਮਰਥਨ ਲਈ ਅੰਗਰੇਜ਼ਾਂ ਨੇ ਉਸ ਨੂੰ 'ਸਰ ਸਰਦਾਰ ਬਹਾਦਰ' ਦਾ ਦਰਜਾ ਦੇਣ ਦੇ ਨਾਲ ਨਾਲ ਪੈਨਸ਼ਨ ਅਤੇ ਉੱਤਰ ਪ੍ਰਦੇਸ਼ ਦੇ ਗੋਰਖਪੁਰ ਜ਼ਿਲ੍ਹੇ ਵਿਚ ਜਾਗੀਰ ਵੀ ਦਿੱਤੀ। 1920 ਵਿਚ ਸੁੰਦਰ ਸਿੰਘ ਮਜੀਠੀਆ ਨੂੰ ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਵਿਚ ਜਨਰਲ ਡਾਇਰ ਦਾ ਸਾਥ ਦੇਣ ਲਈ ਅੰਗਰੇਜ਼ਾਂ ਵੱਲੋਂ ਵਿਸ਼ੇਸ਼ ਮਾਣ ਦਿੱਤਾ ਗਿਆ। ਮਾਰਚ 1937 ਵਿਚ ਅਕਾਲੀਆਂ ਨੇ ਸੁੰਦਰ ਸਿੰਘ ਮਜੀਠੀਆ ਤੇ ਉਸ ਦੀ ਪਾਰਟੀ ਦੀ ਆਲੋਚਨਾ ਕਰਦਿਆਂ ਉਸ ਨੂੰ ਪੰਥ ਦਾ ਗੱਦਾਰ ਤੇ ਦੁਸ਼ਮਣ ਆਖਿਆ ਸੀ। ਉਨ੍ਹਾਂ ਕਿਹਾ ਕਿ ਹੈਰਾਨੀ ਤੇ ਸਿਤਮ ਦੀ ਗੱਲ ਹੈ ਕਿ ਅੱਜ ਉਹੀ ਅਕਾਲੀ ਦਲ 'ਤੇ ਕਬਜ਼ਾ ਕਰਕੇ ਪਾਰਟੀ ਨੂੰ ਚਲਾ ਰਹੇ ਹਨ।

# ਪੰਜਾਬ ਵਿਚ ਕਸ਼ਮੀਰੀਆਂ ਦੇ ਹੱਕ 'ਚ ਉਠੀ ਜ਼ੋਰਦਾਰ ਆਵਾਜ਼

## ਕਸ਼ਮੀਰ ਦੀ ਆਵਾਮ ਨੂੰ ਸਵੈ-ਨਿਰਣੇ ਦਾ ਹੱਕ ਦੇਣ ਦੀ ਪੈਰਵੀ



**ਚੰਡੀਗੜ੍ਹ:** ਕਸ਼ਮੀਰੀ ਲੋਕਾਂ ਦੇ ਸੰਘਰਸ਼ ਦੀ ਹਮਾਇਤ ਵਿਚ ਪੰਜਾਬ ਦੀਆਂ 11 ਕਿਸਾਨ ਜਥੇਬੰਦੀਆਂ ਸਮੇਤ ਕਿਰਤੀ, ਕਿਸਾਨ, ਪੇਂਡੂ/ਖੇਤ ਮਜ਼ਦੂਰ, ਸਨਅਤੀ ਮਜ਼ਦੂਰ ਤੇ ਨੌਜਵਾਨਾਂ ਵੱਲੋਂ ਮੁਹਾਲੀ ਵਿਚ ਕੌਮੀ ਪੱਧਰ ਦੀ ਰੋਸ ਰੈਲੀ ਖਿਲਾਫ ਪੰਜਾਬ ਸਰਕਾਰ ਵੱਲੋਂ ਸਖਤੀ ਵਿਖਾਈ ਗਈ, ਪਰ ਸਰਕਾਰੀ ਰੋਕਾਂ ਦੇ ਬਾਵਜੂਦ ਸੈਂਕੜੇ ਕਿਸਾਨ, ਮੁਲਾਜ਼ਮ, ਮਜ਼ਦੂਰ ਤੇ ਵਿਦਿਆਰਥੀ ਪੁਲਿਸ ਨੂੰ ਝਕਾਨੀ ਦੇ ਕੇ ਮੁਹਾਲੀ ਪਹੁੰਚਣ ਵਿਚ ਸਫਲ ਰਹੇ।

ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਦੇ ਕਾਰਕੁਨ ਕਾਫਲੇ ਬਣਾ ਕੇ ਆਉਣ ਦੀ ਥਾਂ ਚੰਡੀਗੜ੍ਹ•ਦੇ ਰਸਤੇ ਆਟੋ ਵਿਚ ਸਵਾਰ ਹੋ ਕੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਪਹੁੰਚ ਗਏ। ਇਸ ਮਗਰੋਂ ਉਨ੍ਹਾਂ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਚੰਡੀਗੜ੍ਹ•ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ ਤਾਂ ਗੁਰਦੁਆਰੇ ਦੇ ਬਾਹਰੋਂ ਹੀ ਪੁਲਿਸ ਨੇ ਉਨਖਾਂ ਦਾ ਰਾਹ ਡੱਕ ਲਿਆ। ਨੌਜਵਾਨਾਂ ਨੇ ਪੁਲਿਸ ਨਾਲ ਉਲਝਣ ਦੀ ਕੋਸ਼ਿਸ਼ ਕੀਤੀ ਤਾਂ ਸੁਰੱਖਿਆ ਦਸਤੇ ਨੇ ਉਨ੍ਹਾਂ ਨੂੰ ਧੱਕੇ ਨਾਲ ਆਪਣੇ ਵਾਹਨਾਂ ਵਿਚ ਸੁੱਟ ਲਿਆ। ਪੁਲਿਸ ਨੇ ਇਨ੍ਹਾਂ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਤੇ ਮਗਰੋਂ ਹਰਿਆਣਾ ਦੀ ਸਰਹੱਦ 'ਤੇ ਲਿਜਾ ਕੇ ਛੱਡ ਦਿੱਤਾ। ਆਗੂਆਂ ਨੇ ਕਸ਼ਮੀਰ ਦੀ ਆਵਾਮ ਨੂੰ ਸਵੈ-ਨਿਰਣੇ ਦਾ ਹੱਕ ਦੇਣ ਦੀ ਪੈਰਵੀ ਕਰਦਿਆਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਕਸ਼ਮੀਰ ਨੂੰ 'ਖੁੱਲ੍ਹੀ ਜੇਲ੍ਹ' ਵਿਚ ਤਬਦੀਲ ਕਰ ਦਿੱਤਾ ਹੈ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਕਸ਼ਮੀਰ ਵਿਚੋਂ ਧਾਰਾ 370 ਅਤੇ 35ਏ ਮਨਸੂਖ ਕਰਨ ਦੇ ਫੈਸਲਿਆਂ ਨੂੰ ਵਾਪਸ ਲਿਆ ਜਾਵੇ। ਇਸ ਦੌਰਾਨ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸਾਰਾ ਕੁਝ ਅਮਨ-ਅਮਾਨ ਨਾਲ ਲੰਘ ਗਿਆ ਤੇ ਫੜੇ ਗਏ ਆਗੂਆਂ ਤੇ ਵਰਕਰਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਫਿਰੋਜ਼ਪੁਰ ਤੇ ਲੁਧਿਆਣਾ ਅਤੇ ਹੋਰਨਾਂ ਇਲਾਕਿਆਂ 'ਚੋਂ ਵੱਡੀ ਗਿਣਤੀ ਕਿਸਾਨ, ਕਿਰਤੀ, ਖੇਤ ਤੇ ਸਨਅਤੀ ਮਜ਼ਦੂਰ ਅਤੇ ਮੁਲਾਜ਼ਮ ਰੇਲਗੱਡੀ ਰਾਹੀਂ ਮੁਹਾਲੀ ਰੇਲਵੇ ਸਟੇਸ਼ਨ ਉਤੇ ਪਹੁੰਚ ਗਏ। ਇਨ੍ਹਾਂ ਪ੍ਰਦਰਸ਼ਨਕਾਰੀਆਂ ਦੀ ਅਗਵਾਈ ਹਰਜਿੰਦਰ ਸਿੰਘ ਕਰ ਰਹੇ ਸੀ। ਇਹ ਲੋਕ ਜਿਵੇਂ ਹੀ ਰੇਲਗੱਡੀ ਤੋਂ ਉੱਤਰ ਕੇ ਸ਼ਹਿਰ ਵੱਲ ਵਧੇ ਤਾਂ ਰੇਲਵੇ ਸਟੇਸ਼ਨ ਦੇ ਬਾਹਰ ਤਾਇਨਾਤ ਪੁਲਿਸ ਨੇ ਉਨ੍ਹਾਂ ਦਾ ਰਾਹ ਡੱਕ ਲਿਆ। ਇਸ ਕਾਰਨ ਉਹ ਰੇਲਵੇ ਸਟੇਸ਼ਨ ਦੇ ਬਾਹਰ ਹੀ ਧਰਨਾ ਲਗਾ ਕੇ ਬੈਠ ਗਏ। ਪੁਲਿਸ ਨਾਲ ਖਿੱਚ-ਧੂਹ ਦੇ ਬਾਵਜੂਦ ਪ੍ਰਦਰਸ਼ਨਕਾਰੀ ਆਪਣੀ ਗੱਲ ਕਹਿ ਕੇ ਹਟੇ, ਮਗਰੋਂ ਪੁਲਿਸ ਨੇ ਉਨਖਾਂ ਨੂੰ ਹਿਰਾਸਤ ਵਿਚ ਲੈ ਲਿਆ। ਪੁਲਿਸ ਉਨਖਾਂ ਨੂੰ ਚਾਰ ਸਕੂਲ ਬੱਸਾਂ ਵਿਚ ਬਿਠਾ ਕੇ ਸ਼ਹਿਰ ਤੋਂ ਬਾਹਰ ਲੈ ਗਈ। ਸੂਤਰਾਂ ਮੁਤਾਬਕ ਪੁਲਿਸ ਨੇ ਇਨਖਾਂ ਨੂੰ ਸਰਹਿੰਦ ਰੇਲਵੇ ਸਟੇਸ਼ਨ 'ਤੇ ਲਿਜਾ ਕੇ ਲੁਧਿਆਣਾ ਜਾਣ ਵਾਲੀ ਗੱਡੀ ਵਿਚ ਚੜ੍ਹਾ ਦਿੱਤਾ।

ਹਰਜਿੰਦਰ ਸਿੰਘ ਨੇ ਦੱਸਿਆ ਕਿ ਦੀ ਰੈਲੀ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਅਤੇ ਕਿਸਾਨ ਸੰਘਰਸ਼ ਕਮੇਟੀ, ਖੇਤ ਮਜ਼ਦੂਰ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਤੇ ਹੋਰਨਾਂ ਜਥੇਬੰਦੀਆਂ ਦਾ ਭਰਪੂਰ ਸਮਰਥਨ ਸੀ, ਪਰ ਪੰਜਾਬ ਸਰਕਾਰ ਨੇ ਸੰਘਰਸ਼ ਦੇ ਰਾਹ ਵਿਚ ਰੋਕਾਂ ਲਗਾ ਕੇ ਜਮਹੂਰੀਅਤ ਦਾ ਗਲਾ ਘੁੱਟਿਆ ਹੈ। ਉਨ੍ਹਾਂ ਦੱਸਿਆ ਕਿ ਇਕੱਲੇ ਮਾਲਵੇ ਖੇਤਰ ਵਿਚ 14 ਥਾਵਾਂ ਉਤੇ ਪੁਲਿਸ ਨੇ ਰੈਲੀ ਵਿਚ ਆ ਰਹੇ ਲੋਕਾਂ ਦਾ ਰਾਹ ਰੋਕਿਆ। ਮਾਝਾ ਅਤੇ ਦੁਆਬੇ ਵਿਚ ਵੀ ਕਾਫੀ ਥਾਵਾਂ 'ਤੇ ਲੋਕਾਂ ਨੂੰ ਰੋਕਿਆ ਗਿਆ। ਉਨਖਾਂ ਦੱਸਿਆ ਕਿ ਮੋਹਰੀ ਆਗੂਆਂ ਨੂੰ ਹਿਰਾਸਤ ਵਿਚ ਲੈਣ ਲਈ ਦੋ ਦਿਨਾਂ ਤੋਂ ਛਾਪੇਮਾਰੀ ਕੀਤੀ ਜਾ ਰਹੀ ਹੈ, ਜਿਸ ਕਾਰਨ ਕਾਫੀ ਆਗੂ ਪਹਿਲਾਂ ਹੀ ਰੂਪੋਸ਼ ਹੋ ਗਏ ਸੀ। ਮੁਹਾਲੀ ਸਮੇਤ ਹੋਰ ਜਿਥੇ ਕਿਤੇ ਵੀ ਪ੍ਰਦਰਸ਼ਨਕਾਰੀਆਂ ਨੂੰ ਰੋਕਿਆ ਗਿਆ, ਉਥੇ ਮੋਦੀ ਸਰਕਾਰ ਅਤੇ ਕੈਪਟਨ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਕਈ ਥਾਵਾਂ 'ਤੇ ਪੁਤਲੇ ਵੀ ਸਾੜੇ ਗਏ। ਇਸ ਦੌਰਾਨ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੁਹਾਲੀ ਵਿਚ ਰੈਲੀ ਲਈ ਮਨਜ਼ੂਰੀ ਦੇਣ ਤੋਂ ਇਨਕਾਰ ਕਰਕੇ ਦਰਸਾ ਦਿੱਤਾ ਹੈ ਕਿ ਕਾਂਗਰਸ, ਕਸ਼ਮੀਰੀ ਲੋਕਾਂ ਦੇ ਹੱਕ ਵਿਚ ਉੱਠ ਰਹੀ ਆਵਾਜ਼ ਨੂੰ ਦਬਾਉਣ ਵਿਚ ਭਾਜਪਾ ਤੋਂ ਕਿਸੇ ਗੱਲੋਂ ਘੱਟ ਨਹੀਂ ਹੈ।

### ਕੈਪਟਨ ਧਾਰਾ 370 'ਤੇ ਦੋਗਲੀ ਨੀਤੀ ਅਪਨਾ ਰਹੇ ਹਨ: ਮਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਸ਼ਮੀਰ ਤੋਂ ਹਟਾਈ ਧਾਰਾ 370 ਦੇ ਮਾਮਲੇ 'ਚ ਦੋਗਲੀ ਨੀਤੀ ਅਪਨਾ ਰਹੇ ਹਨ। ਉਨ੍ਹਾਂ ਕਿਹਾ ਕਿ ਇਕ ਪਾਸੇ ਕੈਪਟਨ ਧਾਰਾ 370 ਹਟਾਉਣ ਦਾ ਵਿਰੋਧ ਕਰ ਰਹੇ ਹਨ ਅਤੇ ਦੂਸਰੇ ਪਾਸੇ ਕਿਸਾਨ ਜਥੇਬੰਦੀਆਂ ਵੱਲੋਂ ਧਾਰਾ 370 ਹਟਾਉਣ ਵਿਰੁੱਧ ਮੁਹਾਲੀ ਵਿਚ ਕੀਤੀ ਜਾ ਰਹੀ ਰੈਲੀ ਉਪਰ ਰੋਕ ਲਾ ਰਹੇ ਹਨ ਜਿਸ ਤੋਂ ਸਾਫ ਹੋ ਗਿਆ ਹੈ ਕਿ ਮੁੱਖ ਮੰਤਰੀ ਧਾਰਾ 370 ਹਟਾਉਣ ਬਾਰੇ ਦੋਗਲੀ ਨੀਤੀ ਅਪਨਾ ਕੇ ਸ਼ਾਇਦ ਮੋਦੀ ਸਰਕਾਰ ਨੂੰ ਖੁਸ਼ ਕਰ ਰਹੇ ਹਨ ਅਤੇ ਬਾਦਲ ਦਲੀਆਂ ਨੇ ਵੀ ਇਸ ਮੁੱਦੇ 'ਤੇ ਆਪਣੇ ਸਾਰੇ ਅਸੂਲ ਤਿਆਗ ਦਿੱਤੇ ਹਨ।

# ਕਾਨਪੁਰ ਸਿੱਖ ਕਤਲੇਆਮ ਸਬੰਧੀ ਕੇਸਾਂ ਦੀਆਂ ਅਹਿਮ ਫਾਈਲਾਂ ਗਾਇਬ

**ਕਾਨਪੁਰ:** ਕਾਨਪੁਰ ਵਿਚ 1984 ਦੇ ਸਿੱਖ ਕਤਲੇਆਮ ਸਬੰਧੀ ਕੇਸਾਂ ਦੀਆਂ ਅਹਿਮ ਫਾਈਲਾਂ ਸਰਕਾਰੀ ਰਿਕਾਰਡ ਵਿਚੋਂ ਗਾਇਬ ਹੋ ਗਈਆਂ ਹਨ। ਜ਼ਿਕਰਯੋਗ ਹੈ ਕਿ ਉੱਤਰ ਪ੍ਰਦੇਸ਼ ਦੇ ਇਸ ਉਦਯੋਗਿਕ ਸ਼ਹਿਰ 'ਚ ਦੰਗਿਆਂ ਦੌਰਾਨ 125 ਸਿੱਖ ਮਾਰੇ ਗਏ ਸਨ, ਜੋ ਕਿ ਦਿੱਲੀ ਤੋਂ ਬਾਅਦ ਘੱਟ ਗਿਣਤੀਆਂ ਦੀ ਹੱਤਿਆ ਦੀ ਦੂਜੀ ਵੱਡੀ ਘਟਨਾ ਸੀ, ਜੋ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਵਾਪਰੀ ਸੀ।

ਸੂਬਾ ਸਰਕਾਰ ਵੱਲੋਂ ਫਰਵਰੀ 2019 ਵਿਚ 1984 ਦੇ ਦੰਗਿਆਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ ਸੀ, ਜਿਸ ਨੇ ਜਾਂਚ 'ਚ ਪਾਇਆ ਹੈ ਕਿ ਹੱਤਿਆ ਤੇ ਡਕੈਤੀ ਸਬੰਧੀ ਅਹਿਮ ਫਾਈਲਾਂ ਗੁੰਮ ਹੋ ਗਈਆਂ ਹਨ। ਕਈ ਕੇਸਾਂ 'ਚ ਸਿਟ ਐਫ.ਆਈ.ਆਰ. ਤੇ ਕੇਸ ਡਾਇਰੀਆਂ ਵੀ ਨਹੀਂ ਲੱਭ ਸਕੀ, ਜਿਸ ਕਾਰਨ ਸਿੱਖਾਂ ਦੇ ਹੋਏ ਇਸ ਕਤਲੇਆਮ ਦੀ ਜਾਂਚ ਸਬੰਧੀ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਸਿਟ ਦੇ ਚੇਅਰਮੈਨ ਤੇ ਪੁਲਿਸ ਦੇ ਸਾਬਕਾ ਡੀ.ਜੀ.ਪੀ. ਅਤੁਲ ਨੇ ਦੱਸਿਆ ਕਿ ਇਨ੍ਹਾਂ ਫਾਈਲਾਂ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਉਨ੍ਹਾਂ ਕਿਹਾ ਕਿ ਅਸੀਂ ਤੱਥਾਂ ਦਾ ਪਤਾ ਲਗਾਉਣਾ ਚਾਹੁੰਦੇ ਹਾਂ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਕੀ ਪੁਲਿਸ ਨੇ ਠੋਸ ਸਬੂਤਾਂ ਦੀ ਘਾਟ ਕਾਰਨ ਹੱਤਿਆ ਦੇ ਮਾਮਲਿਆਂ ਨੂੰ ਬੰਦ ਕਰ ਦਿੱਤਾ ਜਾਂ ਉਨ੍ਹਾਂ ਨੇ ਮਾਮਲਿਆਂ 'ਚ ਦੋਸ਼ ਪੱਤਰ ਦਾਖਲ ਕੀਤੇ। ਉਨ੍ਹਾਂ ਕਿਹਾ ਕਿ ਫਿਲਹਾਲ ਮੈਂ ਹੱਤਿਆ ਦੇ ਕਈ ਕੇਸਾਂ ਬਾਰੇ ਵਿਸਥਾਰ ਨਾਲ ਨਹੀਂ ਦੱਸ ਸਕਦਾ, ਕਿਉਂਕਿ ਇਨ੍ਹਾਂ ਸਬੰਧੀ ਫਾਈਲਾਂ ਅਜੇ ਲੱਭੀਆਂ ਜਾ ਰਹੀਆਂ ਹਨ। ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਕਾਨਪੁਰ 'ਚ ਹੱਤਿਆ, ਹੱਤਿਆ ਦੀ ਕੋਸ਼ਿਸ਼, ਡਕੈਤੀ, ਹੱਥੋਪਾਈ ਤੇ ਜਾਨ ਨੂੰ ਖਤਰੇ ਸਬੰਧੀ 1250 ਤੋਂ ਵੱਧ ਕੇਸ ਦਰਜ ਕੀਤੇ ਗਏ ਸਨ।

ਲਾਪਤਾ ਫਾਈਲਾਂ ਹੱਤਿਆ ਤੇ ਡਕੈਤੀ ਵਰਗੇ ਗੰਭੀਰ ਅਪਰਾਧਾਂ ਨਾਲ ਸਬੰਧਤ ਹਨ। ਸੂਤਰਾਂ ਅਨੁਸਾਰ ਸਿਟ ਨੇ ਸ਼ੁਰੂਆਤ 'ਚ 38 ਗੰਭੀਰ ਅਪਰਾਧਾਂ ਦੀ ਪਛਾਣ ਕੀਤੀ। ਇਨ੍ਹਾਂ ਵਿਚੋਂ 26 ਦੀ ਜਾਂਚ ਪੁਲਿਸ ਵੱਲੋਂ ਬੰਦ ਕਰ ਦਿੱਤੀ ਗਈ ਸੀ। ਸਿਟ ਇਨ੍ਹਾਂ ਮਾਮਲਿਆਂ ਦੀ ਦੁਬਾਰਾ ਜਾਂਚ ਕਰ ਰਹੀ ਹੈ, ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਦੋਸ਼ੀਆਂ ਨੂੰ ਬਚਾਇਆ ਨਾ ਗਿਆ ਹੋਵੇ। ਹਾਲਾਂਕਿ ਜਦੋਂ ਸਿਟ ਦੇ ਐਸ.ਪੀ. ਬਾਲੇਂਦੂ ਭੂਸ਼ਨ ਨੇ ਫਾਈਲਾਂ ਦੀ ਜਾਂਚ ਕੀਤੀ ਤਾਂ ਉਸ ਨੂੰ ਸਭ ਤੋਂ ਅਹਿਮ ਕੇਸ ਡਾਇਰੀਆਂ ਗਾਇਬ ਮਿਲੀਆਂ, ਜਿਸ ਤੋਂ ਬਾਅਦ ਐਸ.ਪੀ. ਨੇ ਅਧਿਕਾਰੀਆਂ ਨੂੰ ਫਾਈਲਾਂ ਲੱਭਣ ਲਈ ਚੌਕਸ ਕੀਤਾ। ਉਨ੍ਹਾਂ ਇਨ੍ਹਾਂ ਕੇਸਾਂ ਨਾਲ ਸਬੰਧਤ ਪੀੜਤ ਸਿੱਖਾਂ ਨੂੰ ਵੀ ਅੱਗੇ ਆ ਕੇ ਆਪਣੇ ਬਿਆਨ ਦਰਜ ਕਰਵਾਉਣ ਲਈ ਕਿਹਾ ਹੈ। ਉਧਰ ਕਾਨਪੁਰ ਦੇ ਐਸ.ਐਸ.ਪੀ. ਅਨੰਤ ਦਿਓ ਨੇ ਕਿਹਾ ਕਿ ਇਹ ਮਾਮਲਾ 35 ਸਾਲ ਤੋਂ ਵੱਧ ਸਮਾਂ ਪੁਰਾਣਾ ਹੈ। ਮੈਂ ਇਸ ਸਬੰਧੀ ਕੋਈ ਟਿੱਪਣੀ ਕਰਨ ਦੀ ਸਥਿਤੀ 'ਚ ਨਹੀਂ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਇਹ ਦੇਖਣਾ ਹੋਵੇਗਾ ਕਿ ਇਹ ਫਾਈਲਾਂ ਹੋਰ ਦਸਤਾਵੇਜ਼ਾਂ ਦੀ ਤਰ੍ਹਾਂ ਨਸ਼ਟ ਨਾ ਕਰ ਦਿੱਤੀਆਂ ਗਈਆਂ ਹੋਣ, ਜਿਨ੍ਹਾਂ ਨੂੰ ਸਰਕਾਰੀ ਨਿਯਮਾਂ ਅਨੁਸਾਰ ਇਕ ਖਾਸ ਸਮਾਂ ਸੀਮਾ ਤੋਂ ਬਾਅਦ ਨਸ਼ਟ ਕਰ ਦਿੱਤਾ ਜਾਂਦਾ ਹੈ। ਫਿਰ ਵੀ ਅਸੀਂ ਫਾਈਲਾਂ ਦੇ ਮਹੱਤਵ ਨੂੰ ਦੇਖਦੇ ਹੋਏ ਇਨ੍ਹਾਂ ਨੂੰ ਲੱਭਣ ਵਿਚ ਸਿਟ ਨਾਲ ਪੂਰਾ ਸਹਿਯੋਗ ਕਰਾਂਗੇ।



ਦੱਸ ਦਈਏ ਕਿ ਕੌਮੀ ਰਾਜਧਾਨੀ ਦਿੱਲੀ ਮਗਰੋਂ ਕਾਨਪੁਰ ਦੂਜਾ ਸ਼ਹਿਰ ਸੀ, ਜਿਥੇ ਘੱਟ ਗਿਣਤੀਆਂ ਨੂੰ ਇੰਨੀ ਵੱਡੀ ਗਿਣਤੀ 'ਚ ਕਤਲ ਕੀਤਾ ਗਿਆ। ਯੂਪੀ ਸਰਕਾਰ ਨੇ ਇਸ ਸਾਲ ਫਰਵਰੀ ਵਿਚ 1984 ਦੇ ਦੰਗਿਆਂ ਨਾਲ ਸਬੰਧਤ ਕੇਸਾਂ ਦੀ ਮੁੜ ਜਾਂਚ ਲਈ ਸਿਟ ਦਾ ਗਠਨ ਕੀਤਾ ਸੀ। ਸਿਟ ਨੂੰ ਜਾਂਚ ਦੌਰਾਨ ਪਤਾ ਲੱਗਾ ਕਿ ਕਤਲ ਤੇ ਲੁੱਟ ਨਾਲ ਸਬੰਧਤ ਕਈ ਅਹਿਮ ਫਾਈਲਾਂ ਗੁੰਮ ਹਨ। ਕਈ ਕੇਸਾਂ ਵਿਚ ਤਾਂ ਸਿਟ ਨੂੰ ਐਫ.ਆਈ.ਆਰ. ਤੇ ਕੇਸ ਡਾਇਰੀਆਂ ਵੀ ਨਹੀਂ ਮਿਲੀਆਂ।

### ਫਾਈਲਾਂ ਗੁੰਮ ਹੋਣਾ ਮੰਦਭਾਗਾ: ਲੌਂਗੋਵਾਲ

**ਅੰਮ੍ਰਿਤਸਰ:** ਫਾਈਲਾਂ ਗੁੰਮ ਹੋਣ ਨੂੰ ਮੰਦਭਾਗਾ ਦੱਸਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਸ ਤੋਂ ਵੱਡੀ ਦੁੱਖ ਦੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਸਰਕਾਰੀ ਰਿਕਾਰਡ 'ਚੋਂ ਅਹਿਮ ਫਾਈਲਾਂ ਹੀ ਗੁੰਮ ਹੋ ਜਾਣ। ਉਨ੍ਹਾਂ ਇਸ ਦੀ ਜਾਂਚ ਕਰਵਾਉਣ ਅਤੇ ਜ਼ਿੰਮੇਵਾਰਾਂ ਖਿਲਾਫ ਕਾਰਵਾਈ ਦੀ ਮੰਗ ਕਰਦੇ ਹੋਏ ਕਿਹਾ ਕਿ 1984 'ਚ ਦਿੱਲੀ ਤੋਂ ਬਾਅਦ ਕਾਨਪੁਰ 'ਚ ਸਿੱਖ ਕਤਲੇਆਮ ਨੇ ਸਿੱਖ ਮਾਨਸਿਕਤਾ ਨੂੰ ਡੂੰਘੇ ਜਖਮ ਦਿੱਤੇ ਹਨ, ਜਿਸ ਦਾ ਇਨਸਾਫ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਸਰਕਾਰ ਨੂੰ ਇਸ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕੇਸਾਂ ਦਾ ਰਿਕਾਰਡ ਤੇ ਸਬੂਤ ਨਸ਼ਟ ਕਰਨ ਵਾਲਿਆਂ ਖਿਲਾਫ ਫੌਜਦਾਰੀ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

# ਸਾਲਾਨਾ ਤਿੰਨ ਲੱਖ ਬੱਚਿਆਂ ਦੀ ਹੋ ਜਾਂਦੀ ਹੈ ਕੈਂਸਰ ਨਾਲ ਮੌਤ

**ਨਵੀਂ ਦਿੱਲੀ:** ਹਰ ਸਾਲ ਤਕਰੀਬਨ ਤਿੰਨ ਲੱਖ ਬੱਚੇ ਕੈਂਸਰ ਦੀ ਲਪੇਟ ਵਿਚ ਆਉਂਦੇ ਹਨ, ਜਿਨਖਾਂ ਵਿਚੋਂ 78 ਹਜ਼ਾਰ ਤੋਂ ਜ਼ਿਆਦਾ ਸਿਰਫ ਭਾਰਤ ਵਿਚੋਂ ਹੀ ਹਨ। ਜਦਕਿ ਵਿਕਸਿਤ ਦੇਸ਼ਾਂ ਵਿਚ 80 ਫੀਸਦ ਬੱਚੇ ਠੀਕ ਹੋ ਜਾਂਦੇ ਹਨ ਅਤੇ ਭਾਰਤ ਵਿਚ ਡਾਕਟਰ ਸਿਰਫ 30 ਫੀਸਦ ਕੈਂਸਰ ਪੀੜਤ ਬੱਚਿਆਂ ਨੂੰ ਹੀ ਬਚਾ ਪਾਉਂਦੇ ਹਨ।

ਵਿਸ਼ਵ ਸਿਹਤ ਸੰਗਠਨ ਨੇ 2030 ਤੱਕ 60 ਫੀਸਦ ਕੈਂਸਰ ਪੀੜਤ ਬੱਚਿਆਂ ਨੂੰ ਜ਼ਿੰਦਗੀ ਦੀ ਜੰਗ ਵਿਚ ਜਿਤਾਉਣ ਦਾ ਟੀਚਾ ਨਿਰਧਾਰਤ ਕੀਤਾ ਹੈ। ਇਸ ਖੇਤਰ ਵਿਚ ਕਾਰਜਸ਼ੀਲ ਗੈਰ ਸਰਕਾਰੀ ਸੰਗਠਨ 'ਕੈਨਕਿਡ' ਦੀ ਸੰਸਥਾਪਕ 'ਤੇ ਕੈਂਸਰ ਜਿਹੀ ਬਿਮਾਰੀ 'ਤੇ ਜਿੱਤ ਪ੍ਰਾਪਤ ਕਰਨ ਵਾਲੀ ਪੂਨਮ ਬਗਈ ਦਾ ਕਹਿਣਾ ਹੈ ਕਿ ਦਿਹਾਤੀ ਇਲਾਕਿਆਂ ਵਿਚ ਕੈਂਸਰ ਪੀੜਤ ਬੱਚਿਆਂ ਦੇ ਹਸਪਤਾਲ ਅਤੇ ਆਧੁਨਿਕ ਸਿਹਤ ਸੇਵਾਵਾਂ ਪਹੁੰਚਾਉਣ ਦੀ ਦਰ ਸਿਰਫ 15 ਫੀਸਦ ਹੀ ਹੈ। ਉਨ੍ਹਾਂ 2004 ਵਿਚ ਆਪਣੀ ਨੌਕਰੀ ਛੱਡ ਇਸ ਸੰਗਠਨ ਦੀ ਸਥਾਪਨਾ ਕੀਤੀ ਸੀ ਤੇ ਅੱਜ ਉਹ ਦੇਸ਼ ਦੇ 69 ਹਸਪਤਾਲਾਂ ਨਾਲ ਕੰਮ ਕਰਦੇ ਹੋਏ 42 ਹਜ਼ਾਰ ਤੋਂ ਜ਼ਿਆਦਾ ਬੱਚਿਆਂ ਨਾਲ ਸਿਹਤ ਸੁਵਿਧਾਵਾਂ ਦੇਣ ਵਿਚ ਸਫਲ ਰਹੀ ਹੈ।

ਉਸ ਨੇ ਦੱਸਿਆ ਕਿ ਉਨ੍ਹਾਂ ਦਾ ਸੰਗਠਨ 42 ਸ਼ਹਿਰਾਂ ਵਿਚ 69 ਕੈਂਸਰ ਕੇਂਦਰਾਂ ਨਾਲ ਸਾਂਝੇਦਾਰੀ ਵਿਚ ਕੰਮ ਕਰ ਰਿਹਾ ਹੈ ਅਤੇ ਪੰਜਾਬ ਅਤੇ ਮਹਾਰਾਸ਼ਟਰ ਸਰਕਾਰ ਦੇ ਨਾਲ-ਨਾਲ ਪਾਰਟਨਰ ਵਜੋਂ ਸਹਿਮਤੀ ਪੱਤਰਾਂ 'ਤੇ ਦਸਤਖਤ ਕੀਤੇ ਹਨ।

# ਇਟਲੀ: ਟੈਂਕ 'ਚ ਡੁੱਬ ਕੇ ਚਾਰ ਪੰਜਾਬੀਆਂ ਦੀ ਮੌਤ

**ਰੋਮ:** ਇਟਲੀ ਦੇ ਉਤਰੀ ਖੇਤਰ ਸਥਿਤ ਡੇਅਰੀ ਫਾਰਮ ਵਿਚ ਬਣੇ ਗੋਹੇ ਵਾਲੇ ਟੈਂਕ ਵਿਚ ਗੈਸ ਚੜ੍ਹਨ ਮਗਰੋਂ ਡੁੱਬਣ ਨਾਲ ਚਾਰ ਪੰਜਾਬੀਆਂ ਦੀ ਮੌਤ ਹੋ ਗਈ। ਇਹ ਘਟਨਾ ਮਿਲਾਨ ਦੇ ਦੱਖਣ ਵਿਚ ਵਸੇ ਸ਼ਹਿਰ ਪਾਵੀਆ ਕੋਲ ਐਰੀਨਾ ਪੋ ਸਥਿਤ ਫਾਰਮ ਵਿਚ ਵਾਪਰੀ।

ਮ੍ਰਿਤਕਾਂ ਵਿਚ ਫਾਰਮ ਮਾਲਕ ਦੋ ਸਕੇ ਭਰਾ ਪ੍ਰੇਮ (48) ਅਤੇ ਤਰਸੇਮ ਸਿੰਘ (45) ਸ਼ਾਮਲ ਹਨ। ਜੋ ਜਲੰਧਰ ਜ਼ਿਲ੍ਹੇ ਦੇ ਕਰਤਾਰਪੁਰ ਦੇ ਪਿੰਡ ਚੀਮਾ ਨਾਲ ਸਬੰਧਤ ਹਨ। ਬਾਕੀ ਦੋ ਮ੍ਰਿਤਕਾਂ ਦੀ ਪਛਾਣ ਅਮਰਿੰਦਰ ਸਿੰਘ (29) ਅਤੇ ਮਨਜਿੰਦਰ ਸਿੰਘ (28) ਵਜੋਂ ਹੋਈ ਹੈ। ਮੁੱਢਲੀ ਜਾਂਚ ਵਿਚ ਖੁਲਾਸਾ ਹੋਇਆ ਹੈ ਕਿ ਗੋਹੇ ਨੂੰ ਖਾਦ ਵਜੋਂ ਵਰਤਣ ਲਈ ਟੈਂਕ 'ਚੋਂ ਕੱਢ ਰਹੇ ਵਿਅਕਤੀ ਨੂੰ ਬਚਾਉਣ ਲਈ ਤਿੰਨ ਵਿਅਕਤੀਆਂ ਨੇ ਟੈਂਕ ਵਿਚ ਛਾਲ ਮਾਰ ਦਿੱਤੀ। ਜਾਂਚਕਰਤਾਵਾਂ ਨੂੰ ਖਦਸ਼ਾ ਹੈ ਕਿ ਚਾਰੋਂ ਮੌਤਾਂ ਗੈਸ ਚੜ੍ਹਨ ਨਾਲ ਹੋਈਆਂ ਹਨ। ਘਟਨਾ ਦਾ ਪਤਾ ਉਦੋਂ ਲੱਗਿਆ ਜਦੋਂ ਇਹ ਚਾਰੇ ਵਿਅਕਤੀ ਦੁਪਹਿਰ ਦਾ ਖਾਣਾ ਖਾਣ ਲਈ ਘਰ ਨਾ ਪਹੁੰਚੇ।

# ਤਰਨ ਤਾਰਨ ਵਿਚ ਅਣਖ ਖਾਤਰ ਪ੍ਰੇਮੀ ਜੋੜੇ ਦਾ ਕਤਲ

**ਤਰਨ ਤਾਰਨ:** ਪਿੰਡ ਨੌਸ਼ਹਿਰਾ ਢਾਲਾ ਵਿਚ ਸਾਲ ਪਹਿਲਾਂ ਪ੍ਰੇਮ ਵਿਆਹ ਕਰਾਉਣ ਵਾਲੇ ਜੋੜੇ ਨੂੰ ਲੜਕੀ ਦੇ ਪਰਿਵਾਰ ਵਾਲਿਆਂ ਨੇ ਅਣਖ ਖਾਤਰ ਗੋਲੀਆਂ ਮਾਰ ਕੇ ਮਾਰ ਦਿੱਤਾ। ਕਤਲ ਕੀਤੇ ਜੋੜੇ ਦੀ ਪਛਾਣ ਨੌਸ਼ਹਿਰਾ ਢਾਲਾ ਦੇ ਨੌਜਵਾਨ ਅਮਨਦੀਪ ਸਿੰਘ (24) ਅਤੇ ਉਸ ਦੀ ਪਤਨੀ ਅਮਨਪ੍ਰੀਤ ਕੌਰ (22) ਵਜੋਂ ਕੀਤੀ ਗਈ ਹੈ। ਅਮਨਪ੍ਰੀਤ ਕੌਰ ਦੇ ਪੇਕੇ ਨੌਸ਼ਹਿਰਾ ਢਾਲਾ ਪਿੰਡ ਦੇ ਨੇੜਲੇ ਪਿੰਡ ਗਹਿਰੀ ਸਨ।

ਜਾਣਕਾਰੀ ਅਨੁਸਾਰ ਅਮਨਦੀਪ ਸਿੰਘ ਅਤੇ ਅਮਨਪ੍ਰੀਤ ਕੌਰ ਸਵੇਰੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਮੱਥਾ ਟੇਕ ਕੇ ਮੋਟਰਸਾਈਕਲ 'ਤੇ ਘਰ ਵਾਪਸ ਆ ਰਹੇ ਸਨ ਕਿ ਪਿੰਡ ਤੋਂ ਕੋਈ ਇਕ ਕਿਲੋਮੀਟਰ ਪਹਿਲਾਂ ਹੀ ਇਕ ਕਾਰ ਅਤੇ ਦੋ ਮੋਟਰਸਾਈਕਲਾਂ 'ਤੇ ਆਏ ਲੜਕੀ ਦੇ ਪਰਿਵਾਰ ਦੇ ਕਰੀਬ 10 ਮੈਂਬਰਾਂ ਨੇ ਉਨ੍ਹਾਂ ਨੂੰ ਘੇਰ ਲਿਆ। ਉਨ੍ਹਾਂ ਨੇ ਜੋੜੇ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਕੇ ਡੇਗ ਦਿੱਤਾ ਅਤੇ ਫਿਰ ਉਨ੍ਹਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਕਾਤਲਾਂ ਦਾ ਮਨ ਇਸ ਨਾਲ ਹੀ ਸ਼ਾਂਤ ਨਹੀਂ ਹੋਇਆ, ਉਨ੍ਹਾਂ ਮਰਨ ਕਿਨਾਰੇ ਪਏ ਦੋਹਾਂ ਦੇ ਉਤੋਂ ਦੀ ਕਾਰ ਲੰਘਾ ਦਿੱਤੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਲੜਕੇ-ਲੜਕੀ ਦੋਹਾਂ ਦੇ ਪਰਿਵਾਰ ਵਾਲੇ ਮੌਕੇ 'ਤੇ ਪਹੁੰਚ ਗਏ। ਲੜਕੇ ਅਮਨਦੀਪ ਸਿੰਘ ਦੀ ਮੌਕੇ 'ਤੇ ਹੀ ਮੌਤ ਗਈ ਜਦਕਿ ਲੜਕੀ ਨੂੰ ਗੰਭੀਰ ਹਾਲਤ ਵਿਚ ਅੰਮ੍ਰਿਤਸਰ ਦੇ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਵੀ ਜ਼ਖਮਾਂ ਦੀ ਤਾਬ ਨਾ ਸਹਾਰਦਿਆਂ ਦਮ ਤੋੜ ਗਈ।

ਮੁਲਜ਼ਮਾਂ ਵਿਚ ਲੜਕੀ ਦੇ ਪਿਤਾ ਅਮਰਜੀਤ ਸਿੰਘ, ਭਰਾ ਮਨਜੀਤ ਸਿੰਘ, ਤਾਏ ਦੇ ਪੁੱਤ ਭਰਾ ਗੁਰਿੰਦਰ ਸਿੰਘ, ਸੁਰਜੀਤ ਸਿੰਘ ਅਤੇ ਹਰਵਿੰਦਰ ਸਿੰਘ ਦੀ ਪਛਾਣ ਕਰ ਲਈ ਗਈ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੁਪਰੀਮ ਕੋਰਟ ਦਾ ਹੁਕਮ: ਜੰਮੂ ਕਸ਼ਮੀਰ 'ਚ ਕੌਮੀ ਹਿੱਤਾਂ ਮੁਤਾਬਕ ਹਾਲਾਤ ਬਹਾਲ ਹੋਣ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਅਤੇ ਜੰਮੂ ਕਸ਼ਮੀਰ ਪ੍ਰਸ਼ਾਸਨ ਨੂੰ ਕਿਹਾ ਕਿ ਉਹ ਕਸ਼ਮੀਰ ਵਾਦੀ ਵਿਚ ਹਾਲਾਤ ਨੂੰ ਆਮ ਵਾਂਗ ਬਣਾਉਣ ਲਈ ਹਰ ਹੰਭਲਾ ਮਾਰੇ ਤੇ ਇਸ ਕੰਮ ਨੂੰ ਜਿੰਨਾ ਛੇਤੀ ਹੋ ਸਕੇ ਸਿਰੇ ਚਾੜ੍ਹੇ।

ਸਿਖਰਲੀ ਅਦਾਲਤ ਨੇ ਹਾਲਾਂਕਿ ਨਾਲ ਹੀ ਸਪਸ਼ਟ ਕਰ ਦਿੱਤਾ ਕਿ ਆਇਦ ਪਾਬੰਦੀਆਂ 'ਚ ਰਾਹਤ 'ਤਰਜੀਹੀ ਅਧਾਰ' ਉਤੇ ਹੋਵੇ ਤੇ ਇਸ ਮੌਕੇ ਕੌਮੀ ਹਿੱਤਾਂ ਤੇ ਸੁਰੱਖਿਆ ਨੂੰ ਜ਼ਰੂਰ ਧਿਆਨ ਵਿਚ ਰੱਖਿਆ ਜਾਵੇ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਸਰਕਾਰ ਵੱਲੋਂ ਪੇਸ਼ ਅਟਾਰਨੀ ਜਨਰਲ ਕੇ.ਕੇ.ਵੇਣੂਗੋਪਾਲ ਨੂੰ ਜੰਮੂ ਕਸ਼ਮੀਰ ਵਿਚ ਹਾਲਾਤ ਆਮ ਵਾਂਗ ਕਰਨ ਲਈ ਹੁਣ ਤੱਕ ਕੀਤੀ ਗਈ ਪੇਸ਼ਕਦਮੀ ਸਬੰਧੀ ਹਲਫਨਾਮਾ ਦਾਖਲ ਕਰਨ ਲਈ ਕਿਹਾ ਹੈ। ਇਸ ਤੋਂ ਪਹਿਲਾਂ ਕੇਸ ਦੀ ਸੁਣਵਾਈ ਦੌਰਾਨ 'ਕਸ਼ਮੀਰ ਟਾਈਮਜ਼' ਦੀ ਕਾਰਜਕਾਰੀ ਸੰਪਾਦਕ ਅਨੁਰਾਧਾ ਭਸੀਨ ਵੱਲੋਂ ਪੇਸ਼ ਵਕੀਲ ਵਰਿੰਦਾ ਗਰੋਵਰ ਨੇ ਸੁਪਰੀਮ ਕੋਰਟ ਨੂੰ ਕਸ਼ਮੀਰ ਵਾਦੀ ਵਿਚ ਮੋਬਾਈਲ ਤੇ ਇੰਟਰਨੈੱਟ ਸੇਵਾਵਾਂ 'ਬੰਦ' ਰੱਖਣ ਸਬੰਧੀ ਦੱਸਿਆ ਤਾਂ ਬੈਂਚ ਨੇ ਕਿਹਾ ਕਿ ਇਨ੍ਹਾਂ ਮੁੱਦਿਆਂ ਨਾਲ ਜੰਮੂ ਤੇ ਕਸ਼ਮੀਰ ਹਾਈ ਕੋਰਟ ਸਿੱਝ ਸਕਦੀ ਹੈ। ਗਰੋਵਰ ਨੇ ਕਿਹਾ ਕਿ ਕਸ਼ਮੀਰ ਵਾਦੀ ਵਿਚ ਮੋਬਾਈਲ, ਇੰਟਰਨੈੱਟ ਸੇਵਾਵਾਂ ਤੇ ਜਨਤਕ ਆਵਾਜਾਈ ਠੱਪ ਹੋਣ ਕਰਕੇ ਹਾਈ ਕੋਰਟ ਤੱਕ ਰਸਾਈ ਮੁਸ਼ਕਲ ਹੋ ਗਈ ਹੈ। ਭਸੀਨ ਨੇ ਪਟੀਸ਼ਨ ਵਿਚ ਜਿਥੇ ਪੱਤਰਕਾਰਾਂ ਦੇ ਕੰਮ ਕਰਨ 'ਤੇ ਆਇਦ ਪਾਬੰਦੀਆਂ ਦਾ ਮੁੱਦਾ ਉਭਾਰਿਆ, ਉਥੇ ਹੋਰਨਾਂ ਪਟੀਸ਼ਨਰਾਂ ਨੇ ਵਾਦੀ ਵਿਚ ਜਨਤਕ ਟਰਾਂਸਪੋਰਟ ਤੇ ਮੈਡੀਕਲ ਸਹੂਲਤਾਂ ਦੀ ਘਾਟ 'ਤੇ ਚਾਨਣਾ ਪਾਇਆ। ਵੇਣੂਗੋਪਾਲ ਨੇ ਸਰਕਾਰ ਦਾ ਪੱਖ ਰੱਖਦਿਆਂ ਕਿਹਾ ਕਿ ਭਸੀਨ ਵੱਲੋਂ ਚੁੱਕਿਆ ਮੁੱਦਾ 'ਵਾਸਤਵਿਕ' ਨਹੀਂ ਜਾਪਦਾ, ਕਿਉਂਕਿ ਕਸ਼ਮੀਰ ਅਧਾਰਿਤ ਅਖਬਾਰ ਨਿਯਮਿਤ ਪ੍ਰਕਾਸ਼ਿਤ ਹੋ ਰਹੇ ਹਨ ਤੇ ਸਰਕਾਰ ਉਨ੍ਹਾਂ ਨੂੰ ਹਰ ਸੰਭਵ ਮਦਦ ਦੀ ਪੇਸ਼ਕਸ਼ ਕਰ ਰਹੀ ਹੈ।

ਉਧਰ ਜੰਮੂ ਤੇ ਕਸ਼ਮੀਰ ਪ੍ਰਸ਼ਾਸਨ ਵੱਲੋਂ ਪੇਸ਼ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਦੱਸਿਆ ਕਿ 5 ਅਗਸਤ ਮਗਰੋਂ ਸੂਬੇ 'ਚ ਇਕ ਵੀ ਗੋਲੀ ਨਹੀਂ ਚੱਲੀ। ਮਹਿਤਾ ਨੇ ਮੁਕਾਮੀ ਪ੍ਰਸ਼ਾਸਨ ਵੱਲੋਂ ਹੁਣ ਤੱਕ ਪੜਾਅ ਵਾਰ ਹਟਾਈਆਂ ਪਾਬੰਦੀਆਂ ਬਾਰੇ ਜਾਣਕਾਰੀ ਦਿੱਤੀ। ਮਹਿਤਾ ਨੇ ਕਿਹਾ ਕਿ ਸੂਬੇ 'ਚ ਦਵਾਈਆਂ ਦੀ ਕੋਈ ਘਾਟ ਨਹੀਂ ਹੈ ਤੇ ਸੂਬੇ 'ਚ ਤਿੰਨ ਮਹੀਨੇ ਦਾ ਸਟਾਕ ਉਪਲੱਬਧ ਹੈ।

## ਲੋੜ ਪਈ ਤਾਂ ਖੁਦ ਵੀ ਸ੍ਰੀਨਗਰ ਜਾਵਾਂਗਾ: ਗੋਗੋਈ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਹਾਈ ਕੋਰਟ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਣ ਦੇ ਦੋਸ਼ਾਂ ਨੂੰ 'ਬੇਹੱਦ ਗੰਭੀਰਤਾ' ਨਾਲ ਲੈਂਦਿਆਂ ਸੁਪਰੀਮ ਕੋਰਟ ਨੇ ਉਥੋਂ ਦੇ ਚੀਫ ਜਸਟਿਸ ਨੂੰ ਇਸ ਮਾਮਲੇ ਸਬੰਧੀ ਰਿਪੋਰਟ ਦਾਖਲ ਕਰਨ ਲਈ ਕਿਹਾ ਹੈ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਸਿਖਰਲੀ ਅਦਾਲਤ ਇਨ੍ਹਾਂ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਣ ਲਈ ਜ਼ਿੰਮੇਵਾਰ ਹੈ। ਚੀਫ ਜਸਟਿਸ ਨੇ ਕਿਹਾ ਕਿ ਜੇ ਲੋੜ ਪਈ ਤਾਂ ਉਹ ਖੁਦ ਵੀ ਸ੍ਰੀਨਗਰ ਜਾਣਗੇ। ਗੋਗੋਈ ਨੇ ਕਿਹਾ ਕਿ ਅਦਾਲਤ ਜਾਣਨਾ ਚਾਹੁੰਦੀ ਹੈ ਕਿ ਲੋਕਾਂ ਨੂੰ ਹਾਈ ਕੋਰਟ ਪਹੁੰਚ ਕਰਨ ਵਿਚ ਮੁਸ਼ਕਲ ਕਿਉਂ ਆ ਰਹੀ ਹੈ? ਕੀ ਕੋਈ ਉਨ੍ਹਾਂ ਨੂੰ ਰੋਕ ਰਿਹਾ ਹੈ? ਇਹ ਬੇਹੱਦ ਗੰਭੀਰ ਮਸਲਾ ਹੈ।

# ਪਿਤਾ ਦੇ ਕਾਤਲਾਂ ਦੀ ਗ੍ਰਿਫਤਾਰੀ ਲਈ ਸਿੱਖ ਬੀਬੀ ਨੇ ਸਿਰ ਮੁਨਵਾਇਆ

**ਲਖਨਊ:** ਸਾਬਕਾ ਸਰਕਾਰੀ ਮੁਲਾਜ਼ਮ ਜੋਗਿੰਦਰ ਸਿੰਘ ਬੱਤਰਾ (82) ਤਕਰੀਬਨ ਮਹੀਨਾ ਪਹਿਲਾਂ ਝਾਂਸੀ ਦੇ ਸੁੰਦਰ ਵਿਹਾਰ ਵਿਚਲੇ ਆਪਣੇ ਘਰ ਦੇ ਮਗਰਲੇ ਹਿੱਸੇ 'ਚ ਭੇਤਭਰੀ ਹਾਲਤ ਵਿਚ ਮ੍ਰਿਤ ਮਿਲਿਆ ਸੀ। ਜੋਗਿੰਦਰ ਸਿੰਘ ਦੀ ਧੀ ਪੁਨੀਤ ਸਿੰਘ (44) ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਗੁਆਂਢ ਵਿਚ ਰਹਿੰਦੇ ਖੰਡੇਲਵਾਲ ਪਰਿਵਾਰ 'ਤੇ ਪਿਤਾ ਦਾ ਕਤਲ ਕਰਨ ਦਾ ਸ਼ੱਕ ਪ੍ਰਗਟਾਇਆ ਸੀ।

ਝਾਂਸੀ ਪੁਲਿਸ ਨੇ ਜਦੋਂ ਉਹਦੀ ਸ਼ਿਕਾਇਤ 'ਤੇ ਕੋਈ ਗੌਰ ਨਾ ਕੀਤੀ ਤਾਂ ਉਸ ਨੇ ਰੋਸ ਵਜੋਂ ਆਪਣਾ ਸਿਰ ਮੁੰਨਵਾ ਲਿਆ। ਪੁਨੀਤ ਨੇ ਕਿਹਾ ਕਿ ਜਦੋਂ ਤੱਕ ਮੁਲਜ਼ਮਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਉਹ ਆਪਣੇ ਸਿਰ 'ਤੇ ਕੇਸ ਨਹੀਂ ਰੱਖੇਗੀ। ਇਸ ਦੌਰਾਨ ਉੱਤਰ ਪ੍ਰਦੇਸ਼ ਘੱਟ ਗਿਣਤੀ ਕਮਿਸ਼ਨ ਨੇ ਝਾਂਸੀ ਦੇ ਐਸ.ਐਸ.ਪੀ. ਤੋਂ ਰਿਪੋਰਟ ਤਲਬ ਕਰ ਲਈ ਹੈ। ਝਾਂਸੀ ਵਿਚ ਬੋਲਣ ਤੇ ਸੁਣਨ ਤੋਂ ਅਸਮਰੱਥ ਲੋਕਾਂ ਲਈ ਮਲਟੀ ਸਕਿੱਲ ਸੈਂਟਰ ਚਲਾਉਂਦੀ ਪੁਨੀਤ ਨੇ ਐਫ.ਆਈ.ਆਰ. ਵਿਚ ਆਪਣੀ ਗੁਆਂਢੀ ਵੀਰੇਂਦਰ ਖੰਡੇਲਵਾਲ ਤੇ ਉਹਦੇ ਪੁੱਤ ਰਾਜੀਵ ਦਾ ਨਾਂ ਲਿਖਵਾਇਆ ਹੈ।

# ਪਾਕਿਸਤਾਨ 9 ਨਵੰਬਰ ਤੋਂ ਕਰਤਾਰਪੁਰ ਲਾਂਘਾ ਖੋਲ੍ਹੇਗਾ

**ਲਾਹੌਰ:** ਪਾਕਿਸਤਾਨ ਨੇ ਨੌਂ ਨਵੰਬਰ ਤੋਂ ਪਵਿੱਤਰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦਾ ਐਲਾਨ ਕੀਤਾ ਹੈ। ਕਰਤਾਰਪੁਰ ਲਾਂਘੇ ਦਾ ਕੰਮ ਦੇਖ ਰਹੇ ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ।

ਪ੍ਰੋਜੈਕਟ ਡਾਇਰੈਕਟਰ ਅਤੀਫ ਮਾਜਿਦ ਨੇ ਪਾਕਿਸਤਾਨੀ ਅਤੇ ਵਿਦੇਸ਼ੀ ਪੱਤਰਕਾਰਾਂ ਦੇ ਤਜਵੀਜ਼ਤ ਕਰਤਾਰਪੁਰ ਲਾਂਘੇ ਦੇ ਦੌਰੇ ਦੌਰਾਨ ਨਾਰੋਵਾਲ ਵਿਚ ਇਹ ਐਲਾਨ ਕੀਤਾ। ਨਾਰੋਵਾਲ ਲਾਹੌਰ ਤੋਂ 125 ਕਿਲੋਮੀਟਰ ਦੂਰ ਹੈ। ਉਨ੍ਹਾਂ ਕਿਹਾ ਕਿ ਲਾਂਘੇ ਦਾ 86 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਲਾਂਘਾ ਭਾਰਤ ਦੇ ਸਿੱਖ ਸ਼ਰਧਾਲੂਆਂ ਲਈ 9 ਨਵੰਬਰ ਨੂੰ ਖੋਲ੍ਹ ਦਿੱਤਾ ਜਾਵੇਗਾ। ਕਾਬਲੇਗੌਰ ਹੈ ਕਿ ਇਹ ਲਾਂਘਾ ਕਰਤਾਰਪੁਰ ਵਿਚਲੇ ਦਰਬਾਰ ਸਾਹਿਬ ਨੂੰ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਨਾਲ ਜੋੜੇਗਾ। ਇਸ ਲਾਂਘੇ ਰਾਹੀਂ ਸ਼ਰਧਾਲੂ ਬਿਨਾਂ ਵੀਜ਼ੇ ਦੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਸਕਣਗੇ। ਕਰਤਾਰਪੁਰ ਵਿਚ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਇਸ ਜਗ੍ਹਾ ਕਈ ਸਾਲ ਬਿਤਾਏ ਸਨ।

ਪਾਕਿਸਤਾਨ ਵੱਲੋਂ ਭਾਰਤੀ ਸਰਹੱਦ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਅਤੇ ਭਾਰਤ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਤੋਂ ਸਰਹੱਦ ਤੱਕ ਲਾਂਘਾ ਬਣਾਇਆ ਜਾ ਰਿਹਾ ਹੈ। ਦੋਵੇਂ ਮੁਲਕ ਇਸ ਗੱਲ 'ਤੇ ਸਹਿਮਤ ਹੋਏ ਹਨ ਕਿ ਪਾਕਿਸਤਾਨ ਰੋਜ਼ਾਨਾ 5000 ਸਿੱਖ ਸੈਲਾਨੀਆਂ ਨੂੰ ਮੁਲਕ ਵਿਚ ਲਾਂਘੇ ਰਾਹੀਂ ਦਾਖਲ ਹੋਣ ਦੀ ਇਜਾਜ਼ਤ ਦੇਵੇਗਾ। ਮਾਜਿਦ ਨੇ ਕਿਹਾ ਕਿ ਭਾਰਤ ਦੇ 5 ਹਜ਼ਾਰ ਸ਼ਰਧਾਲੂਆਂ ਦੀ ਦੇਖਭਾਲ ਲਈ 76 ਇਮੀਗਰੇਸ਼ਨ ਕਾਊਂਟਰ ਸਥਾਪਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ੁਰੂਆਤ ਵਿਚ ਭਾਰਤ ਤੋਂ 5 ਹਜ਼ਾਰ ਸਿੱਖ ਸ਼ਰਧਾਲੂ ਰੋਜ਼ਾਨਾ ਇਥੇ ਆਉਣਗੇ ਅਤੇ ਮਗਰੋਂ ਗਿਣਤੀ ਨੂੰ 10 ਹਜ਼ਾਰ ਤਕ ਵਧਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਨਵੀਂ ਦਿੱਲੀ ਵੱਲੋਂ ਕਸ਼ਮੀਰ ਵਿਚੋਂ ਧਾਰਾ 370 ਹਟਾਏ ਜਾਣ ਪਿੱਛੋਂ ਇਕ ਪਾਸੇ ਜਿਥੇ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਵਧ ਗਿਆ ਹੈ ਤੇ ਪਾਕਿਸਤਾਨ ਨੇ ਭਾਰਤ ਨਾਲ ਕੂਟਨੀਤਕ ਸਮਝੌਤੇ ਖਤਮ ਕਰਦਿਆਂ ਭਾਰਤੀ ਹਾਈ ਕਮਿਸ਼ਨਰ ਨੂੰ ਮੁਅੱਤਲ ਕਰ ਦਿੱਤਾ ਹੈ, ਉਥੇ ਦੂਜੇ ਪਾਸੇ ਪਾਕਿਸਤਾਨ ਵਾਰ-ਵਾਰ ਕਹਿੰਦਾ ਰਿਹਾ ਹੈ ਕਿ ਭਾਰਤ ਨਾਲ ਮੌਜੂਦਾ ਤਣਾਅ ਦੇ ਬਾਵਜੂਦ ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਦਾ ਕੰਮ ਪ੍ਰਭਾਵਿਤ ਨਹੀਂ ਹੋਵੇਗਾ।

# ਸਿੱਖ ਕਤਲੇਆਮ: ਕਮਲਨਾਥ ਖਿਲਾਫ ਪੁਖਤਾ ਸਬੂਤ ਹੋਣ ਦਾ ਦਾਅਵਾ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਪੀੜਤਾਂ ਦੇ ਇਨਸਾਫ ਦੀ ਲੜਾਈ ਲੜ ਰਹੇ ਕਾਨੂੰਨੀ ਮਾਹਿਰਾਂ ਨੇ ਕਿਹਾ ਕਿ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਖਿਲਾਫ ਕੇਸ ਬਹੁਤ ਮਜ਼ਬੂਤ ਹੈ। ਸਿੱਖ ਵਿਰੋਧੀ ਦੰਗਿਆਂ ਦਾ ਕੇਸ ਲੜ ਰਹੇ ਵਕੀਲ ਐਚ.ਐਸ. ਫੂਲਕਾ ਨੇ ਦੱਸਿਆ ਕਿ ਕਾਂਗਰਸੀ ਆਗੂ ਕਮਲਨਾਥ ਖਿਲਾਫ ਕੇਸ ਸੱਜਣ ਕੁਮਾਰ ਨਾਲੋਂ ਮਜ਼ਬੂਤ ਹੈ।

ਇਸ ਦਾ ਕਾਰਨ ਇਹ ਹੈ ਕਿ ਸੱਜਣ ਕੁਮਾਰ ਤੇ ਹੋਰਨਾਂ ਨੇ ਨਵੰਬਰ 1 ਅਤੇ 2 ਨੂੰ ਦਿੱਲੀ ਵਿਚ ਆਪਣੀ ਮੌਜੂਦਗੀ ਤੋਂ ਇਨਕਾਰ ਕੀਤਾ ਸੀ ਜਦੋਂ ਇਕੋ ਪਰਿਵਾਰ ਦੇ ਪੰਜ ਸਿੱਖਾਂ ਨੂੰ ਮਾਰ ਦਿੱਤਾ ਗਿਆ ਸੀ ਜਦੋਂ ਕਿ ਕਮਲਨਾਥ ਨੇ ਪਹਿਲੀ ਨਵੰਬਰ, 1984 ਵਿਚ ਗੁਰਦੁਆਰਾ ਰਕਾਬਗੰਜ ਵਿਚ ਆਪਣੀ ਮੌਜੂਦਗੀ ਮੰਨੀ ਹੈ। ਉਸ ਦਿਨ ਦੋ ਸਿੱਖਾਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ ਤੇ ਫਿਰਕੂ ਭੀੜ ਨੇ ਗੁਰਦੁਆਰੇ ਨੂੰ ਅੱਗ ਲਾ ਦਿੱਤੀ ਸੀ। ਸ੍ਰੀ ਫੂਲਕਾ ਨੇ ਦੱਸਿਆ ਕਿ ਇਸ ਮਾਮਲੇ ਦੇ ਦੋ ਚਸ਼ਮਦੀਦਾਂ ਨੇ ਕਮਲ ਨਾਥ ਖਿਲਾਫ ਕੇਂਦਰੀ ਵਿਸ਼ੇਸ਼ ਜਾਂਚ ਟੀਮ ਨੂੰ ਲਿਖ ਕੇ ਬਿਆਨ ਲੈਣ ਦੀ ਇੱਛਾ ਜਤਾਈ ਹੈ।

ਚਸ਼ਮਦੀਦਾਂ ਵਿਚ ਸੰਜੇ ਸੂਰੀ ਸ਼ਾਮਲ ਹਨ ਜੋ ਸਿੱਖਾਂ ਦੇ ਕਤਲੇਆਮ ਦੌਰਾਨ 'ਇੰਡੀਅਨ ਐਕਸਪ੍ਰੈਸ' ਵਿਚ ਪੱਤਰਕਾਰ ਸਨ। ਦੋ ਸਿੱਖਾਂ ਨੂੰ ਜ਼ਿੰਦਾ ਸਾੜੇ ਜਾਣ ਦੇ ਮਾਮਲੇ ਵਿਚ ਕਮਲਨਾਥ ਮੁਲਜ਼ਮ ਹਨ। ਉਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਭੀੜ ਨੂੰ ਭੜਕਾਇਆ ਸੀ। ਦੂਜੇ ਪਾਸੇ, ਕਮਲ ਨਾਥ ਦਾ ਕਹਿਣਾ ਹੈ ਕਿ ਉਹ ਉਸ ਦੌਰਾਨ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀਆਂ ਹਦਾਇਤਾਂ 'ਤੇ ਦੰਗਾਕਾਰੀਆਂ ਨੂੰ ਸ਼ਾਂਤ ਕਰਨ ਲਈ ਗੁਰਦੁਆਰੇ ਵਿਚ ਸੀ। ਕਾਬਲੇਗੌਰ ਹੈ ਕਿ ਨਾਨਾਵਤੀ ਕਮਿਸ਼ਨ ਜਿਸ ਨੇ 1984 ਕਤਲੇਆਮ ਦੇ ਤਿੰਨ ਮਾਮਲਿਆਂ ਦੀ ਮੁੜ ਜਾਂਚ ਦੇ ਹੁਕਮ ਦਿੱਤੇ ਹਨ ਨੇ ਗੁਰਦੁਆਰਾ ਰਕਾਬਗੰਜ ਮਾਮਲੇ ਵਿਚ ਕਮਲ ਨਾਥ ਨੂੰ ਸ਼ੱਕ ਦੇ ਅਧਾਰ ਉਤੇ ਬਰੀ ਕਰ ਦਿੱਤਾ ਸੀ।

ਸ੍ਰੀ ਫੂਲਕਾ ਨੇ ਕਿਹਾ ਕਿ ਨਾਨਾਵਤੀ ਕਮਿਸ਼ਨ ਨੇ ਕੇਸ ਮਜ਼ਬੂਤ ਹੋਣ ਦੇ ਬਾਵਜੂਦ ਸ਼ੱਕ ਦੇ ਅਧਾਰ 'ਤੇ ਕਮਲ ਨਾਥ ਨੂੰ ਬਰੀ ਕੀਤਾ ਸੀ। ਪੁਲਿਸ ਰਿਕਾਰਡ ਵਿਚ ਦਰਜ ਹੈ ਕਿ ਘਟਨਾ ਵੇਲੇ ਕਮਲਨਾਥ ਗੁਰਦੁਆਰੇ ਵਿਚ ਮੌਜੂਦ ਸੀ। ਵਕੀਲ ਕਾਮਨਾ ਵੋਹਰਾ ਨੇ ਕਿਹਾ ਕਿ ਕਮਲ ਨਾਥ ਖਿਲਾਫ ਕੇਸ ਮਜ਼ਬੂਤ ਹੈ ਕਿਉਂਕਿ ਗਵਾਹ ਆਪਣੇ ਬਿਆਨ ਦਰਜ ਕਰਾਉਣਾ ਚਾਹੁੰਦੇ ਹਨ, ਜਿਸ ਲਈ ਉਨ੍ਹਾਂ ਹਲਫਨਾਮੇ ਦਿੱਤੇ ਹਨ।

# ਮਾਂ ਬੋਲੀ ਪੰਜਾਬੀ ਨੂੰ ਹੁਣ ਹਿੰਦੀ ਦੀ ਵੰਗਾਰ ਪਈ

*(ਸਫਾ ਇਕ ਦੀ ਬਾਕੀ)*

ਆਰ.ਐਸ.ਐਸ. ਹਮਾਇਤੀਆਂ ਨੇ ਇਥੋਂ ਤੱਕ ਆਖ ਦਿੱਤਾ ਕਿ 'ਦੋ ਸਾਲ ਰੁਕੋ, ਫੇਰ ਦੱਸਾਂਗੇ ਕਿ ਹਿੰਦੀ ਕੀ ਹੈ।'

ਡਾ. ਮਾਨ ਨੇ ਸਿਰਫ ਇੰਨਾ ਹੀ ਕਿਹਾ ਸੀ ਕਿ ਹਰ ਭਾਸ਼ਾ ਦਾ ਆਪਣਾ ਰੰਗ, ਆਪਣਾ ਮੁਹਾਵਰਾ ਹੁੰਦਾ ਹੈ। ਜਿਸ ਪੰਜਾਬੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਮਹਾਨ ਰਚਨਾ ਹੋਈ ਹੋਵੇ, ਵਾਰਸ ਸ਼ਾਹ ਦੀ ਹੀਰ ਵਰਗੀ ਸਭਿਆਚਾਰਕ ਕਿੱਸਾਕਾਰੀ ਹੋਈ ਹੋਵੇ, ਸ਼ਾਹ ਹੁਸੈਨ, ਬੁੱਲ੍ਹੇਸ਼ਾਹ ਵਰਗੀ ਸੂਫੀਆਨਾ ਸ਼ਾਇਰੀ ਹੋਈ ਹੋਵੇ, ਉਹ ਭਾਸ਼ਾ ਕਿਸ ਤਰ੍ਹਾਂ ਗਾਲੀ-ਗਲੋਚ ਦੀ ਭਾਸ਼ਾ ਕਹੀ ਜਾ ਸਕਦੀ ਹੈ। ਹਿੰਦੀ ਭਾਸ਼ਾ ਨੂੰ ਔਖੀ ਨਾ ਬਣਾਓ, ਲੋਕਾਂ ਦੀ ਭਾਸ਼ਾ ਬਣਾਓ, ਇਸ ਭਾਸ਼ਾ ਨੂੰ ਲੋਕ ਬੋਲੀ ਵਿਚ ਤਬਦੀਲ ਕਰੋ ਤਾਂ ਹੀ ਇਸ ਦਾ ਵਿਕਾਸ ਹੋਵੇਗਾ।

ਇੰਨਾ ਕਹਿਣ ਉਤੇ ਆਰ.ਐਸ.ਐਸ. ਹਮਾਇਤੀ ਭੜਕ ਗਏ, ਫਿਰ ਰੌਲਾ ਪੈ ਗਿਆ ਅਤੇ ਡਾ. ਮਾਨ ਤੋਂ ਮਾਇਕ ਖੋਹ ਲਿਆ ਗਿਆ। ਇਸ ਘਟਨਾ ਨੂੰ ਸਰਕਾਰ ਵਲੋਂ ਭਾਵੇਂ ਆਮ ਵਰਤਾਰੇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਪਰ ਇਹ ਉਸ ਸਮੇਂ ਵਾਪਰੀ ਹੈ, ਜਦੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਇਕ ਭਾਸ਼ਾ ਇਕ ਰਾਸ਼ਟਰ' ਦਾ ਹੋਕਾ ਦੇ ਰਹੇ ਹਨ।

# ਸਿੱਖਾਂ ਦੀ ਕਾਲੀ ਸੂਚੀ ਦੀ 'ਕਾਲੀ' ਸੱਚਾਈ !

*(ਸਫਾ ਇਕ ਦੀ ਬਾਕੀ)*

ਹੈ ਪਰ ਇਨ੍ਹਾਂ ਸੂਚੀਆਂ ਵਿਚਲੇ ਨਾਂਵਾਂ ਦਾ ਵੇਰਵਾ ਕਦੀ ਪੂਰੇ ਵਿਸਥਾਰ ਨਾਲ ਸਾਹਮਣੇ ਨਹੀਂ ਆਇਆ, ਨਾ ਹੀ ਇਨ੍ਹਾਂ ਵਿਚ ਸ਼ਾਮਲ ਕੀਤੇ ਗਏ ਨਾਂਵਾਂ ਦੇ ਕਾਰਨਾਂ ਸਬੰਧੀ ਕਦੀ ਸਹੀ ਉਤਰ ਮਿਲ ਸਕਿਆ ਹੈ।

ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸਮੇਂ ਕੇਂਦਰ ਵਿਚ ਸੁਖਦੇਵ ਸਿੰਘ ਢੀਂਡਸਾ ਦੇ ਮੰਤਰੀ ਹੁੰਦਿਆਂ ਵੀ ਇਸ ਬਾਰੇ ਚਰਚਾ ਹੁੰਦੀ ਰਹੀ ਸੀ। ਕਾਲੀ ਸੂਚੀ ਵਿਚ ਵਧੇਰੇ ਉਹ ਨਾਂ ਹੀ ਸ਼ਾਮਲ ਰਹੇ ਹਨ ਜੋ ਸਾਕਾ ਨੀਲਾ ਤਾਰਾ ਤੇ 1984 ਦੇ ਸਿੱਖ ਕਤਲੇਆਮ ਵਿਰੁਧ ਰੋਸ ਪ੍ਰਗਟ ਕਰਦੇ ਰਹੇ ਹਨ। 80-90 ਦੇ ਦਹਾਕੇ ਵਿਚ ਬਹੁਤ ਸਾਰੇ ਲੋਕਾਂ ਨੇ ਵੱਖ-ਵੱਖ ਦੇਸ਼ਾਂ ਵਿਚ ਰਾਜਸੀ ਸ਼ਰਨ ਲਈ ਸੀ। ਇਸ ਲਈ ਇਨ੍ਹਾਂ ਵਲੋਂ ਕਈ ਢੰਗ-ਤਰੀਕੇ ਵੀ ਅਪਣਾਏ ਗਏ ਸਨ ਪਰ ਉਨ੍ਹਾਂ ਵਿਚੋਂ ਬਹੁਤਿਆਂ ਦੇ ਨਾਂ ਕਾਲੀ ਸੂਚੀ ਵਿਚ ਸ਼ਾਮਲ ਹੋਣ ਕਾਰਨ ਉਹ ਭਾਰਤ ਵਿਚ ਨਹੀਂ ਸਨ ਆ ਸਕੇ ਅਤੇ ਨਾ ਹੀ ਇਥੇ ਆਪਣੇ ਸਮਾਜ ਨਾਲ ਜੁੜ ਸਕੇ ਸਨ। ਸਮੇਂ ਦੇ ਬੀਤਣ ਨਾਲ ਹਾਲਾਤ ਬਦਲਦੇ ਗਏ। ਇਨ੍ਹਾਂ ਕਾਲੀਆਂ ਸੂਚੀਆਂ ਦੇ ਨਾਂਵਾਂ ਦੀ ਚਰਚਾ ਹੁੰਦੀ ਰਹੀ। ਇਨ੍ਹਾਂ ਨੂੰ ਘੋਖਿਆ, ਪੜਤਾਲਿਆ ਵੀ ਜਾਂਦਾ ਰਿਹਾ। ਵੱਖ-ਵੱਖ ਸਮਿਆਂ 'ਤੇ ਬਹੁਤ ਸਾਰੀਆਂ ਧਿਰਾਂ ਵਲੋਂ ਕੇਂਦਰ ਸਰਕਾਰ ਨੂੰ ਇਨ੍ਹਾਂ ਸੂਚੀਆਂ ਨੂੰ ਖਤਮ ਕਰਨ ਲਈ ਵੀ ਜ਼ੋਰ ਦਿੱਤਾ ਜਾਂਦਾ ਰਿਹਾ। ਇਹ ਸੂਚੀਆਂ ਖਤਮ ਕਰਨ ਦੇ ਐਲਾਨ ਹੁੰਦੇ ਰਹੇ ਪਰ ਸੂਚੀ ਵਿਚ ਰਾਹਤ ਲੈਣ ਵਾਲੇ ਸਿੱਖਾਂ ਦੇ ਨਾਮ ਅੱਜ ਤੱਕ ਜਨਤਕ ਨਹੀਂ ਕੀਤੇ ਗਏ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਢਾਹਾਂ ਪੁਰਸਕਾਰ ਲਈ ਜਤਿੰਦਰ ਹਾਂਸ, ਗੁਰਦੇਵ ਰੁਪਾਣਾ ਤੇ ਮੁਦੱਸਰ ਬਸ਼ੀਰ ਦੀ ਚੋਣ

**ਚੰਡੀਗੜ੍ਹ:** ਪੰਜਾਬੀ ਦੇ ਸਾਹਿਤਕਾਰਾਂ ਨੂੰ ਦਿੱਤੇ ਜਾਣ ਵਾਲੇ ਢਾਹਾਂ ਪੁਰਸਕਾਰ ਦਾ ਐਲਾਨ ਕਰ ਦਿੱਤਾ ਗਿਆ ਹੈ। ਜਤਿੰਦਰ ਹਾਂਸ ਦੀ ਕਿਤਾਬ 'ਜਿਉਣਾ ਸੱਚ ਬਾਕੀ ਝੂਠ' ਨੂੰ ਪਹਿਲਾ ਪੁਰਸਕਾਰ ਦਿੱਤਾ ਜਾਵੇਗਾ। ਇਸ ਦੀ ਇਨਾਮ ਰਕਮ 25 ਹਜ਼ਾਰ ਡਾਲਰ ਹੋਵੇਗੀ। ਦੂਜਾ ਇਨਾਮ ਨਾਵਲ 'ਕੌਣ' ਦੇ ਲੇਖਕ ਮੁਦੱਸਰ ਬਸ਼ੀਰ, ਜੋ ਕਿ ਲਾਹੌਰ ਦੇ ਰਹਿਣ ਵਾਲੇ ਹਨ, ਨੂੰ ਦਿੱਤਾ ਜਾਵੇਗਾ। ਤੀਜੇ ਪੁਰਸਕਾਰ ਲਈ ਗੁਰਦੇਵ ਸਿੰਘ ਰੁਪਾਣਾ ਦੀ ਕਿਤਾਬ 'ਆਮ ਖਾਸ' ਦੀ ਚੋਣ ਕੀਤੀ ਗਈ ਹੈ।

THE DHAHAN PRIZE For Punjabi Literature
ਢਾਹਾਂ ਸਾਹਿਤ ਇਨਾਮ
ڈھاہاں ساہت انعام

ਦੂਜੇ ਅਤੇ ਤੀਜੇ ਪੁਰਸਕਾਰ ਵਾਲੇ ਲੇਖਕਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਇਨਾਮ ਦਿੱਤਾ ਜਾਣਾ ਹੈ। ਇਹ ਪੁਰਸਕਾਰ ਹਰ ਸਾਲ ਪੰਜਾਬੀ ਲੇਖਕਾਂ ਨੂੰ ਦਿੱਤਾ ਜਾਂਦਾ ਹੈ। ਜਤਿੰਦਰ ਸਿੰਘ ਹਾਂਸ ਨੇ ਐਮਏ ਅਤੇ ਬੀਐਡ ਕਰ ਕੇ ਅਧਿਆਪਨ ਦੇ ਕਿੱਤੇ ਨੂੰ ਅਪਣਾਇਆ। ਹਾਂਸ ਨਵੀਂ ਪੀੜ੍ਹੀ ਦੇ ਲੇਖਕਾਂ ਵਿਚੋਂ ਪਹਿਲੀ ਕਤਾਰ ਦਾ ਨਿਪੁੰਨ ਕਹਾਣੀਕਾਰ ਹੈ। ਉਸ ਨੇ ਹੁਣ ਤੱਕ ਦੋ ਕਹਾਣੀ ਸੰਗ੍ਰਹਿ ਤੇ ਇਕ ਨਾਵਲ ਛਪਵਾਏ ਹਨ। ਉਸ ਨੂੰ ਬਹੁਤ ਸਾਰੇ ਇਨਾਮਾਂ ਨਾਲ ਸਨਮਾਨਿਆ ਗਿਆ ਹੈ। ਜਿਨ੍ਹਾਂ ਵਿਚੋਂ ਪ੍ਰਿੰਸੀਪਲ ਸੁਜਾਨ ਸਿੰਘ ਪੁਰਸਕਾਰ, ਸੰਤ ਸਿੰਘ ਸੇਖੋਂ ਪੁਰਸਕਾਰ ਅਤੇ ਸਵਰਨ ਕੌਰ ਯਾਦਗਾਰੀ ਪੁਰਸਕਾਰ ਜ਼ਿਕਰਯੋਗ ਹਨ। ਜਿਊਣਾ ਸੱਚ ਬਾਕੀ ਝੂਠ ਕਹਾਣੀ ਸੰਗ੍ਰਹਿ ਰਾਹੀਂ ਹਾਂਸ ਆਪਣੀ ਵਿਲੱਖਣ ਅਤੇ ਉੱਚੇ ਮਿਆਰਾਂ ਵਾਲੀ ਬਿਰਤਾਂਤਕਾਰੀ ਦਾ ਉੱਤਮ ਨਮੂਨਾ ਪੇਸ਼ ਕਰਦਾ ਹੈ।

ਗੁਰਦੇਵ ਸਿੰਘ ਰੁਪਾਣਾ ਪੰਜਾਬੀ ਕਥਾ ਜਗਤ ਦਾ ਚਰਚਿਤ ਕਹਾਣੀਕਾਰ, ਨਿਬੰਧਕਾਰ ਅਤੇ ਅਨੁਵਾਦਕ ਹੈ। ਸ੍ਰੀ ਰੁਪਾਣਾ ਨੇ ਪੰਜ ਕਹਾਣੀ ਸੰਗ੍ਰਹਿ ਤੇ ਚਾਰ ਨਾਵਲ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਉਨ੍ਹਾਂ ਦਾ ਨਾਵਲ ਗੌਰੀ ਇਸ ਵੇਲੇ 25ਵੇਂ ਅਡੀਸ਼ਨ ਵਿਚ ਹੈ।

ਮੁਦੱਸਰ ਬਸ਼ੀਰ ਤਜਰਬੇਕਾਰ ਪੱਤਰਕਾਰ ਇਤਿਹਾਸਕਾਰ ਸ਼ਾਇਰ ਤੇ ਕਹਾਣੀਕਾਰ ਹੈ। ਉਸ ਦੇ ਹੁਣ ਤੱਕ 11 ਕਿਤਾਬਾਂ ਸਣੇ ਪੰਜਾਬੀ ਤੇ ਉਰਦੂ 'ਚ ਗਲਪ ਅਤੇ ਇਤਿਹਾਸ ਬਾਰੇ ਕਈ ਲੇਖ ਪ੍ਰਕਾਸ਼ਿਤ ਹੋਏ ਹਨ। ਬਸ਼ੀਰ ਦੀਆਂ ਕਈ ਲਿਖਤਾਂ ਅੰਗਰੇਜ਼ੀ ਅਤੇ ਉਰਦੂ 'ਚ ਅਨੁਵਾਦ ਹੋ ਚੁੱਕੀਆਂ ਹਨ। 'ਕੌਣ' ਨਾਵਲ ਫਿਲਮ ਵਿਚ ਆਪਣੇ ਲਈ ਉੱਚਿਤ ਰੋਲ ਪਾਲਣ ਦੀ ਤਾਂਗ 'ਤੇ ਹੋਏ ਸਵਾਏ ਕੇਂਦਰਿਤ ਮੁੱਖ ਪਾਤਰ ਰਾਹੀਂ ਇਤਿਹਾਸ ਪਛਾਣ ਅਤੇ ਵਿਸ਼ੇ ਵਸਤੂ ਦੀ ਸੁਚੇਤ ਖੋਜ ਪੜਤਾਲ ਹੈ।

# ਪਾਕਿਸਤਾਨੋਂ ਭੱਜ ਕੇ ਆਏ ਬਲਦੇਵ ਕੁਮਾਰ ਨੂੰ ਆਈ. ਐਸ. ਆਈ. ਵੱਲੋਂ ਧਮਕੀਆਂ

**ਖੰਨਾ:** ਪਾਕਿਸਤਾਨ ਛੱਡ ਕੇ ਪਰਿਵਾਰ ਸਮੇਤ ਖੰਨਾ ਆਏ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੇ ਸਾਬਕਾ ਵਿਧਾਇਕ ਬਲਦੇਵ ਕੁਮਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਲੱਗੀਆਂ ਹਨ। ਉਸ ਨੂੰ ਜਿਥੇ ਪਾਕਿਸਤਾਨ ਦੇ ਗਾਇਕ ਜੱਸੀ ਲਾਇਲਪੁਰੀਆ ਨੇ ਵੱਟਸਐਪ ਕਾਲ ਰਾਹੀਂ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਹੈ, ਉਥੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਗੋਪਾਲ ਚਾਵਲਾ ਨੇ ਵੀਡੀਓ ਜਾਰੀ ਕਰਕੇ ਧਮਕੀ ਦਿੱਤੀ ਹੈ। ਇਸ ਵੀਡੀਓ ਵਿਚ ਚਾਵਲਾ ਨੇ ਇਹ ਵੀ ਮੰਨਿਆ ਹੈ ਕਿ ਉਹ ਖਾਲਿਸਤਾਨੀ ਸਮਰਥਕ ਹੈ।



ਧਮਕੀਆਂ ਦਾ ਜਵਾਬ ਦਿੰਦਿਆਂ ਬਲਦੇਵ ਕੁਮਾਰ ਨੇ ਕਿਹਾ ਕਿ ਉਹ ਹੁਣ ਕਿਸੇ ਵੀ ਧਮਕੀ ਤੋਂ ਡਰਨ ਵਾਲੇ ਨਹੀਂ ਹਨ। ਉਨ੍ਹਾਂ ਪਾਕਿਸਤਾਨ ਦੇ ਗੁਰਦੁਆਰਿਆਂ ਵਿਚ ਗ੍ਰੰਥੀ ਵੀ ਆਈ. ਐਸ. ਆਈ. ਦੇ ਇਸ਼ਾਰਿਆਂ 'ਤੇ ਭਰਤੀ ਕੀਤੇ ਜਾਣ ਦੀ ਗੱਲ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਪਾਕਿਸਤਾਨ ਵੱਲੋਂ ਹਿੰਦੂਆਂ ਤੇ ਸਿੱਖਾਂ 'ਤੇ ਜ਼ੁਲਮਾਂ ਦੀ ਸੱਚਾਈ ਦੁਨੀਆਂ ਸਾਹਮਣੇ ਪੇਸ਼ ਕੀਤੀ ਹੈ। ਲਾਇਲਪੁਰੀਆ ਤੇ ਚਾਵਲਾ ਜਿਹੇ ਲੋਕਾਂ ਕਰਕੇ ਹੀ ਪਾਕਿਸਤਾਨ ਵਿਚ ਜ਼ੁਲਮ ਵਧ ਰਹੇ ਹਨ ਪਰ ਉਹ ਹੁਣ ਚੁੱਪ ਨਹੀਂ ਬੈਠਣਗੇ। ਜੇ ਲੱਖਾਂ ਲੋਕਾਂ 'ਤੇ ਹੋ ਰਹੇ ਜ਼ੁਲਮਾਂ ਖਾਤਰ ਉਨ੍ਹਾਂ ਨੂੰ ਕੁਰਬਾਨੀ ਦੇਣੀ ਪੈ ਗਈ ਤਾਂ ਉਹ ਤਿਆਰ ਹਨ। ਪਾਕਿਸਤਾਨ ਵਿਚ ਰਹਿੰਦੇ ਰਿਸ਼ਤੇਦਾਰਾਂ ਵਲੋਂ ਉਨ੍ਹਾਂ ਦੇ ਫੈਸਲੇ ਨੂੰ ਗਲਤ ਕਰਾਰ ਦੇਣ ਸਬੰਧੀ ਬਲਦੇਵ ਕੁਮਾਰ ਨੇ ਕਿਹਾ ਕਿ ਉਹ ਉਧਰ ਦੇ ਹਾਲਾਤ ਤੋਂ ਚੰਗੀ ਤਰ੍ਹਾਂ ਜਾਣੂ ਹਨ। ਆਪਣੀ ਜਾਨ ਬਚਾਉਣ ਲਈ ਪਾਕਿਸਤਾਨ ਵਿਚ ਹਰ ਕਿਸੇ ਨੂੰ ਉਹੀ ਬੋਲੀ ਬੋਲਣੀ ਪੈਂਦੀ ਹੈ, ਜੋ ਉੱਥੋਂ ਦੀ ਸੈਨਾ ਜਾਂ ਫਿਰਕੂਵਾਦ ਪੈਦਾ ਕਰਨ ਵਾਲੇ ਆਗੂ ਚਾਹੁੰਦੇ ਹਨ।

ਬਲਦੇਵ ਕੁਮਾਰ ਨੂੰ ਧਮਕੀਆਂ ਮਿਲਣ ਪਿਛੋਂ ਪੁਲਿਸ ਅਫਸਰਾਂ ਨੇ ਉਸ ਨਾਲ ਗੱਲਬਾਤ ਕੀਤੀ ਹੈ ਤੇ ਉਸ ਨੂੰ ਸੁਰੱਖਿਆ ਦੇਣ ਦੀ ਪੇਸ਼ਕਸ਼ ਕੀਤੀ ਹੈ। ਉਸ ਨੇ ਸੁਰੱਖਿਆ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਭਾਰਤ ਅੰਦਰ ਉਨ੍ਹਾਂ ਨੂੰ ਕੋਈ ਖਤਰਾ ਨਹੀਂ ਹੈ ਅਤੇ ਜੇਕਰ ਲੋੜ ਮਹਿਸੂਸ ਹੋਈ ਤਾਂ ਉਹ ਖੁਦ ਪੁਲਿਸ ਕੋਲ ਅਰਜ਼ੀ ਦੇ ਦੇਣਗੇ।

ਉਧਰ, ਪੰਜਾਬ ਦੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਬਲਦੇਵ ਕੁਮਾਰ ਦੇ ਭਾਰਤ ਆਉਣ ਨੂੰ ਸ਼ੱਕੀ ਦੱਸਿਆ। ਉਨ੍ਹਾਂ ਕਿਹਾ ਕਿ ਏਨੀ ਛੇਤੀ ਬਿਨਾਂ ਕਿਸੇ ਪੜਤਾਲ ਤੋਂ ਕਿਸੇ ਉਪਰ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਹੈ ਕਿਉਂਕਿ ਬਲਦੇਵ ਦੀ ਸਾਰੀ ਬਿਆਨਬਾਜ਼ੀ ਮਾਹੌਲ ਖਰਾਬ ਕਰਨ ਵਾਲੀ ਹੈ। ਉਨ੍ਹਾਂ ਸ਼ੰਕਾ ਪ੍ਰਗਟਾਈ ਕਿ ਹੋ ਸਕਦਾ ਹੈ ਕਿ ਪਾਕਿਸਤਾਨ ਨੇ ਉਸ ਨੂੰ ਤਬਾਹੀ ਲਈ ਭੇਜਿਆ ਹੋਵੇ। ਖੁਫੀਆ ਏਜੰਸੀਆਂ ਵਲੋਂ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਕਰਕੇ ਸਚਾਈ ਸਾਹਮਣੇ ਲਿਆਉਣੀ ਚਾਹੀਦੀ ਹੈ ਅਤੇ ਉਦੋਂ ਤੱਕ ਬਲਦੇਵ ਕੁਮਾਰ ਨੂੰ ਬਿਆਨਬਾਜ਼ੀ ਕਰਨ ਤੋਂ ਰੋਕਣਾ ਚਾਹੀਦਾ ਹੈ।

# ਬਰਤਾਨੀਆ ਨੇ ਖੋਲ੍ਹੇ ਪਰਵਾਸੀਆਂ ਲਈ ਦਰ

**ਲੰਡਨ:** ਬਰਤਾਨੀਆ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ ਵੱਡੀ ਰਾਹਤ ਦਿੱਤੀ ਹੈ। ਹੁਣ ਇਹ ਪਾੜ੍ਹੇ ਪੜ੍ਹਾਈ ਖਤਮ ਕਰਨ ਮਗਰੋਂ ਦੋ ਸਾਲਾਂ ਦਾ ਵਰਕ ਵੀਜ਼ਾ ਹਾਸਲ ਕਰਨ ਸਕਣਗੇ। ਇਸ ਨਾਲ ਭਾਰਤੀ ਵਿਦਿਆਰਥੀਆਂ ਨੂੰ ਸਭ ਤੋਂ ਵੱਧ ਫਾਇਦਾ ਹੋਏਗਾ। ਬ੍ਰਿਟੇਨ ਨੇ 2012 ਵਿਚ ਪੜ੍ਹਾਈ ਮਗਰੋਂ ਮਿਲਣ ਵਾਲਾ ਦੋ ਸਾਲ ਦਾ ਵਰਕ ਵੀਜ਼ਾ ਬੰਦ ਕਰ ਦਿੱਤਾ ਸੀ। ਇਸ ਕਰਕੇ ਵਿਦਿਆਰਥੀਆਂ ਦੀ ਗਿਣਤੀ ਵਿਚ ਕਮੀ ਆਈ ਸੀ।

ਦਰਅਸਲ, ਬ੍ਰਿਟੇਨ ਦੀਆਂ ਯੂਨੀਵਰਸਿਟੀਆਂ ਵਿਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਲਈ ਲੰਮੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ। ਇਸ ਦੇ ਹੱਲ ਲਈ ਬ੍ਰਿਟੇਨ ਸਰਕਾਰ ਨੇ ਸਾਰੇ ਕੌਮਾਂਤਰੀ ਵਿਦਿਆਰਥੀਆਂ ਲਈ ਪੜ੍ਹਾਈ ਤੋਂ ਬਾਅਦ ਦੋ ਸਾਲਾਂ ਦਾ ਵਰਕ ਵੀਜ਼ਾ (ਕੰਮ ਕਰਨ ਦੀ ਖੁੱਲਖ਼) ਜਾਰੀ ਕਰਨ ਦਾ ਐਲਾਨ ਕੀਤਾ ਹੈ। ਨਵੀਂ ਗਰੈਜੂਏਟ ਯੋਜਨਾ ਅਗਲੇ ਸਾਲ ਸ਼ੁਰੂ ਹੋਵੇਗੀ ਤੇ ਇਹ ਸਾਰੇ ਵਿਦੇਸ਼ੀ ਵਿਦਿਆਰਥੀਆਂ ਲਈ ਹੋਵੇਗੀ ਜਿਨ੍ਹਾਂ ਕੋਲ ਵਿਦਿਆਰਥੀ ਵਜੋਂ ਬ੍ਰਿਟੇਨ ਦਾ ਜਾਇਜ਼ ਆਵਾਸ ਪਰਮਿਟ ਹੈ ਤੇ ਜਿਨ੍ਹਾਂ ਸਰਕਾਰ ਤੋਂ ਮਨਜ਼ੂਰੀ ਪ੍ਰਾਪਤ ਬਰਤਾਨੀਆ ਦੀ ਕਿਸੇ ਉੱਚ ਸਿੱਖਿਆ ਸੰਸਥਾ ਤੋਂ ਗਰੈਜੂਏਟ ਪੱਧਰ ਜਾਂ ਇਸ ਤੋਂ ਉਚੇ ਪੱਧਰ ਦੀ ਪੜ੍ਹਾਈ ਮੁਕੰਮਲ ਕੀਤੀ ਹੈ।

ਵੀਜ਼ਾ ਤਹਿਤ ਯੋਗ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਦੋ ਸਾਲਾਂ ਲਈ ਕੰਮ ਕਰਨ ਜਾਂ ਆਪਣੇ ਪਸੰਦ ਦੇ ਕਿਸੇ ਕਰੀਅਰ ਦੀ ਭਾਲ ਕਰਨ ਦੀ ਮਨਜ਼ੂਰੀ ਹੋਵੇਗੀ। ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਇਸ ਬਾਰੇ ਨੀਤੀ ਦੀ ਫੇਰ ਤੋਂ ਪ੍ਰਭਾਵੀ ਸ਼ੁਰੂਆਤ ਕਰਨ ਪਿਛੋਂ ਕਿਹਾ ਕਿ ਬਦਲਾਅ ਨਾਲ ਵਿਦਿਆਰਥੀਆਂ ਨੂੰ ਬਰਤਾਨੀਆ ਵਿਚ ਕਰੀਅਰ ਸ਼ੁਰੂ ਕਰਨ ਲਈ 'ਆਪਣੀ ਸਮਰੱਥਾ ਨੂੰ ਖੰਗਾਲਣ' ਦਾ ਮੌਕਾ ਮਿਲੇਗਾ।

ਜੌਹਨਸਨ ਦੀ ਕੈਬਨਿਟ ਵਿਚ ਸੀਨੀਅਰ ਮੈਂਬਰ ਭਾਰਤੀ ਮੂਲ ਦੀ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਕਿਹਾ ਕਿ 'ਨਵੀਂ ਗਰੈਜੂਏਟ ਯੋਜਨਾ ਦਾ ਮਤਲਬ ਹੈ ਕਿ ਸਮਰੱਥ ਕੌਮਾਂਤਰੀ ਵਿਦਿਆਰਥੀ ਬਰਤਾਨੀਆ ਵਿਚ ਪੜ੍ਹ ਸਕਣਗੇ ਤੇ ਸਫਲ ਕਰੀਅਰ ਬਣਾਉਣ ਦੌਰਾਨ ਉਨਖ਼ਾਂ ਨੂੰ ਠੋਸ ਤਜਰਬਾ ਹਾਸਲ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਬਰਤਾਨੀਆ ਦੀ ਆਲਮੀ ਪਹੁੰਚ ਨੂੰ ਦਰਸਾਉਂਦਾ ਹੈ ਤੇ ਯਕੀਨੀ ਬਣਾਉਂਦਾ ਹੈ ਕਿ ਉਹ ਬਿਹਤਰੀਨ ਤੇ ਗੁਣੀ ਵਿਦਿਆਰਥੀਆਂ ਨੂੰ ਇੱਥੇ ਲਿਆ ਸਕਣ। ਜ਼ਿਕਰਯੋਗ ਹੈ ਕਿ ਬਰਤਾਨੀਆ ਨੇ 2012 'ਚ ਪੜ੍ਹਾਈ ਪਿਛੋਂ ਮਿਲਣ ਵਾਲਾ ਦੋ ਸਾਲ ਦਾ ਵਰਕ ਵੀਜ਼ਾ ਬੰਦ ਕਰ ਦਿੱਤਾ ਸੀ ਤੇ ਵਿਦਿਆਰਥੀਆਂ ਦੀ ਗਿਣਤੀ ਘਟੀ ਸੀ।

# Sikhs For Justice (SFJ) declared unlawful by the Govt. of India

**OFFICE OF THE REGISTRAR,**
**UNLAWFUL ACTIVITIES (PREVENTION) TRIBUNAL,**
**ROOM NO. 104, FIRST FLOOR, BLOCK 'A',**
**DELHI HIGH COURT, NEW DELHI – 110503**

**RE: Notification No. S.O. 2469(E) dated 10th July, 2019, issued by the Central Government, under sub-Section (1) and (3) of Section 3 of the Unlawful Activities (Prevention) Act, 1967, declaring the Sikhs For Justice (SFJ) as an Unlawful Association.**

To,

**Sikhs For Justice,**
having its registered office at
Empire State Building,
350th Avenue, 59th Floor,
New York 10118, USA

WHEREAS the Central Government in exercise of the powers conferred by sub-sections (1) and (3) of Section 3 of the Unlawful Activities (Prevention) Act, 1967 (37 of 1967) (hereinafter referred to as "the Act") has declared Sikhs For Justice (for short 'SFJ') to be an "Unlawful Association" vide Notification No. S.O. 2469(E) dated 10th July, 2019 [published in the Gazette of India: Extraordinary Part II, Section 3 (ii)].

AND WHEREAS by Gazette Notification No. S.O. 2856(E) dated 7th August, 2019 [published in the Gazette of India: Extraordinary Part II, Section 3 (ii)], in exercise of powers under sub-section (1) of Section 5 of the Act, the Central Government has constituted a Tribunal comprising Hon'ble Mr. Justice D. N. Patel, Chief Justice, High Court of Delhi, for adjudicating as to whether there is sufficient cause for declaring Sikhs For Justice ('SFJ') as an "Unlawful Association" as required by sub-section (1) of Section 4 of the said Act.

NOW THEREFORE, a notice is hereby given under sub-section (2) of Section 4 of the Act and you are hereby called upon to show cause, within 30 days from the date of service of notice, as to why your Association, declared as unlawful, be not adjudicated to be so and why an order confirming such declaration be not made under Section 4(3) of the Act.

Page 1 of 2

The objections/reply affidavits, if any, may be filed/delivered, before the next date of hearing of the Tribunal, to the undersigned at his office in Room No. 104, First Floor, 'A' Block, Delhi High Court, Sher Shah Road, New Delhi-110503. In case the objections/reply and the documents are in regional language, true English Translation thereof be also attached.

You may appear through a duly authorized person before the Tribunal on 20.09.2019 at 9:30 a.m. in Court Room No. 01, "A" Block, Second Floor, Delhi High Court, Sher Shah Road, New Delhi-110503 for further proceedings.

Given under my hand and the seal of the Unlawful Activities (Prevention) Tribunal, High Court of Delhi, New Delhi this the 13th August, 2019.

The Unlawful Activities (Prevention) Tribunal

(Lorren Bamniyal)
Registrar
Unlawful Activities (Prevention) Tribunal

**REGISTRAR**
**Unlawful Activities (Prevention) Tribunal**
**Delhi High Court Building**
**Sher Shah Road, New Delhi**

Page 2 of 2

Paid Advt.

# ਭੋਤਨਾ ਖੁਦਕੁਸ਼ੀ ਕਾਂਡ ਨੇ ਵਿਖਾਈ ਕਿਸਾਨਾਂ ਦੀ ਤ੍ਰਾਸਦੀ ਬਾਰੇ ਅਸਲ ਤਸਵੀਰ

**ਚੰਡੀਗੜ੍ਹ:** ਕੈਪਟਨ ਸਰਕਾਰ ਭਾਵੇਂ ਕਰਜ਼ ਮੁਆਫੀ ਰਾਹੀਂ ਕਿਸਾਨਾਂ ਦੇ ਸਾਰੇ ਦੁੱਖ ਦੂਰ ਕਰਨ ਦੇ ਦਾਅਵੇ ਕਰ ਰਹੀ ਹੈ ਪਰ ਬਰਨਾਲਾ ਦੇ ਪਿੰਡ ਭੋਤਨਾ ਦੇ ਨੌਜਵਾਨ ਕਿਸਾਨ ਲਵਪ੍ਰੀਤ ਸਿੰਘ ਵੱਲੋਂ ਖੁਦਕੁਸ਼ੀ ਦੀ ਘਟਨਾ ਨੇ ਪੰਜਾਬ ਵਿਚ ਕਿਸਾਨੀ ਦੇ ਮਾੜੇ ਹਾਲਤ ਬਾਰੇ ਤਸਵੀਰ ਕਾਫੀ ਹੱਦ ਤੱਕ ਸਾਫ ਕਰ ਦਿੱਤੀ ਹੈ।

ਇਸ ਪਰਿਵਾਰ ਦੇ 5 ਜੀਅ ਪੀੜ੍ਹੀ ਦਰ ਪੀੜ੍ਹੀ ਖੁਦਕੁਸ਼ੀ ਕਰ ਚੁੱਕੇ ਹਨ। ਕੈਪਟਨ ਸਰਕਾਰ ਨੇ 5 ਜਨਵਰੀ 2018 ਨੂੰ ਕਰਜ਼ਾ ਮੁਆਫੀ ਦੀ ਸ਼ੁਰੂਆਤ ਕੀਤੀ ਤਾਂ ਠੀਕ ਉਸੇ ਦਿਨ ਲਵਪ੍ਰੀਤ ਸਿੰਘ ਦੇ ਪਿਤਾ ਕੁਲਵੰਤ ਸਿੰਘ ਨੇ ਕਰਜ਼ੇ ਕਾਰਨ ਖੁਦਕੁਸ਼ੀ ਕਰ ਲਈ। ਕੁਲਵੰਤ ਸਿੰਘ ਨੇ ਖੇਤੀ ਦੇ ਨਾਲ ਡਰਾਈਵਰੀ ਵੀ ਕੀਤੀ, ਪਰ ਫਿਰ ਵੀ ਪੱਲੇ ਕੁਝ ਨਾ ਪਿਆ। ਹੌਲੀ ਹੌਲੀ ਜ਼ਮੀਨ ਵੀ ਵਿਕਦੀ ਗਈ, ਪਰ ਕਰਜ਼ੇ ਦੀ ਪੰਡ ਹੌਲੀ ਨਾ ਹੋਈ। ਕੁਲਵੰਤ ਸਿੰਘ ਨੇ ਆਪਣੀ ਸੱਤ ਕਨਾਲਾਂ ਜ਼ਮੀਨ ਦੇ ਨਾਲ 14 ਏਕੜ ਜ਼ਮੀਨ ਠੇਕੇ ‘ਤੇ ਲੈ ਕੇ ਖੇਤੀ ਸ਼ੁਰੂ ਕੀਤੀ, ਪਰ ਗੜ੍ਹੇਮਾਰੀ ਨੇ ਉਹਦੀਆਂ ਉਮੀਦਾਂ ਉਤੇ ਪਾਣੀ ਫੇਰ ਦਿੱਤਾ। ਚੁਫੇਰੇ ਹਨੇਰਾ ਦਿੱਸਿਆ ਤਾਂ ਉਸ ਨੇ ਵੀ ਖੁਦਕੁਸ਼ੀ ਕਰ ਲਈ।

ਲਵਪ੍ਰੀਤ ਸਿੰਘ ਦੇ ਪੜਦਾਦਾ ਜੋਗਿੰਦਰ ਸਿੰਘ ਕੋਲ ਕਿਸੇ ਸਮੇਂ 13 ਏਕੜ ਜ਼ਮੀਨ ਸੀ, ਜੋ ਲਵਪ੍ਰੀਤ ਤੱਕ ਪੁੱਜਦੀ ਹੋਈ ਸਿਰਫ 6 ਕਨਾਲ ਰਹਿ ਗਈ ਸੀ। ਪਰਿਵਾਰ ਵੱਲੋਂ ਆੜ੍ਹਤੀਆਂ ਤੋਂ ਲਏ ਕਰਜ਼ੇ ਕਾਰਨ ਪਹਿਲਾਂ ਜੋਗਿੰਦਰ ਸਿੰਘ ਤੇ ਫਿਰ ਉਸ ਦੇ ਵੱਡੇ ਲੜਕੇ ਭਗਵਾਨ ਸਿੰਘ ਨੇ ਖੁਦਕੁਸ਼ੀ ਕਰ ਲਈ। ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਭਗਵਾਨ ਸਿੰਘ ਦੇ ਭਰਾ ਨਾਹਰ ਸਿੰਘ (ਲਵਪ੍ਰੀਤ ਦੇ ਦਾਦਾ) ਸਿਰ ਪੈ ਗਈ। ਨਾਹਰ ਸਿੰਘ ਕਰਜ਼ੇ ਦੀ ਪਰੇਸ਼ਾਨੀ ਕਾਰਨ ਖੁਦਕੁਸ਼ੀ ਕਰ ਗਿਆ। ਉਸ ਤੋਂ ਪਿੱਛੋਂ ਇਹ ਕਰਜ਼ਾ ਨਾਹਰ ਸਿੰਘ ਦੇ ਲੜਕੇ ਕੁਲਵੰਤ ਸਿੰਘ (ਲਵਪ੍ਰੀਤ ਸਿੰਘ ਦੇ ਪਿਤਾ) ਦੀ ਝੋਲੀ ਪੈ ਗਿਆ। ਕੁਲਵੰਤ ਸਿੰਘ ਨੇ ਖੇਤੀ ਦੇ



ਨਾਲ-ਨਾਲ ਡਰਾਇਵਰੀ ਵੀ ਕੀਤੀ ਪਰ ਕਰਜ਼ੇ ਕਾਰਨ ਹੌਲੀ-ਹੌਲੀ ਇਨ੍ਹਾਂ ਦੀ ਜ਼ਮੀਨ ਵਿਕਦੀ ਗਈ। ਸਾਲ 2016 ਵਿਚ ਹੋਈ ਗੜ੍ਹੇਮਾਰੀ ਨੇ ਕੁਲਵੰਤ ਸਿੰਘ ਦੀਆਂ ਉਮੀਦਾਂ ‘ਤੇ ਪਾਣੀ ਫੇਰ ਦਿੱਤਾ। ਇਸ ਸਦਮੇ ਵਿਚ ਪਿਛਲੇ ਸਾਲ ਜਨਵਰੀ ਮਹੀਨੇ ‘ਚ ਕੁਲਵੰਤ ਸਿੰਘ ਨੇ ਖੁਦਕੁਸ਼ੀ ਕਰ ਲਈ। ਕੁਲਵੰਤ ਸਿੰਘ ਦੇ ਪਰਿਵਾਰ ਸਿਰ ਪਹਿਲਾਂ ਲਗਭਗ 12 ਲੱਖ ਰੁਪਏ ਦਾ ਕਰਜ਼ਾ ਸੀ।

ਸਰਕਾਰ ਦੀ ਕਰਜ਼ਾ ਮੁਆਫੀ ਯੋਜਨਾ ਤਹਿਤ ਸਹਿਕਾਰੀ ਸਭਾ ਦਾ 57,000 ਰੁਪਏ ਦੇ ਕਰੀਬ ਕਰਜ਼ਾ ਮੁਆਫ ਹੋ ਗਿਆ। ਲਵਪ੍ਰੀਤ ਦੀ ਮਾਂ ਹਰਪਾਲ ਕੌਰ ਨੇ ਦੱਸਿਆ ਕਿ ਇਸ ਸਮੇਂ ਡੇਢ ਲੱਖ ਦਾ ਕਰਜ਼ਾ ਬੈਂਕਾਂ ਦਾ ਹੈ ਅਤੇ ਬਾਕੀ 7 ਕੁ ਲੱਖ ਰੁਪਏ ਦਾ ਕਰਜ਼ਾ ਆੜ੍ਹਤੀਏ ਅਤੇ ਹੋਰ ਪਿੰਡ ਵਾਸੀਆਂ ਦਾ ਹੈ। ਇਸ ਕਰਜ਼ੇ ਦਾ 82,000 ਛਿਮਾਹੀ ਵਿਆਜ ਦੇਣਾ ਪੈਂਦਾ ਸੀ। ਪਿਤਾ ਦੀ ਖੁਦਕੁਸ਼ੀ ਤੋਂ ਬਾਅਦ ਜ਼ਿੰਮੇਵਾਰੀ ਲਵਪ੍ਰੀਤ ‘ਤੇ ਪੈ ਗਈ। ਉਸ ਦੀ ਪੜ੍ਹਾਈ ਵੀ ਛੁੱਟ ਗਈ। ਕਰਜ਼ੇ ਕਾਰਨ ਅਤੇ ਘਰ ਵਿਚ ਵੱਡੀ ਅਣਵਿਆਹੀ ਭੈਣ ਦੇ ਵਿਆਹ ਨੂੰ ਲੈ ਕੇ ਲਵਪ੍ਰੀਤ ਸਿੰਘ ਮਾਨਸਿਕ ਤੌਰ ਉਤੇ ਕਾਫੀ ਪਰੇਸ਼ਾਨ ਰਹਿੰਦਾ ਸੀ ਅਤੇ ਇਸੇ ਪਰੇਸ਼ਾਨੀ ਕਾਰਨ ਉਸ ਨੇ ਵੀ ਖੁਦਕੁਸ਼ੀ ਕਰ ਲਈ। ਇਸ ਪਰਿਵਾਰ ਦੇ 5 ਜੀਅ ਪੀੜ੍ਹੀ ਦਰ ਪੀੜ੍ਹੀ ਖੁਦਕੁਸ਼ੀ ਕਰ ਚੁੱਕੇ ਹਨ।

10 ਸਾਲਾਂ ਦੇ ਅਕਾਲੀ-ਭਾਜਪਾ ਸ਼ਾਸਨ ਸਮੇਂ ਵੀ ਅਜਿਹੀਆਂ ਅਨੇਕਾਂ ਹੀ ਖਬਰਾਂ ਸਾਹਮਣੇ ਆਉਂਦੀਆਂ ਰਹੀਆਂ ਹਨ। 1997 ਵਿਚ ਅਕਾਲੀ-ਭਾਜਪਾ ਸਰਕਾਰ ਸਮੇਂ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਬਿਜਲੀ ਨੂੰ ਮੁਫਤ ਕਰਨ ਦਾ ਐਲਾਨ ਵੀ ਕੀਤਾ ਗਿਆ ਸੀ। ਇਹ ਸਿਲਸਿਲਾ ਹੁਣ ਤੱਕ ਵੀ ਚਲਦਾ ਆ ਰਿਹਾ ਹੈ ਪਰ ਇਸ ਨੇ ਵੀ ਕਿਸਾਨਾਂ ਦੀ ਆਰਥਿਕਤਾ ਨੂੰ ਮਜ਼ਬੂਤ ਠੁੰਮ੍ਹਣਾ ਦੇਣ ਦਾ ਕੰਮ ਨਹੀਂ ਕੀਤਾ, ਸਗੋਂ ਇਸ ਦੇ ਨਾਂਹ-ਪੱਖੀ ਅਸਰ ਵਧੇਰੇ ਸਾਹਮਣੇ ਆਉਂਦੇ ਰਹੇ ਹਨ। ਹਰ ਵਾਰ ਕੇਂਦਰ ਸਰਕਾਰ ਵੱਲੋਂ ਕੁਝ ਫਸਲਾਂ ਦੇ ਭਾਅ ਨਿਸ਼ਚਿਤ ਕਰਨ ਦੇ ਐਲਾਨ ਵੀ ਕੀਤੇ ਜਾਂਦੇ ਰਹੇ ਹਨ। ਪਿਛਲੇ ਦੋ ਸਾਲਾਂ ਵਿਚ ਪੰਜਾਬ ਦੇ 900 ਕਿਸਾਨਾਂ ਨੇ ਖੁਦਕੁਸ਼ੀ ਕੀਤੀ। ਪੰਜਾਬ ਦੀ ਕਾਂਗਰਸ ਸਰਕਾਰ ਇਸ ਵਾਅਦੇ ਨਾਲ ਸੱਤਾ ਵਿਚ ਆਈ ਸੀ ਕਿ ਉਹ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਕਰ ਦੇਵੇਗੀ। ਉਸ ਨੇ ਹੁਣ ਤੱਕ ਕੁਝ ਕਦਮ ਜ਼ਰੂਰ ਉਠਾਏ ਹਨ। 36,00 ਕਰੋੜ ਦੇ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਜਾ ਚੁੱਕੇ ਹਨ। ਸਰਕਾਰ ਨੇ ਇਹ ਵੀ ਵਾਅਦਾ ਕੀਤਾ ਹੈ ਕਿ ਉਹ 5 ਸਾਲਾਂ ਵਿਚ ਕਿਸਾਨਾਂ ਦੇ 7,000 ਕਰੋੜ ਰੁਪਏ ਦੇ ਕਰਜ਼ੇ ਮੁਆਫ ਕਰੇਗੀ ਪਰ ਇਸ ਦੇ ਬਾਵਜੂਦ ਵੱਡੀ ਗਿਣਤੀ ਵਿਚ ਕਿਸਾਨ ਵਰਗ ਮਾਯੂਸ ਨਜ਼ਰ ਆ ਰਿਹਾ ਹੈ। ਅੰਕੜਿਆਂ ਅਨੁਸਾਰ ਦੇਸ਼ ਦੇ ਹੋਰ ਸੂਬਿਆਂ ਵਿਚ ਵੀ ਪਿਛਲੇ ਸਾਲਾਂ ਵਿਚ ਹਜ਼ਾਰਾਂ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ।

## ਆਪਣੀ ਲਾਪਰਵਾਹੀ ‘ਤੇ ਪਰਦਾ ਪਾ ਰਿਹੈ ਪ੍ਰਸ਼ਾਸਨ

**ਟੱਲੇਵਾਲ:** ਪਰਿਵਾਰ ਦੇ ਜਖਮਾਂ ‘ਤੇ ਕਿਸੇ ਤਰ੍ਹਾਂ ਦਾ ਮੱਲ੍ਹਮ ਲਗਾਉਣ ਦੀ ਥਾਂ ਪ੍ਰਸ਼ਾਸਨ ਇਸ ਖੁਦਕੁਸ਼ੀ ਨੂੰ ਵੱਖਰਾ ਰੰਗ ਦੇ ਕੇ ਆਪਣਾ ਪੱਲਾ ਛੁਡਵਾ ਰਿਹਾ ਹੈ। ਲਵਪ੍ਰੀਤ ਦੀ ਮੌਤ ਤੋਂ ਤੁਰਤ ਮਗਰੋਂ ਪ੍ਰਸ਼ਾਸਨਿਕ ਅਧਿਕਾਰੀਆਂ ਅਨੁਸਾਰ ਸਰਕਾਰੀ ਕਰਜ਼ਾ ਜੋ ਕੁਝ ਹਜ਼ਾਰ ਸੀ, ਉਹ ਕਾਫੀ ਪਹਿਲਾਂ ਮੁਆਫ ਕਰ ਦਿੱਤਾ ਗਿਆ ਸੀ। ਹੋਰ ਪ੍ਰਾਈਵੇਟ ਕਰਜ਼ੇ ਸਬੰਧੀ ਟਾਲਾ ਵੱਟਿਆ ਗਿਆ ਹੈ। ਪਰਿਵਾਰ ਨੂੰ ਰਾਹਤ ਦੇਣ ਜਾਂ ਦਿਵਾਉਣ ਦੀ ਬਜਾਇ ਪ੍ਰਸ਼ਾਸਨ ਪਰਿਵਾਰ ਦੇ ਕਰਜ਼ੇ ਨੂੰ ਸਰਕਾਰੀ ਤੇ ਪ੍ਰਾਈਵੇਟ ਕਰਜ਼ੇ ‘ਚ ਉਲਝਾ ਰਿਹਾ ਹੈ। ਸਰਕਾਰ ਵੱਲੋਂ ਤਾਂ ਸੁਸਾਇਟੀ ਦਾ 57,330 ਰੁਪਏ ਦਾ ਕਰਜ਼ਾ ਮੁਆਫ ਕੀਤਾ ਗਿਆ ਹੈ। ਲਵਪ੍ਰੀਤ ਦੇ ਪਿਤਾ ਕੁਲਵੰਤ ਨੇ ਖੁਦਕੁਸ਼ੀ ਕਰੀਬ ਡੇਢ ਸਾਲ ਪਹਿਲਾਂ ਕੀਤੀ ਸੀ। ਇਸ ਦਾ ਮੁਆਵਜ਼ਾ ਲੈਣ ਲਈ ਕਿਸਾਨ ਜਥੇਬੰਦੀਆਂ ਅਤੇ ਪਰਿਵਾਰ ਨੇ ਬਹੁਤ ਭੱਜ-ਨੱਠ ਕੀਤੀ। ਜੇ ਸਮਾਂ ਰਹਿੰਦੇ ਸਰਕਾਰ ਜਾਂ ਪ੍ਰਸ਼ਾਸਨ ਮੁਆਵਜ਼ੇ ਦੇ ਤਿੰਨ ਲੱਖ ਰੁਪਏ ਪਰਿਵਾਰ ਨੂੰ ਦੇ ਦਿੰਦੇ ਤਾਂ ਸ਼ਾਇਦ ਲਵਪ੍ਰੀਤ ਦੀ ਜਾਨ ਬਚ ਸਕਦੀ ਸੀ।

# ਚੋਣ ਵਾਅਦੇ: ਕੈਪਟਨ ਦੇ ਸੋਨੀਆ ਗਾਂਧੀ ਸਾਹਮਣੇ ਦਾਅਵੇ ਨੇ ਛੇੜੀ ਨਵੀਂ ਚਰਚਾ

**ਚੰਡੀਗੜ੍ਹ:** ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੇ ਕਾਂਗਰਸ ਸੱਤਾ ਵਾਲੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਦਿੱਲੀ ਸੱਦ ਕੇ ਵਿਕਾਸ ਤੇ ਚੋਣਾਂ ਵਾਅਦੇ ਪੂਰੇ ਕਰਨ ਬਾਰੇ ਹਿਸਾਬ ਮੰਗਿਆ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਪਹੁੰਚੇ ਤੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਕੀਤੇ ਗਏ 161 ਵਾਅਦਿਆਂ ਵਿਚੋਂ 140 ਪਹਿਲਾਂ ਹੀ ਪੂਰੇ ਕਰ ਦਿੱਤੇ ਗਏ ਹਨ। ਇਸ ਪਿੱਛੋਂ ਸਵਾਲ ਉਠ ਰਹੇ ਹਨ ਕਿ ਕੈਪਟਨ ਸਰਕਾਰ ਕਿਸ ਹਿਸਾਬ ਨਾਲ ਅਜਿਹੇ ਦਾਅਵਾ ਕਰ ਰਹੀ ਹੈ। ਜਦੋਂ ਕਿ ਬੇਰੁਜ਼ਗਾਰੀ, ਨਸ਼ੇ, ਨਾਜਾਇਜ਼ ਮਾਇਨਿੰਗ ਸਮੇਤ ਕਈ ਵੱਡੀਆਂ ਚੁਣੌਤੀਆਂ ਨੇ ਸੂਬੇ ਨੂੰ ਘੇਰਿਆ ਹੋਇਆ ਹੈ। ਕਿਸਾਨ ਖੁਦਕੁਸ਼ੀਆਂ ਦਾ ਸਿਲਸਲਾ ਉਸੇ ਤਰਖ਼ਾਂ ਜਾਰੀ ਹੈ।

ਕਾਂਗਰਸ ਨੇ ਚੋਣਾਂ ਦੌਰਾਨ ਕਿਸਾਨਾਂ ਤੇ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰਨਾ, ਘਰ ਘਰ ਨੌਕਰੀ ਦੇਣੀ ਅਤੇ ਨੌਕਰੀ ਨਾ ਦਿੱਤੇ ਜਾਣ ਤੱਕ 25 ਸੌ ਰੁਪਏ ਮਹੀਨਾ ਬੇਰੁਜ਼ਗਾਰੀ ਭੱਤਾ, ਲੜਕੀਆਂ ਨੂੰ ਪੀ.ਐਚ.ਡੀ. ਤੱਕ ਮੁਫਤ ਸਿੱਖਿਆ ਸਮੇਤ ਕਈ ਵਾਅਦੇ ਕੀਤੇ। ਇਨ੍ਹਾਂ ਵਾਅਦਿਆਂ ਉਤੇ ਅਮਲ ਦੀ ਗੱਲ ਕੀਤੀ ਜਾਵੇ ਤਾਂ ਸੇਰ ਵਿਚੋਂ ਅਜੇ ਪੂਣੀ ਵੀ ਨਹੀਂ ਕੱਤੀ ਗਈ। ਵਿੱਤ ਮੰਤਰੀ ਨੇ ਬਜਟ ਭਾਸ਼ਨ ਵਿਚ ਕਿਹਾ ਸੀ ਕਿ ਮਾਲੀਏ ਦਾ 50 ਫੀਸਦੀ ਪੈਸਾ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਉੱਤੇ ਖਰਚ ਹੁੰਦਾ ਹੈ ਅਤੇ 23 ਫੀਸਦੀ ਕਰਜ਼ੇ ਦੇ ਵਿਆਜ ਦੀ ਕਿਸ਼ਤ ਉਤਾਰਨ ਉਤੇ। ਸੂਬਾ ਸਵਾ ਦੋ ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਬੋਝ ਹੇਠ ਹੈ। ਵਿਕਾਸ ਲਈ ਪੈਸਾ ਨਹੀਂ ਬਚਦਾ।

ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਕ ਪਾਸੇ ਸਰਕਾਰ ਆਖ ਰਹੀ ਹੈ ਕਿ ਖਜਾਨਾ ਖਾਲੀ ਹੈ ਤੇ ਵਿਕਾਸ ਕਾਰਜਾਂ ਨੂੰ ਜਾਰੀ ਰੱਖਣਾ ਔਖਾ ਹੈ ਪਰ ਇਸ ਦੇ ਬਾਵਜੂਦ ਮੁੱਖ ਮੰਤਰੀ ਵੱਲੋਂ ਆਪਣੇ ਸਿਆਸੀ ਸਲਾਹਕਾਰਾਂ ਦੀ ਫੌਜ ਖੜ੍ਹੀ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਦੁਆਰਾ ਛੇ ਵਿਧਾਇਕਾਂ ਨੂੰ ਕੈਬਿਨਟ ਮੰਤਰੀਆਂ ਦੇ ਬਰਾਬਰ ਦੇ ਅਹੁਦੇ ਦੇਣ ਲਈ ਸੰਵਿਧਾਨਕ ਰੋਕਾਂ ਦਾ ਵੀ ਭੋਰਾ ਖਿਲਾਫ ਨਹੀਂ ਰੱਖਿਆ। ਹਾਲਾਂਕਿ ਸੱਤਾ ਦੇ ਗਲਿਆਰਿਆਂ ਵਿਚ ਚਰਚਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਸ਼ਿਆਂ ਦੇ ਮੁੱਦੇ ਉਤੇ ਸੂਬਾ ਸਰਕਾਰ ਵੱਲੋਂ ਕੋਈ ਠੋਸ ਕਾਰਵਾਈ ਨਾ ਕਰਨ ਤੋਂ ਕੁਝ ਕਾਂਗਰਸੀ ਵਿਧਾਇਕ ਲੰਮੇ ਸਮੇਂ ਤੋਂ ਨਾਰਾਜ਼ ਸਨ ਤੇ ਅਜਿਹਾ ਉਨਖ਼ਾਂ ਨੂੰ ਖੁਸ਼ ਕਰਨ ਲਈ ਕੀਤਾ ਗਿਆ ਹੈ। ਸਾਲ 2004 ਵਿਚ ਲਾਗੂ ਕੀਤੀ 91ਵੀਂ ਸੰਵਿਧਾਨਕ ਸੋਧ ਮੁਤਾਬਕ ਸੰਸਦ ਤੇ ਵਿਧਾਨ ਸਭਾਵਾਂ ਤੇ ਪਰਿਸ਼ਦਾਂ ਦੇ ਚੁਣੇ ਨੁਮਾਇੰਦਿਆਂ ਦਾ 15 ਫੀਸਦੀ ਹਿੱਸਾ ਹੀ ਮੰਤਰੀ ਬਣਾਇਆ ਜਾ ਸਕਦਾ ਹੈ।



ਇਸ ਤਰ੍ਹਾਂ ਪੰਜਾਬ ਦੇ 117 ਵਿਧਾਇਕਾਂ ‘ਚੋਂ 18 ਵਿਧਾਇਕ ਹੀ ਮੰਤਰੀ ਬਣ ਸਕਦੇ ਹਨ। ਅਕਾਲੀ-ਭਾਜਪਾ ਦੇ ਦਸ ਸਾਲਾਂ ਦੇ ਰਾਜ-ਕਾਲ ਦੌਰਾਨ ਮੁੱਖ ਸੰਸਦੀ ਸਕੱਤਰ ਅਤੇ ਸੰਸਦੀ ਸਕੱਤਰਾਂ ਦੇ ਅਹੁਦੇ ਦਿੱਤੇ ਗਏ। ਅਦਾਲਤਾਂ ਨੇ ਇਸ ਵਰਤਾਰੇ ਨੂੰ ਸੰਵਿਧਾਨ ਦੀ ਭਾਵਨਾ ਦੇ ਖਿਲਾਫ ਦੱਸਿਆ। ਸਿਆਸੀ ਦਬਾਅ ਦੇ ਚੱਲਦਿਆਂ ਸੰਸਦੀ ਸਕੱਤਰ ਹਟੇ ਪਰ ਕੈਬਿਨਟ ਅਤੇ ਰਾਜ ਮੰਤਰੀ ਦੇ ਅਹੁਦੇ ਦੇਣ ਦਾ ਰਿਵਾਜ਼ ਸ਼ੁਰੂ ਹੋ ਗਿਆ। ਮੌਜੂਦਾ ਸਰਕਾਰ ਨੇ ਵੱਡੀ ਪੱਧਰ ‘ਤੇ ਇਹ ਅਹੁਦੇ ਵੰਡਣੇ ਸ਼ੁਰੂ ਕਰ ਦਿੱਤੇ ਹਨ। ਇਹ ਵੀ ਮੰਤਰੀ ਮੰਡਲ ਦੀ ਗਿਣਤੀ ਸੀਮਤ ਰੱਖਣ ਵਾਲੀ ਸੰਵਿਧਾਨਕ ਸੋਧ ਦੀ ਭਾਵਨਾ ਦੇ ਖਿਲਾਫ ਹੈ। ਹੁਣ ਸਵਾਲ ਇਹ ਹੈ ਕਿ ਖਜਾਨਾ ਖਾਲੀ ਦਾ ਰੌਲਾ ਪਾਉਣ ਵਾਲੀ ਸਰਕਾਰ ਆਪਣੀ ਅੰਦਰੂਨੀ ਬਗਾਵਤ ਨੂੰ ਸ਼ਾਂਤ ਕਰਨ ਲਈ ਪੈਸਾ ਪਾਣੀ ਵਾਂਗ ਵਹਾਉਣ ਲਈ ਤਿਆਰ ਹੈ ਪਰ ਆਮ ਲੋਕਾਂ ਨੂੰ ਰਾਹਤ ਦੇਣ ਤੋਂ ਭੱਜ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਕੀਤੀ ਮੀਟਿੰਗ ਦੌਰਾਨ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਕੀਤੇ ਗਏ 161 ਵਾਅਦਿਆਂ ਵਿਚੋਂ 140 ਪਹਿਲਾਂ ਹੀ ਪੂਰੇ ਕਰ ਦਿੱਤੇ ਗਏ ਹਨ ਤੇ ਬਾਕੀਆਂ ਨੂੰ ਪੂਰੇ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਕੈਪਟਨ ਨੇ ਨਵੀਂ ਦਿੱਲੀ ਵਿਚ ਕਾਂਗਰਸ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਅਤੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਵਿਚਾਲੇ ਬਿਹਤਰ ਤਾਲਮੇਲ ਬਣਾਇਆ ਜਾ ਰਿਹਾ ਹੈ ਤੇ ਉਹ ਲਗਾਤਾਰ ਵਿਧਾਇਕਾਂ ਅਤੇ ਹੋਰ ਪ੍ਰਤੀਨਿਧਾਂ ਕੋਲੋਂ ਰਿਪੋਰਟਾਂ ਹਾਸਲ ਕਰਦੇ ਰਹਿੰਦੇ ਹਨ ਤੇ ਚੋਣਾਂ ਦੌਰਾਨ ਕੀਤੇ ਵਾਅਦੇ ਲਾਗੂ ਕੀਤੇ ਜਾ ਰਹੇ ਹਨ। ਉਨਖ਼ਾਂ ਦੱਸਿਆ ਕਿ ਸੂਬੇ ਦੇ 42 ਲੱਖ ਪਰਿਵਾਰਾਂ ਨੂੰ ਸਿਹਤ ਬੀਮਾ ਯੋਜਨਾ ਤਹਿਤ ਲਿਆਂਦਾ ਗਿਆ ਹੈ।

## ਅਕਾਲੀਆਂ ਨੇ ਕੈਪਟਨ ਦੇ ਦਾਅਵੇ ਨੂੰ ਦੱਸਿਆ ਝੂਠ ਦਾ ਪੁਲੰਦਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੈਪਟਨ ਸਰਕਾਰ ਵੱਲੋਂ ਆਪਣੀਆਂ ਢਾਈ ਸਾਲਾਂ ਦੀਆਂ ਪ੍ਰਾਪਤੀਆਂ ਦੇ ਕੀਤੇ ਗੁਣਗਾਣ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ ਹੈ। ਪਾਰਟੀ ਦੇ ਸੀਨੀਅਰ ਆਗੂਆਂ ਡਾ. ਦਲਜੀਤ ਸਿੰਘ ਚੀਮਾ, ਬਿਕਰਮ ਸਿੰਘ ਮਜੀਠੀਆ, ਸ਼ਰਨਜੀਤ ਸਿੰਘ ਢਿੱਲੋਂ ਅਤੇ ਹੋਰਨਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਜਿਨ੍ਹਾਂ ਤਿੰਨ ਅਹਿਮ ਮੁੱਦਿਆਂ ‘ਤੇ ਲੋਕਾਂ ਤੋਂ ਵੋਟਾਂ ਮੰਗੀਆਂ ਸਨ, ਉਨ੍ਹਾਂ ਵਿਚ ਸਰਕਾਰ ਫੇਲਖ਼ ਹੋਈ ਹੈ। ਅਕਾਲੀ ਆਗੂਆਂ ਨੇ ਕਿਹਾ ਕਿ ਸੱਤਾ ਹਥਿਆਉਣ ਲਈ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਸਿਰ ਚੜਖ਼ੇ ਮੁਕੰਮਲ ਕਰਜ਼ੇ ਭਾਵ 90 ਹਜ਼ਾਰ ਕਰੋੜ ਰੁਪਏ ਮੁਆਫ ਕਰਨ ਦਾ ਵਾਅਦਾ ਕੀਤਾ, ਗੁਟਕਾ ਸਾਹਿਬ ਹੱਥ ‘ਚ ਫੜ ਕੇ ਸਹੁੰ ਖਾਧੀ ਕਿ ਨਸ਼ਿਆਂ ਦਾ ਖਾਤਮਾ ਚਾਰ ਹਫਤਿਆਂ ਵਿਚ ਕਰ ਦਿੱਤਾ ਜਾਵੇਗਾ ਤੇ ਹਰ ਘਰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਕਰਜ਼ਾ ਮੁਆਫ ਨਹੀਂ ਹੋਇਆ। ਨਸ਼ਿਆਂ ਦੀ ਤਸਕਰੀ ਰੋਕਣ ਵਿਚ ਵੀ ਸਰਕਾਰ ਕਾਮਯਾਬ ਨਹੀਂ ਹੋਈ ਤੇ ਹੁਣ ਤੱਕ 600 ਤੋਂ ਵੱਧ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਘਰ- ਘਰ ਰੁਜ਼ਗਾਰ ਪੂਰੀ ਤਰ੍ਹਾਂ ਫਲਾਪ ਯੋਜਨਾ ਹੈ।

# ਅੰਮ੍ਰਿਤਪਾਲ ਸਿੰਘ ਨਾਰਵੇ ‘ਚ ਪਹਿਲਾ ਦਸਤਾਰਧਾਰੀ ਕੌਂਸਲਰ ਬਣਿਆ

**ਫਤਹਿਗੜ੍ਹ ਸਾਹਿਬ:** ਕਪੂਰਥਲਾ ਜ਼ਿਲ੍ਹੇ ਦੇ ਜੰਮਪਲ ਅੰਮ੍ਰਿਤਪਾਲ ਸਿੰਘ ਨਾਰਵੇ ਦੇ ਸ਼ਹਿਰ ਦਰਮਨ ਵਿਚ ਪਹਿਲੇ ਪੰਜਾਬੀ ਮਿਉਂਸਪਲ ਕੌਂਸਲਰ ਚੁਣੇ ਗਏ ਹਨ। ਪਿਛਲੀਆਂ ਚੋਣਾਂ ‘ਚ ਉਹ ਡਿਪਟੀ ਕੌਂਸਲਰ ਚੁਣੇ ਗਏ ਸਨ। ਉਹ ਨਾਰਵੇ ਵਿਚ ਇਕੋ-ਇਕ ਪਗੜੀਧਾਰੀ ਸਿੱਖ ਨੌਜਵਾਨ ਹਨ, ਜਿਨ੍ਹਾਂ ਨੂੰ ਕੌਂਸਲਰ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ। ਉਨ੍ਹਾਂ ਦੇ ਪਿਤਾ ਨਿਰਪਾਲ ਸਿੰਘ ਔਜਲਾ ਸਾਲ 1970 ‘ਚ ਨਾਰਵੇ ਚਲੇ ਗਏ ਸਨ।

ਅੰਮ੍ਰਿਤਪਾਲ ਸਿੰਘ ਕਪੂਰਥਲਾ ਪਬਲਿਕ ਹਾਈ ਸਕੂਲ ਵਿਚ ਦਸਵੀਂ ਪਾਸ ਕਰਨ ਮਗਰੋਂ ਸਾਲ 1994 ਵਿਚ ਆਪਣੇ ਪਿਤਾ ਕੋਲ ਚਲਾ ਗਿਆ ਸੀ। ਅੰਮ੍ਰਿਤਪਾਲ ਸਿੰਘ ਨੇ ਨਾਰਵੇ ਜਾ ਕੇ ਇਕਨਾਮਿਕਸ ਤੇ ਫਾਇਨਾਂਸ ਵਿਚ ਮਾਸਟਰ ਡਿਗਰੀਆਂ ਪ੍ਰਾਪਤ ਕੀਤੀਆਂ। ਉਹ ਨਾਰਵੇ ‘ਚ ਇਨਕਮ ਟੈਕਸ ਕਮਿਸ਼ਨਰ ਦੇ ਅਹੁਦੇ ‘ਤੇ ਵੀ ਤਾਇਨਾਤ ਰਿਹਾ।

ਮੌਜੂਦਾ ਸਮੇਂ ਉਹ ਬਹੁ ਕੌਮੀ ਕੰਪਨੀ ‘ਨੌਰਸ਼ਕ ਹੀਦਰੋ‘ ਵਿਚ ਬਤੌਰ ਡਾਇਰੈਕਟਰ ਸੇਵਾਵਾਂ ਨਿਭਾ ਰਿਹਾ ਹੈ ਅਤੇ ਟਰੇਡ ਯੂਨੀਅਨ ਦੀ ਕਾਰਜਕਾਰੀ ਕਮੇਟੀ ਦਾ ਮੈਂਬਰ ਹੈ। ਅੰਮ੍ਰਿਤਪਾਲ ਨੇ ਹੋਈਰੇ ਪਾਰਟੀ ਵੱਲੋਂ ਚੋਣ ਲੜੀ ਅਤੇ 34 ਉਮੀਦਵਾਰਾਂ ਨੂੰ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।

ਜ਼ਿਕਰਯੋਗ ਹੈ ਪਿਛਲੇ ਦਿਨੀਂ ਨਾਰਵੇ ਦੀ ਸਰਕਾਰ ਨੇ ਜਦੋਂ ਸਿੱਖਾਂ ਨੂੰ ਕੰਨਾਂ ਤੋਂ ਉਪਰ ਪੱਗ ਬੰਨ੍ਹਖ਼ ਕੇ ਖਿਚਵਾਈ ਤਸਵੀਰ ਪਾਸਪੋਰਟ ਉੱਤੇ ਲਾਉਣ ਦੀ ਹਦਾਇਤ ਕੀਤੀ ਸੀ ਤਾਂ ਅੰਮ੍ਰਿਤਪਾਲ ਸਿੰਘ ਨੇ ‘ਯੰਗ ਸਿੱਖ ਗਰੁੱਪ‘ ਅਤੇ ਹੋਰ ਸਿੱਖ ਨੁਮਾਇੰਦਿਆਂ ਨਾਲ ਮਿਲ ਕੇ ਇਹ ਮੁੱਦਾ ਭਾਰਤ ਸਰਕਾਰ ਤੱਕ ਪਹੁੰਚਾਇਆ, ਜਿਸ ਤੋਂ ਬਾਅਦ ਸਰਕਾਰ ਨੇ ਇਸ ਮਾਮਲੇ ‘ਤੇ ਗੌਰ ਕਰਨ ਦਾ ਭਰੋਸਾ ਦਿੱਤਾ ਸੀ। ਅੰਮ੍ਰਿਤਪਾਲ ਸਿੰਘ ਕੋਲ ਦੋ ਬੱਚੇ ਪਾਹੁਲ ਸਿੰਘ ਤੇ ਰਿਦਮ ਕੌਰ ਹਨ।

# ਕੈਨੇਡਾ ਵਿਚ ਸੰਸਦੀ ਚੋਣਾਂ ਦਾ ਐਲਾਨ

**ਵੈਨਕੂਵਰ:** ਕੈਨੇਡਾ ਦੀ 338 ਮੈਂਬਰੀ ਸੰਸਦ ਲਈ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਚੋਣਾਂ 21 ਅਕਤੂਬਰ ਨੂੰ ਹੋਣਗੀਆਂ ਅਤੇ ਨਤੀਜੇ ਵੀ ਉਸੇ ਦਿਨ ਐਲਾਨੇ ਜਾਣਗੇ। ਚੋਣਾਂ ਸਬੰਧੀ ਨੋਟੀਫਿਕੇਸ਼ਨ ਜਲਦੀ ਜਾਰੀ ਹੋ ਜਾਵੇਗਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਿਫਾਰਸ਼ ‘ਤੇ ਗਵਰਨਰ ਜਨਰਲ ਵੱਲੋਂ ਚੋਣ ਪ੍ਰਕਿਰਿਆ ਨੂੰ ਹਰੀ ਝੰਡੀ ਦੇਣ ਵਾਲੇ ਪੱਤਰ ‘ਤੇ ਦਸਤਖਤ ਕੀਤੇ ਜਾਣਗੇ। ਵੋਟਾਂ 21 ਅਕਤੂਬਰ ਨੂੰ ਪੈਣਗੀਆਂ ਅਤੇ ਉਸੇ ਦਿਨ ਗਿਣਤੀ ਤੋਂ ਬਾਅਦ ਨਤੀਜੇ ਐਲਾਨੇ ਜਾਣਗੇ।

ਰਸਮੀ ਪੱਤਰ ਜਾਰੀ ਹੋਣ ਦੇ ਨਾਲ ਪਾਰਟੀਆਂ ਵੱਲੋਂ ਚੋਣ ਮੁਹਿੰਮ ਸ਼ੁਰੂ ਹੋ ਜਾਵੇਗੀ। ਨੋਟੀਫਿਕੇਸ਼ਨ ਤੋਂ ਬਾਅਦ ਸਰਕਾਰ ਕੋਲ ਨੀਤੀਗਤ ਫੈਸਲੇ ਲੈਣ ਦਾ ਅਧਿਕਾਰ ਨਹੀਂ ਰਹੇਗਾ। ਕੈਨੇਡੀਅਨ ਸੰਸਦ ਦੇ 338 ਮੈਂਬਰੀ ਹਾਊਸ ‘ਚ ਇਸ ਵੇਲੇ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸੱਤਾਧਾਰੀ ਲਿਬਰਲ ਪਾਰਟੀ ਦੇ 184 ਮੈਂਬਰ ਹਨ। ਮੁੱਖ ਵਿਰੋਧੀ ਪਾਰਟੀ ਤੇ 2015 ਤੱਕ ਕਈ ਸਾਲ ਸੱਤਾ ‘ਚ ਰਹੀ ਕੰਜ਼ਰਵੇਟਿਵ (ਟੋਰੀ) ਪਾਰਟੀ ਦੇ 99, ਜਗਮੀਤ ਸਿੰਘ ਦੀ ਅਗਵਾਈ ਵਾਲੀ ਨੈਸ਼ਨਲ ਡੈਮੋਕ੍ਰੈਟਿਕ ਪਾਰਟੀ (ਐਨਡੀਪੀ) ਦੇ 39, ਬਲਾਕ ਕਿਊਬਕਵਾ ਦੇ 10 ਅਤੇ ਗਰੀਨ ਪਾਰਟੀ ਦੇ 2 ਮੈਂਬਰ ਹਨ। ਟੋਰੀ ਪਾਰਟੀ ਤੋਂ ਵੱਖ ਹੋਏ ਮੈਕਸਿਮ ਬਰਨੀ ਵੱਲੋਂ ਪੀਪਲ ਪਾਰਟੀ ਆਫ ਕੈਨੇਡਾ ਬਣਾ ਕੇ ਪਹਿਲੀ ਵਾਰ ਕਿਸਮਤ ਅਜਮਾਈ ਜਾ ਰਹੀ ਹੈ।

ਤਾਜ਼ਾ ਚੋਣ ਸਰਵੇਖਣਾਂ ਮੁਤਾਬਕ ਸੱਤਾਧਾਰੀ ਲਿਬਰਲ ਨੂੰ 39 ਫੀਸਦੀ ਲੋਕਾਂ ਦੇ ਸਮਰਥਨ ਨਾਲ ਸਭ ਤੋਂ ਅੱਗੇ ਦਿਖਾਇਆ ਗਿਆ ਹੈ ਜਦੋਂਕਿ ਇਮੀਗ੍ਰੇਸ਼ਨ ਦੀਆਂ ਖੁੱਲਖ਼ਾਂ ‘ਤੇ ਰੋਕ ਲਾਉਣ ਦੇ ਵਾਅਦੇ ਵਾਲੀ ਟੋਰੀ ਪਾਰਟੀ ਨੂੰ 32 ਫੀਸਦੀ, ਐਨਡੀਪੀ ਤੇ ਗਰੀਨ ਪਾਰਟੀ ਨੂੰ ਦਸ-ਦਸ ਫੀਸਦੀ ਦਾ ਸਮਰਥਨ ਦਿੱਤਾ ਗਿਆ ਹੈ। ਪਰ ਵੋਟਰ ਇਨਖ਼ਾਂ ਸਰਵੇਖਣਾਂ ‘ਤੇ ਇਤਬਾਰ ਨਹੀਂ, ਕਿਉਂਕਿ 2015 ਵਾਲੀ ਚੋਣ ‘ਚ ਲਿਬਰਲ ਪਾਰਟੀ ਨੂੰ ਤੀਜੇ ਨੰਬਰ ਉੱਤੇ ਦਿਖਾਇਆ ਗਿਆ ਸੀ, ਪਰ ਚੋਣਾਂ ‘ਚ ਉਹ ਬਹੁਮਤ ਲੈ ਗਈ ਸੀ।

## ਯੂ.ਏ.ਈ. ਵੱਲੋਂ ਨਵਦੀਪ ਸਿੰਘ ਸੂਰੀ ਦਾ ਸਨਮਾਨ

**ਦੁਬਈ:** ਸੰਯੁਕਤ ਅਰਬ ਅਮੀਰਾਤ ਨੇ ਦੇਸ਼ ਵਿਚ ਭਾਰਤੀ ਸਫੀਰ ਨਵਦੀਪ ਸਿੰਘ ਸੂਰੀ ਦਾ ‘ਆਰਡਰ ਆਫ ਜਾਇਦ ਟੂ’ ਪੁਰਸਕਾਰ ਨਾਲ ਸਨਮਾਨ ਕੀਤਾ ਹੈ। ਉਨ੍ਹਾਂ ਨੂੰ ਇਹ ਪੁਰਸਕਾਰ ਉਨਖ਼ਾਂ ਦੇ ਵੱਲੋਂ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਮਜਬੂਤ ਕਰਨ ਲਈ ਨਿਭਾਈਆਂ ਸੇਵਾਵਾਂ ਬਦਲੇ ਦਿੱਤਾ ਗਿਆ ਹੈ। ਸ੍ਰੀ ਸੂਰੀ ਨੇ ਇਸ ਪੁਰਸਕਾਰ ਲਈ ਸੰਯੁਕਤ ਅਰਬ ਅਮੀਰਾਤ ਦੇ ਸ਼ਾਸਕਾਂ ਦਾ ਧੰਨਵਾਦ ਕੀਤਾ ਹੈ।

# ਹੜ੍ਹਾਂ ਦੀ ਮਾਰ: ਨੁਕਸਾਨ ਦੀ ਭਰਪਾਈ ਲਈ ਆਈ ਕੇਂਦਰੀ ਟੀਮ ਨੇ ਨਾ ਦਿੱਤਾ ਕੋਈ ਰਾਹ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਕੇਂਦਰੀ ਟੀਮ ਕੋਲੋਂ 1216.39 ਕਰੋੜ ਰੁਪਏ ਦਾ ਮੁਆਵਜ਼ੇ ਦੀ ਮੰਗ ਕੀਤੀ ਹੈ ਪਰ ਕੇਂਦਰੀ ਟੀਮ ਨੇ ਸਾਫ ਕਹਿ ਦਿੱਤਾ ਹੈ ਕਿ ਮੁਆਵਜ਼ਾ ਤੈਅ ਨਿਯਮਾਂ ਅਨੁਸਾਰ ਤੇ ਜਲਦੀ ਦਿੱਤਾ ਜਾਵੇਗਾ। ਪੰਜਾਬ ਸਰਕਾਰ ਨੇ ਨਿਯਮਾਂ ਤੋਂ ਵੱਧ ਮੁਆਵਜ਼ਾ ਜਾਂ ਪੈਕੇਜ ਲੈਣਾ ਹੈ ਤਾਂ ਉਸ ਬਾਰੇ ਕੇਂਦਰ ਸਰਕਾਰ ਕੋਲ



ਵੱਖਰੇ ਤੌਰ 'ਤੇ ਮੰਗ ਕਰਨੀ ਪਵੇਗੀ।

ਪੰਜਾਬ ਦੇ ਅਧਿਕਾਰੀਆਂ ਨੇ ਕਿਹਾ ਕਿ ਜਿਨ੍ਹਾਂ ਕਿਸਾਨਾਂ ਦੀ ਪੂਰੀ ਫਸਲ ਬਰਬਾਦ ਹੋ ਗਈ ਹੈ, ਉਨ੍ਹਾਂ ਨੂੰ ਪ੍ਰਤੀ ਏਕੜ 46000 ਰੁਪਏ ਏਕੜ ਮੁਆਵਜ਼ਾ ਦਿੱਤਾ ਜਾਵੇ ਪਰ ਕੇਂਦਰੀ ਟੀਮ ਨੇ ਨਿਯਮਾਂ ਦਾ ਹਵਾਲਾ ਦੇ ਦਿੱਤਾ। ਨਿਯਮਾਂ ਅਨੁਸਾਰ ਕਿਸਾਨਾਂ ਨੂੰ ਪ੍ਰਤੀ ਏਕੜ ਬਾਰਾਂ ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਂਦਾ ਹੈ। ਇਸ ਲਈ ਪੰਜਾਬ ਨੂੰ ਵੱਧ ਮੁਆਵਜ਼ਾ ਲੈਣ ਲਈ ਪ੍ਰਧਾਨ ਮੰਤਰੀ ਤੱਕ ਪਹੁੰਚ ਕਰਨੀ ਪਵੇਗੀ। ਕੇਂਦਰੀ ਗ੍ਰਹਿ ਮੰਤਰਾਲੇ ਦੇ ਸੰਯੁਕਤ ਸਕੱਤਰ ਅਨੁਜ ਸ਼ਰਮਾ ਅਗਵਾਈ ਵਿਚ ਸੱਤ ਮੈਂਬਰੀ ਕੇਂਦਰੀ ਟੀਮ ਨੇ ਪੰਜਾਬ 'ਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਦੌਰਾ ਕਰਨ ਤੋਂ ਪਹਿਲਾਂ ਮੋਹਾਲੀ ਦੇ ਆਈ.ਐਸ.ਬੀ. ਵਿਚ ਪੰਜਾਬ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ, ਜਿਸ ਵਿਚ ਪੰਜਾਬ ਦੇ ਉੱਚ ਅਧਿਕਾਰੀਆਂ ਨੇ ਹੜ੍ਹਾਂ ਦੌਰਾਨ ਹੋਏ ਨੁਕਸਾਨ ਦੀ ਵਿਸਥਾਰਿਤ ਰਿਪੋਰਟ ਪੇਸ਼ ਕੀਤੀ।

ਪੰਜਾਬ ਦੇ ਵਿਸ਼ੇਸ਼ ਮੁੱਖ ਸਕੱਤਰ (ਮਾਲ) ਕੇ.ਬੀ.ਐਸ. ਸਿੱਧੂ ਨੇ ਕੇਂਦਰੀ ਟੀਮ ਨੂੰ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਵੱਲੋਂ ਕੀਤੇ ਕਾਰਜਾਂ ਤੇ ਆਫਤ ਪ੍ਰਬੰਧਨ ਸਬੰਧੀ ਚੁੱਕੇ ਕਦਮਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਹੜ੍ਹਾਂ ਤੋਂ ਬਾਅਦ ਪੀੜਤ ਲੋਕਾਂ ਲਈ ਕੀਤੇ ਜਾ ਰਹੇ ਪੰਜਾਬ ਸਰਕਾਰ ਦੇ ਕੰਮਾਂ ਬਾਰੇ ਵੀ ਕੇਂਦਰੀ ਟੀਮ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਨਾਲ ਲੱਗਦੇ ਜ਼ਿਲ੍ਹਿਆਂ ਸ਼ਹੀਦ ਭਗਤ ਸਿੰਘ ਨਗਰ, ਰੂਪਨਗਰ, ਜਲੰਧਰ, ਕਪੂਰਥਲਾ, ਫਿਰੋਜ਼ਪੁਰ, ਲੁਧਿਆਣਾ, ਮੋਗਾ, ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਅਤੇ ਤਰਨਤਾਰਨ ਵਿਚ ਵੱਡੇ ਪੱਧਰ 'ਤੇ ਨੁਕਸਾਨ ਝੱਲਣਾ ਪਿਆ ਹੈ।

ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਨੇ ਕੇਂਦਰੀ ਟੀਮ ਨੂੰ ਦੱਸਿਆ ਕਿ ਹੜ੍ਹਾਂ ਦੌਰਾਨ ਸੂਬਾ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਬਿਨਾਂ ਦੇਰੀ ਰਾਹਤ ਕਾਰਜਾਂ ਨੂੰ ਆਰੰਭਿਆ ਗਿਆ ਅਤੇ ਪੀੜਤਾਂ ਦੀ ਜਾਨ-ਮਾਲ ਦੀ ਸੁਰੱਖਿਆ ਵਿਚ ਰਾਜ ਸਰਕਾਰ ਨੇ ਕੋਈ ਕਸਰ ਨਹੀਂ ਛੱਡੀ। ਕੇਂਦਰੀ ਟੀਮ ਨੂੰ ਦਿੱਤੇ ਮੰਗ ਪੱਤਰ ਵਿਚ ਪੰਜਾਬ ਵੱਲੋਂ ਜੋ ਅਨੁਮਾਨਤ ਨੁਕਸਾਨ ਦਰਸਾਇਆ ਗਿਆ ਹੈ, ਉਸ ਅਨੁਸਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਡਿਪਟੀ ਕਮਿਸ਼ਨਰਾਂ ਵੱਲੋਂ 66.07 ਕਰੋੜ ਰੁਪਏ, ਬਿਜਲੀ ਵਿਭਾਗ ਵੱਲੋਂ 5.37 ਕਰੋੜ ਰੁਪਏ, ਪੀ.ਡਬਲਿਊ.ਡੀ. (ਬੀ.ਐਂਡ.ਆਰ.) ਵੱਲੋਂ 172.83 ਕਰੋੜ ਰੁਪਏ, ਪੇਂਡੂ ਵਿਕਾਸ ਵਿਭਾਗ ਵੱਲੋਂ 38.72 ਕਰੋੜ ਰੁਪਏ, ਵਿਕਾਸ ਵਿਭਾਗ ਵੱਲੋਂ 577.7 ਕਰੋੜ ਰੁਪਏ, ਸਿਹਤ ਵਿਭਾਗ ਵੱਲੋਂ 72.64 ਕਰੋੜ ਰੁਪਏ, ਸਥਾਨਕ ਸਰਕਾਰਾਂ ਵਿਭਾਗ ਵੱਲੋਂ 57.07 ਕਰੋੜ ਰੁਪਏ, ਪਸ਼ੂ ਪਾਲਣ ਵਿਭਾਗ ਵੱਲੋਂ 23.45 ਕਰੋੜ ਰੁਪਏ, ਜਲ ਸਰੋਤ ਵਿਭਾਗ ਵੱਲੋਂ 202.54 ਕਰੋੜ ਰੁਪਏ ਅਤੇ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ 2.84 ਕਰੋੜ ਰੁਪਏ ਦੀ ਰਿਪੋਰਟ ਪੇਸ਼ ਕੀਤੀ ਗਈ ਹੈ। ਫਸਲਾਂ ਦਾ 559.28 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਉਧਰ, ਕਿਸਾਨਾਂ ਨੇ ਕੇਂਦਰੀ ਟੀਮ ਕੋਲੋਂ ਮੰਗ ਕੀਤੀ ਕਿ ਉਨ੍ਹਾਂ ਨੂੰ 25 ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ ਜਦਕਿ ਕੇਂਦਰ ਸਰਕਾਰ ਵੱਲੋਂ 12 ਹਜ਼ਾਰ ਰੁਪਏ ਦਿੱਤੇ ਜਾਣੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਲੰਧਰ ਜ਼ਿਲ੍ਹੇ ਵਿਚ ਕੁੱਲ 22 ਥਾਵਾਂ ਉਪਰ ਧੁੱਸੀ ਬੰਨ੍ਹ ਵਿਚ ਪਾੜ ਪਿਆ ਸੀ ਜਿਸ ਕਾਰਨ ਸ਼ਾਹਕੋਟ ਤੇ ਫਿਲੌਰ ਤਹਿਸੀਲਾਂ ਵਿਚ ਫਸਲਾਂ, ਬੁਨਿਆਦੀ ਢਾਂਚੇ, ਸੜਕਾਂ, ਬਿਜਲੀ ਸਪਲਾਈ, ਸਕੂਲਾਂ, ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਕੁੱਲ 270 ਕਰੋੜ ਰੁਪਏ ਦਾ ਨੁਕਸਾਨ ਪੁੱਜਾ ਹੈ। ਪ੍ਰਸ਼ਾਸਨ ਨੇ ਕੇਂਦਰੀ ਟੀਮ ਤੋਂ ਮੁਆਵਜ਼ੇ ਦੀ ਮੰਗ ਕੀਤੀ ਹੈ। ਰਿਪੋਰਟ 'ਚ ਪਸ਼ੂ ਧਨ ਦੇ ਨੁਕਸਾਨ ਦੀ ਪੂਰਤੀ ਲਈ 78.25 ਲੱਖ, 29 ਪਿੰਡਾਂ ਵਿਚ ਘਰਾਂ ਨੂੰ ਹੋਏ ਨੁਕਸਾਨ ਦੇ ਮੁਆਵਜ਼ੇ ਵਜੋਂ 15 ਕਰੋੜ ਰੁਪਏ, ਬੰਨ੍ਹ ਵਿਚ ਪਏ ਪਾੜਾਂ ਦੀ ਪੂਰਤੀ ਤੇ ਧੁੱਸੀ ਬੰਨ੍ਹ ਦੀ ਮਜ਼ਬੂਤੀ ਲਈ 20 ਕਰੋੜ ਰੁਪਏ, 83 ਕਿਲੋਮੀਟਰ ਲੰਬੀਆਂ ਸੜਕਾਂ ਦੀ ਮੁਰੰਮਤ ਲਈ 7 ਕਰੋੜ ਰੁਪਏ, 15 ਰਜਵਾਹਿਆਂ ਦੀ ਮੁਰੰਮਤ ਲਈ 1.5 ਕਰੋੜ, ਮਹਿਰਾਜਵਾਲਾ ਵਿਚ 66 ਕੇਵੀ ਸਬ ਸਟੇਸ਼ਨ ਤੇ ਇਲਾਕੇ ਅੰਦਰ ਨੁਕਸਾਨੇ ਗਏ 200 ਟਰਾਂਸਫਾਰਮਰਾਂ ਤੇ ਮੀਟਰਾਂ ਦੀ ਮੁਰੰਮਤ ਆਦਿ ਦੀ ਪੂਰਤੀ ਲਈ 1 ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ ਗਈ ਹੈ।

# ਕਾਂਗਰਸ ਨੇ ਮੁੜ ਪੈਰਾਂ ਸਿਰ ਹੋਣ ਲਈ ਘੜੀ ਰਣਨੀਤੀ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਅਸਤੀਫਾ ਦੇਣ ਤੋਂ ਬਾਅਦ ਅਨਿਸ਼ਚਿਤਤਾ 'ਚ ਡੁੱਬੀ ਕਾਂਗਰਸ, ਹੁਣ ਮੁੜ ਖੁਦ ਨੂੰ ਸਰਗਰਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਕਵਾਇਦ ਤਹਿਤ ਪਾਰਟੀ ਦੀ ਅੰਤ੍ਰਿਮ ਪ੍ਰਧਾਨ ਸੋਨੀਆ ਗਾਂਧੀ ਨੇ ਪਾਰਟੀ ਦੇ ਜਨਰਲ ਸਕੱਤਰਾਂ, ਰਾਜਾਂ ਦੇ ਇੰਚਾਰਜਾਂ ਅਤੇ ਪ੍ਰਦੇਸ਼ ਪ੍ਰਧਾਨਾਂ ਨਾਲ ਅਹਿਮ ਬੈਠਕ ਕੀਤੀ, ਜਿਸ 'ਚ ਆਉਣ ਵਾਲੇ ਸਮੇਂ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਉਤੇ ਚਰਚਾ ਤੋਂ ਇਲਾਵਾ ਮੋਦੀ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਸਰਕਾਰ 2019 ਦੀਆਂ ਚੋਣਾਂ 'ਚ ਮਿਲੇ ਬਹੁਮਤ ਦਾ ਖਤਰਨਾਕ ਢੰਗ ਨਾਲ ਇਸਤੇਮਾਲ ਕਰ ਰਹੀ ਹੈ।



ਸੋਨੀਆ ਗਾਂਧੀ ਨੇ ਪਾਰਟੀ ਦੀ ਕਾਰਜਸ਼ੈਲੀ ਲਈ ਖਾਕਾ ਉਲੀਕਦਿਆਂ ਕਿਹਾ ਕਿ ਕਾਂਗਰਸ ਨੂੰ ਹੁਣ ਅੰਦੋਲਨਕਾਰੀ ਏਜੰਡੇ 'ਤੇ ਚੱਲਣ ਦੀ ਲੋੜ ਹੈ। ਉਨ੍ਹਾਂ ਅਜੋਕੇ ਦੌਰ 'ਚ ਸੋਸ਼ਲ ਮੀਡੀਆ ਦੀ ਭੂਮਿਕਾ ਨੂੰ ਪ੍ਰਵਾਨ ਕਰਦਿਆਂ ਕਿਹਾ ਕਿ ਸੋਸ਼ਲ ਮੀਡੀਆ ਜ਼ਰੂਰੀ ਹੈ ਪਰ ਇਸ ਦਾ ਇਸਤੇਮਾਲ ਕਰਨਾ ਜਾਂ ਉਸ 'ਤੇ ਸਰਗਰਮ ਰਹਿਣਾ ਹੀ ਕਾਫੀ ਨਹੀਂ ਹੈ, ਸਗੋਂ ਲੋਕਾਂ ਤੱਕ ਸਿੱਧੀ ਪਹੁੰਚ ਕਰਨੀ ਵੀ ਜ਼ਰੂਰੀ ਹੈ। ਸਰਕਾਰ ਦੇ ਮਨਮਾਨੇ ਢੰਗ ਨੂੰ ਨਿਸ਼ਾਨਾ ਬਣਾਉਂਦਿਆਂ ਸੋਨੀਆ ਗਾਂਧੀ ਨੇ ਕਿਹਾ ਕਿ ਲੋਕਤੰਤਰ ਨੂੰ ਇੰਨਾ ਖਤਰਾ ਕਦੇ ਨਹੀਂ ਰਿਹਾ।

ਉਨ੍ਹਾਂ ਕਿਹਾ ਕਿ ਸੱਤਾ ਦੀ ਬਹੁਤ ਹੀ ਖਤਰਨਾਕ ਢੰਗ ਨਾ ਦੁਰਵਰਤੋਂ ਕੀਤੀ ਜਾ ਰਹੀ ਹੈ ਅਤੇ ਸਾਡੇ ਸੰਕਲਪ ਤੇ ਸੰਜਮ ਦੀ ਪ੍ਰੀਖਿਆ ਲਈ ਜਾ ਰਹੀ ਹੈ। ਭਾਜਪਾ ਨੂੰ ਜਨਤਾ 'ਚ ਬੇਨਕਾਬ ਕਰਨ ਲਈ ਕਾਂਗਰਸ ਨੂੰ ਅੰਦੋਲਨਕਾਰੀ ਏਜੰਡੇ 'ਤੇ ਚੱਲਣ ਦੀ ਲੋੜ ਹੈ। ਕਾਂਗਰਸ 15 ਤੋਂ 25 ਅਕਤੂਬਰ ਤੱਕ ਦੇਸ਼ ਭਰ 'ਚ ਸਰਕਾਰ ਦੀਆਂ ਆਰਥਿਕ ਨੀਤੀਆਂ ਖਿਲਾਫ ਅੰਦੋਲਨ ਕਰੇਗੀ। ਇਸ ਤੋਂ ਇਲਾਵਾ ਆਰਥਿਕ ਸੁਸਤੀ ਨੂੰ ਉਜਾਗਰ ਕਰਨ ਲਈ ਦੇਸ਼ ਭਰ 'ਚ 20 ਸਤੰਬਰ ਤੋਂ 30 ਸਤੰਬਰ ਤੱਕ ਪ੍ਰਦੇਸ਼ ਕਾਂਗਰਸ ਕਮੇਟੀ ਦੇ ਡੈਲੀਗੇਟਸ ਦਾ ਵੀ ਸੰਮੇਲਨ ਕੀਤਾ ਜਾਵੇਗਾ।

## ਭਾਜਪਾ ਦੀਆਂ ਆਰਥਿਕ ਨੀਤੀਆਂ ਖਿਲਾਫ ਮੋਰਚਾ

**ਨਵੀਂ ਦਿੱਲੀ:** ਕਾਂਗਰਸ ਨੇ ਐਲਾਨ ਕੀਤਾ ਕਿ ਉਹ ਸਰਕਾਰ ਦੀਆਂ ਆਰਥਿਕ ਨੀਤੀਆਂ ਖਿਲਾਫ 15 ਤੋਂ 25 ਅਕਤੂਬਰ ਤੱਕ ਮੁਲਕ 'ਚ ਵਿਰੋਧ ਪ੍ਰਦਰਸ਼ਨ ਕਰੇਗੀ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਅਗਵਾਈ ਹੇਠ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ। ਕਾਂਗਰਸ ਤਰਜਮਾਨ ਆਰ ਪੀ ਐਨ ਸਿੰਘ ਨੇ ਦੱਸਿਆ ਕਿ ਆਰਥਿਕ ਮੰਦੀ ਨੂੰ ਉਜਾਗਰ ਕਰਨ ਲਈ ਮੁਲਕ ਭਰ 'ਚ ਪ੍ਰਦੇਸ਼ ਕਾਂਗਰਸ ਕਮੇਟੀਆਂ ਵੱਲੋਂ 20 ਤੋਂ 30 ਸਤੰਬਰ ਤੱਕ ਕਨਵੈਨਸ਼ਨਾਂ ਕੀਤੀਆਂ ਜਾਣਗੀਆਂ। ਪਾਰਟੀ ਵੱਲੋਂ ਅਕਤੂਬਰ ਤੋਂ ਮੈਂਬਰ ਬਣਾਉਣ ਦੀ ਮੁਹਿੰਮ ਵੀ ਸ਼ੁਰੂ ਕੀਤੀ ਜਾਵੇਗੀ।

# ਲੁਧਿਆਣਾ 'ਚ ਕਾਂਗਰਸੀ ਆਗੂ ਦੀ ਹੱਤਿਆ

**ਲੁਧਿਆਣਾ:** ਸ਼ਹਿਰ ਦੇ ਪੈਵੇਲੀਅਨ ਸ਼ਾਪਿੰਗ ਮਾਲ ਦੀ ਚੌਥੀ ਮੰਜ਼ਿਲ 'ਤੇ ਸਥਿਤ ਇਕ ਰੈਸਟੋਰੈਂਟ ਵਿਚ ਕਾਂਗਰਸੀ ਆਗੂ ਪਰਮਿੰਦਰ ਸਿੰਘ ਪੱਪੂ ਦੀ ਜਨਮ ਦਿਨ ਪਾਰਟੀ ਵਿਚ ਗੋਲੀ ਚੱਲ ਗਈ। ਮਾਮੂਲੀ ਗੱਲ ਨੂੰ ਲੈ ਕੇ ਹੋਈ ਬਹਿਸ ਤੋਂ ਬਾਅਦ ਇਕ ਨੌਜਵਾਨ ਨੇ ਪਰਮਿੰਦਰ ਸਿੰਘ ਪੱਪੂ ਦੇ ਦੋਸਤ ਕਾਂਗਰਸੀ ਆਗੂ ਮਨਜੀਤ ਸਿੰਘ 'ਤੇ ਗੋਲੀ ਚਲਾ ਦਿੱਤੀ।

ਮੁਲਜ਼ਮ ਨੇ ਇਕ ਨਹੀਂ ਬਲਕਿ ਆਪਣੇ ਲਾਇਸੈਂਸੀ ਪਿਸਤੌਲ ਨਾਲ ਪੰਜ ਗੋਲੀਆਂ ਚਲਾਈਆਂ, ਜਿਨ੍ਹਾਂ 'ਚੋਂ ਇਕ ਗੋਲੀ ਮਨਜੀਤ ਨੂੰ ਲੱਗੀ। ਇਸ ਦੌਰਾਨ ਵਿਚ-ਬਚਾਅ ਕਰਨ ਆਏ ਦਿੱਲੀ ਵਾਸੀ ਸੁਮਿਤ ਸੈਣੀ ਦੀ ਲੱਤ 'ਤੇ ਵੀ ਗੋਲੀ ਲੱਗੀ ਤੇ ਉਹ ਜਖਮੀ ਹੋ ਗਿਆ। ਜ਼ਿਕਰਯੋਗ ਹੈ ਕਿ ਸ਼ਹਿਰ ਦੇ ਪੁਲਿਸ ਕਮਿਸ਼ਨਰ ਦੀ ਕੋਠੀ ਇਸ ਸ਼ਾਪਿੰਗ ਮਾਲ ਦੇ ਬਿਲਕੁਲ ਨਾਲ ਲੱਗਦੀ ਹੈ ਅਤੇ ਹੋਰ ਪ੍ਰਮੁੱਖ ਪੁਲਿਸ ਅਧਿਕਾਰੀਆਂ ਦੀ ਕਾਲੋਨੀ ਵੀ ਉਥੇ ਹੀ ਹੈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਉਥੋਂ ਫਰਾਰ ਹੋ ਗਿਆ। ਪੁਲਿਸ ਨੇ ਇਸ ਮਾਮਲੇ 'ਚ ਮਨਜੀਤ ਦੀ ਪਤਨੀ ਰਣਦੀਪ ਕੌਰ ਦੀ ਸ਼ਿਕਾਇਤ 'ਤੇ ਪਿੰਡ ਸਾਹਿਬਆਣਾ ਦੇ ਵਸਨੀਕ ਜਸਵਿੰਦਰ ਸਿੰਘ ਉਰਫ ਬਿੰਦੀ ਤੇ ਬੁਲਾਰਾ ਵਾਸੀ ਜਗਦੀਪ ਸਿੰਘ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ।

# ਹਾਈਕਮਾਨ ਵੱਲੋਂ ਜਾਖੜ ਦਾ ਅਸਤੀਫਾ ਰੱਦ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਦਿੱਤਾ ਅਸਤੀਫੇ ਕਾਂਗਰਸ ਹਾਈਕਮਾਨ ਨੇ ਰੱਦ ਕਰ ਦਿੱਤਾ ਹੈ। ਪਾਰਟੀ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਵੱਲੋਂ ਇਹ ਰਸਮੀ ਐਲਾਨ ਕੀਤਾ ਗਿਆ ਹੈ ਤੇ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਰਟੀ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ।

ਸ੍ਰੀ ਜਾਖੜ ਨੇ ਸੰਸਦੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਸੀ। ਕਾਂਗਰਸ ਦੀ ਕਾਰਜਕਾਰੀ ਪ੍ਰਧਾਨ ਸੋਨੀਆ ਗਾਂਧੀ ਨੇ ਪਿਛਲੇ ਦਿਨਾਂ ਦੌਰਾਨ ਪੰਜਾਬ ਦੇ ਇਸ ਆਗੂ ਨੂੰ ਸੂਬੇ ਦੇ ਪ੍ਰਧਾਨ ਵਜੋਂ ਕੰਮ ਕਰਨ ਦੀ ਹਦਾਇਤ ਕੀਤੀ ਸੀ ਤੇ ਹੁਣ ਰਸਮੀ ਐਲਾਨ ਕਰ ਦਿੱਤਾ ਗਿਆ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਨੇ ਸੋਨੀਆ ਗਾਂਧੀ ਨਾਲ ਦਿੱਲੀ ਵਿਚ ਮੁਲਾਕਾਤ ਵੀ ਕੀਤੀ ਸੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸ੍ਰੀ ਜਾਖੜ ਦੀ ਅਗਵਾਈ 'ਚ ਪੰਜਾਬ ਕਾਂਗਰਸ ਨੇ ਭਾਜਪਾ ਪੱਖੀ ਲਹਿਰ ਦੇ ਬਾਵਜੂਦ



ਬਹੁਤ ਵਧੀਆ ਕਾਰਗੁਜ਼ਾਰੀ ਦਿਖਾਈ ਸੀ ਅਤੇ ਸੂਬਾਈ ਕਾਂਗਰਸ ਨੂੰ ਪੰਜਾਬ ਵਿਚ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਉਨ੍ਹਾਂ ਦੀ ਅਗਵਾਈ ਦੀ ਲੋੜ ਹੈ।

# ਸੈਣੀ ਤੇ ਬੈਂਸ ਸਿਟੀ ਸੈਂਟਰ ਘੁਟਾਲਾ ਮਾਮਲੇ 'ਚ ਹਾਈਕੋਰਟ ਪੁੱਜੇ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਲੁਧਿਆਣਾ ਦੀ ਵਿਸ਼ੇਸ਼ ਅਦਾਲਤ 'ਚ ਚਲਦੇ ਵਿਜੀਲੈਂਸ ਬਿਊਰੋ ਵੱਲੋਂ ਸਾਲ 2007 'ਚ ਦਰਜ ਭ੍ਰਿਸ਼ਟਾਚਾਰ ਆਦਿ ਦੇ ਸਿਟੀ



ਸੈਂਟਰ ਘਪਲੇ ਦੇ ਮਾਮਲੇ 'ਚ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਤੇ ਲੋਕ ਇਨਸਾਫ ਪਾਰਟੀ ਮੁਖੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਹਾਈਕੋਰਟ ਪਹੁੰਚ ਕੀਤੀ ਹੈ। ਇਸ ਮਾਮਲੇ 'ਚ ਬੈਂਸ ਵੱਲੋਂ ਪਹਿਲਾਂ ਹੀ ਹਾਈਕੋਰਟ ਪਹੁੰਚ ਕੀਤੀ ਹੋਈ ਹੈ, ਪਰ ਹੁਣ ਇਕ ਨਵੀਂ ਅਰਜ਼ੀ ਦਾਖਲ ਕਰਕੇ ਮੰਗ ਕੀਤੀ ਹੈ ਕਿ ਉਕਤ ਕਥਿਤ ਘਪਲੇ 'ਚ ਲੁਧਿਆਣਾ ਅਦਾਲਤ 'ਚ ਚੱਲ ਰਹੀ ਕਾਰਵਾਈ 'ਤੇ ਰੋਕ ਲਗਾਈ ਜਾਵੇ।

ਇਸੇ ਮਾਮਲੇ ਵਿਚ ਸੁਮੇਧ ਸਿੰਘ ਸੈਣੀ ਨੇ ਵੀ ਵੱਖਰੀ ਅਰਜ਼ੀ ਦਾਖਲ ਕੀਤੀ ਹੈ ਤੇ ਹਾਈਕੋਰਟ 'ਚ ਮੁੱਖ ਮਾਮਲੇ ਵਿਚ ਸੁਣਵਾਈ 19 ਸਤੰਬਰ ਨੂੰ ਹੋਣੀ ਹੈ। ਸੈਣੀ ਅਤੇ ਬੈਂਸ ਦੀ ਅਰਜ਼ੀਆਂ 'ਤੇ ਵੀ ਹਾਈਕੋਰਟ ਵੱਲੋਂ 19 ਸਤੰਬਰ ਨੂੰ ਹੀ ਸੁਣਵਾਈ ਕੀਤੀ ਜਾਵੇਗੀ।

# ਨੌਜਵਾਨਾਂ ਨੂੰ ਦੀਵਾਲੀ ਮੌਕੇ ਸਮਾਰਟ ਫੋਨ ਵੰਡੇਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੀਵਾਲੀ ਮੌਕੇ ਨੌਜਵਾਨਾਂ ਨੂੰ ਮੁਫਤ ਸਮਾਰਟ ਫੋਨ ਵੰਡਣ ਬਾਰੇ ਆਪਣਾ ਵਾਅਦਾ ਪੂਰਾ ਕਰੇਗੀ। ਪੰਜਾਬ ਦੇ ਵਿੱਤ



ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਸੂਬੇ ਦੇ ਨੌਜਵਾਨਾਂ ਨੂੰ ਦੀਵਾਲੀ ਮੌਕੇ ਸਮਾਰਟ ਫੋਨ ਦੇ ਦਿੱਤੇ ਜਾਣਗੇ ਤੇ ਇਸ ਵਾਸਤੇ ਵਿੱਤ ਵਿਭਾਗ ਨੇ 130 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ।

ਸ. ਬਾਦਲ ਨੇ ਕਿਹਾ ਕਿ ਕਾਂਗਰਸ ਨੇ ਚੋਣ ਮੈਨੀਫੈਸਟੋ ਵਿਚ ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਦਾ ਵਾਅਦਾ ਕੀਤਾ ਸੀ ਤੇ ਇਹ ਵਾਅਦਾ ਪੂਰਾ ਕਰਨ ਲਈ ਪੈਸੇ ਜਾਰੀ ਕਰ ਦਿੱਤੇ ਹਨ ਤੇ ਟੈਂਡਰ ਮੰਗ ਲਏ ਗਏ ਹਨ। ਦੀਵਾਲੀ ਮੌਕੇ ਸੂਬੇ ਦੇ ਨੌਜਵਾਨਾਂ ਨੂੰ ਫੋਨ ਦੇ ਦਿੱਤੇ ਜਾਣਗੇ।

ਦੇਸ਼ ਦੀ ਮੌਜੂਦਾ ਹਾਲਤ 'ਤੇ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਿਸ ਰਸਤੇ ਜਾ ਰਹੀ ਹੈ, ਉਸ ਨਾਲ ਦੇਸ਼ ਕਮਜ਼ੋਰ ਹੋ ਜਾਵੇਗਾ। ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਨੇ ਕਿਹਾ ਕਿ ਸਾਡਾ ਦੇਸ਼ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਚੱਲਣ ਵਾਲਾ ਦੇਸ਼ ਹੈ ਪਰ ਅਜੋਕੇ ਸਮੇਂ ਵਿਚ ਅਜਿਹਾ ਨਹੀਂ ਹੋ ਰਿਹਾ। ਇਸ ਕਰਕੇ ਆਉਣ ਵਾਲੇ ਸਮੇਂ ਵਿਚ ਮੁਸ਼ਕਲਾਂ ਵਧਣਗੀਆਂ। ਇਸ ਲਈ ਪਿਛਲੱਗ ਬਣਨ ਦੀ ਥਾਂ ਸਿਧਾਂਤਾਂ 'ਤੇ ਚੱਲਣ ਦੀ ਰਾਜਨੀਤੀ ਦੀ ਲੋੜ ਹੈ।

# ਚੰਡੀਗੜ੍ਹ ਪੁਲਿਸ ਦੀ ਇੰਸਪੈਕਟਰ ਸਣੇ ਪੰਜ ਨੂੰ ਯੂ.ਐਨ. ਮੈਡਲ

**ਨਵੀਂ ਦਿੱਲੀ:** ਸੰਯੁਕਤ ਰਾਸ਼ਟਰ ਨੇ ਦੱਖਣੀ ਸੂਡਾਨ ਵਿਚ ਵਿਸ਼ਵ ਪੱਧਰੀ ਸੰਸਥਾ ਦੇ ਮਿਸ਼ਨ ਵਿਚ ਵਧੀਆ ਸੇਵਾਵਾਂ ਦੇਣ ਲਈ ਚੰਡੀਗੜ੍ਹ ਪੁਲਿਸ ਦੀ ਮਹਿਲਾ ਅਧਿਕਾਰੀ ਇੰਸਪੈਕਟਰ ਰੀਨਾ ਯਾਦਵ ਸਣੇ ਪੰਜ ਭਾਰਤੀ ਮਹਿਲਾ ਪੁਲਿਸ ਅਧਿਕਾਰੀਆਂ ਨੂੰ ਸਨਮਾਨਿਤ ਕੀਤਾ ਹੈ। ਸੰਯੁਕਤ ਰਾਸ਼ਟਰ ਮੈਡਲ ਨਾਲ ਸਨਮਾਨਿਤ ਕੀਤੀਆਂ ਗਈਆਂ ਹੋਰਨਾਂ ਮਹਿਲਾ ਪੁਲਿਸ ਅਧਿਕਾਰੀਆਂ ਵਿਚ ਮਹਾਰਾਸ਼ਟਰ ਪੁਲਿਸ ਦੀ ਡੀ.ਐਸ.ਪੀ. ਗੋਪਿਕਾ ਜਹਾਂਗੀਰਦਾਰ, ਗ੍ਰਹਿ ਮੰਤਰਾਲੇ 'ਚ ਡੀ.ਐਸ.ਪੀ. ਭਾਰਤੀ ਸਾਮੰਤਰੇ, ਗ੍ਰਹਿ ਮੰਤਰਾਲੇ ਵਿਚ ਇੰਸਪੈਕਟਰ ਰਾਗਿਨੀ ਕੁਮਾਰੀ ਅਤੇ ਰਾਜਸਥਾਨ ਪੁਲਿਸ ਦੀ ਏ.ਐਸ.ਪੀ. ਕਮਲ ਸ਼ੇਖਾਵਤ ਸ਼ਾਮਲ ਹਨ।

ਗ੍ਰਹਿ ਮੰਤਰਾਲੇ ਦੇ ਅਧਿਕਾਰੀ ਨੇ ਦੱਸਿਆ ਕਿ ਭਾਰਤੀ ਮਹਿਲਾ ਪੁਲਿਸ ਅਧਿਕਾਰੀਆਂ ਨੂੰ ਦੱਖਣੀ ਸੂਡਾਨ ਦੇ ਜੂਬਾ ਵਿਚ ਸੰਯੁਕਤ ਰਾਸ਼ਟਰ ਮਿਸ਼ਨ 'ਚ ਮੈਡਲ ਪਰੇਡ 'ਚ ਸੰਯੁਕਤ ਰਾਸ਼ਟਰ ਤਗਮੇ ਦਿੱਤੇ ਗਏ। ਸੰਯੁਕਤ ਰਾਸ਼ਟਰ ਨੇ ਗੜਬੜ ਵਾਲੇ ਦੱਖਣੀ ਸੂਡਾਨ ਵਿਚ ਨਾਗਰਿਕਾਂ ਦੀ ਰੱਖਿਆ ਕਰਨ ਦੇ ਉਸ ਦੇ ਆਦੇਸ਼ ਨੂੰ ਬਰਕਰਾਰ ਰੱਖਣ ਲਈ ਇਨ੍ਹਾਂ ਮਹਿਲਾ ਪੁਲਿਸ ਅਧਿਕਾਰੀਆਂ ਦਾ ਸਨਮਾਨ ਕੀਤਾ। ਇਹ ਮਹਿਲਾ ਪੁਲਿਸ ਅਧਿਕਾਰੀ ਉਥੇ ਆਮ ਲੋਕਾਂ ਵਿਚ ਵਿਚਰਨ ਤੋਂ ਇਲਾਵਾ ਉਥੋਂ ਦੇ ਅਧਿਕਾਰੀਆਂ ਨੂੰ ਪ੍ਰਸ਼ਾਸਕੀ ਤੇ ਅਪ੍ਰੇਸ਼ਨਲ ਸਹਿਯੋਗ ਵੀ ਦੇ ਰਹੀਆਂ ਹਨ।

# ਮਨੁੱਖੀ ਸੋਚ ਦਾ ਅਸਰ

***ਮਨੁੱਖ ਦਾ ਆਲਾ-ਦੁਆਲਾ ਉਸ ਦੀ ਸੋਚ ਉਤੇ ਅਸਰ-ਅੰਦਾਜ਼ ਹੁੰਦਾ ਹੈ ਅਤੇ ਉਸ ਦੀ ਸ਼ਖਸੀਅਤ ਦਾ ਹਿੱਸਾ ਹੋ ਨਿਬੜਦਾ ਹੈ। ਇਹ ਸੋਚ ਕਿਸ ਤਰ੍ਹਾਂ ਕਿਸੇ ਲਈ ਬਾਗੀਂ ਖਿੜੀ ਬਹਾਰ ਅਤੇ ਕਿਸੇ ਲਈ ਪਤਝੜ ਬਣ ਜਾਂਦੀ ਹੈ, ਇਸ ਦਾ ਵਿਸਥਾਰ ਸਹਿਤ ਖੁਲਾਸਾ ਨਰਿੰਦਰ ਸਿੰਘ ਢਿੱਲੋਂ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। ਉਨ੍ਹਾਂ ਮਨੁੱਖੀ ਸੋਚ ਦੇ ਦੋ ਪਹਿਲੂਆਂ, ਹਾਂ-ਪੱਖੀ ਤੇ ਨਾਂਹ ਪੱਖੀ ਬਾਰੇ ਕੁਝ ਜ਼ਰੂਰੀ ਨੁਕਤੇ ਸਾਂਝੇ ਕੀਤੇ ਹਨ। -ਸੰਪਾਦਕ***

ਕੁਦਰਤ ਦਾ ਨਿਯਮ ਹੈ ਕਿ ਇਸ ਦੁਨੀਆਂ ਵਿਚ ਜਿਸ ਮਨੁੱਖ, ਪੌਦੇ, ਦਰਖਤ ਜਾਂ ਜੀਵ ਜੰਤੂ ਨੇ ਵੀ ਜਨਮ ਲਿਆ ਹੈ, ਉਸ ਨੇ ਇਕ ਦਿਨ ਮਰਨਾ ਹੀ ਹੈ। ਹਰ ਚੀਜ਼, ਜੋ ਪੈਦਾ ਹੁੰਦੀ ਹੈ, ਉਹ ਬਚਪਨ ਤੋਂ ਭਰ ਜੁਆਨੀ ਤੱਕ ਜਾ ਕੇ ਮੁੜ ਢਾਹੂ ਪਾਸੇ ਵੱਲ ਜਾਂਦੀ ਹੈ ਤੇ ਅਖੀਰ ਉਸ ਦਾ ਖਾਤਮਾ ਹੋ ਜਾਂਦਾ ਹੈ। ਇਸ ਖਾਤਮੇ ਦਾ ਮਨੁੱਖ ਵੀ ਸ਼ਿਕਾਰ ਹੁੰਦਾ ਆ ਰਿਹਾ ਹੈ ਤੇ ਅਗਾਂਹ ਵੀ ਹੁੰਦਾ ਰਹੇਗਾ। ਇਸ ਵਾਸਤੇ ਮਨੁੱਖ ਨੂੰ ਜਿਉਂਦੇ ਜੀਅ ਪ੍ਰਾਪਤ ਸਾਧਨਾਂ ਦੀ ਵਰਤੋਂ ਕਰਕੇ ਜਿਥੇ ਜ਼ਿੰਦਗੀ ਬਿਤਾਉਣੀ ਜ਼ਰੂਰੀ ਹੈ, ਉਥੇ ਜ਼ਿੰਦਗੀ ਨੂੰ ਹੋਰ ਚੰਗਾ ਬਣਾਉਣ ਲਈ ਜਿਸ ਚੀਜ਼ ਦੀ ਲੋੜ ਹੈ, ਉਹ ਹਾਂ-ਪੱਖੀ ਸੋਚ ਹੈ। ਜਿਸ ਮਨੁੱਖ ਕੋਲ ਭਾਵੇਂ ਜ਼ਿੰਦਗੀ ਦੀਆਂ ਸੱਭੇ ਸਹੂਲਤਾਂ ਹੋਣ, ਜੇ ਉਸ ਦੀ ਸੋਚ ਨਾਂਹ-ਪੱਖੀ ਹੈ ਤਾਂ ਉਹ ਮਾਯੂਸ ਹੀ ਰਹੇਗਾ, ਦੁਖੀ ਹੀ ਰਹੇਗਾ ਅਤੇ ਆਪਣੇ ਪਰਿਵਾਰ, ਰਿਸ਼ਤੇਦਾਰਾਂ ਤੇ ਦੋਸਤਾਂ-ਮਿੱਤਰਾਂ ਨੂੰ ਵੀ ਦੁਖੀ ਕਰਦਾ ਰਹੇਗਾ। ਹਾਂ-ਪੱਖੀ ਸੋਚ ਰੱਖਣ ਵਾਲੇ ਲੋਕ ਕਦੇ ਵੀ ਡਿਪਰੈਸ਼ਨ ਯਾਨਿ ਉਦਾਸੀਨਤਾ ਦੇ ਸ਼ਿਕਾਰ ਨਹੀਂ ਹੁੰਦੇ।

**ਨਰਿੰਦਰ ਸਿੰਘ ਢਿਲੋਂ**
**ਫੋਨ: 403-616-4032**

ਮਨੁੱਖ ਨੂੰ ਆਪਣੇ ਆਪ ਅੰਦਰ ਝਾਤੀ ਮਾਰਦੇ ਰਹਿਣਾ ਚਾਹੀਦਾ ਹੈ ਤਾਂ ਹੀ ਉਹ ਆਪਣੀ ਸੋਚ ਨੂੰ ਦਰੁਸਤ ਕਰ ਸਕਦਾ ਹੈ। ਮਨੁੱਖ ਦਾ ਮਾਨਸਿਕ ਕੱਦ (Altitude) ਉਸ ਦੇ ਮਾਨਸਿਕ ਵਿਹਾਰ (Attitude) ਅਨੁਸਾਰ ਹੀ ਹੁੰਦਾ ਹੈ। ਮਨੁੱਖ ਦੇ ਵਿਹਾਰ ਤੋਂ ਹੀ ਉਸ ਦੇ ਅਸੂਲ, ਚਰਿੱਤਰ ਅਤੇ ਨੈਤਿਕ ਗੁਣਾਂ ਦਾ ਪਤਾ ਲਗਦਾ ਹੈ। ਬੇਅਸੂਲਾ, ਚਰਿੱਤਰ ਦਾ ਮਾੜਾ ਅਤੇ ਅਨੈਤਿਕਤਾ ਦਾ ਭਰਿਆ ਇਨਸਾਨ ਸਹੀ ਸੋਚ ਦਾ ਮਾਲਕ ਨਹੀਂ ਹੋ ਸਕਦਾ। ਅਸਲ ਵਿਚ ਮਨੁੱਖ ਉਚਾ ਆਪਣੀ ਹਾਂ-ਪੱਖੀ ਸੋਚ ਜਾਂ ਗੁਣਾਂ ਕਰਕੇ ਹੁੰਦਾ ਹੈ। ਬਿਲਕੁਲ ਉਵੇਂ ਹੀ, ਜਿਵੇਂ ਗੁਬਾਰਾ ਭਾਵੇਂ ਕਾਲਾ ਹੋਵੇ ਭਾਵੇਂ ਲਾਲ, ਉਹ ਉਚਾ ਅੰਦਰ ਭਰੀ ਗੈਸ ਕਰਕੇ ਹੁੰਦਾ ਹੈ, ਆਪਣੇ ਰੰਗ ਕਰਕੇ ਨਹੀਂ। ਜੇ ਲਾਲ ਰੰਗ ਦੇ ਗੁਬਾਰੇ ਅੰਦਰ ਆਮ ਹਵਾ ਭਰ ਦਿੱਤੀ ਜਾਵੇ ਤਾਂ ਉਹ ਉਚਾ ਨਹੀਂ ਉਡੇਗਾ, ਕਿਉਂਕਿ ਉਸ ਅੰਦਰ ਭਰੀ ਹਵਾ ਵਿਚ ਉਚਾ ਉਡਾਉਣ ਵਾਲੇ ਗੁਣ ਨਹੀਂ ਹਨ। ਸੋ, ਮਨੁੱਖ ਧਨ ਦੌਲਤ ਕਰਕੇ ਨਹੀਂ, ਸੋਚ ਕਰਕੇ ਉਚਾ ਹੁੰਦਾ ਹੈ। ਇਹ ਸੋਚ ਹਾਂ-ਪੱਖੀ ਸੋਚ ਹੀ ਹੈ।

ਮਨੁੱਖ ਕੁਦਰਤ ਦੀ ਬਿਹਤਰੀਨ ਪੈਦਾਵਾਰ ਹੈ। ਮਨੁੱਖ ਨੇ ਭਾਵੇਂ ਮਿਹਨਤ ਕਰਕੇ ਹੈਰਾਨਕੁਨ ਕਾਢਾਂ ਕੱਢੀਆਂ ਹਨ, ਕੰਪਿਊਟਰ ਅਤੇ ਹੋਰ ਕਈ ਤਰ੍ਹਾਂ ਦੀ ਮਸ਼ੀਨਰੀ ਤਿਆਰ ਕਰ ਲਈ ਹੈ, ਪਰ ਸੁਪਰੀਮ ਮਨੁੱਖ ਹੀ ਹੈ। ਮਨੁੱਖਤਾ ਦੀ ਰਾਖੀ ਕਰਨਾ ਤੇ ਮਸ਼ੀਨਰੀ ਨੂੰ ਮਨੁੱਖਤਾ ਦੇ ਹਿੱਤ ਵਿਚ ਵਰਤਣਾ ਮਨੁੱਖ ਦੀ ਹੀ ਜ਼ਿੰਮੇਵਾਰੀ ਹੈ। ਇਹ ਪਵਿੱਤਰ ਕਾਰਜ ਸੁਹਿਰਦ ਸੋਚ ਵਾਲੇ ਮਨੁੱਖ ਹੀ ਕਰ ਸਕਦੇ ਹਨ, ਨਾਂਹ-ਪੱਖੀ ਸੋਚ ਵਾਲੇ ਨਹੀਂ।

ਮੈਂ ਉਨ੍ਹਾਂ ਲੋਕਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ, ਜੋ ਇਹ ਸਮਝਦੇ ਹਨ ਕਿ ਹਾਂ-ਪੱਖੀ ਜਾਂ ਉਸਾਰੂ ਸੋਚ ਮਨੁੱਖ ਨੂੰ ਜਮਾਂਦਰੂ ਹੀ ਪ੍ਰਾਪਤ ਹੁੰਦੀ ਹੈ। ਅਸਲ ਵਿਚ ਨਾਂਹ-ਪੱਖੀ ਸੋਚ ਵਾਲੇ ਲੋਕ ਆਪਣੇ ਦਿਮਾਗ ਨੂੰ ਸਹੀ ਪਾਸੇ ਲਾਉਣ ਦਾ ਯਤਨ ਹੀ ਨਹੀਂ ਕਰਦੇ। ਉਹ ਸਮਝਦੇ ਹਨ ਕਿ ਸਭ ਤੋਂ ਵੱਧ ਅਕਲ ਉਨ੍ਹਾਂ ਨੂੰ ਹੀ ਹੈ। ਜੋ ਵਿਅਕਤੀ ਉਨ੍ਹਾਂ ਦੇ ਵਿਚਾਰ ਨਾਲ ਸਹਿਮਤ ਨਹੀਂ ਹੁੰਦਾ, ਉਸ ਪ੍ਰਤੀ ਉਨ੍ਹਾਂ ਅੰਦਰ ਗੁੱਸਾ, ਖਿਝ ਅਤੇ ਸਾੜਾ ਉਬਾਲੇ ਮਾਰਦਾ ਰਹਿੰਦਾ ਹੈ।

ਨਾਂਹ-ਪੱਖੀ ਸੋਚ ਵਾਲਾ ਵਿਅਕਤੀ ਮਿਹਨਤ ਕਰਕੇ ਅੱਗੇ ਵਧ ਰਹੇ ਲੋਕਾਂ ਨੂੰ ਸ਼ਾਬਾਸ਼ ਨਹੀਂ ਕਹਿ ਸਕਦਾ, ਸਗੋਂ ਉਨ੍ਹਾਂ ਨੂੰ ਦੇਖ ਕੇ ਦੁਖੀ ਹੁੰਦਾ ਹੈ। ਹਾਂ-ਪੱਖੀ ਸੋਚ ਵਾਲਾ ਵਿਅਕਤੀ ਅੱਗੇ ਵਧ ਰਹੇ ਲੋਕਾਂ ਨੂੰ ਹੱਲਾਸ਼ੇਰੀ ਦਿੰਦਾ ਹੈ ਅਤੇ ਲੋੜ ਪੈਣ 'ਤੇ ਮਦਦ ਵੀ ਕਰਦਾ ਹੈ। ਢਾਹੂ ਸੋਚ ਮਨੁੱਖ ਦੇ ਪੈਰਾਂ ਨੂੰ ਪੈਰ-ਪੈਰ 'ਤੇ ਖਿੱਚਦੀ ਹੈ, ਮਨੁੱਖ ਨੂੰ ਮਨੁੱਖੀ ਗੁਣਾਂ ਤੋਂ ਦੂਰ ਲੈ ਜਾਂਦੀ ਹੈ ਅਤੇ ਉਸ ਦੇ ਦੁੱਖਾਂ ਵਿਚ ਦਿਨ ਪ੍ਰਤੀ ਦਿਨ ਵਾਧਾ ਕਰਦੀ ਹੈ। ਇਸ ਸੋਚ ਤੋਂ ਹੀ ਸੰਕੀਰਨਤਾ ਜਨਮ ਲੈਂਦੀ ਹੈ, ਜਿਸ ਕਰਕੇ ਘਰਾਂ, ਗੁਆਂਢੀਆਂ ਜਾਂ ਸਮਾਜ ਦੇ ਕਈ ਹੋਰ ਲੋਕਾਂ ਨਾਲ ਵਿਵਾਦ ਪੈਦਾ ਹੁੰਦੇ ਹਨ। ਇਸ ਨਾਲ ਇਕ ਦੂਜੇ ਨੂੰ ਬਰਦਾਸ਼ਤ ਨਾ ਕਰਨ ਦਾ ਰੁਝਾਨ ਵੀ ਪੈਦਾ ਹੁੰਦਾ ਹੈ।

ਉਸਾਰੂ ਸੋਚ ਲਈ ਕਿਸੇ ਵਿਸ਼ੇਸ਼ ਪਹਿਰਾਵੇ ਦੀ ਲੋੜ ਨਹੀਂ ਹੁੰਦੀ। ਸਾਧਾਂ ਵਾਲੇ ਚੋਲੇ ਵਿਚ ਢਾਹੂ ਸੋਚ ਦਾ ਮਾਲਕ ਕੋਈ ਚੋਰ ਵੀ ਹੋ ਸਕਦਾ ਹੈ ਅਤੇ ਪੈਂਟ-ਕੋਟ ਵਿਚ ਉਸਾਰੂ ਸੋਚ ਵਾਲਾ ਵਿਅਕਤੀ ਸਾਧੂ ਸੁਭਾਅ ਵੀ ਹੋ ਸਕਦਾ ਹੈ।

ਫਰਾਂਸੀਸੀ ਫਿਲਾਸਫਰ ਬਲੇਜ ਪਾਸਕਲ ਨੇ ਕਈ ਸਾਲ ਲੋਕਾਂ ਨੂੰ ਕਾਇਲ ਕਰਨ ਦਾ ਯਤਨ ਕੀਤਾ ਕਿ ਉਸਾਰੂ ਸੋਚ ਰੱਖ ਕੇ ਮਨੁੱਖ ਚੰਗਾ ਇਨਸਾਨ ਬਣ ਸਕਦਾ ਹੈ। ਇਕ ਵਿਅਕਤੀ ਨੇ ਉਸ ਨੂੰ ਕਿਹਾ, "ਜੇ ਮੇਰੇ ਕੋਲ ਵੀ ਤੁਹਾਡੇ ਵਰਗਾ ਦਿਮਾਗ ਹੁੰਦਾ ਤਾਂ ਮੈਂ ਵੀ ਚੰਗਾ ਇਨਸਾਨ ਬਣ ਸਕਦਾ ਸੀ।" ਸੁਣ ਕੇ ਪਾਸਕਲ ਨੇ ਮੁਸਕਰਾ ਕੇ ਕਿਹਾ, "ਤੂੰ ਆਪਣੇ ਅੰਦਰੋਂ ਨਾਂਹ-ਪੱਖੀ ਸੋਚ ਕੱਢ ਦੇਹ ਅਤੇ ਚੰਗਾ ਇਨਸਾਨ ਬਣ ਜਾਹ, ਦਿਮਾਗ ਆਪੇ ਮੇਰੇ ਦਿਮਾਗ ਵਰਗਾ ਹੋ ਜਾਵੇਗਾ।" ਜਿਵੇਂ ਵੱਡੀ ਇਮਾਰਤ ਬਣਾਉਣ ਲਈ ਮਜ਼ਬੂਤ ਨੀਂਹ ਦੀ ਲੋੜ ਹੁੰਦੀ ਹੈ, ਉਵੇਂ ਹੀ ਵੱਡਾ ਮਨੁੱਖ ਬਣਨ ਲਈ ਉਸਾਰੂ ਸੋਚ ਮਨੁੱਖ ਦੀ ਨੀਂਹ ਹੈ।

ਹਾਂ-ਪੱਖੀ ਸੋਚ ਨਾਲ ਮਨੁੱਖ ਅੰਦਰ ਦਲੇਰੀ ਅਤੇ ਨਾਂਹ-ਪੱਖੀ ਸੋਚ ਨਾਲ ਘਬਰਾਹਟ ਪੈਦਾ ਹੁੰਦੀ ਹੈ। ਦਲੇਰੀ ਅਸੰਭਵ ਕੰਮ ਨੂੰ ਵੀ ਸੰਭਵ ਅਤੇ ਘਬਰਾਹਟ ਸੰਭਵ ਨੂੰ ਵੀ ਅਸੰਭਵ ਬਣਾ ਦਿੰਦੀ ਹੈ। ਹਾਂ-ਪੱਖੀ ਸੋਚ ਮਨੁੱਖਾਂ ਅੰਦਰ ਸਾਫ-ਸੁਥਰਾ ਵਾਤਾਵਰਣ ਪੈਦਾ ਕਰਦੀ ਹੈ ਜਦਕਿ ਨਾਂਹ-ਪੱਖੀ ਸੋਚ ਵਾਤਾਵਰਣ ਨੂੰ ਗੰਧਲਾ ਕਰਦੀ ਹੈ। ਜਿਸ ਘਰ, ਦਫਤਰ, ਬੋਰਡ ਜਾਂ ਕੰਪਨੀ ਦਾ ਮਨੁੱਖੀ ਉਸਾਰੂ, ਭਾਵ ਹਾਂ-ਪੱਖੀ ਸੋਚ ਦਾ ਮਾਲਕ ਹੋਵੇਗਾ, ਉਥੇ ਹੇਠਲਾ ਸਟਾਫ ਸਹਿਯੋਗੀ ਵਤੀਰੇ ਵਾਲਾ ਹੋਵੇਗਾ ਅਤੇ ਕੰਮ ਵੀ ਵੱਧ ਅਤੇ ਵਧੀਆ ਹੋਵੇਗਾ, ਆਪਸੀ ਵਿਵਾਦ ਵੀ ਨਹੀਂ ਹੋਵੇਗਾ, ਲੇਕਿਨ ਢਾਹੂ ਸੋਚ ਵਾਲਾ ਮੁਖੀ ਆਪਣੇ ਘਰ, ਦਫਤਰ ਆਦਿ ਵਿਚ ਆਪ ਹੀ ਵਿਵਾਦ ਪੈਦਾ ਕਰ ਲੈਂਦਾ ਹੈ। ਇਹ ਬਿਲਕੁਲ ਉਸੇ ਤਰ੍ਹਾਂ ਹੈ, ਜਿਵੇਂ ਜੇ ਕਿਸੇ ਦੇਸ਼ ਦੇ ਹਾਕਮ ਇਮਾਨਦਾਰ ਹੋਣਗੇ, ਉਸ ਦੇਸ਼ ਦੇ ਲੋਕ ਵੀ ਇਮਾਨਦਾਰ ਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਹੋਣਗੇ ਅਤੇ ਜਿਸ ਦੇਸ਼ ਦੇ ਹਾਕਮ ਭ੍ਰਿਸ਼ਟ ਤੇ ਬੇਇਮਾਨ ਹੋਣਗੇ, ਉਸ ਦੇਸ਼ ਦੇ ਲੋਕ ਵੀ ਭ੍ਰਿਸ਼ਟ ਤੇ ਕਾਨੂੰਨ ਪ੍ਰਤੀ ਲਾਪ੍ਰਵਾਹ ਹੋਣਗੇ।

ਨਾਂਹ-ਪੱਖੀ ਸੋਚ ਵਾਲਾ ਵਿਅਕਤੀ ਖਿੜ-ਖਿੜਾ ਕੇ ਹੱਸਣ ਵਾਲਿਆਂ ਦਾ ਵੀ ਬੁਰਾ ਮਨਾਉਂਦਾ ਹੈ ਤੇ ਜੇ ਉਸ ਨੂੰ ਕੋਈ ਖੁਸ਼ ਹੋ ਕੇ ਮਿਲਦਾ ਹੈ ਤਾਂ ਇਸ ਦਾ ਬੁਰਾ ਮਨਾਉਂਦਾ ਹੈ। ਉਹ ਹਮੇਸ਼ਾ ਆਪਣੀਆਂ ਮੁਸ਼ਕਿਲਾਂ ਦੀ ਹੀ ਗੱਲ ਕਰਦਾ ਹੈ। ਆਪਣੀਆਂ ਮੁਸ਼ਕਿਲਾਂ ਲਈ ਦੂਜਿਆਂ 'ਤੇ ਸ਼ੱਕ ਕਰਦਾ ਹੈ। ਉਸ ਵਿਚ ਮਿਲਾਪੜਾਪਨ ਬਹੁਤ ਘੱਟ ਹੁੰਦਾ ਹੈ ਅਤੇ ਘਰ ਆਏ ਪ੍ਰਾਹੁਣੇ ਨੂੰ ਪਾਣੀ ਦਾ ਘੁੱਟ ਪਿਆਉਣ ਵਿਚ ਵੀ ਔਖ ਮਹਿਸੂਸ ਕਰਦਾ ਹੈ। ਇਹ ਸਮਝਦਿਆਂ ਵੀ ਕਿ ਸਖਤ ਮਿਹਨਤ ਨਾਲ ਹੀ ਪ੍ਰਾਪਤੀ ਹੁੰਦੀ ਹੈ, ਉਹ ਕਹਿੰਦਾ ਹੈ, "ਐਵੇਂ ਭੱਜ-ਭੱਜ ਕੇ ਮਰਨ ਨੂੰ ਮੈਂ ਠੀਕ ਨਹੀਂ ਸਮਝਦਾ।"

ਉਸਾਰੂ ਸੋਚ ਵਾਲਾ ਵਿਅਕਤੀ ਆਸ਼ਾਵਾਦੀ ਹੁੰਦਾ ਹੈ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਹੁੰਦਾ ਹੈ। ਉਹ ਹੋਰਨਾਂ ਦੀ ਸਫਲਤਾ 'ਤੇ ਖੁਸ਼ੀ ਪ੍ਰਗਟ ਕਰਦਾ ਹੈ। ਉਹ ਗਲਤੀਆਂ ਤੋਂ ਸਿੱਖਦਾ ਹੈ ਅਤੇ ਵਾਰ-ਵਾਰ ਉਹੀ ਗਲਤੀ ਨਹੀਂ ਕਰਦਾ। ਉਹ ਗਲਤੀਆਂ ਭੁਲਾ ਕੇ ਆਪਣਾ ਧਿਆਨ ਪ੍ਰਾਪਤੀਆਂ 'ਤੇ ਕੇਂਦਰਤ ਕਰਦਾ ਹੈ। ਇਸ ਸੋਚ ਵਾਲੇ ਲੋਕ ਹਿਰਦਾ ਵਿਸ਼ਾਲ ਰੱਖਦਿਆਂ ਸਵੈ-ਪੜਚੋਲ ਕਰਦੇ ਹਨ ਅਤੇ ਦੂਜਿਆਂ ਨਾਲ ਸਲੀਕੇ ਨਾਲ ਪੇਸ਼ ਆਉਂਦੇ ਹਨ। ਉਹ ਲੋਕਾਂ ਨਾਲ ਨਿਮਰ ਵਰਤਾਓ ਕਰਦੇ ਹਨ ਅਤੇ ਇਹ ਨਿਮਰਤਾ ਮਨੁੱਖ ਅੰਦਰ ਗੁੱਸਾ ਤੇ ਚਿੰਤਾ ਘੱਟ ਕਰਦੀ ਹੈ।

ਨਾਂਹ-ਪੱਖੀ ਸੋਚ ਵਾਲਾ ਬੰਦਾ ਰੋਜ਼ਾਨਾ ਕਾਰ-ਵਿਹਾਰ ਵਿਚ ਟਾਲ-ਮਟੋਲ ਕਰਨ ਦਾ ਵੱਧ ਸਹਾਰਾ ਲੈਂਦਾ ਹੈ। ਜੇ ਕਿਸੇ ਅਦਾਰੇ ਵਿਚ ਕੋਈ ਔਖਾ ਕੰਮ ਨਿਬੇੜ ਲਵੇ ਤਾਂ ਢਾਹੂ ਸੋਚ ਵਾਲਾ ਉਸ ਦੀ ਸਿਫਤ ਕਰਨ ਦੀ ਥਾਂ ਕਹੇਗਾ, "ਇਹ ਕਿਹੜਾ ਔਖਾ ਕੰਮ ਸੀ, ਇਹ ਤਾਂ ਮੈਂ ਵੀ ਕਰ ਸਕਦਾ ਸੀ।" ਐਸੇ ਸੁਭਾਅ ਵਾਲੇ ਅਫਸਰ ਆਪਣੇ ਹੇਠਲੇ ਮੁਲਾਜ਼ਮਾਂ ਬਾਰੇ ਇਹ ਸੋਚਦੇ ਹਨ, "ਇਹ ਮੈਨੂੰ ਅਫਸਰ ਨਹੀਂ ਸਮਝਦੇ, ਮੈਂ ਸਭ ਸਿੱਧੇ ਕਰ ਦਿਆਂਗਾ।" ਆਪਣੀ ਅਫਸਰੀ ਦੱਸਦੇ-ਦੱਸਦੇ ਉਹ ਆਪਣੇ ਸਹਿਯੋਗੀਆਂ ਨਾਲ ਝਗੜਾ ਕਰਦੇ ਰਹਿੰਦੇ ਹਨ। ਇਸ ਸੋਚ ਵਾਲੇ ਵਿਅਕਤੀ ਅੰਧ-ਵਿਸ਼ਵਾਸ ਦਾ ਵੀ ਸ਼ਿਕਾਰ ਹੁੰਦੇ ਹਨ। ਉਹ ਅਖੌਤੀ ਬਾਬਿਆਂ, ਤਾਂਤਰਿਕਾਂ ਅਤੇ ਜੋਤਿਸ਼ੀਆਂ ਪਿੱਛੇ ਲੱਗ ਕੇ ਧਨ ਅਤੇ ਮਨ ਦੀ ਹੀ ਨਹੀਂ, ਤਨ ਦੀ ਵੀ ਲੁੱਟ ਕਰਵਾਉਂਦੇ ਹਨ। ਨਾਂਹ-ਪੱਖੀ ਸੋਚ ਵਾਲਾ ਵਿਅਕਤੀ ਅਪ-ਸ਼ਬਦਾਂ ਦੀ ਵਰਤੋਂ ਮੁਕਾਬਲਤਨ ਵੱਧ ਕਰਦਾ ਹੈ, ਜਿਸ ਕਰਕੇ ਉਹ ਹੌਲੀ-ਹੌਲੀ ਲੋਕਾਂ ਵਿਚੋਂ ਸਤਿਕਾਰ ਗੁਆ ਕੇ ਨਿੱਖੜ ਜਾਂਦਾ ਹੈ। ਲੱਚਰ ਗੀਤ, ਘਟੀਆ ਫਿਲਮਾਂ ਅਤੇ ਟੀ. ਵੀ. ਸੀਰੀਅਲ ਨਾਂਹ-ਪੱਖੀ ਸੋਚ ਨੂੰ ਹੋਰ ਆਧਾਰ ਮੁਹੱਈਆ ਕਰਦੇ ਹਨ। ਇਹ ਉਸਾਰੂ ਸੋਚ ਤੇ ਹਮਲਾਵਰ ਰੁਖ ਅਖਤਿਆਰ ਕਰਦੇ ਹਨ ਅਤੇ ਦੂਜੇ ਲੋਕਾਂ ਦੇ ਮੁਕਾਬਲੇ ਨਸ਼ਿਆਂ ਦਾ ਵੱਧ ਸਹਾਰਾ ਲੈਂਦੇ ਹਨ।

ਮਨੁੱਖ ਨੂੰ ਦਿਨ ਦੀ ਸ਼ੁਰੂਆਤ ਚੰਗਾ ਬੋਲਣ, ਚੰਗਾ ਸੁਣਨ ਅਤੇ ਚੰਗਾ ਕੰਮ ਕਰਨ ਨਾਲ ਕਰਨੀ ਚਾਹੀਦੀ ਹੈ। ਉਂਜ, ਚੰਗਾ ਮਨੁੱਖ ਉਹ ਹੈ, ਜੋ ਚੰਗੇ ਕੰਮ ਕਰਦਾ ਹੈ; ਚੰਗੀ ਥਾਂ ਉਹ ਹੈ, ਜਿਥੇ ਚੰਗੇ ਕੰਮ ਹੁੰਦੇ ਹਨ ਅਤੇ ਚੰਗੀ ਵਸਤੂ ਉਹ ਹੈ, ਜਿਸ ਨੂੰ ਚੰਗੇ ਕੰਮ ਲਈ ਵਰਤਿਆ ਜਾਂਦਾ ਹੈ। ਇਹ ਪ੍ਰਕ੍ਰਿਆ ਚੰਗੀ ਸੋਚ ਨਾਲ ਹੀ ਮੁਕੰਮਲ ਹੋ ਸਕਦੀ ਹੈ। ਇਸੇ ਕਰਕੇ ਪੰਜਾਬੀ ਸਭਿਆਚਾਰ ਵਿਚ ਸ਼ਾਮ ਨੂੰ ਜਲਦੀ ਸੌਣ, ਸਵੇਰੇ ਜਲਦੀ ਉਠਣ ਤੇ ਇਸ਼ਨਾਨ ਕਰਨ ਅਤੇ ਆਪੋ-ਆਪਣੇ ਧਾਰਮਿਕ ਅਕੀਦਿਆਂ ਅਨੁਸਾਰ ਪੂਜਾ ਪਾਠ ਨੂੰ ਪਹਿਲ ਦਿੱਤੀ ਜਾਂਦੀ ਹੈ। ਇਸ ਨਾਲ ਮਨੁੱਖ ਦਾ ਮਾਨਸਿਕ ਤਣਾਅ ਘਟਦਾ ਹੈ, ਮਨੁੱਖ ਸੁਖ ਮਹਿਸੂਸ ਕਰਦਾ ਹੈ ਤੇ ਉਸ ਦੀ ਸੋਚ ਵਿਚ ਉਸਾਰੂ ਤਬਦੀਲੀ ਦੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ।

ਦੇਰ ਰਾਤ ਤੱਕ ਮਨੁੱਖੀ ਜ਼ਿੰਦਗੀ ਤੋਂ ਦੂਰ ਟੀ. ਵੀ. ਸੀਰੀਅਲ ਵੇਖਣੇ, ਲੱਚਰ ਗੀਤ ਸੁਣਨੇ ਅਤੇ ਫਿਲਮਾਂ ਦੇਖਣ ਦੀ ਆਦਤ ਘਟਾਉਣੀ ਚਾਹੀਦੀ ਹੈ। ਕਈ ਟੀ. ਵੀ. ਨਾਟਕਾਂ, ਫਿਲਮਾਂ ਜਾਂ ਹੋਰ ਪ੍ਰੋਗਰਾਮਾਂ ਵਿਚ ਨਸ਼ੇ, ਗੁੰਡਾਗਰਦੀ, ਵਿਆਹ ਤੋਂ ਪਹਿਲਾਂ ਅਤੇ ਪਿਛੋਂ ਨਾਜਾਇਜ਼ ਸਬੰਧ, ਕਤਲ ਅਤੇ ਮਾਰੂ ਹਥਿਆਰ ਵਿਖਾਏ ਜਾਂਦੇ ਹਨ। ਇਨ੍ਹਾਂ ਪ੍ਰੋਗਰਾਮਾਂ ਵਿਚ ਮਨੁੱਖ ਰਿਸ਼ਤਿਆਂ ਪ੍ਰਤੀ ਵਚਨਬੱਧਤਾ ਨੂੰ ਘੱਟ ਅਤੇ ਤਲਾਕ ਦੀ ਬਿਰਤੀ ਨੂੰ ਵੱਧ ਮਹੱਤਵ ਦਿੱਤਾ ਜਾਂਦਾ ਹੈ। ਅਜਿਹੇ ਪ੍ਰੋਗਰਾਮ ਸਮਾਜ ਵਿਚ ਮਨੁੱਖੀ ਜੀਵਨ ਦੇ ਅਨੰਦ ਦਾ ਅੰਤ ਕਰ ਦਿੰਦੇ ਹਨ। ਇਹ ਪ੍ਰੋਗਰਾਮ ਨੌਜਵਾਨਾਂ ਅਤੇ ਬੱਚਿਆਂ ਨੂੰ ਬਹੁਤ ਜਲਦੀ ਸ਼ਿਕਾਰ ਬਣਾਉਂਦੇ ਹਨ, ਔਰਤਾਂ ਦੇ ਰੁਤਬੇ ਨੂੰ ਮਨੁੱਖੀ ਪੱਧਰ ਤੋਂ ਵੀ ਹੇਠਾਂ ਡੇਗ ਦਿੰਦੇ ਹਨ ਅਤੇ ਸੈਕਸ ਅਤਿਆਚਾਰਾਂ ਵਿਚ ਵਾਧਾ ਕਰਦੇ ਮਨੁੱਖੀ ਸੋਚ ਨੂੰ ਉਲਟ ਦਿਸ਼ਾ ਵਿਚ ਘੁਮਾ ਕੇ ਅਫਰਾ-ਤਫਰੀ ਦਾ ਮਾਹੌਲ ਪੈਦਾ ਕਰਦੇ ਹਨ। ਇਸ ਵਰਤਾਰੇ ਦੇ ਸ਼ਿਕਾਰ ਲੋਕ ਆਪਣੇ ਪਰਿਵਾਰ ਜਾਂ ਸਮਾਜ ਵਿਚ ਘੱਟ ਹੀ ਫਿੱਟ ਬੈਠਦੇ ਹਨ।

ਨਾਂਹ-ਪੱਖੀ ਸੋਚ ਤੋਂ ਮਨੁੱਖ ਨੂੰ ਸਦਾ ਹੀ ਉਦਾਸੀਨਤਾ, ਕੁੜਿੱਤਣ, ਨਾਰਾਜ਼ਗੀ, ਉਦਾਸੀਨਤਾ ਅਤੇ ਇਕੱਲਾਪਣ ਹੀ ਪ੍ਰਾਪਤ ਹੁੰਦਾ ਹੈ, ਜਿਸ ਕਰਕੇ ਮਨੁੱਖ ਮਾਨਸਿਕ ਦਬਾਅ ਅਤੇ ਕਈ ਵਾਰ ਬੁਰੀ ਸਿਹਤ ਦਾ ਵੀ ਸ਼ਿਕਾਰ ਹੁੰਦਾ ਹੈ। ਉਸ ਕੋਲ ਗੱਲਬਾਤ ਵਿਚ ਲੋਕਾਂ ਨੂੰ ਪ੍ਰਭਾਵਤ ਕਰਨ ਦੀ ਕਲਾ ਨਹੀਂ ਹੁੰਦੀ ਤੇ ਇਸ ਕਲਾ ਵਾਲਿਆਂ ਨੂੰ ਉਹ ਚਲਾਕੀ ਸਮਝਦਾ ਹੈ। ਉਸ ਦੀ ਹਾਲਤ ਸ਼ੇਰ ਦੇ ਉਸ ਬੱਚੇ ਵਰਗੀ ਹੁੰਦੀ ਹੈ, ਜੋ ਗਲਤੀ ਨਾਲ ਜੰਮਦਿਆਂ ਹੀ ਗਊਆਂ ਦੇ ਵੱਗ ਵਿਚ ਰਲ ਗਿਆ ਸੀ ਅਤੇ ਆਪਣਾ ਕਿਰਦਾਰ ਭੁੱਲ ਕੇ ਸਾਰੀ ਉਮਰ ਮਾਸ ਦੀ ਥਾਂ ਘਾਹ ਹੀ ਖਾਂਦਾ ਰਿਹਾ ਤੇ ਗਊਆਂ ਦੇ ਵੱਗ ਵਿਚ ਹੀ ਉਸ ਦਾ ਅੰਤ ਹੋ ਗਿਆ।

ਦੁਨੀਆਂ ਵਿਚ ਹਰ ਮਨੁੱਖ ਦੀ ਆਪਣੀ ਹਸਤੀ ਅਤੇ ਸੁਭਾਅ ਹੈ, ਪਰ ਮਨੁੱਖ ਆਪਣੇ ਅੰਦਰ ਹਉਮੈ ਦੀ ਚਿਣਗ ਰੱਖ ਬੈਠਾ ਹੈ। ਹਾਂ-ਪੱਖੀ ਸੋਚ ਵਾਲੇ ਮਨੁੱਖ ਦੀ ਹਉਮੈ ਉਸ ਤੋਂ ਵੱਡੇ ਤੋਂ ਵੱਡੇ ਯਾਨਿ ਬਹਾਦਰੀ ਦੇ ਕੰਮ ਕਰਵਾ ਸਕਦੀ ਹੈ, ਪਰ ਨਾਂਹ-ਪੱਖੀ ਸੋਚ ਵਾਲਾ ਬੰਦਾ ਕੋਈ ਵੀ ਅਹਿਮ ਕੰਮ ਨਹੀਂ ਕਰ ਸਕਦਾ। ਇਸ ਹਉਮੈ ਦੀ ਤ੍ਰਿਪਤੀ ਮਨੁੱਖ ਅੰਦਰ ਸ਼ਕਤੀਸ਼ਾਲੀ ਖੁਰਾਕ ਦਾ ਕੰਮ ਕਰਦੀ ਹੈ, ਜਿਸ ਤੋਂ ਨਾਂਹ-ਪੱਖੀ ਸੋਚ ਵਾਲਾ ਬੰਦਾ ਖਾਲੀ ਰਹਿ ਜਾਂਦਾ ਹੈ।

ਹਾਂ-ਪੱਖੀ ਯਾਨਿ ਉਸਾਰੂ ਸੋਚ ਵਾਲਾ ਮਨੁੱਖ ਸਵੈਮਾਣ ਵਾਲਾ, ਖੁੱਲ੍ਹੇ ਦਿਲ ਵਾਲਾ, ਸਹਿਣਸ਼ੀਲ, ਪ੍ਰਸੰਨ ਅਤੇ ਦੂਜਿਆਂ ਦੇ ਕੰਮ ਆਉਣ ਵਾਲਾ ਹੁੰਦਾ ਹੈ, ਜਦਕਿ ਢਾਹੂ ਸੋਚ ਵਾਲਾ ਮਨੁੱਖ ਸਵੈ-ਕੇਂਦਰਤ ਤੇ ਘੁਮੰਡੀ ਆਚਾਰ-ਵਿਹਾਰ ਵਾਲਾ ਹੁੰਦਾ ਹੈ। ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਅਸੀਂ ਦੇਖਦੇ ਹਾਂ ਕਿ ਸੁਚੱਜੀ ਤੇ ਉਸਾਰੂ ਸੋਚ ਵਾਲੇ ਵੱਡੇ ਤੋਂ ਵੱਡੇ ਅਫਸਰ ਨੂੰ ਮਿਲਣਾ ਆਸਾਨ ਹੁੰਦਾ ਹੈ, ਜਦਕਿ ਨਾਂਹ-ਪੱਖੀ ਸੋਚ ਵਾਲੇ ਹੇਠਲੇ ਸਾਧਾਰਨ ਮੁਲਾਜ਼ਮ ਨੂੰ ਮਿਲਣਾ ਵੀ ਔਖਾ ਹੁੰਦਾ ਹੈ।

ਨਾਂਹ-ਪੱਖੀ ਸੋਚ ਨੂੰ ਹਾਂ-ਪੱਖੀ ਸੋਚ ਵਿਚ ਬਦਲਣ ਦੀ ਲੋੜ ਹੈ, ਜਿਸ ਵਾਸਤੇ ਮਨੁੱਖ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਸਮਾਜ ਦੇ ਦੂਸਰੇ ਲੋਕਾਂ ਨਾਲ ਮਿਲਵਰਤਣ ਕਰਨਾ ਚਾਹੀਦਾ ਹੈ। ਕੋਈ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਲੋੜ ਪੈਣ 'ਤੇ ਦੋਸਤਾਂ-ਮਿੱਤਰਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ, ਸੁਭਾਅ ਵਿਚ ਦਲੇਰੀ ਲਿਆਉਣੀ ਚਾਹੀਦੀ ਹੈ, ਦੂਜਿਆਂ ਦੀ ਕਾਮਯਾਬੀ 'ਤੇ ਖੁਸ਼ ਹੋਣਾ ਚਾਹੀਦਾ ਹੈ। ਕੰਮ ਆਉਣ ਵਾਲੇ ਦੋਸਤਾਂ-ਮਿੱਤਰਾਂ ਦਾ ਧੰਨਵਾਦ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਕੰਮ-ਕਾਰ ਵਿਚ ਟਾਲਮਟੋਲ ਨਹੀਂ ਕਰਨਾ ਚਾਹੀਦਾ ਅਤੇ ਪਰਿਵਾਰ ਤੇ ਦੋਸਤਾਂ-ਮਿੱਤਰਾਂ ਵਿਚ ਬੈਠ ਕੇ ਹਾਸੇ ਵਾਲੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ ਤੇ ਖਿੜ-ਖਿੜਾ ਕੇ ਹੱਸਣਾ ਚਾਹੀਦਾ ਹੈ। ਦੂਜਿਆਂ ਨਾਲ ਗੱਲਬਾਤ ਕਰਦੇ ਰਹਿਣਾ ਬਹੁਤ ਲਾਹੇਵੰਦ ਹੁੰਦਾ ਹੈ।

ਆਮ ਤੌਰ 'ਤੇ ਦੇਖਣ ਵਿਚ ਆਉਂਦਾ ਹੈ ਕਿ ਉਸਾਰੂ, ਭਾਵ ਹਾਂ-ਪੱਖੀ ਸੋਚ ਵਾਲਾ ਬੰਦਾ ਆਪਣੀ ਉਮਰ ਦੇ ਸਾਲ ਗਿਣ ਕੇ ਘਬਰਾਹਟ ਵਿਚ ਨਹੀਂ ਆਉਂਦਾ ਤੇ ਮੌਤ ਦਾ ਨਾਂ ਸੁਣ ਕੇ ਬਹੁਤੀ ਚਿੰਤਾ ਨਹੀਂ ਕਰਦਾ। ਉਹ ਇਹ ਵੀ ਨਹੀਂ ਕਹਿੰਦਾ ਕਿ ਮੇਰੀ ਉਮਰ ਹੁਣ ਬਹੁਤ ਹੋ ਗਈ ਹੈ। ਸਾਰੀ ਉਮਰ ਬਥੇਰਾ ਕੰਮ ਕੀਤਾ ਹੈ, ਮੈਨੂੰ ਹੁਣ ਆਰਾਮ ਕਰਨਾ ਚਾਹੀਦਾ ਹੈ। ਉਹ ਆਪਣੀ ਸਮਰਥਾ ਅਨੁਸਾਰ ਸਰੀਰ ਨੂੰ ਕਿਸੇ ਨਾ ਕਿਸੇ ਰੁਝੇਵੇਂ ਵਿਚ ਰੱਖਦਾ ਹੈ ਤੇ ਮੁਕਾਬਲਤਨ ਤੰਦਰੁਸਤ ਵੀ ਰਹਿੰਦਾ ਹੈ। ਐਸੀ ਸੋਚ ਵਾਲਾ ਵਿਅਕਤੀ ਜਿਥੇ ਗੱਲਬਾਤ ਸਲੀਕੇ ਨਾਲ ਕਰੇਗਾ, ਉਥੇ ਉਸ ਦੀ ਸਰੀਰਕ ਦਿੱਖ ਤੇ ਚਾਲ-ਢਾਲ ਚੁਸਤ-ਦਰੁਸਤ ਹੋਵੇਗੀ ਅਤੇ ਦੂਜੇ ਵਿਅਕਤੀ ਨਾਲ ਹੱਥ ਮਿਲਾਉਣ ਵਿਚ ਉਤਸ਼ਾਹ ਤੇ ਗਰਮਜੋਸ਼ੀ ਹੋਵੇਗੀ। ਐਸੇ ਲੋਕ ਜਦ ਕਿਸੇ ਨੌਕਰੀ ਤੋਂ ਰਿਟਾਇਰ ਹੁੰਦੇ ਹਨ ਤਾਂ ਉਹ ਵਿਹਲੇ ਬਹਿ ਕੇ, ਸੌਂ ਕੇ, ਖਾ-ਪੀ ਕੇ ਮੌਤ ਦੀ ਉਡੀਕ ਨਹੀਂ ਕਰਦੇ ਸਗੋਂ ਜ਼ਿੰਦਗੀ ਦੀ ਸ਼ੁਰੂਆਤ ਨਵੇਂ ਸਿਰੇ ਤੋਂ ਕਰਦੇ ਹਨ। ਉਹ ਪਰਿਵਾਰਕ ਜਾਂ ਸਮਾਜਕ ਰੁਝੇਵਿਆਂ ਵਿਚ ਰਹਿ ਕੇ ਜ਼ਿੰਦਗੀ ਨੂੰ ਸਹੀ ਪਟੜੀ 'ਤੇ ਰੱਖਦੇ ਹਨ ਅਤੇ ਲੰਮੀ ਉਮਰ ਭੋਗਦੇ ਹਨ। ਇਸ ਦੇ ਉਲਟ, ਢਾਹੂ ਸੋਚ ਵਾਲਾ ਵਿਅਕਤੀ ਸੁਸਤ ਚਾਲ ਵਾਲਾ, ਢਿੱਲੜ ਸਰੀਰ ਅਤੇ ਸਿਰ ਹੇਠਾਂ ਨੂੰ ਕਰਕੇ ਤੁਰਦਾ ਨਿਰਉਤਸ਼ਾਹਿਤ ਮਹਿਸੂਸ ਕੀਤਾ ਜਾਂਦਾ ਹੈ।

ਜੀਵਨ ਦਾ ਮੰਤਵ ਖੂਬ ਖਾਣਾ-ਪੀਣਾ, ਸੌਣਾ ਅਤੇ ਆਰਾਮ ਕਰਨਾ ਨਹੀਂ, ਸਗੋਂ ਨਿਸ਼ਾਨਾ ਮਿਥ ਕੇ ਉਸ ਦੀ ਪ੍ਰਾਪਤੀ ਲਈ ਮਿਹਨਤ ਕਰਨਾ ਹੈ।


ਅੱਜ ਦੇ ਸਮਾਜ ਵਿਚ ਹਾਕਮਾਂ ਅਤੇ ਪ੍ਰਸ਼ਾਸਨ ਵਲੋਂ ਲੋਕਾਂ ਨਾਲ ਕੀਤੀਆਂ ਜਾਂਦੀਆਂ ਬੇਇਨਸਾਫੀਆਂ ਵੀ ਲੋਕਾਂ ਦੀ ਸੋਚ ਨੂੰ ਪ੍ਰਭਾਵਿਤ ਕਰ ਰਹੀਆਂ ਹਨ, ਜਿਸ ਕਰਕੇ ਲੋਕਾਂ ਵਿਚ ਬੇਚੈਨੀ ਤੇ ਅਫਰਾ-ਤਫਰੀ ਦਾ ਮਾਹੌਲ ਹੈ। ਇਸ ਦਾ ਮੁਕਾਬਲਾ ਤਾਂ ਲੋਕ ਜਥੇਬੰਦ ਹੋ ਕੇ ਹੀ ਕਰ ਸਕਦੇ ਹਨ। ਇਸ ਨਾਲ ਉਹ ਜਿਥੇ ਚੰਗੇ ਸਮਾਜ ਦੀ ਸਿਰਜਣਾ ਕਰ ਸਕਦੇ ਹਨ, ਉਥੇ ਚੰਗੀ ਸੋਚ ਵਾਲੇ ਨਾਗਰਿਕ ਵੀ ਪੈਦਾ ਕਰ ਸਕਦੇ ਹਨ। ਨਾਂਹ-ਪੱਖੀ ਸੋਚ ਵਾਲਾ ਵਿਅਕਤੀ ਜਥੇਬੰਦੀ ਦਾ ਕਾਰਜ ਵੀ ਬਹੁਤਾ ਨਹੀਂ ਕਰ ਸਕਦਾ। ਇਹ ਸੋਚ ਮਨੁੱਖ ਦੀ ਦੁਸ਼ਮਣ ਹੈ, ਜਿਸ ਨੂੰ ਦੂਰ ਕਰਨ ਲਈ ਮਿਹਨਤੀ, ਸਾਫ ਅਕਸ ਵਾਲੇ ਅਤੇ ਆਗਾਂਹ ਵਧੂ ਲੋਕਾਂ ਨਾਲ ਮਿਲਵਰਤਨ ਰਖਣਾ ਚਾਹੀਦਾ ਹੈ, ਤੇ ਸਮਾਜਕ ਜਾਂ ਘਰੇਲੂ ਮਸਲਿਆਂ ਬਾਰੇ ਵਿਚਾਰ-ਵਟਾਂਦਰਾ ਕਰਦੇ ਰਹਿਣਾ ਚਾਹੀਦਾ ਹੈ।

***ਮਨੁੱਖ ਕੁਦਰਤ ਦੀ ਬਿਹਤਰੀਨ ਪੈਦਾਵਾਰ ਹੈ। ਮਨੁੱਖ ਨੇ ਭਾਵੇਂ ਮਿਹਨਤ ਕਰਕੇ ਹੈਰਾਨਕੁਨ ਕਾਢਾਂ ਕੱਢੀਆਂ ਹਨ, ਕੰਪਿਊਟਰ ਅਤੇ ਹੋਰ ਕਈ ਤਰ੍ਹਾਂ ਦੀ ਮਸ਼ੀਨਰੀ ਤਿਆਰ ਕਰ ਲਈ ਹੈ, ਪਰ ਸੁਪਰੀਮ ਮਨੁੱਖ ਹੀ ਹੈ। ਮਨੁੱਖਤਾ ਦੀ ਰਾਖੀ ਕਰਨਾ ਤੇ ਮਸ਼ੀਨਰੀ ਨੂੰ ਮਨੁੱਖਤਾ ਦੇ ਹਿੱਤ ਵਿਚ ਵਰਤਣਾ ਮਨੁੱਖ ਦੀ ਹੀ ਜ਼ਿੰਮੇਵਾਰੀ ਹੈ। ਇਹ ਪਵਿੱਤਰ ਕਾਰਜ ਸੁਹਿਰਦ ਸੋਚ ਵਾਲੇ ਮਨੁੱਖ ਹੀ ਕਰ ਸਕਦੇ ਹਨ, ਨਾਂਹ-ਪੱਖੀ ਸੋਚ ਵਾਲੇ ਨਹੀਂ।***

## ਨਿਯਮਿਤ ਸਮੇਂ 'ਤੇ ਚਾਹ ਪੀਣ ਨਾਲ ਦਿਮਾਗ ਦਾ ਹਰ ਹਿੱਸਾ ਵਧੀਆ ਕੰਮ ਕਰਦੈ

**ਸਿੰਗਾਪੁਰ:** ਨਿਯਮਿਤ ਸਮੇਂ 'ਤੇ ਚਾਹ ਪੀਣ ਵਾਲੇ ਲੋਕਾਂ ਦੇ ਦਿਮਾਗ ਦਾ ਹਰ ਹਿੱਸਾ ਚਾਹ ਨਾ ਪੀਣ ਵਾਲੇ ਲੋਕਾਂ ਦੀ ਤੁਲਨਾ ਵਿਚ ਬਿਹਤਰ ਢੰਗ ਨਾਲ ਕੰਮ ਕਰਦਾ ਹੈ। ਇਹ ਦਾਅਵਾ ਏਜਿੰਗ ਜਨਰਲ ਵਿਚ ਛਪੀ ਖੋਜ ਰਾਹੀਂ ਕੀਤਾ ਗਿਆ ਹੈ। ਇਸ ਸਰਵੇਖਣ ਵਿਚ 36 ਬਜ਼ੁਰਗਾਂ ਦੇ ਨਿਊਰੋਇਮੇਜਿੰਗ ਅੰਕੜਿਆਂ ਦੀ ਪੜਤਾਲ ਕੀਤੀ ਗਈ।


ਨੈਸ਼ਨਲ ਯੂਨੀਵਰਸਿਟੀ ਆਫ ਸਿੰਗਾਪੁਰ ਦੇ ਸਹਾਇਕ ਪ੍ਰੋਫੈਸਰ ਫੇਂਗ ਲੇਈ ਨੇ ਕਿਹਾ ਕਿ ਉਨ੍ਹਾਂ ਦੇ ਸਰਵੇਖਣ ਦੇ ਨਤੀਜੇ ਚਾਹ ਨਾਲ ਦਿਮਾਗ 'ਤੇ ਪੈਣ ਵਾਲੇ ਸਕਾਰਾਤਮਕ ਪ੍ਰਭਾਵਾਂ ਦੀ ਪੁਸ਼ਟੀ ਕਰਦੇ ਹਨ। ਇਹ ਨਤੀਜੇ ਦਰਸਾਉਂਦੇ ਹਨ ਕਿ ਨਿਯਮਿਤ ਸਮੇਂ 'ਤੇ ਚਾਹ ਪੀਣ ਨਾਲ ਦਿਮਾਗੀ ਢਾਂਚੇ ਵਿਚ ਉਮਰ ਨਾਲ ਆਉਣ ਵਾਲੀ ਗਿਰਾਵਟ ਦਾ ਅਸਰ ਵੀ ਘਟਦਾ ਹੈ। ਸਰਵੇਖਣਕਾਰਾਂ ਨੇ ਇਹ ਵੀ ਕਿਹਾ ਕਿ ਚਾਹ ਪੀਣਾ ਮਨੁੱਖੀ ਸਿਹਤ ਲਈ ਲਾਭਕਾਰੀ ਹੈ ਤੇ ਇਸ ਨਾਲ ਦਿਲ ਤੇ ਨਸਾਂ ਦੀਆਂ ਬਿਮਾਰੀਆਂ ਤੋਂ ਵੀ ਕੁਝ ਹੱਦ ਤੱਕ ਰਾਹਤ ਮਿਲਦੀ ਹੈ।



ਇਹ ਸਰਵੇਖਣ ਸਾਲ 2015 ਤੋਂ 2018 ਦਰਮਿਆਨ ਸੱਠ ਸਾਲਾਂ ਜਾਂ ਉਸ ਤੋਂ ਵੱਧ ਉਮਰ ਵਾਲੇ 36 ਬਜ਼ੁਰਗਾਂ 'ਤੇ ਕੀਤਾ ਗਿਆ ਸੀ ਜਿਨ੍ਹਾਂ ਦੀ ਸਿਹਤ, ਜਿਊਣ ਦਾ ਢੰਗ ਤੇ ਮਨੋਵਿਗਿਆਨਕ ਅੰਕੜੇ ਇਕੱਠੇ ਕੀਤੇ ਗਏ ਸਨ। ਇਹ ਵੀ ਸਾਹਮਣੇ ਆਇਆ ਹੈ ਕਿ ਜੋ ਲੋਕ 25 ਸਾਲਾਂ ਤਕ ਹਫਤੇ ਵਿਚ ਚਾਰ ਵਾਰ ਗਰੀਨ ਟੀ ਜਾਂ ਬਲੈਕ ਟੀ ਪੀਂਦੇ ਹਨ ਉਨ੍ਹਾਂ ਦੇ ਦਿਮਾਗ ਦਾ ਹਰ ਹਿੱਸਾ ਪ੍ਰਭਾਵੀ ਢੰਗ ਨਾਲ ਇਕ ਦੂਜੇ ਨਾਲ ਜੁੜਦਾ ਹੈ।

# ਮੰਦੀ ਦਾ ਸ਼ਿਕਾਰ ਲੋਕ ਕਿੰਨਾ ਚਿਰ ਚੁੱਪ ਰਹਿ ਸਕਣਗੇ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਸਾਲ ਦੇ ਫਰਵਰੀ ਮਹੀਨੇ ਪਿਛੋਂ ਦੀਆਂ ਘਟਨਾਵਾਂ ਦੇ ਵਹਿਣ ਵਿਚ ਸਾਡੇ ਵਰਗੇ ਬਹੁਤ ਸਾਰੇ ਲੋਕਾਂ ਦਾ ਧਿਆਨ ਇਸ ਗੱਲ ਵੱਧ ਲੱਗਾ ਰਿਹਾ ਹੈ ਕਿ ਪਾਕਿਸਤਾਨ ਦੀ ਆਰਥਕਤਾ ਡੁੱਬਣ ਵਾਲੀ ਹੈ, ਤੇ ਇਸ ਵਿਚ ਕੋਈ ਸ਼ੱਕ ਵੀ ਨਹੀਂ। ਉਹ ਮੁਲਕ ਆਪਣੀ ਹੋਂਦ ਦੇ ਸਭ ਤੋਂ ਬੁਰੇ ਦੌਰ ਵਿਚੋਂ ਲੰਘ ਰਿਹਾ ਹੈ। ਇਸ ਪਾਸੇ ਜਦੋਂ ਸਾਰਾ ਧਿਆਨ ਲੱਗਾ ਹੋਇਆ ਹੈ, ਸਾਡੇ ਵਿਚੋਂ ਬਹੁਤੇ ਲੋਕਾਂ ਨੂੰ ਇਹ ਸੋਚਣ ਦੀ ਲੋੜ ਨਹੀਂ ਜਾਪਦੀ ਕਿ ਪਾਕਿਸਤਾਨ ਜਿੰਨੀ ਨਾ ਸਹੀ, ਭਾਰਤ ਦੀ ਆਰਥਕ ਹਾਲਤ ਵੀ ਪੈਰੋ-ਪੈਰ ਵਿਗੜੀ ਜਾਂਦੀ ਹੈ।

ਪਿਛਲੇ ਮਹੀਨੇ ਇਹ ਲੁਕਿਆ ਭੇਦ ਭਾਰਤ ਦੇ ਯੋਜਨਾ ਕਮਿਸ਼ਨ, ਜਿਸ ਨੂੰ ਹਿੰਦੀਕਰਣ ਦੀ ਮੁਹਿੰਮ ਹੇਠ ਇੱਕ ਨਵਾਂ ਨਾਂ 'ਨੀਤੀ ਆਯੋਗ' ਦੇ ਦਿੱਤਾ ਗਿਆ ਹੈ, ਦੇ ਉਪ ਚੇਅਰਮੈਨ ਰਾਜੀਵ ਕੁਮਾਰ ਕੋਲੋਂ ਅਚਾਨਕ ਜਾਹਰ ਹੋ ਗਿਆ। ਉਹ ਸਨਅਤਕਾਰਾਂ ਸਾਹਮਣੇ ਬੋਲ ਰਹੇ ਸਨ। ਖਿਆਲ ਸ਼ਾਇਦ ਇਹ ਸੀ ਕਿ ਇਥੇ ਕਹੀ ਗੱਲ ਇਥੇ ਰਹਿ ਜਾਣੀ ਹੈ, ਪਰ ਉਹ ਬਾਹਰ ਨਿਕਲ ਗਈ ਕਿ ਰਾਜੀਵ ਕੁਮਾਰ ਨੇ ਕਿਹਾ ਹੈ ਕਿ ਭਾਰਤ ਦੀ ਆਜ਼ਾਦੀ ਪਿੱਛੋਂ ਦੇ 72 ਸਾਲਾਂ ਵਿਚ ਅਜਿਹੀ ਬੇਭਰੋਸਗੀ ਕਦੇ ਨਹੀਂ ਵੇਖੀ ਗਈ, ਜਿੰਨੀ ਇਸ ਵਕਤ ਦਿਖਾਈ ਦਿੰਦੀ ਹੈ ਅਤੇ ਬੈਂਕ ਹੀ ਨਹੀਂ, ਲੋਕ ਵੀ ਇੱਕ ਦੂਸਰੇ ਨਾਲ ਕਾਰੋਬਾਰੀ ਮਾਮਲੇ ਵਿਚ ਭਰੋਸਾ ਨਹੀਂ ਕਰਦੇ।

ਇਸ ਤੋਂ ਇੱਕ ਦਿਨ ਪਹਿਲਾਂ ਭਾਰਤ ਦੀ ਖਜਾਨਾ ਮੰਤਰੀ ਨਿਰਮਲਾ ਸੀਤਾਰਮਨ ਕਹਿ ਕੇ ਹਟੀ ਸੀ ਕਿ ਦੇਸ਼ ਵਿਚ ਕਿਸੇ ਤਰ੍ਹਾਂ ਦੀ ਆਰਥਕ ਮੰਦੀ ਦਾ ਕੋਈ ਸੰਕੇਤ ਹੀ ਨਹੀਂ ਹੈ। ਰਾਜੀਵ ਕੁਮਾਰ ਦੀ ਇਸ ਗੱਲ ਦਾ ਰੌਲਾ ਪਿਆ ਤਾਂ ਬੀਬੀ ਨਿਰਮਲਾ ਫਿਰ ਸਾਹਮਣੇ ਆਈ ਅਤੇ ਇਸ ਵੇਲੇ ਦੇਸ਼ ਦੀ ਆਰਥਕਤਾ ਦੇ ਮੰਦੇ ਹੋਣ ਦਾ ਖੰਡਨ ਕਰਨ ਦੇ ਨਾਲ ਦੇਸ਼ ਦੀ ਸਨਅਤ ਅਤੇ ਬੈਂਕਾਂ ਨੂੰ ਸੰਕਟ ਵਿਚੋਂ ਕੱਢਣ ਦੇ ਕਦਮਾਂ ਦਾ ਐਲਾਨ ਵੀ ਕਰਨ ਲੱਗ ਪਈ। ਆਰਥਕ ਸੰਕਟ ਨਹੀਂ ਸੀ ਤਾਂ ਇਨ੍ਹਾਂ ਕਦਮਾਂ ਦੀ ਲੋੜ ਨਹੀਂ ਸੀ ਹੋਣੀ ਚਾਹੀਦੀ, ਪਰ ਬੀਬੀ ਨੇ ਜਿਵੇਂ ਸਾਰੇ ਸੰਕਟ 'ਤੇ ਪੋਚਾ ਮਾਰਨਾ ਚਾਹਿਆ, ਉਸ 'ਤੇ ਅਗਲੇ ਹਫਤੇ ਫਿਰ ਦਾਗ ਉਭਰ ਆਏ। ਮਾਰੂਤੀ ਕਾਰ ਕੰਪਨੀ ਨੇ ਕੁਝ ਦਿਨ ਕੰਮ ਬੰਦ ਰੱਖਣ ਦਾ ਐਲਾਨ ਕੀਤਾ, ਕਿਉਂਕਿ ਕਾਰਾਂ ਦੀ ਵਿਕਰੀ ਘਟ ਗਈ ਸੀ ਤੇ ਏਨੀ ਘਟ ਗਈ ਕਿ ਕੰਪਨੀ ਲਈ ਸੰਕਟ ਦੀ ਸਥਿਤੀ ਪੈਦਾ ਹੋ ਗਈ ਸੀ। ਫਿਰ ਲੇਅਲੈਂਡ ਕੰਪਨੀ ਨੇ ਕੁਝ ਦਿਨ ਕੰਮ ਬੰਦ ਰੱਖਣ ਦਾ ਸੰਕੇਤ ਦੇ ਦਿੱਤਾ। ਉਸ ਕੰਪਨੀ ਸਾਹਮਣੇ ਵੀ ਇਹ ਸਥਿਤੀ ਪੈਦਾ ਹੋਣ ਦਾ ਉਹੀ ਕਾਰਨ ਸੀ, ਜੋ ਮਾਰੂਤੀ ਅਤੇ ਹੋਰ ਬਹੁਤ ਸਾਰੇ ਅਦਾਰਿਆਂ ਦੇ ਸਾਹਮਣੇ ਸਿਰ ਚੁੱਕੀ ਖੜੋਤਾ ਹੈ, ਪਰ ਨਰਿੰਦਰ ਮੋਦੀ ਸਰਕਾਰ ਇਸ ਤੋਂ ਅੱਖਾਂ ਚੁਰਾਉਣ ਦੇ ਯਤਨ ਕਰ ਰਹੀ ਹੈ।




ਖਜਾਨਾ ਮੰਤਰੀ ਨਿਰਮਲਾ ਸੀਤਾਰਮਨ

***ਭਾਰਤ ਦੀ ਖਜਾਨਾ ਮੰਤਰੀ ਅਤੇ ਉਸ ਦੇ ਪਿੱਛੇ ਖੜੀ ਸਰਕਾਰ ਇਸ ਫਰਜ਼ ਨੂੰ ਪਾਲਣ ਦੇ ਪੱਖੋਂ ਕੋਤਾਹੀ ਦੇ ਦੋਸ਼ ਤੋਂ ਨਹੀਂ ਬਚ ਸਕਦੀਆਂ ਕਿ ਦੇਸ਼ ਦੀ ਆਰਥਕਤਾ ਨੂੰ ਡਾਵਾਂਡੋਲ ਹੁੰਦਾ ਵੇਖਣ ਪਿੱਛੋਂ ਵੀ ਉਸ ਨੂੰ ਠੁੰਮ੍ਹਣਾ ਦੇਣ ਲਈ ਕੁਝ ਨਹੀਂ ਕੀਤਾ ਗਿਆ। ਜਿੰਨੀ ਗੱਲ ਭਾਰਤ ਦੇ ਨੀਤੀ ਆਯੋਗ ਦੇ ਡਿਪਟੀ ਚੇਅਰਮੈਨ ਦੇ ਮੂੰਹੋਂ ਨਿਕਲ ਜਾਣ ਦੇ ਚੌਵੀ ਘੰਟਿਆਂ ਪਿਛੋਂ ਉਸੇ ਕੋਲੋਂ ਖੰਡਨ ਕਰਵਾਇਆ ਗਿਆ, ਜਦੋਂ ਉਹੋ ਗੱਲ ਇਸ ਸਰਕਾਰ ਦੇ ਅੰਦਰੂਨੀ ਸਰਕਲ ਵਿਚ ਪਹਿਲਾਂ ਤੋਂ ਪਤਾ ਸੀ ਤਾਂ ਸਮਾਂ ਰਹਿੰਦੇ ਕੁਝ ਕਰਨਾ ਚਾਹੀਦਾ ਸੀ।***

ਅਸੀਂ ਕਾਰਾਂ ਦੀ ਵਿਕਰੀ ਦੇ ਅੰਕੜੇ ਵੇਖੇ ਹਨ ਤੇ ਉਨ੍ਹਾਂ ਤੋਂ ਪਤਾ ਲੱਗਾ ਹੈ ਕਿ ਪਿਛਲੇ ਮਹੀਨੇ ਇਸ ਦਾ ਹਾਲ ਉਹੋ ਹੋ ਗਿਆ ਹੈ, ਜੋ 19 ਸਾਲ ਪਹਿਲਾਂ ਵਾਜਪਾਈ ਸਰਕਾਰ ਵੇਲੇ ਹੋਇਆ ਅਤੇ ਮਸਾਂ ਸੁਧਰਿਆ ਸੀ। 19 ਕੁ ਸਾਲ ਲੰਘ ਕੇ ਮੁੜ ਜਦੋਂ ਇਹੋ ਸੰਕਟ ਸਾਹਮਣੇ ਆਇਆ ਹੈ ਤਾਂ ਖਜਾਨਾ ਮੰਤਰੀ ਬੀਬੀ ਨਿਰਮਲਾ ਨੇ ਨਵੀਂ ਕਥਾ ਛੋਹ ਦਿੱਤੀ ਹੈ ਕਿ ਦੋ ਕੰਪਨੀਆਂ ਓਲਾ ਤੇ ਓਬਰ ਅਤੇ ਨਵੀਂ ਉਭਰੀ 'ਮਿਲੇਨੀਅਲ ਜਨਰੇਸ਼ਨ' ਪ੍ਰਤੀ ਲੋਕਾਂ ਦੀ ਸੋਚ ਕਾਰਨ ਏਦਾਂ ਦਾ ਸੰਕਟ ਖੜਾ ਹੋਇਆ ਹੈ। ਦੋਹਾਂ ਕੰਪਨੀਆਂ 'ਤੇ ਉਸ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਕਾਰਨ ਲੋਕ ਸਸਤੇ ਭਾਅ ਟੈਕਸੀ ਦੀ ਸੇਵਾ ਲੈਣ ਲੱਗ ਪਏ ਹਨ ਤੇ ਆਪਣੀ ਕਾਰ ਖਰੀਦਣ ਤੋਂ ਹਟਦੇ ਜਾਂਦੇ ਹਨ ਅਤੇ ਮਿਲੇਨੀਅਲ ਜਨਰੇਸ਼ਨ ਦੇ ਲੋਕ ਅਸਲੋਂ ਹੀ ਨਵੀਂ ਕਿਸਮ ਦੀ ਜੀਵਨ-ਸੋਚ ਅਪਨਾਉਣ ਲੱਗ ਪਏ ਹਨ, ਜਿਸ ਕਾਰਨ ਕਾਰਾਂ ਵਗੈਰਾ ਦੀ ਲੋੜ ਹੀ ਉਨ੍ਹਾਂ ਨੂੰ ਨਹੀਂ ਜਾਪਦੀ ਅਤੇ ਇਸ ਲਈ ਮੋਟਰ-ਗੱਡੀਆਂ ਦੇ ਖੇਤਰ ਵਿਚ ਸੰਕਟ ਆ ਰਿਹਾ ਹੈ। ਇਹ ਨਵਾਂ ਨੁਕਤਾ ਹੈ।

ਸਾਡੀ ਜਾਣਕਾਰੀ ਮੁਤਾਬਕ ਰੋਮਨ ਕੈਲੰਡਰ ਦਾ ਹਜ਼ਾਰਵਾਂ ਸਾਲ ਜਦੋਂ ਆਉਂਦਾ ਹੈ, ਉਸ ਨੂੰ 'ਮਿਲੇਨੀਅਮ' ਕਿਹਾ ਜਾਂਦਾ ਹੈ ਤੇ ਜੋ ਬੱਚੇ ਇਸ ਮਿਲੇਨੀਅਮ ਵਾਲੇ ਸਾਲ ਦੇ ਨੇੜੇ-ਤੇੜੇ ਜਵਾਨੀ ਵਿਚ ਪੈਰ ਰੱਖਦੇ ਹਨ, ਉਨ੍ਹਾਂ ਲਈ ਇੱਕ ਸ਼ਬਦ 'ਮਿਲੇਨੀਅਲ ਜਨਰੇਸ਼ਨ' ਵਰਤ ਲਿਆ ਜਾਂਦਾ ਹੈ। ਇਸ ਦਾ ਅਰਥ ਹੈ, ਜੋ ਬੱਚੇ ਸਾਲ 1981 ਪਿੱਛੋਂ ਪੈਦਾ ਹੋਏ ਸਨ ਅਤੇ ਸਾਲ 2000 ਦੇ ਕੁਝ ਸਾਲ ਪਹਿਲਾਂ ਜਾਂ ਪਿੱਛੋਂ ਅਡਲਟ ਹੋਏ ਸਨ, ਉਹ ਸਾਰੇ 'ਮਿਲੇਨੀਅਲ' ਹਨ। ਸਾਡੇ ਇੰਟਰਨੈਟ ਯੁੱਗ ਵਿਚ ਪ੍ਰਵਾਨ ਚੜ੍ਹੀ ਇਸ ਪੀੜ੍ਹੀ ਵਾਲੇ ਲੋਕ ਵੱਖਰੀ ਤਰ੍ਹਾਂ ਸੋਚਦੇ ਹਨ। ਆਪਣੀ ਕਾਰ ਖਰੀਦਣ ਲਈ ਪੈਸੇ ਖਰਚਣ ਦੀ ਥਾਂ ਉਹ ਬੈਂਕ ਵਿਚ ਪੈਸੇ ਜਮ੍ਹਾਂ ਕਰਵਾ ਕੇ ਉਨ੍ਹਾਂ ਦੇ ਵਿਆਜ਼ ਨਾਲ ਟੈਕਸੀ ਦੇ ਸਫਰ ਨੂੰ ਸੌਖਾ ਤੇ ਸਸਤਾ ਸਮਝਦੇ ਹਨ। ਉਨ੍ਹਾਂ ਦੀ ਇਹ ਵੀ ਸੋਚ ਹੈ ਕਿ ਜਿੰਨੀ ਦੇਰ ਨੂੰ ਸਵੇਰੇ ਉਠ ਕੇ ਗੱਡੀ ਧੋਣੀ ਤੇ ਉਸ ਦਾ ਤੇਲ-ਪਾਣੀ ਵੇਖਣਾ ਹੈ, ਉਸ ਤੋਂ ਪਹਿਲਾਂ ਟੈਕਸੀ ਬੂਹੇ ਅੱਗੇ ਆ ਜਾਂਦੀ ਹੈ ਤੇ ਆਪਣੇ ਪੱਲਿਓਂ ਤੇਲ ਦੇ ਪੈਸੇ ਖਰਚਣ, ਹਰ ਤਿੰਨ ਮਹੀਨੇ ਪਿੱਛੋਂ ਸਰਵਿਸ ਅਤੇ ਮੋਬਿਲ ਆਇਲ ਬਦਲਣ ਦੇ ਖਰਚ ਦੇ ਨਾਲ ਟਾਇਰਾਂ ਅਤੇ ਮਸ਼ੀਨਰੀ ਦੀ ਘਸਾਈ ਜਿੰਨੀ ਮਹਿੰਗੀ ਪੈ ਰਹੀ ਹੈ, ਉਸ ਨਾਲੋਂ ਟੈਕਸੀ ਸੇਵਾ ਸਸਤੀ ਜਾਪਦੀ ਹੈ। ਇਹੀ ਨਹੀਂ, ਉਹ ਇਹ ਵੀ ਸੋਚਦੇ ਹਨ ਕਿ ਰਾਤ ਨੂੰ ਘਰ ਮੂਹਰੇ ਗੱਡੀ ਲਾਉਣ ਨੂੰ ਥਾਂ ਨਹੀਂ ਲੱਭਦੀ, ਲੋਕ ਗੱਡੀ ਲਾਉਣ ਤੋਂ ਇੱਕ ਦੂਸਰੇ ਦੇ ਕਤਲ ਵੀ ਕਰਨ ਲੱਗੇ ਹਨ ਤੇ ਬਾਜ਼ਾਰ ਜਾਣਾ ਪਵੇ ਤਾਂ ਓਥੇ ਪਾਰਕਿੰਗ ਦੀ ਥਾਂ ਨਹੀਂ ਲੱਭਦੀ। ਕਿਰਾਏ ਦੀ ਟੈਕਸੀ ਨਾਲ ਇਹ ਝੰਜਟ ਵੀ ਨਹੀਂ ਰਹਿੰਦੇ।

ਇਹ ਸਾਰੀ ਗੱਲ ਠੀਕ ਹੁੰਦਿਆਂ ਵੀ ਭਾਰਤ ਦੀ ਖਜਾਨਾ ਮੰਤਰੀ ਅਤੇ ਉਸ ਦੇ ਪਿੱਛੇ ਖੜੀ ਸਰਕਾਰ ਇਸ ਫਰਜ਼ ਨੂੰ ਪਾਲਣ ਦੇ ਪੱਖੋਂ ਕੋਤਾਹੀ ਦੇ ਦੋਸ਼ ਤੋਂ ਨਹੀਂ ਬਚ ਸਕਦੀਆਂ ਕਿ ਦੇਸ਼ ਦੀ ਆਰਥਕਤਾ ਨੂੰ ਡਾਵਾਂਡੋਲ ਹੁੰਦਾ ਵੇਖਣ ਪਿੱਛੋਂ ਵੀ ਉਸ ਨੂੰ ਠੁੰਮ੍ਹਣਾ ਦੇਣ ਲਈ ਕੁਝ ਨਹੀਂ ਕੀਤਾ ਗਿਆ। ਜਿੰਨੀ ਗੱਲ ਭਾਰਤ ਦੇ ਨੀਤੀ ਆਯੋਗ ਦੇ ਡਿਪਟੀ ਚੇਅਰਮੈਨ ਦੇ ਮੂੰਹੋਂ ਨਿਕਲ ਜਾਣ ਦੇ ਚੌਵੀ ਘੰਟਿਆਂ ਪਿਛੋਂ ਉਸੇ ਕੋਲੋਂ ਖੰਡਨ ਕਰਵਾਇਆ ਗਿਆ, ਜਦੋਂ ਉਹੋ ਗੱਲ ਇਸ ਸਰਕਾਰ ਦੇ ਅੰਦਰੂਨੀ ਸਰਕਲ ਵਿਚ ਪਹਿਲਾਂ ਤੋਂ ਪਤਾ ਸੀ ਤਾਂ ਸਮਾਂ ਰਹਿੰਦੇ ਕੁਝ ਕਰਨਾ ਚਾਹੀਦਾ ਸੀ। ਅੱਜ ਕੰਪਨੀਆਂ ਦੇ ਪ੍ਰਬੰਧਕ ਵੀ ਜਦੋਂ ਇਹ ਕਹਿੰਦੇ ਹਨ ਕਿ ਸਾਡੇ ਕੋਲ ਮਾਲ ਬੜਾ ਹੋ ਗਿਆ ਹੈ ਤੇ ਵਿਕਦਾ ਨਹੀਂ ਪਿਆ, ਤਾਂ ਇਸ ਦਾ ਮਤਲਬ ਹੈ ਕਿ ਲੋਕਾਂ ਦੀ ਖਰੀਦ ਸ਼ਕਤੀ ਅਚਾਨਕ ਡਿੱਗਣ ਲੱਗ ਪਈ ਹੈ।

ਦੂਜਾ ਫਰਕ ਇਹ ਹੈ ਕਿ ਯੋਜਨਾਬੰਦੀ ਦੀ ਘਾਟ ਕਾਰਨ ਲੋੜ ਤੋਂ ਵੱਧ ਮਾਲ ਬਣਾਇਆ ਜਾਂਦਾ ਰਿਹਾ ਹੈ। ਗੁਰਦਿਆਲ ਸਿੰਘ ਗਿਆਨਪੀਠ ਐਵਾਰਡੀ ਅੱਜ ਸਾਡੇ ਕੋਲ ਨਹੀਂ, ਪਰ ਉਨ੍ਹਾਂ ਦੀ ਦਸ ਸਾਲ ਤੋਂ ਵੱਧ ਪਹਿਲਾਂ ਦੀ ਆਖੀ ਗੱਲ ਯਾਦ ਕੀਤੀ ਜਾ ਸਕਦੀ ਹੈ ਕਿ ਪੰਜਾਬ ਦੀ ਜ਼ਮੀਨ ਵਾਸਤੇ ਮਸਾਂ ਅੱਸੀ ਹਜ਼ਾਰ ਟਰੈਕਟਰ ਚਾਹੀਦੇ ਹਨ ਤੇ ਇਸ ਰਾਜ ਵਿਚ ਚਾਰ ਲੱਖ ਟਰੈਕਟਰ ਆ ਗਏ ਹਨ, ਜਿਸ ਦਾ ਭਾਵ ਹੈ ਕਿ ਲੋੜੋਂ ਪੰਜ ਗੁਣਾ ਲੋਹਾ ਖੇਤ ਵਿਚ ਖਿਲਾਰਿਆ ਗਿਆ ਹੈ। ਨਤੀਜੇ ਵਜੋਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਲੜੀ ਲੰਮੀ ਹੋਈ ਜਾਂਦੀ ਹੈ। ਇਸੇ ਹਫਤੇ ਇੱਕ ਨੌਜਵਾਨ ਕਿਸਾਨ ਖੁਦਕੁਸ਼ੀ ਕਰ ਗਿਆ, ਜਿਸ ਦੇ ਪੜਦਾਦੇ ਨੇ ਕਰਜ਼ੇ ਕਾਰਨ ਏਦਾਂ ਖੁਦਕੁਸ਼ੀ ਕੀਤੀ ਸੀ, ਫਿਰ ਦਾਦੇ ਨੇ ਕੀਤੀ, ਉਸ ਦੇ ਬਾਅਦ ਦਾਦੇ ਦੇ ਭਰਾ ਨੇ ਤੇ ਫਿਰ ਇਸ ਨੌਜਵਾਨ ਦਾ ਬਾਪ ਏਦਾਂ ਹੀ ਖੁਦਕੁਸ਼ੀ ਕਰ ਗਿਆ ਸੀ। ਅੱਗੋਂ ਇਹ ਨੌਬਤ ਕਿਸਾਨੀ ਤੋਂ ਇਲਾਵਾ ਹੋਰ ਖੇਤਰਾਂ ਵਿਚ ਵੀ ਆ ਸਕਦੀ ਹੈ।

ਜਦੋਂ ਕਾਰਾਂ ਦੇ ਕਾਰਖਾਨੇ ਬੰਦ ਹੋਣਗੇ ਤਾਂ ਉਨ੍ਹਾਂ ਨੂੰ ਕੱਚਾ ਮਾਲ ਦੇਣ ਵਾਲੇ ਕਾਰਖਾਨੇ ਵੀ ਬੰਦ ਹੋਣਗੇ, ਏਥੇ ਬਣਦਾ ਮਾਲ ਵੇਚਣ ਵਾਲੇ ਸ਼ੋਅਰੂਮ ਵੀ ਬੰਦ ਹੋਣ ਦੀ ਨੌਬਤ ਆਵੇਗੀ। ਉਥੋਂ ਕੱਢੇ ਜਾਣ ਵਾਲੇ ਹਜ਼ਾਰਾਂ ਵਰਕਰ ਆਪਣੇ ਚੁੱਲ੍ਹੇ ਦੀ ਅੱਗ ਕਿੱਦਾਂ ਬਲਦੀ ਰੱਖਣਗੇ, ਇਸ ਬਾਰੇ ਕਚੀਚੀਆਂ ਵੱਟ ਕੇ ਬੋਲਣ ਵਾਲੀ ਖਜਾਨਾ ਮੰਤਰੀ ਨੇ ਕਦੀ ਸੋਚਣ ਦੀ ਲੋੜ ਹੀ ਨਹੀਂ ਸਮਝੀ। ਏਨੇ ਲੋਕਾਂ ਦੇ ਬੇਰੁਜ਼ਗਾਰ ਹੋਣ ਨਾਲ ਕਈ ਹੋਰ ਖੇਤਰਾਂ 'ਤੇ ਵੀ ਅਸਰ ਪਵੇਗਾ। ਸਰਮਾਏਦਾਰੀ ਸਿਰਫ ਕਮਾਈ ਦਾ ਕਾਰੋਬਾਰ ਕਰਨਾ ਜਾਣਦੀ ਹੈ ਅਤੇ ਕਰਦੀ ਹੈ, ਆਪਣੇ ਲਈ ਕਮਾਈ ਕਰਨ ਵਾਲੇ ਲੋਕਾਂ ਦੇ ਜਿੰਦਾ ਰਹਿਣ ਦੀ ਚਿੰਤਾ ਨਹੀਂ ਕਰਦੀ। ਜਦੋਂ ਸਰਕਾਰ ਚਿੰਤਾ ਨਾ ਕਰੇਗੀ ਤਾਂ ਆਖਰ ਉਹ ਵੀ ਚਿੰਤਾ ਕਰਨਾ ਛੱਡ ਦੇਣਗੇ। ਭਾਰਤ ਦੇ ਜਿਹੜੇ ਲੋਕ ਇਹੋ ਜਿਹੀ ਮੰਦੀ ਦਾ ਸ਼ਿਕਾਰ ਹੋ ਕੇ ਅਚਾਨਕ ਘਰੀਂ ਬੈਠ ਜਾਣਗੇ, ਉਹ ਕਿਸੇ ਦਿਨ ਇਸ ਦੇਸ਼ ਦੀ ਹਕੂਮਤ ਲਈ ਟਾਈਮ ਬੰਬ ਵੀ ਸਾਬਤ ਹੋ ਸਕਦੇ ਹਨ। ਪ੍ਰਧਾਨ ਮੰਤਰੀ ਨੂੰ ਇਸ ਦੀ ਚਿੰਤਾ ਨਹੀਂ, ਹੋਰ ਮੁੱਦੇ ਅਹਿਮ ਜਾਪਦੇ ਹਨ।

# ਕਸ਼ਮੀਰ ਘਾਟੀ ਵਿਚ ਮਰੀਜਾਂ ਦੀ ਹਾਲਤ ਹੋਈ ਬਦ ਤੋਂ ਬਦਤਰ!

ਹਰਜਿੰਦਰ ਸਿੰਘ ਗੁਲਪੁਰ
ਫੋਨ: +0061411218801

ਕੇਂਦਰ ਸਰਕਾਰ ਵਲੋਂ ਕਸ਼ਮੀਰ ਰਿਆਸਤ 'ਚੋਂ ਧਾਰਾ 370 ਹਟਾਉਣ ਦਾ ਫੈਸਲਾ ਲਏ ਨੂੰ ਭਾਵੇਂ ਕਰੀਬ ਪੌਣੇ ਦੋ ਮਹੀਨੇ ਹੋ ਗਏ ਹਨ, ਪਰ ਕਸ਼ਮੀਰ ਵਾਦੀ ਵਿਚ ਹਾਲੇ ਵੀ ਜਨਤਕ ਜੀਵਨ ਪੂਰੀ ਤਰ੍ਹਾਂ ਅਸਤ-ਵਿਅਸਤ ਹੈ। ਆਮ ਲੋਕਾਂ ਨੂੰ ਬਹੁਤ ਸਾਰੀਆਂ ਪ੍ਰੇਸ਼ਾਨੀਆਂ ਨਾਲ ਦੋ ਚਾਰ ਹੋਣਾ ਪੈ ਰਿਹਾ ਹੈ। ਬਿਮਾਰ ਅਤੇ ਆਸ਼ਰਤ ਲੋਕਾਂ ਦੀ ਜ਼ਿੰਦਗੀ ਇੱਕ ਤਰ੍ਹਾਂ ਨਾਲ ਨਰਕ ਬਣ ਕੇ ਰਹਿ ਗਈ ਹੈ। ਸਰਕਾਰ ਪਾਬੰਦੀਆਂ ਚੁੱਕਣ ਦਾ ਨਾਂ ਨਹੀਂ ਲੈ ਰਹੀ।

ਕਸ਼ਮੀਰ ਘਾਟੀ ਦੇ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰੀ ਪਾਬੰਦੀਆਂ ਕਰਕੇ ਘਾਟੀ ਵਿਚ ਦਿਲ ਦੇ ਦੌਰਿਆਂ ਅਤੇ ਹੋਰ ਜਾਨਲੇਵਾ ਬਿਮਾਰੀਆਂ ਨਾਲ ਸਬੰਧਿਤ ਮਾਮਲੇ ਬਹੁਤ ਵਧ ਗਏ ਹਨ। ਸੰਚਾਰ ਪ੍ਰਣਾਲੀ ਠੱਪ ਹੋਣ ਕਾਰਨ ਹਾਲਾਤ ਕਾਫੀ ਚਿੰਤਾਜਨਕ ਹਨ। ਕਰਫਿਊ ਅਤੇ ਦਫਾ 144 ਕਾਰਨ ਮਰੀਜਾਂ ਦੇ ਡਾਕਟਰਾਂ ਨਾਲ ਸੰਪਰਕ ਕਰਨ ਦਾ ਇੱਕੋ ਇੱਕ ਮਾਧਿਅਮ ਮੋਬਾਈਲ ਅਤੇ ਲੈਂਡ ਲਾਈਨ ਫੋਨ ਵੀ ਬੰਦ ਹੈ। ਇਸ ਹਾਲਤ ਵਿਚ ਮਰੀਜਾਂ ਨੂੰ ਆਪੋ ਆਪਣੇ ਰਹਿਮ 'ਤੇ ਛੱਡ ਦਿੱਤਾ ਗਿਆ ਹੈ। ਉਨ੍ਹਾਂ ਦੇ ਵਾਰਸ ਵੀ ਬੇਵੱਸ ਹਨ। ਮਰੀਜਾਂ ਦੇ ਮਾਮਲੇ ਵਿਚ ਵੱਡੀ ਪੱਧਰ 'ਤੇ ਮਨੁੱਖੀ ਹੱਕਾਂ ਦੀ ਖਿਲਾਫ ਵਰਜੀ ਹੋ ਰਹੀ ਹੈ।

ਸ੍ਰੀਨਗਰ ਦੇ ਮਹਾਰਾਜਾ ਹਰੀ ਸਿੰਘ ਹਸਪਤਾਲ ਦੇ ਇੱਕ ਡਾਕਟਰ ਨੇ ਆਪਣਾ ਨਾਂ ਨਸ਼ਰ ਨਾ ਕਰਨ ਦੀ ਸ਼ਰਤ 'ਤੇ ਦੱਸਿਆ ਕਿ ਅਗਸਤ-ਸਤੰਬਰ ਮਹੀਨੇ ਦਿਲ ਦੇ ਦੌਰਿਆਂ ਅਤੇ ਹੋਰ ਘਾਤਕ ਬੀਮਾਰੀਆਂ ਨਾਲ ਸਬੰਧਿਤ ਮਾਮਲਿਆਂ ਵਿਚ ਵਾਧਾ ਨੋਟ ਕੀਤਾ ਗਿਆ ਹੈ। ਹਰ ਰੋਜ ਦਿਲ ਦੇ ਕਰੀਬ 10 ਮਰੀਜ਼ ਹਸਪਤਾਲ ਵਿਚ ਆ ਰਹੇ ਹਨ, ਜੋ ਆਮ ਨਾਲੋਂ ਕਾਫੀ ਵੱਧ ਹਨ। ਡਾਕਟਰ ਅਨੁਸਾਰ ਸੂਚਨਾ ਦੀ ਪਾਬੰਦੀ ਕਰਕੇ ਉਨ੍ਹਾਂ ਨੂੰ ਨਹੀਂ ਪਤਾ ਕਿ ਐਮਰਜੈਂਸੀ ਡਾਕਟਰੀ ਮਦਦ ਦੀ ਘਾਟ ਕਾਰਨ ਕਿੰਨੇ ਲੋਕ ਆਪਣੇ ਘਰਾਂ ਵਿਚ ਦਿਲ ਦੇ ਦੌਰੇ ਜਾਂ ਹੋਰ ਬਿਮਾਰੀਆਂ ਕਰਨ ਦਮ ਤੋੜ ਗਏ ਹੋਣਗੇ। ਡਾਕਟਰਾਂ ਨੂੰ ਮੀਡੀਆ ਨਾਲ ਗੱਲਬਾਤ ਕਰਨ ਤੋਂ ਸਖਤੀ ਨਾਲ ਵਰਜ ਦਿੱਤਾ ਗਿਆ ਹੈ। ਇਸੇ ਕਰਕੇ ਕਸ਼ਮੀਰ ਦੀ ਡਾਕਟਰ ਜਥੇਬੰਦੀ ਦਾ ਕੋਈ ਬਿਆਨ 4 ਅਗਸਤ ਤੋਂ ਬਾਅਦ ਨਹੀਂ ਆਇਆ।

ਇੱਕ ਹੋਰ ਡਾਕਟਰ ਨੇ ਦੱਸਿਆ ਕਿ ਹਸਪਤਾਲ ਜਾਂਦੇ ਸਮੇਂ ਰਸਤੇ ਵਿਚ ਸੁਰੱਖਿਆ ਬਲਾਂ ਦੇ ਨਾਕਿਆਂ 'ਤੇ ਕਈ ਕਈ ਵਾਰ ਉਨ੍ਹਾਂ ਨੂੰ ਰੋਕ ਕੇ ਪੁੱਛ-ਗਿੱਛ ਕੀਤੀ ਜਾਂਦੀ ਹੈ। ਹਰ ਪੰਜ ਸੱਤ ਮਿੰਟ ਬਾਅਦ ਦੱਸਣਾ ਪੈਂਦਾ ਹੈ ਕਿ ਉਹ ਡਾਕਟਰ ਹਨ ਅਤੇ ਹਸਪਤਾਲ ਜਾ ਰਹੇ ਹਨ। ਕਈ ਥਾਂਵਾਂ 'ਤੇ ਹਰਟ ਅਟੈਕ ਦੇ ਮਰੀਜਾਂ ਨੂੰ ਕਈ ਕਈ ਕਿਲੋਮੀਟਰ ਪੈਦਲ ਚੱਲਣ ਵਾਸਤੇ ਮਜਬੂਰ ਕੀਤਾ ਜਾਂਦਾ ਹੈ, ਜਿਸ ਕਾਰਨ ਉਹ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

ਸੰਚਾਰ ਵਿਚ ਰੁਕਾਵਟ ਨੇ ਸਮੱਸਿਆਂ ਨੂੰ ਬਹੁਤ ਗੁੰਝਲਦਾਰ ਬਣਾ ਦਿੱਤਾ ਹੈ। ਇਸ ਕਰਕੇ ਹਸਪਤਾਲ ਤੱਕ ਪਹੁੰਚਦੇ ਪਹੁੰਚਦੇ ਮਰੀਜਾਂ ਦੇ ਦਿਲ ਨੂੰ ਕਾਫੀ ਨੁਕਸਾਨ ਪਹੁੰਚ ਚੁਕਾ ਹੁੰਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਰੁਕਾਵਟ ਦਾ ਸਭ ਤੋਂ ਵੱਡਾ ਨੁਕਸਾਨ 'ਸੇਵ ਹਾਰਟ ਇਨੀਸ਼ੀਏਟਿਵ' ਦਾ ਹੈ। ਇਸ ਪਹਿਲ ਵਾਲੀ ਡਾਕਟਰੀ ਸਹੂਲਤ ਤਹਿਤ ਘਾਟੀ ਦੇ ਉਚ ਦਰਜੇ ਦੇ ਕਾਰਡੀਓਲੌਜਿਸਟ ਵੱਖ ਵੱਖ ਜਿਲਾ ਪੱਧਰੀ ਹਸਪਤਾਲਾਂ ਦੇ ਡਾਕਟਰਾਂ ਨੂੰ ਵੱਟਸਐਪ ਗਰੁਪਾਂ ਦੇ ਮਾਧਿਅਮ ਰਾਹੀਂ ਸਲਾਹ ਅਤੇ ਸੁਝਾਅ ਦਿੰਦਾ ਹੈ। ਇੰਟਰਨੈਟ ਸੇਵਾਵਾਂ ਦੇ ਠੱਪ ਹੋ ਜਾਣ ਨਾਲ ਇਹ ਸਕੀਮ ਅਸਫਲ ਹੋ ਗਈ ਹੈ। ਜਾਣਕਾਰੀ ਮੁਤਾਬਕ 'ਸੇਵ ਹਰਟ ਇਨੀਸ਼ੀਏਟਿਵ ਵੱਟਸਐਪ ਗਰੁਪ' 'ਤੇ ਆਖਰੀ ਸੁਨੇਹਾ 4 ਅਗਸਤ ਨੂੰ ਪ੍ਰਾਪਤ ਹੋਇਆ ਸੀ। ਇਹ ਸੁਨੇਹਾ ਇੱਕ ਮਰੀਜ ਦੀ ਈ. ਸੀ. ਜੀ. ਰਿਪੋਰਟ ਨਾਲ ਸਬੰਧਿਤ ਸੀ। ਸੰਚਾਰ ਠੱਪ ਹੋ ਜਾਣ ਕਾਰਨ ਸਥਿਤੀ ਬਦ ਤੋਂ ਬਦਤਰ ਹੋ ਗਈ ਹੈ, ਇਸ ਹਾਲਤ ਵਿਚ ਕਾਰਡੀਓਲੌਜਿਸਟ ਦਾ ਪਤਾ ਲਾਉਣਾ ਅਸੰਭਵ ਹੋ ਗਿਆ ਹੈ, ਜੋ ਗੁੰਝਲਦਾਰ ਹਾਲਤਾਂ ਵਿਚ ਯੋਗ ਅਗਵਾਈ ਦਿੰਦੇ ਸਨ।




ਸਰਕਾਰੀ ਮੈਡੀਕਲ ਕਾਲਜ ਵਿਚ ਤਾਇਨਾਤ ਇੱਕ ਡਾਕਟਰ ਦਾ ਕਹਿਣਾ ਹੈ ਕਿ ਕਸ਼ਮੀਰ ਘਾਟੀ 'ਚ ਵਰਤਮਾਨ ਸਥਿਤੀ ਮਾਨਵੀ ਸੰਕਟ ਨਾਲ ਜੁੜੀ ਹੋਈ ਹੈ। ਮੈਂ ਆਪਣੇ ਘਰ ਦਾ ਰੋਡ ਮੈਪ ਤਿਆਰ ਕਰ ਕੇ ਹਸਪਤਾਲ ਵਿਚ ਚਿਪਕਾਇਆ ਹੈ। ਜੇ ਮੈਂ ਘਰ ਹੋਵਾਂ ਤਾਂ ਲੋੜਵੰਦ ਮਰੀਜ ਮੇਰੇ ਤੱਕ ਪਹੁੰਚਣ ਲਈ ਉਸ ਨਕਸ਼ੇ ਦੀ ਮਦਦ ਲੈ ਸਕਦੇ ਹਨ। ਜੇ ਖੁਦਾ ਨਾ ਖਾਸਤਾ ਮੈਂ ਘਰ ਨਾ ਹੋਵਾਂ ਤਾਂ ਮਰੀਜ 'ਤੇ ਕੀ ਬੀਤਦੀ ਹੋਵੇਗੀ? ਕਾਰਡੀਓਲੌਜਿਸਟ ਦਾ ਕਹਿਣਾ ਹੈ, "ਮੇਰਾ ਫੋਨ ਕੰਮ ਨਹੀਂ ਕਰ ਰਿਹਾ। ਐਮਰਜੈਂਸੀ ਸਥਿਤੀ ਤੇ ਪਰਸੂਤੀ ਹਸਪਤਾਲ ਵਿਚ ਮੇਰੀ ਲੋੜ ਹੈ, ਤਾਂ ਮੇਰਾ ਪਤਾ ਕਿਸ ਤਰ੍ਹਾਂ ਲਾਇਆ ਜਾਏਗਾ? ਮਰੀਜ ਮਰ ਸਕਦਾ ਹੈ। ਮੈਨੂੰ ਲਗਦਾ ਹੈ ਕਿ ਕਈ ਮਰੀਜਾਂ ਦੀ ਮੌਤ ਇਸ ਤਰ੍ਹਾਂ ਦੇ ਕਾਰਨਾਂ ਕਰਕੇ ਹੋਈ ਹੋਵੇਗੀ।"

ਹਸਪਤਾਲਾਂ ਵਿਚ ਲੋਕ ਆਪਣੇ ਮ੍ਰਿਤਕਾਂ ਨੂੰ ਘਰ ਲੈ ਜਾਣ ਲਈ ਘੰਟਿਆਂ ਬੱਧੀ ਇੰਤਜ਼ਾਰ ਕਰਦੇ ਹਨ, ਕਿਉਂਕਿ ਸੰਚਾਰ ਦੀ ਸਮੱਸਿਆ ਨੇ ਐਂਬੂਲੈਂਸ ਸੇਵਾਵਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇੱਕ ਵਾਰ ਐਂਬੂਲੈਂਸ ਜਦੋਂ ਹਸਪਤਾਲ ਤੋਂ ਬਾਹਰ ਚਲੇ ਜਾਂਦੀ ਹੈ ਤਾਂ ਸਿਹਤ ਅਧਿਕਾਰੀਆਂ ਦਾ ਸੰਪਰਕ ਉਸ ਨਾਲੋਂ ਟੁੱਟ ਜਾਂਦਾ ਹੈ। ਐਂਬੂਲੈਂਸ ਚਾਲਕ ਸੁਤੰਤਰ ਤੌਰ 'ਤੇ ਕਰਮਚਾਰੀਆਂ ਅਤੇ ਮਰੀਜਾਂ ਨੂੰ ਲਿਆਉਣ ਤੇ ਛੱਡਣ ਦਾ ਕੰਮ ਕਰਦੇ ਹਨ। ਇਸ ਤਰ੍ਹਾਂ ਦੀਆਂ ਸਮੱਸਿਆਵਾਂ ਨੇ ਘਾਟੀ 'ਚ ਸਿਹਤ ਸੇਵਾਵਾਂ ਨੂੰ ਠੱਪ ਕਰ ਕੇ ਰੱਖ ਦਿੱਤਾ ਹੈ।

ਵੱਖ ਵੱਖ ਹਸਪਤਾਲਾਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਐਂਬੂਲੈਂਸ ਚਾਲਕਾਂ ਦੇ ਮੋਬਾਇਲ ਨੰਬਰ ਬਹਾਲ ਕੀਤੇ ਜਾਣ। ਆਸ ਤੋਂ ਉਲਟ ਕੇਂਦਰ ਸਰਕਾਰ ਵਲੋਂ ਲਾਈਆਂ ਪਾਬੰਦੀਆਂ ਦਾ ਸਮਾਂ ਲੰਬਾ ਹੁੰਦਾ ਜਾ ਰਿਹਾ ਹੈ। ਭਾਜਪਾ ਸਰਕਾਰ ਦੀਆਂ ਵਿਰੋਧੀ ਪਾਰਟੀਆਂ ਵਲੋਂ ਜਿਥੇ ਸਰਕਾਰ 'ਤੇ ਰਿਆਸਤੀ ਲੋਕਾਂ ਦੇ ਮੁਢਲੇ ਅਧਿਕਾਰਾਂ ਨੂੰ ਕੁਚਲਣ ਦਾ ਦੋਸ਼ ਮੜ੍ਹਿਆ ਜਾ ਰਿਹਾ ਹੈ, ਉਥੇ ਕੇਂਦਰ ਸਰਕਾਰ 'ਤੇ ਮਨੁੱਖੀ ਹੱਕਾਂ ਦੀ ਅਵੱਗਿਆ ਦਾ ਦੋਸ਼ ਵੀ ਲਾਇਆ ਜਾ ਰਿਹਾ ਹੈ।

ਹਾਲ ਹੀ ਵਿਚ ਯੂ. ਐਨ. ਓ. ਦੇ ਮਨੁੱਖੀ ਹੱਕਾਂ ਬਾਰੇ ਚੈਪਟਰ ਦੀ ਮੁਖੀ ਮਿਸ਼ੇਲ ਬੈਚਲੇ ਨੇ ਵੀ ਭਾਰਤ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਕਸ਼ਮੀਰ ਘਾਟੀ ਵਿਚ ਮਨੁੱਖੀ ਹੱਕਾਂ ਦੀ ਖੁੱਲ੍ਹੇਆਮ ਉਲੰਘਣਾ ਹੋ ਰਹੀ ਹੈ। ਉਨ੍ਹਾਂ ਭਾਰਤ ਸਰਕਰ ਨੂੰ ਤਾਕੀਦ ਕੀਤੀ ਹੈ ਕਿ ਕਸ਼ਮੀਰੀ ਨਾਗਰਿਕਾਂ ਨੂੰ ਹਰ ਤਰ੍ਹਾਂ ਦੀਆਂ ਮੁਢਲੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਭਾਰਤ ਸਰਕਾਰ ਕਸ਼ਮੀਰ ਘਾਟੀ ਵਿਚ ਆਮ ਮਾਹੌਲ ਬਣਾਉਣ ਲਈ ਡੈਮੋਕਰੇਸੀ ਵਿਚ ਭਰੋਸਾ ਰੱਖਣ ਵਾਲੇ ਤਮਾਮ ਕਸ਼ਮੀਰੀ ਆਗੂਆਂ ਨੂੰ ਰਿਹਾ ਕਰੇ ਅਤੇ ਵਿਸ਼ਵਾਸ ਵਿਚ ਲਵੇ। ਇਸ ਤੋਂ ਇਲਾਵਾ ਤਮਾਮ ਕੌਮੀ ਪੱਧਰ ਦੇ ਸਿਆਸੀ ਆਗੂਆਂ ਦੀ ਮਦਦ ਲੈਣ ਤੋਂ ਵੀ ਗੁਰੇਜ ਨਹੀਂ ਕਰਨਾ ਚਾਹੀਦਾ। ਇਸ ਸਮੇਂ ਭਾਰਤ ਸਰਕਾਰ ਅੱਗੇ ਵੱਡਾ ਸਵਾਲ ਕਸ਼ਮੀਰੀ ਆਵਾਮ ਦੇ ਦਿਲ ਜਿੱਤਣ ਦਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 21 ਸਤੰਬਰ 2019*

# ਸੱਤਾ ਅਤੇ ਭਾਸ਼ਾ ਦੀ ਸਿਆਸਤ

ਕੁਝ ਸਮਾਂ ਪਹਿਲਾਂ ਜਦੋਂ ਭਾਰਤ ਦੀ ਕੇਂਦਰ ਸਰਕਾਰ ਨੇ ਕੌਮੀ ਸਿੱਖਿਆ ਨੀਤੀ ਦਾ ਖਰੜਾ ਤਿਆਰ ਕੀਤਾ ਤਾਂ ਉਸ ਵਿਚ ਤਿੰਨ ਭਾਸ਼ਾਈ ਫਾਰਮੂਲਾ ਜੜ ਦਿੱਤਾ ਗਿਆ। ਮਸਲਾ ਹਿੰਦੀ ਨੂੰ ਵੱਖ-ਵੱਖ ਸੂਬਿਆਂ ਉਤੇ ਥੋਪਣ ਦਾ ਹੀ ਸੀ। ਇਸ ਫਾਰਮੂਲੇ ਦਾ ਦੱਖਣੀ ਰਾਜਾਂ, ਖਾਸ ਕਰਕੇ ਤਾਮਿਲਨਾਡੂ ਵਲੋਂ ਬਹੁਤ ਤਿੱਖਾ ਵਿਰੋਧ ਆਇਆ ਅਤੇ ਹਰ ਨੀਤੀਗਤ ਪੈਂਤੜੇ ਨੂੰ ਹਿੰਦੂਤਵੀ ਰੰਗ ਵਿਚ ਰੰਗ ਕੇ ਪੇਸ਼ ਕਰਨ ਵਾਲੀ ਮੋਦੀ ਸਰਕਾਰ ਨੇ ਇਸ ਤੋਂ ਝੱਟ ਪੈਰ ਖਿੱਚ ਲਏ। ਹੁਣ ਹਿੰਦੀ ਦਿਵਸ ਮੌਕੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜੋ ਬਿਆਨ ਦਾਗਿਆ ਹੈ, ਉਸ ਨਾਲ ਸਪਸ਼ਟ ਹੋ ਗਿਆ ਹੈ ਕਿ ਸਰਕਾਰ ਆਉਣ ਵਾਲੇ ਸਮੇਂ ਵਿਚ ਹਿੰਦੀ ਨੂੰ ਰਾਸ਼ਟਰ ਭਾਸ਼ਾ ਬਣਾ ਕੇ ਇਸ ਨੂੰ ਵੱਖ-ਵੱਖ ਸੂਬਿਆਂ ਉਤੇ ਥੋਪਣ ਦਾ ਪੱਕਾ ਮਨ ਬਣਾ ਚੁਕੀ ਹੈ। ਉਸ ਨੇ ਸਾਫ ਕਿਹਾ ਹੈ ਕਿ 2024 ਵਾਲੀਆਂ ਲੋਕ ਸਭਾ ਚੋਣਾਂ ਤਕ ਹਿੰਦੀ ਮੁਲਕ ਵਿਚ ਵਿਰਾਸਤੀ ਦਰਜਾ ਹਾਸਲ ਕਰ ਲਵੇਗੀ। ਨਾਲ ਹੀ ਅਪੀਲ ਕੀਤੀ ਗਈ ਹੈ ਕਿ ਹਿੰਦੀ ਨੂੰ ਸੰਸਾਰ ਦੀ ਸਭ ਤੋਂ ਵੱਡੀ ਭਾਸ਼ਾ ਬਣਾਉਣ ਲਈ ਦਿਨ-ਰਾਤ ਇਕ ਕਰ ਦਿੱਤਾ ਜਾਵੇ। ਐਲਾਨ ਇਹ ਵੀ ਹੈ ਕਿ ਅਗਲੇ ਸਾਲ ਦੇਸ਼ ਵਿਚ ਹਿੰਦੀ ਦਿਵਸ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਯਾਦ ਰਹੇ, ਸੰਵਿਧਾਨ ਵਿਚ ਅਜੇ ਤਕ ਹਿੰਦੀ ਨੂੰ ਹੋਰ ਭਾਸ਼ਾਵਾਂ ਵਾਲਾ ਦਰਜਾ ਹੀ ਮਿਲਿਆ ਹੋਇਆ ਹੈ; ਹਾਲਾਂਕਿ ਅੰਗਰੇਜ਼ੀ ਅਤੇ ਹਿੰਦੀ ਨੂੰ ਸੰਪਰਕ ਭਾਸ਼ਾ ਵਜੋਂ ਵਰਤਣ ਦੀ ਗੱਲ ਵੀ ਕਹੀ ਗਈ ਹੈ। ਹੁਣ ਸਰਕਾਰ ਜਿਸ ਤਰ੍ਹਾਂ 'ਇਕ ਰਾਸ਼ਟਰ, ਇਕ ਚੋਣ, ਇਕ ਲੀਡਰ' ਆਦਿ ਦੀ ਮੁਹਾਰਨੀ ਪਿਛਲੇ ਕੁਝ ਸਮੇਂ ਤੋਂ ਬੜੇ ਜ਼ੋਰ-ਸ਼ੋਰ ਨਾਲ ਪੜ੍ਹ ਰਹੀ ਹੈ, ਤਾਂ ਇਸ ਵਿਚ 'ਇਕ ਭਾਸ਼ਾ' ਵਾਲੀ ਲੜੀ ਵੀ ਜੋੜ ਦਿੱਤੀ ਗਈ ਹੈ। ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਅੰਗਰੇਜ਼ੀ ਵਿਦੇਸ਼ੀ ਭਾਸ਼ਾ ਹੈ; ਜਦੋਂ ਮੁਲਕ ਕੋਲ ਆਪਣੀ ਭਾਸ਼ਾ ਹੈ ਤਾਂ ਇਹ ਸਾਰੇ ਮੁਲਕ ਵਿਚ ਸੰਪਰਕ ਭਾਸ਼ਾ ਕਿਉਂ ਨਾ ਬਣੇ।

ਭਾਰਤ ਵਿਚ ਭਾਸ਼ਾ ਦਾ ਵਿਵਾਦ ਅੱਜ ਦਾ ਨਹੀਂ, ਪੁਰਾਣਾ ਹੈ ਪਰ 1947 ਤੋਂ ਬਾਅਦ ਭਾਸ਼ਾ ਦੇ ਮਸਲੇ ਨੂੰ ਜਿਸ ਢੰਗ ਨਾਲ ਨਜਿੱਠਣ ਦਾ ਯਤਨ ਕੀਤਾ ਗਿਆ, ਉਸ ਨੇ ਫਿਰਕੂ ਪੈੜਾਂ ਹੋਰ ਗੂੜ੍ਹੀਆਂ ਕਰ ਦਿੱਤੀਆਂ। ਹਿੰਦੀ ਨੂੰ ਧਰਮ ਦੇ ਆਧਾਰ 'ਤੇ ਹਿੰਦੂਆਂ, ਉਰਦੂ ਨੂੰ ਮੁਸਲਮਾਨਾਂ ਅਤੇ ਪੰਜਾਬੀ ਨੂੰ ਸਿੱਖਾਂ ਨਾਲ ਨਰੜ ਕਰ ਦਿੱਤਾ ਗਿਆ। ਅਸਲ ਵਿਚ ਭਾਸ਼ਾ ਬਾਰੇ ਖਾਨਿਆਂ ਵਾਲੀ ਇਹ ਸਿਆਸਤ ਸੱਤਾਧਾਰੀਆਂ ਨੂੰ ਬੜੀ ਸੂਤ ਬੈਠਦੀ ਸੀ। ਇਸ ਦੇ ਨਾਲ ਹੀ ਭਾਰਤ ਦੀ ਵੰਨ-ਸਵੰਨਤਾ ਨੂੰ ਵੱਢਣ-ਟੁੱਕਣ ਵਾਲੀ ਸਿਆਸਤ ਦੀ ਨੀਂਹ ਰੱਖੀ ਗਈ। ਅਜਿਹਾ ਪ੍ਰਚਾਰ ਆਰ. ਐਸ. ਐਸ. ਦਾ ਮੁੱਢ ਤੋਂ ਹੀ ਰਿਹਾ ਹੈ ਅਤੇ ਅੱਜ ਜਦੋਂ ਇਸ ਦਾ ਸਿਆਸੀ ਵਿੰਗ- ਭਾਰਤੀ ਜਨਤਾ ਪਾਰਟੀ, ਧੜੱਲੇਦਾਰ ਨਾਲ ਬਹੁਮਤ ਹਾਸਲ ਕਰਕੇ ਦੇਸ਼ ਦੀ ਸੱਤਾ ਉਤੇ ਕਾਬਜ਼ ਹੋ ਗਿਆ ਹੈ ਤਾਂ ਇਸ ਨੇ ਇਕ-ਇਕ ਕਰਕੇ ਆਪਣੇ ਹਿੰਦੂਤਵੀ ਏਜੰਡੇ ਲਾਗੂ ਕਰਨੇ ਸ਼ੁਰੂ ਕਰ ਦਿੱਤੇ ਹਨ। ਸੱਤਾਧਾਰੀਆਂ ਦੀ ਇਹ ਸਿਆਸਤ ਬਹੁਤ ਮੂੰਹ-ਜ਼ੋਰ ਹੈ। ਹੁਣ ਹਾਲ ਇਹ ਹੈ ਕਿ ਇਹੀ ਧਿਰ ਹਰ ਮਸਲੇ 'ਤੇ ਆਪਣਾ ਏਜੰਡਾ ਤੈਅ ਕਰ ਰਹੀ ਹੈ ਅਤੇ ਬਾਕੀ ਧਿਰਾਂ ਜਾਂ ਵਿਰੋਧੀ ਪਾਰਟੀ ਸਿਰਫ ਪ੍ਰਤੀਕ੍ਰਿਆ ਜਾਹਰ ਕਰਨ ਜੋਗੀਆਂ ਹੀ ਰਹਿ ਗਈਆਂ ਜਾਪਦੀਆਂ ਹਨ। ਅਜੇ ਜੰਮੂ ਕਸ਼ਮੀਰ ਵਿਚ ਧਾਰਾ 370 ਰੱਦ ਕਰਨ ਦਾ ਮਾਮਲਾ ਠੰਢਾ ਨਹੀਂ ਪਿਆ ਕਿ ਭਾਸ਼ਾ ਦਾ ਮਸਲਾ ਉਛਾਲ ਦਿੱਤਾ ਗਿਆ ਹੈ। ਉਂਜ, ਪੰਜਾਬ ਵਿਚ ਜਿਸ ਤਰ੍ਹਾਂ ਕਸ਼ਮੀਰੀਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਬੁਲੰਦ ਕੀਤਾ ਗਿਆ ਹੈ, ਭਾਸ਼ਾ ਦੇ ਮਾਮਲੇ ਵਿਚ ਵੀ ਪੰਜਾਬ ਨੇ ਆਪਣੀ ਭਰਪੂਰ ਹਾਜ਼ਰੀ ਲੁਆਈ ਹੈ। ਹਿੰਦੀ ਦਿਵਸ ਮੌਕੇ ਹੀ ਪਟਿਆਲੇ ਇਕ ਸਮਾਗਮ ਦੌਰਾਨ ਪੰਜਾਬੀ ਦੇ ਨਿਰਾਦਰ ਦੇ ਮਾਮਲੇ 'ਤੇ ਹਿੰਦੀ ਵਾਲਿਆਂ ਨੂੰ ਮੁਆਫੀ ਮੰਗਣੀ ਪੈ ਗਈ ਹੈ। ਇਸ ਮਸਲੇ 'ਤੇ ਲੇਖਕ ਸਭਾਵਾਂ ਅਤੇ ਲੇਖਕ ਵੀ ਨਿੱਤਰੇ ਹਨ।

ਇਤਿਹਾਸ ਗਵਾਹ ਹੈ ਕਿ ਹਿੰਦੀ ਨੇ ਭਾਸ਼ਾਈ ਪੱਧਰ 'ਤੇ ਦੂਜੀਆਂ ਭਾਸ਼ਾਵਾਂ ਦਾ ਬਹੁਤ ਵਢਾਂਗਾ ਕੀਤਾ ਹੈ। ਇਹ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਪ੍ਰਚਲਿਤ ਕਈ ਭਾਸ਼ਾਵਾਂ ਨੂੰ ਖੋਰੇ ਦਾ ਕਾਰਨ ਬਣੀ ਹੈ। ਹੋਰ ਤਾਂ ਹੋਰ, ਇਹ ਤਾਂ ਸੰਸਕ੍ਰਿਤ ਵਰਗੀ ਪ੍ਰਾਚੀਨ ਸਮਝੀ ਜਾਂਦੀ ਭਾਸ਼ਾ ਨੂੰ ਵੀ ਹਜ਼ਮ ਕਰ ਗਈ ਹੈ। ਅਜਿਹੇ ਮਸਲਿਆਂ ਨਾਲ ਭਾਵੇਂ ਕਈ ਤਰ੍ਹਾਂ ਦੇ ਸਿਆਸੀ, ਸਮਾਜਕ ਅਤੇ ਆਰਥਕ ਮਸਲੇ ਜੁੜੇ ਹੁੰਦੇ ਹਨ, ਪਰ ਭਾਰਤ ਵਿਚ ਹਿੰਦੀ ਨੇ ਜੋ ਕੁਝ ਹੋਰ ਭਾਸ਼ਾਵਾਂ ਨਾਲ ਕੀਤਾ ਹੈ, ਉਹ ਬੇਹੱਦ ਭਿਆਨਕ ਹੈ। 'ਹਿੰਦੂ, ਹਿੰਦੀ, ਹਿੰਦੋਸਤਾਨ' ਦਾ ਹਿੰਦੂਤਵੀ ਨਾਅਰਾ ਇਸ ਤੋਂ ਵੀ ਭਿਆਨਕ ਹੈ। ਹੁਣ ਵੰਨ-ਸਵੰਨਤਾ ਦੀ ਰਾਖੀ ਕਰਨ ਵਾਲਿਆਂ ਨੂੰ ਸੋਚਣਾ-ਵਿਚਾਰਨਾ ਪਵੇਗਾ ਕਿ ਨਿਤ ਦਿਨ ਤਿੱਖੇ ਹੋ ਰਹੇ ਇਸ ਹਮਲੇ ਦਾ ਟਾਕਰਾ ਕਿਵੇਂ ਕਰਨਾ ਹੈ। ਮੋਦੀ ਸਰਕਾਰ ਨੇ ਪਿਛਲੇ ਪੰਜ ਸਾਲਾਂ ਦੌਰਾਨ ਮੁਲਕ ਦੇ ਫੈਡਰਲ ਢਾਂਚੇ ਦੀਆਂ ਜੜ੍ਹਾਂ ਵਿਚ ਜਿੰਨਾ ਤੇਲ ਦਿੱਤਾ ਹੈ, ਉਸ ਤੋਂ ਸਭ ਲੋਕ ਵਾਕਿਫ ਹਨ। ਅਸਲ ਵਿਚ ਫੈਡਰਲ ਢਾਂਚੇ ਨੂੰ ਖੋਰਾ ਮੁਲਕ ਦੀ ਵੰਨ-ਸਵੰਨਤਾ ਉਤੇ ਸਿੱਧਾ ਹਮਲਾ ਹੈ। ਵੰਨ-ਸਵੰਨਤਾ ਉਤੇ ਇਹ ਹਮਲਾ ਵੱਖਰੇ-ਵੱਖਰੇ ਅਤੇ ਟੁੱਟਵੇਂ ਰੂਪ ਵਿਚ ਆਇਆ ਹੈ। ਇਸ ਲਈ ਹੁਣ ਇਸ ਦੀ ਸ਼ਿੱਦਤ ਨੂੰ ਸਮਝ ਕੇ ਅਗਾਂਹ ਰਣਨੀਤੀ ਘੜਨ ਦੀ ਲੋੜ ਹੈ; ਨਹੀਂ ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਕ-ਇਕ ਕਰਕੇ ਹਰ ਮਸਲੇ ਉਤੇ ਹਿੰਦੂਤਵੀ ਸੁਹਾਗਾ ਇਸੇ ਤਰ੍ਹਾਂ ਫਿਰਦਾ ਰਹੇਗਾ। ਜੰਮੂ ਕਸ਼ਮੀਰ ਵਿਚ ਕੀਤੀ ਕਾਰਵਾਈ ਇਸ ਦੀ ਹਾਲੀਆ ਮਿਸਾਲ ਹੈ। ਪਿਛਲੇ ਡੇਢ ਮਹੀਨੇ ਤੋਂ ਇਸ ਰਿਆਸਤ ਦੇ ਟੋਟੇ ਕਰਕੇ ਇਸ ਨੂੰ ਖੁੱਲ੍ਹੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ। ਰਿਆਸਤ ਦੇ ਲੀਡਰ ਨਜ਼ਰਬੰਦ ਹਨ ਅਤੇ ਲੋਕਾਂ ਦਾ ਸੰਪਰਕ ਬਾਕੀ ਮੁਲਕ ਨਾਲੋਂ ਟੁੱਟਿਆ ਹੋਇਆ ਹੈ। ਸਟੇਟ ਅਤੇ ਸਰਕਾਰ ਵਿਚਲਾ ਫਰਕ ਇਕੋ ਝਟਕੇ ਨਾਲ ਤੋੜ ਦਿੱਤਾ ਗਿਆ। ਸਰਕਾਰ ਦਾ ਵਿਰੋਧ ਕਰਨ ਵਾਲਾ ਦੇਸ਼ਧ੍ਰੋਹੀ ਕਰਾਰ ਦਿੱਤਾ ਜਾਣ ਲੱਗਾ ਹੈ। ਇਹ ਅਸਲ ਵਿਚ ਬੇਹੱਦ ਔਖੀਆਂ ਘੜੀਆਂ ਹਨ ਪਰ ਇਤਿਹਾਸ ਗਵਾਹ ਹੈ ਕਿ ਮਨੁੱਖ ਦੇ ਸਿਰ ਪਾਈਆਂ ਅਜਿਹੀਆਂ ਔਖੀਆਂ ਘੜੀਆਂ ਦੇ ਸੰਗਲ ਆਖਰਕਾਰ ਮਨੁੱਖ ਹੀ ਕੱਟਦਾ ਆਇਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜ਼ੁਰਮਾਨੇ ਬਨਾਮ ਇਕਾਨਮੀ*

ਜਨਤਾ ਮੰਗਦੀ ਰਹੇ ਰੁਜ਼ਗਾਰ ਸਾਥੋਂ, ਰਾਸ਼ਟਰਵਾਦ ਦਾ ਰਾਗ ਅਲਾਪਣਾ ਐ।
ਚੰਦਰਯਾਨ ਹੁਣ ਤੀਸਰਾ ਭੇਜਣਾ ਏ, ਜਿਸ ਨੇ ਸਾਰਾ ਬ੍ਰਹਿਮੰਡ ਹੀ ਨਾਪਣਾ ਐ।
ਲਿਆ ਥਾਪੜਾ 'ਬੈਂਕ ਰਿਜ਼ਰਵ' ਵਾਲਾ, ਦੌਰ 'ਮੰਦੀ' ਦਾ ਭੋਰਾ ਨਾ ਜਾਪਣਾ ਐ।
ਮਦਦ ਦੇਣੀ ਐ ਲੱਖਾਂ ਹੀ ਡਾਲਰਾਂ ਦੀ, ਮਿੱਤਰ ਦੇਸ ਪੁਰਾਣਾ ਜੋ ਆਪਣਾ ਐ।
ਲੋਕੀਂ ਟਿੱਚਰਾਂ ਕਰਦਿਆਂ ਹੱਸਦੇ ਨੇ, ਭੁੱਖੇ ਢਿੱਡ ਤੋਂ ਮਾਰੀ ਗਈ ਬੜ੍ਹਕ ਉਤੇ।
ਚੱਕਣ ਲੱਗ ਪਏ ਡਿੱਗੀ ਇਕਾਨਮੀ ਨੂੰ, ਠੋਕ ਠੋਕ ਜ਼ੁਰਮਾਨੇ ਹੁਣ ਸੜਕ ਉਤੇ!

# ਸੱਤਾ ਦੀ ਸੌੜੀ ਸਿਆਸਤ ਬਨਾਮ ਕਤਲੇਆਮਾਂ ਦਾ ਸਿਲਸਿਲਾ

***ਸੱਤਾਧਾਰੀ ਜਾਂ ਕਹੋ ਕਿ ਹੁਕਮਰਾਨ, ਇਹ ਆਪਣਾ ਰਾਜਭਾਗ ਚਲਾਉਣ ਲਈ ਤਾਕਤ ਦੀ ਅੰਨ੍ਹੀ ਵਰਤੋਂ ਕਰਦੇ ਹਨ। ਅਵਾਮ ਦੇ ਆਮ ਹੱਕ ਖੋਹਣੇ ਤਾਂ ਬਹੁਤ ਛੋਟੀ ਜਿਹੀ ਗੱਲ ਹੈ, ਆਪਣੀ ਪਕੜ ਬਰਕਰਾਰ ਰੱਖਣ ਲਈ ਕਤਲੇਆਮ ਤਕ ਵਰਤਾ ਦਿੱਤੇ ਜਾਂਦੇ ਹਨ। ਇਹ ਸਿਲਸਿਲਾ ਮੁੱਢ-ਕਦੀਮ ਤੋਂ ਚੱਲ ਰਿਹਾ ਹੈ ਅਤੇ ਅੱਜ ਵੀ ਬੇਰੋਕ-ਟੋਕ ਜਾਰੀ ਹੈ। ਸੱਤਾ ਦੀਆਂ ਵੰਨਗੀਆਂ ਭਾਵੇਂ ਹੁਣ ਰਾਜਾਸ਼ਾਹੀ ਤੋਂ ਜਮਹੂਰੀਅਤ ਤੱਕ ਅੱਪੜ ਗਈਆਂ ਹਨ, ਪਰ ਸੱਤਾ ਬਰਕਰਾਰ ਰੱਖਣ ਦੇ ਢੰਗ-ਤਰੀਕੇ ਉਹੀ ਹਨ ਜੋ ਪਹਿਲਾਂ ਸਨ। ਵਿਰੋਧੀਆਂ ਨੂੰ ਦਰੜਨ ਦੀ ਸਿਆਸਤ ਵਿਚ ਹੁਣ ਵੀ ਕੋਈ ਫਰਕ ਨਹੀਂ ਪਿਆ ਹੈ। ਉਘੇ ਲਿਖਾਰੀ ਮਜੀਦ ਸ਼ੇਖ ਨੇ ਆਪਣੇ ਇਸ ਲੇਖ ਵਿਚ ਸੱਤਾਧਾਰੀਆਂ ਦੀ ਸਿਆਸਤ ਬਾਰੇ ਵਿਚਾਰ ਸਾਂਝੇ ਕੀਤੇ ਹਨ। -ਸੰਪਾਦਕ***

ਅੱਜ ਅਸੀਂ ਜਦੋਂ ਟੈਲੀਵਿਜ਼ਨ ਉਤੇ ਇਰਾਕ ਵਿਚ ਗਿਣ-ਮਿਥ ਕੇ ਹੋ ਰਹੇ ਕਤਲੇਆਮ ਜਾਂ ਨਸਲਕੁਸ਼ੀਆਂ ਦੇਖਦੇ ਹਾਂ ਤਾਂ ਇਸ ਤੋਂ ਬਿਨਾ ਹੋਰ ਕੁਝ ਨਹੀਂ ਸੋਚ ਸਕਦੇ। ਉਥੇ ਦਿਨ-ਰਾਤ ਲਗਾਤਾਰ ਅਜਿਹਾ ਚੱਲ ਰਿਹਾ ਹੈ ਤੇ ਅਸੀਂ ਮਹਿਜ਼ ਇਸ ਦੇ ਬੰਦ ਹੋਣ ਦੀ ਦੁਆ ਹੀ ਕਰ ਸਕਦੇ ਹਾਂ। ਜੋ ਕੁਝ ਫਲਸਤੀਨ ਵਿਚ ਹੋ ਰਿਹਾ ਹੈ, ਉਸ ਨੂੰ ਦੇਖਦਿਆਂ ਅਸੀਂ ਅਜਿਹੀਆਂ ਨਸਲਕੁਸ਼ੀਆਂ ਦੀ ਹੀ ਉਮੀਦ ਕਰ ਸਕਦੇ ਹਾਂ। ਕਤਲੇਆਮ ਤਾਂ ਕਤਲੇਆਮ ਹੈ। ਇਸ ਤੋਂ ਸਾਨੂੰ ਚੰਗੇਜ਼ ਖਾਨ ਦੀ ਯਾਦ ਆਉਂਦੀ ਹੈ



ਜੋ ਅਜਿਹਾ ਬੰਦਾ ਸੀ ਜਿਸ ਨੇ ਤਕਰੀਬਨ 900 ਸਾਲ ਪਹਿਲਾਂ ਬਗਦਾਦ ਅਤੇ ਲਾਹੌਰ ਦੋਵਾਂ ਵਿਚ ਲੁੱਟਮਾਰ ਕੀਤੀ, ਵੱਡੇ ਪੱਧਰ 'ਤੇ ਬਲਾਤਕਾਰ ਕੀਤੇ।

**ਮਜੀਦ ਸ਼ੇਖ**

ਮੈਂ ਇਕ ਪੁਰਾਣੀ ਤੇ ਪਸੰਦੀਦਾ ਕਿਤਾਬ 'ਸੈਵਨ ਪਿਲਰਜ਼ ਆਫ ਵਿਜ਼ਡਮ' ਪੜ੍ਹ ਰਿਹਾ ਸਾਂ ਜਿਹੜੀ ਟੀ.ਈ. ਲਾਰੈਂਸ ਉਰਫ ਲਾਰੈਂਸ ਔਫ ਅਰੇਬੀਆ (ਅਰਬ ਦਾ ਲਾਰੈਂਸ) ਨੇ ਲਿਖੀ ਹੈ। ਇਹ ਉਹ ਬੰਦਾ ਸੀ ਜਿਸ ਨੇ ਅਰਬ ਖਿੱਤੇ ਅਤੇ ਅਰਬਾਂ ਦੀ ਤੇਲ ਦੀ ਦੌਲਤ ਨੂੰ ਬਰਤਾਨੀਆ ਦੇ ਹੱਥਾਂ ਵਿਚ ਸੌਂਪਿਆ। ਉਹ ਲਿਖਦਾ ਹੈ: "ਮੈਂ ਦਜਲਾ (ਟਿਗਰਿਸ) ਦਰਿਆ ਤੋਂ ਪਾਰ ਪੁੱਜਾ। ਮੇਰੇ ਨਾਲ ਡੈਵੋਨ ਟੈਰੀਟੋਰੀਅਲ (ਬਰਤਾਨਵੀ ਫੌਜ ਦੀ ਰੈਜੀਮੈਂਟ) ਦੇ 100 ਜਵਾਨ ਸਨ, ਦਲੇਰ ਤੇ ਬਾਂਕੇ ਜਵਾਨ। ਅਸੀਂ ਭਿਆਨਕ ਤੋਂ ਭਿਆਨਕ ਮੌਤ ਲਈ ਤਿਆਰ ਸਾਂ, ਜੰਗ ਜਿੱਤਣ ਲਈ ਨਹੀਂ ਸਗੋਂ ਇਸ ਲਈ ਕਿ ਮੱਕੀ ਤੇ ਚੌਲ ਅਤੇ ਮੈਸੋਪੋਟੇਮੀਆ ਦਾ ਤੇਲ ਸਾਡਾ ਹੋ ਜਾਵੇ।"

ਇਹ ਉਸ ਦਾ ਨਪਿਆ-ਤੁਲਿਆ ਵਿਚਾਰ ਸੀ, ਉਹ ਵਿਚਾਰ ਜਿਸ ਦੀ ਬਰਨਾਰਡ ਸ਼ਾਅ ਨੇ ਵੀ ਤਾਈਦ ਕੀਤੀ, ਅਜਿਹਾ ਵਿਚਾਰ ਜਿਸ ਲਈ ਸਥਾਪਤੀ ਨੇ ਕਦੇ ਵੀ ਟੀ.ਈ. ਲਾਰੈਂਸ ਨੂੰ ਮੁਆਫ ਨਹੀਂ ਕੀਤਾ। ਉਨ੍ਹਾਂ ਆਖਰ ਉਸ ਨੂੰ 'ਬਹੁਤੀ ਹੀ ਗੰਦਾ ਹਮਜਿਨਸੀ' ਕਰਾਰ ਦੇ ਦਿੱਤਾ ਅਤੇ ਕਰਾਚੀ ਸਥਿਤ ਹਵਾਈ ਅੱਡੇ ਉਤੇ ਭੇਜ ਦਿੱਤਾ ਪਰ ਲਾਰੈਂਸ ਬੇਪ੍ਰਵਾਹ ਕਿਸਮ ਦਾ ਇਨਸਾਨ ਸੀ, ਬੜਾ ਰੰਗੀਨ-ਮਿਜ਼ਾਜ ਤੇ ਇਸ ਮਕਸਦ ਲਈ ਕਿਤੇ ਵੀ ਤੁਰ ਜਾਂਦਾ, ਜਾਂ ਉਸ ਬਾਰੇ ਆਖਿਆ ਜਾ ਸਕਦਾ ਹੈ ਕਿ ਉਸ ਵਿਚ ਮਨੁੱਖ ਦੇ ਰੰਗੀਨ-ਮਿਜ਼ਾਜੀ ਵਾਲੇ ਪੱਖ ਦੇ ਵਧੀਆ ਅੰਸ਼ ਸਨ। ਉਹ ਕੋਈ ਨਾ ਕੋਈ ਬਹਾਨਾ ਲੱਭ ਕੇ ਹਵਾਈ ਬੇਸ ਤੋਂ ਉਡਾਰੀ ਮਾਰ ਜਾਂਦਾ ਤੇ ਪੁਰਾਣਾ ਖਸਤਾਹਾਲ ਜਿਹਾ ਹਵਾਈ ਜਹਾਜ਼ ਲੈ ਕੇ ਲਾਹੌਰ ਆਣ ਪੁੱਜਦਾ 'ਜਿੱਥੇ ਜ਼ਿੰਦਗੀ ਸੰਵੇਦਨਸ਼ੀਲ ਤੇ ਵਧੀਆ ਸੀ ਅਤੇ ਮਰਦ ਤੇ ਔਰਤਾਂ ਸਮਝਦਾਰ ਤੇ ਸਿਆਣੇ ਸਨ'। ਉਹ ਗੜ੍ਹੀ ਸ਼ਾਹੂ ਵਿਖੇ ਆਕਸਫੋਰਡ ਦੇ ਆਪਣੇ ਪੁਰਾਣੇ ਦੋਸਤ ਕੋਲ ਰੁਕਦਾ ਤੇ ਬੇਪ੍ਰਵਾਹ ਹੋ ਕੇ ਮਰਜ਼ੀ ਮੁਤਾਬਿਕ ਸਮਾਂ ਬਿਤਾਉਂਦਾ।

ਲੋਕ-ਕਥਾਵਾਂ ਵਿਚ ਲਾਰੈਂਸ ਦੀ ਪਛਾਣ ਅਰਬ ਦੇ ਲਾਰੈਂਸ ਵਾਲੀ ਹੀ ਬਣੀ ਰਹੇਗੀ, ਅਜਿਹਾ ਵਿਅਕਤੀ ਜਿਸ ਨੇ ਅਰਬਾਂ ਦਾ ਤੇਲ ਹਥਿਆਉਣ ਲਈ ਅੰਨ੍ਹੇਵਾਹ ਲੜਾਈ ਲੜੀ। ਉਸ ਨੇ ਇਜ਼ਰਾਈਲ ਦੀ ਖਤਰਨਾਕ ਧਾਰਮਿਕ 'ਕਲਪਨਾ' ਦਾ ਮੁੱਢ ਬੰਨ੍ਹਿਆ ਜੋ ਅਜਿਹਾ ਜ਼ਾਲਮਾਨਾ ਵਿਚਾਰ ਸੀ ਜਿਸ ਨੇ ਸਮੁੱਚੇ ਲੋਕਾਂ ਨੂੰ ਖਤਰੇ ਵਿਚ ਪਾ ਦਿੱਤਾ। ਇਹ ਕਤਲੇਆਮ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਘੇਰੇ ਨੂੰ ਹੋਰ ਵਧਾਉਂਦਾ ਹੈ। ਮਨੁੱਖੀ ਲਾਲਚ ਦੀ ਕੋਈ ਹੱਦ ਨਹੀਂ ਹੁੰਦੀ ਪਰ ਜੇ ਲਾਰੈਂਸ ਲਾਹੌਰ ਆਇਆ ਸੀ, ਤਾਂ ਇੰਜ ਹੀ ਚੰਗੇਜ਼ ਖਾਨ ਆਇਆ ਸੀ; ਤੇ ਫਿਰ ਚੰਗੇਜ਼ ਖਾਨ ਬਗਦਾਦ ਵੀ ਗਿਆ ਤਾਂ ਕਿ ਉਹ ਉਥੋਂ ਦੀਆਂ ਸਾਰੀਆਂ ਕਿਤਾਬਾਂ ਅਤੇ ਗਿਆਨ ਭੰਡਾਰ ਨੂੰ ਸਾੜ ਕੇ ਸੁਆਹ ਕਰ ਸਕੇ। ਅਰਬ ਹਮੇਸ਼ਾਂ ਹੀ ਬਹੁਤ ਸਭਿਅਕ ਲੋਕ ਰਹੇ ਹਨ ਤੇ ਹਮਲਾਵਰਾਂ ਨੇ ਹਮੇਸ਼ਾਂ ਉਨ੍ਹਾਂ ਦਾ ਨੁਕਸਾਨ ਕੀਤਾ ਹੈ। ਅਰਬਾਂ ਨੂੰ ਹਰਾਉਣ ਦਾ ਇਕੋ ਤਰੀਕਾ ਸੀ ਕਿ ਉਨ੍ਹਾਂ ਦੀਆਂ ਕਿਤਾਬਾਂ ਸਾੜ ਦਿਉ। ਚੰਗੇਜ਼ ਖਾਨ ਨੇ ਇਹੋ ਕੁਝ ਲਾਹੌਰ ਵਿਚ ਕੀਤਾ।

ਚੰਗੇਜ਼ ਖਾਨ (1167-1227) ਦਾ ਅਸਲ ਨਾਂ ਤੇਮੂਜਿਨ ਸੀ ਜਿਸ ਦਾ ਜਨਮ ਮੰਗੋਲ ਸਰਦਾਰ ਯੇਸੂਕਾਈ ਦੇ ਘਰ ਹੋਇਆ। ਉਸ ਦਾ ਪਿਤਾ ਆਮੂਰ ਦਰਿਆ ਤੇ ਚੀਨ ਦੀ ਮਹਾਨ ਦੀਵਾਰ ਵਿਚਲੇ ਵੱਡੇ ਇਲਾਕੇ ਦਾ ਹਾਕਮ ਸੀ। ਤੇਮੂਜਿਨ ਮਹਿਜ਼ 13 ਸਾਲਾਂ ਦੀ ਉਮਰ ਵਿਚ ਆਪਣੇ ਪਿਤਾ ਦੇ ਜਾਨਸ਼ੀਨ ਵਜੋਂ ਕਬਾਇਲੀ ਸਰਦਾਰ ਬਣਿਆ। ਸਾਲ 1206 ਤੱਕ ਤੇਮੂਜਿਨ ਤਕਰੀਬਨ ਸਾਰੇ ਮੰਗੋਲੀਆ 'ਤੇ ਕਬਜ਼ਾ ਕਰ ਚੁੱਕਾ ਸੀ। ਉਸੇ ਸਾਲ ਅਧੀਨ ਕਬੀਲਿਆਂ ਦੀ ਇਕ ਇਕੱਤਰਤਾ ਵਿਚ ਉਸ ਨੂੰ ਚੰਗੇਜ਼ ਖਾਨ ਦਾ ਖਿਤਾਬ ਦਿੱਤਾ ਗਿਆ (ਇਹ ਚੀਨੀ ਭਾਸ਼ਾ ਦੇ ਸ਼ਬਦਾਂ 'ਚੇਂਗ-ਜ਼ੇ' ਭਾਵ 'ਸ਼ਾਨਦਾਰ ਲੜਾਕਾ' ਅਤੇ ਤੁਰਕ ਭਾਸ਼ਾ ਦੇ 'ਖਾਨ' ਭਾਵ 'ਮਾਲਕ' ਤੋਂ ਬਣਿਆ)। ਉਹ ਇਕਜੁੱਟ ਮੰਗੋਲਾਂ ਅਤੇ ਤਾਤਾਰ ਕਬੀਲਿਆਂ ਦਾ ਆਗੂ ਸੀ। ਕਰਾਕੋਰਮ ਸ਼ਹਿਰ ਨੂੰ ਉਸ ਦੀ ਰਾਜਧਾਨੀ ਬਣਾਇਆ ਗਿਆ (ਇਹ ਸ਼ਹਿਰ ਮੰਗੋਲੀਆ ਦੇ ਓਵੋਰਖਾਨਗਈ ਸੂਬੇ ਵਿਚ ਸੀ ਜੋ ਹੁਣ ਤਬਾਹ ਹੋ ਚੁੱਕਾ ਹੈ)।

ਚੰਗੇਜ਼ ਖਾਨ ਨੇ ਫਿਰ ਚੀਨ 'ਤੇ ਹੱਲਾ ਬੋਲਿਆ ਅਤੇ 1208 ਤੱਕ ਉਸ ਨੇ ਮਹਾਨ ਦੀਵਾਰ ਦੇ ਅੰਦਰ ਪੈਰ ਜਮਾ ਲਏ। 1213 ਤੱਕ ਉਸ ਦੀਆਂ ਫੌਜਾਂ ਨੇ ਦੱਖਣ ਤੇ ਪੱਛਮ ਵਲ ਚੜ੍ਹਾਈਆਂ ਕੀਤੀਆਂ। ਇਹ ਇਲਾਕਾ ਜੁਚੇਨ ਚਿਨ ਸ਼ਾਹੀ ਖਾਨਦਾਨ (1122-1234) ਦੇ ਕਬਜ਼ੇ ਹੇਠ ਸੀ।



***ਟੀ.ਈ. ਲਾਰੈਂਸ ਉਰਫ ਲਾਰੈਂਸ ਔਫ ਅਰੇਬੀਆ ਜਿਸ ਨੇ ਅਰਬ ਖਿੱਤੇ ਅਤੇ ਅਰਬਾਂ ਦੀ ਤੇਲ ਦੀ ਦੌਲਤ ਨੂੰ ਬਰਤਾਨੀਆ ਦੇ ਹੱਥਾਂ 'ਚ ਸੌਂਪਿਆ, ਲਿਖਦਾ ਹੈ, "ਮੈਂ ਦਜਲਾ (ਟਿਗਰਿਸ) ਦਰਿਆ ਤੋਂ ਪਾਰ ਪੁੱਜਾ। ਮੇਰੇ ਨਾਲ ਡੈਵੋਨ ਟੈਰੀਟੋਰੀਅਲ (ਬਰਤਾਨਵੀ ਫੌਜ ਦੀ ਰੈਜੀਮੈਂਟ) ਦੇ 100 ਜਵਾਨ ਸਨ, ਦਲੇਰ ਤੇ ਬਾਂਕੇ ਜਵਾਨ। ਅਸੀਂ ਭਿਆਨਕ ਤੋਂ ਭਿਆਨਕ ਮੌਤ ਲਈ ਤਿਆਰ ਸਾਂ, ਜੰਗ ਜਿੱਤਣ ਲਈ ਨਹੀਂ ਸਗੋਂ ਇਸ ਲਈ ਕਿ ਮੱਕੀ ਤੇ ਚੌਲ ਅਤੇ ਮੈਸੋਪੋਟੇਮੀਆ ਦਾ ਤੇਲ ਸਾਡਾ ਹੋ ਜਾਵੇ।"***

ਚੰਗੇਜ਼ ਦੀ ਇਹ ਜੇਤੂ ਮੁਹਿੰਮ ਸ਼ਾਨਤੁੰਗ ਪ੍ਰਾਇਦੀਪ ਤੱਕ ਪੁੱਜਣ ਤੱਕ ਜਾਰੀ ਰਹੀ। ਉਸ ਦੀਆਂ ਫੌਜਾਂ ਨੇ 1215 ਵਿਚ ਯੇਨਕਿੰਗ (ਹੁਣ ਪੇਈਚਿੰਗ) ਉਤੇ ਕਬਜ਼ਾ ਕਰ ਲਿਆ ਜਿਹੜਾ ਉਤਰੀ ਚੀਨ ਵਿਚ ਚਿਨ ਖਾਨਦਾਨ ਦਾ ਬਚਿਆ ਆਖਰੀ ਗੜ੍ਹ ਸੀ। ਫਿਰ 1218 ਵਿਚ ਕੋਰਿਆਈ ਪ੍ਰਾਇਦੀਪ ਵੀ ਮੰਗੋਲਾਂ ਦੇ ਕਬਜ਼ੇ ਵਿਚ ਆ ਗਿਆ।

ਚੰਗੇਜ਼ ਖਾਨ ਨੇ 1219 ਵਿਚ ਕੁਝ ਮੰਗੋਲ ਵਪਾਰੀਆਂ ਦੇ ਕਤਲਾਂ ਦਾ ਬਦਲਾ ਲੈਣ ਦੇ ਨਾਂ 'ਤੇ ਆਪਣੀਆਂ ਫੌਜਾਂ ਦੀਆਂ ਮੁਹਾਰਾਂ ਪੱਛਮ ਵਲ ਮੋੜ ਦਿੱਤੀਆਂ। ਅਸਲ ਵਿਚ ਅਜਿਹੇ ਕਤਲ ਤਾਂ ਮਹਿਜ਼ ਹਮਲਾ ਕਰਨ ਦੇ ਆਮ ਬਹਾਨੇ ਹੁੰਦੇ ਸਨ ਤੇ ਕਈ ਵਾਰ ਇਹ ਮਿਥ ਕੇ ਕਰਵਾਏ ਜਾਂਦੇ ਸਨ। ਉਸ ਨੇ ਤੇਜ਼ੀ ਨਾਲ ਅੱਗੇ ਵਧਦਿਆਂ ਤੁਰਕ ਸਾਮਰਾਜ ਦੇ ਵੱਡੇ ਹਿੱਸੇ ਉਤੇ ਕਬਜ਼ਾ ਜਮਾ ਲਿਆ ਜਿਸ ਵਿਚ ਮੌਜੂਦਾ ਇਰਾਨ, ਇਰਾਕ ਅਤੇ ਸਾਰਾ ਤੁਰਕਿਸਤਾਨ ਸ਼ਾਮਲ ਸੀ (ਤੁਰਕਿਸਤਾਨ, ਭਾਵ ਮੱਧ ਏਸ਼ੀਆ ਦਾ ਉਹ ਇਲਾਕਾ ਜਿਹੜਾ ਉਤਰ ਵਿਚ ਰੂਸ ਦੇ ਸਾਇਬੇਰੀਆ, ਪੂਰਬ ਵਿਚ ਗੋਬੀ ਰੇਗਿਸਤਾਨ, ਪੱਛਮ ਵਿਚ ਕੈਸਪੀਅਨ ਸਾਗਰ ਅਤੇ ਦੱਖਣ ਵਿਚ ਇਰਾਨ, ਅਫਗਾਨਿਤਸਾਨ ਤੇ ਤਿੱਬਤ ਦਰਮਿਆਨ ਪੈਂਦਾ ਹੈ। ਇਸ ਵਿਚ ਮੁੱਖ ਤੌਰ 'ਤੇ ਕਜ਼ਾਖਸਤਾਨ, ਤੁਰਕਮੇਨਿਸਤਾਨ, ਤਾਜਿਕਸਤਾਨ, ਉਜ਼ਬੇਕਿਸਤਾਨ, ਕਿਰਗਿਜ਼ਸਤਾਨ ਤੋਂ ਇਲਾਵਾ ਅਫਗਾਨਿਸਤਾਨ, ਚੀਨ ਤੇ ਰੂਸ ਦੇ ਸਾਇਬੇਰੀਆ ਦੇ ਕੁਝ ਇਲਾਕੇ ਆਉਂਦੇ ਹਨ)।

ਮੰਗੋਲ ਧਾੜਵੀਆਂ ਨੇ ਪੂਰੇ ਇਲਾਕੇ ਵਿਚ ਖੂਬ ਲੁੱਟ ਮਚਾਈ ਅਤੇ ਕਤਲੇਆਮ ਮਚਾਉਂਦਿਆਂ ਬੁਖਾਰਾ ਤੇ ਸਮਰਕੰਦ ਵਰਗੇ ਸ਼ਹਿਰਾਂ ਵਿਚ ਲਾਸ਼ਾਂ ਦੇ ਢੇਰ ਲਾ ਦਿੱਤੇ। ਫਿਰ ਉਸ ਨੇ ਭਾਰਤ ਵਲ ਰੁਖ ਕਰਦਿਆਂ ਪਿਸ਼ਾਵਰ ਤੇ ਲਾਹੌਰ ਨੂੰ ਵੀ ਫਤਹਿ ਕਰ ਲਿਆ। ਲਾਹੌਰ ਵਿਚ ਉਸ ਨੇ ਉਹੋ ਰਸਮ ਦੁਹਰਾਈ ਜਿਹੜੀ ਪਹਿਲਾਂ ਬਗਦਾਦ ਵਿਚ ਕੀਤੀ ਗਈ। ਉਸ ਨੇ ਹੁਕਮ ਦਿੱਤਾ ਕਿ ਮਰਦਾਂ ਦੇ ਕਤਲੇਆਮ ਅਤੇ ਔਰਤਾਂ ਦੀ ਪੱਤ ਲੁੱਟਣ ਤੋਂ ਪਹਿਲਾਂ ਲਾਹੌਰ ਵਿਚ ਮੌਜੂਦ ਹਰ ਕਿਤਾਬ ਨੂੰ ਅੱਗ ਵਿਚ ਸਾੜ ਦਿੱਤਾ ਜਾਵੇ। ਚੰਗੇਜ਼ ਖਾਨ ਵਰਗੇ ਹੀ ਦੋ ਹੋਰ ਹਮਲਾਵਰਾਂ ਤੈਮੂਰ ਲੰਗ ਤੇ ਬਾਬਰ ਨੇ ਵੀ ਲਾਹੌਰ ਨਾਲ ਇੰਜ ਹੀ ਕੀਤੀ। ਵਕਤ ਬੀਤਣ ਨਾਲ ਵੀ ਹਮਲਾਵਰਾਂ ਵਿਚ ਬਹੁਤਾ ਫਰਕ ਨਹੀਂ ਆਉਂਦਾ ਪਰ ਇਹ ਭਾਵੇਂ ਲਾਰੈਂਸ ਹੋਵੇ ਜਿਸ ਨੇ ਤੁਰਕਾਂ ਨੂੰ ਭਜਾ ਕੇ ਅਰਬ ਨੂੰ ਸਾਊਦਾਂ ਜਾਂ ਰਾਜਸ਼ਾਹੀ ਦੇ ਹਵਾਲੇ ਕੀਤਾ ਅਤੇ ਭਾਵੇਂ ਚੰਗੇਜ਼ ਖਾਨ ਹੋਵੇ ਜਿਸ ਨੇ ਮਹਿਜ਼ ਇਸ ਕਾਰਨ ਬਗਦਾਦ ਤੇ ਲਾਹੌਰ ਨੂੰ ਤਬਾਹ ਕੀਤਾ, ਕਿਉਂਕਿ ਉਹ ਕਿਤਾਬਾਂ ਅਤੇ ਸਭਿਆ ਸਮਾਜ ਨੂੰ ਆਪਣੇ ਜਿਊਣ-ਢੰਗ ਲਈ ਖਤਰਾ ਸਮਝਦਾ ਸੀ। ਅਸੀਂ ਇਨ੍ਹਾਂ ਨੂੰ ਇਨ੍ਹਾਂ ਵਲੋਂ ਮਚਾਏ ਕਤਲੇਆਮਾਂ ਕਾਰਨ ਹੀ ਜਾਣਦੇ ਹਾਂ।

ਕਤਲੇਆਮ ਕਿਉਂਕਿ ਹੁੰਦੇ ਰਹਿਣਗੇ ਅਤੇ ਇਤਿਹਾਸ ਵਿਚ ਉਹ ਕਤਲੇਆਮਾਂ ਲਈ ਹੀ ਚੇਤੇ ਕੀਤੇ ਜਾਂਦੇ ਰਹਿਣਗੇ, ਰੈੱਡ ਇੰਡੀਅਨਾਂ, ਅਫਰੀਕਾ ਦੇ ਗ਼ੁਲਾਮਾਂ ਜਾਂ ਵੀਅਤਨਾਮ ਲਈ। ਬਹੁਤੇ ਲੋਕਾਂ ਨੂੰ ਜਾਪਦਾ ਸੀ ਕਿ ਬਗਦਾਦ ਤੋਂ ਬਾਅਦ ਸ਼ਾਇਦ ਕੋਈ ਨਵਾਂ ਚੰਗੇਜ਼ ਖਾਨ ਲਾਹੌਰ ਦਾ ਰੁਖ ਕਰੇ ਪਰ ਸਾਡੇ ਕੋਲ ਤਾਂ ਕੋਈ ਤੇਲ ਨਹੀਂ ਹੈ ਤੇ 14 ਕਰੋੜ ਪਾਕਿਸਤਾਨੀਆਂ ਦਾ ਕੋਈ ਕੀ ਕਰੇਗਾ? ਇਕ ਤਰ੍ਹਾਂ ਕੁਝ ਵੀ ਨਹੀਂ ਬਦਲੇਗਾ ਤੇ ਕਤਲੇਆਮ ਜਾਰੀ ਰਹਿਣਗੇ- ਸਿਰਫ ਤਰੀਕੇ ਹੋਰ ਸੁਧਰੇ ਹੋਣਗੇ ਤੇ ਸਪਸ਼ਟੀਕਰਨ ਵਧੇਰੇ ਨਰਮੀ ਵਾਲੇ। ਉਂਜ, ਅਮਰੀਕਾ ਦੇ ਮੂਲ ਵਾਸੀਆਂ - ਜਿਨ੍ਹਾਂ ਨੂੰ ਰੈੱਡ ਇੰਡੀਅਨ ਆਖਿਆ ਜਾਂਦਾ ਹੈ - ਵਿਚ ਆਖਿਆ ਜਾਂਦਾ ਹੈ: 'ਮਿੱਠਬੋਲੜੇ ਮੱਕਾਰ ਦੋ-ਧਾਰੀ ਤਲਵਾਰ'। ਅਸੀਂ ਬਹੁਤ ਹੀ ਉਦਾਸੀ ਵਾਲੇ ਸਮੇਂ ਵਿਚ ਜੀਅ ਰਹੇ ਹਾਂ।

# 'ਚੌਥੇ ਥੰਮ੍ਹ' ਦੇ ਖਤਰਨਾਕ ਹਾਲਾਤ ਅਤੇ ਪੱਤਰਕਾਰ ਦਾ ਧਰਮ

ਪਿਛਲੇ ਦਿਨੀਂ ਰੋਜ਼ਾਨਾ ਅੰਗਰੇਜ਼ੀ ਅਖਬਾਰ 'ਹਿੰਦੁਸਤਾਨ ਟਾਈਮਜ਼' ਵਲੋਂ ਚੰਡੀਗੜ੍ਹ ਤੋਂ ਪੱਤਰਕਾਰ ਸੁਖਦੀਪ ਕੌਰ ਦਾ ਕਾਂਟਰੈਕਟ ਨਾ ਨਵਿਆਉਣ ਕਰਕੇ ਉਸ ਨੂੰ ਹਟਾ ਦਿੱਤਾ ਗਿਆ। ਸੰਸਥਾ ਨੇ ਉਸ ਨੂੰ ਅਚਾਨਕ 2 ਸਤੰਬਰ ਨੂੰ ਦਿੱਲੀ ਨੈਸ਼ਨਲ ਪੁਲੀਟੀਕਲ ਬਿਊਰੋ ਵਿਚ ਕੰਮ ਕਰਨ ਲਈ ਕਿਹਾ ਸੀ। ਉਸ ਨੇ ਗੁਜ਼ਾਰਿਸ਼ ਕੀਤੀ ਕਿ ਬੱਚਿਆਂ ਦੀ ਪੜ੍ਹਾਈ ਦੇ ਸੈਸ਼ਨ ਦਰਮਿਆਨ ਤਬਾਦਲਾ ਸਵੀਕਾਰ ਕਰਕੇ ਦਿੱਲੀ ਜਾਣਾ ਸੰਭਵ ਨਹੀਂ ਪਰ ਉਸ ਦੀ ਪਰਿਵਾਰਕ ਸਮੱਸਿਆ ਅਣਸੁਣੀ ਕਰ ਦਿੱਤੀ ਗਈ। ਜਾਪਦਾ ਹੈ, ਪੂਰਾ ਸਿਲਸਿਲਾ ਉਸ ਦਾ ਕਾਂਟਰੈਕਟ ਨਵਿਆਉਣ ਦੀ ਤਾਰੀਕ ਤੋਂ ਹਫਤੇ ਪਹਿਲਾਂ ਵਿਉਂਤਿਆ ਗਿਆ ਸੀ।

ਬੂਟਾ ਸਿੰਘ
ਫੋਨ: +91-94634-74342

ਇਸ ਤੋਂ ਪਹਿਲਾਂ ਪੱਤਰਕਾਰ ਨੇ ਨਾਬਰਾਬਰੀ ਵਾਲੇ ਸਲੂਕ ਅਤੇ ਆਪਣੇ ਮਿਆਰੀ ਕੰਮ ਅਨੁਸਾਰ ਤਰੱਕੀ ਨਾ ਦੇਣ ਦੀ ਸ਼ਿਕਾਇਤ ਵੀ ਕੀਤੀ ਸੀ। 26 ਜੁਲਾਈ ਨੂੰ ਉਸ ਨੂੰ ਸ਼ਿਕਾਇਤ ਦੀ ਸੁਣਵਾਈ ਲਈ ਨਵੀਂ ਦਿੱਲੀ ਵਿਖੇ 'ਕੋਡ ਆਫ ਕੰਡਕਟ' ਕਮੇਟੀ ਅੱਗੇ ਪੇਸ਼ ਹੋਣ ਲਈ ਕਿਹਾ ਗਿਆ, ਜਿਥੇ ਕਮੇਟੀ ਨੇ ਉਸ ਨਾਲ ਸ਼ਿਕਾਇਤ ਕਰਤਾ ਦੀ ਬਜਾਏ ਦੋਸ਼ੀ ਵਾਲਾ ਸਲੂਕ ਕੀਤਾ। ਉਸ ਨੂੰ ਦੱਸਿਆ ਗਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੇ ਮੀਡੀਆ ਸਲਾਹਕਾਰ ਨੇ ਉਸ ਦੀ ਰਿਪੋਰਟਿੰਗ ਬਾਰੇ ਸ਼ਿਕਾਇਤਾਂ ਕੀਤੀਆਂ ਹਨ ਅਤੇ ਉਸ ਦੀ ਰਿਪੋਰਟਿੰਗ 'ਪੱਖਪਾਤੀ' ਹੈ। ਇਸ ਨੂੰ ਲੈ ਕੇ ਉਸ ਦੀ ਇਕ ਘੰਟਾ ਤਿੱਖੀ ਜਵਾਬ ਤਲਬੀ ਕੀਤੀ ਗਈ। ਉਸ ਨੂੰ ਮਹਿਸੂਸ ਹੋਇਆ ਕਿ ਉਸ ਨੂੰ ਪੰਜਾਬ ਦੀ ਸੱਤਾਧਾਰੀ ਧਿਰ ਵਿਰੁਧ ਲਿਖਣ ਦੀ ਸਜ਼ਾ ਦਿੱਤੀ ਜਾ ਰਹੀ ਸੀ।


ਸੁਖਦੀਪ ਕੌਰ ਦਾ ਕਹਿਣਾ ਹੈ ਕਿ ਉਹ ਤਾਂ ਸਦਾ ਹੀ ਸੱਤਾ ਵਿਰੁੱਧ ਦਲੇਰੀ ਨਾਲ ਲਿਖਣ ਵਾਲੀ ਸਥਾਪਤੀ ਵਿਰੋਧੀ ਰਿਪੋਰਟਰ ਰਹੀ ਹੈ, ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਹੋਵੇ। ਆਖਿਰਕਾਰ ਉਸ ਵਲੋਂ ਤਬਾਦਲਾ ਸਵੀਕਾਰ ਨਾ ਕੀਤੇ ਜਾਣ 'ਤੇ 9 ਸਤੰਬਰ ਨੂੰ ਉਸ ਨੂੰ ਬਰਖਾਸਤਗੀ ਪੱਤਰ ਹਾਸਲ ਕਰਨ ਅਤੇ ਬਕਾਏ ਲੈ ਕੇ ਇਕਰਾਰਨਾਮੇ ਉਪਰ ਦਸਤਖਤ ਕਰਨ ਲਈ ਸੱਦ ਲਿਆ ਗਿਆ। ਉਸ ਨੂੰ ਇਸ ਘਟਨਾਕ੍ਰਮ ਨੂੰ ਸੋਸ਼ਲ ਮੀਡੀਆ ਉਪਰ ਸਾਂਝਾ ਕਰਨ ਲਈ ਕਾਨੂੰਨੀ ਨਤੀਜੇ ਭੁਗਤਣ ਦੀ ਚਿਤਾਵਨੀ ਵੀ ਦਿੱਤੀ ਗਈ ਹੈ।

ਜ਼ਾਹਿਰ ਹੈ ਕਿ ਅਚਾਨਕ ਤਬਾਦਲਾ ਕਰਕੇ ਐਸਾ ਮਾਹੌਲ ਬਣਾ ਦਿੱਤਾ ਗਿਆ ਜਿਸ ਵਿਚ ਜਾਂ ਤਾਂ ਉਹ ਆਪਣੇ ਕਿੱਤੇ ਦੀ ਆਜ਼ਾਦੀ ਦੀ ਕੀਮਤ 'ਤੇ ਇਸ ਫੈਸਲੇ ਨੂੰ ਸਵੀਕਾਰ ਕਰ ਲਵੇ ਜਾਂ ਫਿਰ ਸੰਸਥਾ ਛੱਡ ਦੇਵੇ। ਓੜਕ ਉਸ ਦੀ ਨੌਕਰੀ ਖੁਸ ਗਈ, ਕਿਉਂਕਿ ਕਾਂਟਰੈਕਟ ਨਵਿਆਉਣ ਦੀ ਤਾਕਤ ਸੰਸਥਾ ਕੋਲ ਹੈ। ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਟਵੀਟ ਕਰਕੇ ਦਾਅਵਾ ਕੀਤਾ ਹੈ ਕਿ ਪੱਤਰਕਾਰ ਵਲੋਂ ਲਗਾਏ ਇਲਜ਼ਾਮ ਬੇਬੁਨਿਆਦ ਹਨ, ਕਿਉਂਕਿ 'ਕੈਪਟਨ ਦੇ ਰਾਜ ਵਿਚ ਮੀਡੀਆ ਨੂੰ ਮਿਸਾਲੀ ਆਜ਼ਾਦੀ' ਹੈ। ਸੱਤਾਧਾਰੀ ਧਿਰ ਦੀ ਇਹ ਸਫਾਈ ਮਹਿਜ਼ ਮਗਰਮੱਛ ਦੇ ਹੰਝੂ ਹਨ। ਸੱਤਾ ਪੱਖ ਇਹ ਸਵੀਕਾਰ ਕਿਉਂ ਕਰੇਗਾ ਕਿ ਪੁਲੀਟੀਕਲ ਬੀਟ ਕਵਰ ਕਰ ਰਹੀ ਪੱਤਰਕਾਰ ਦੀ ਬਰਖਾਸਤਗੀ ਦੀ ਵਜ੍ਹਾ ਉਨ੍ਹਾਂ ਦੀ ਨਾਰਾਜ਼ਗੀ ਸੀ। ਮੀਡੀਆ ਸੰਸਥਾਵਾਂ ਦੇ ਹਾਲਾਤ ਨਾਲ ਜੋੜ ਕੇ ਦੇਖੀਏ ਤਾਂ ਪੱਤਰਕਾਰ ਦੇ ਇਲਜ਼ਾਮਾਂ ਦੇ ਸੱਚੇ ਹੋਣ ਉਪਰ ਸ਼ੱਕ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ।

ਇਸ ਅਖਬਾਰ ਦਾ ਪੱਤਰਕਾਰ ਪ੍ਰਤੀ ਵਤੀਰਾ ਮੀਡੀਆ ਖੇਤਰ ਵਿਚ ਜੱਗੋਂ ਤੇਰ੍ਹਵੀਂ ਗੱਲ ਨਹੀਂ। ਮੀਡੀਆ ਦੀ ਆਜ਼ਾਦੀ ਦੀ ਨਜ਼ਰਸਾਨੀ ਕਰਨ ਵਾਲੀ ਸੰਸਥਾ 'ਰਿਪੋਰਟਰਜ਼ ਵਿਦਆਊਟ ਬਾਰਡਰਜ਼' ਦੀ ਸਾਲਾਨਾ ਰਿਪੋਰਟ ਅਨੁਸਾਰ ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿਚ ਭਾਰਤ ਦਾ ਸਥਾਨ 180 ਮੁਲਕਾਂ ਵਿਚੋਂ 140ਵੇਂ ਨੰਬਰ 'ਤੇ ਆ ਗਿਆ ਹੈ। ਮੀਡੀਆ ਸੰਸਥਾਵਾਂ ਅੰਦਰਲਾ ਮਾਹੌਲ ਸੁਤੰਤਰ ਪੱਤਰਕਾਰੀ ਲਈ ਬਿਲਕੁਲ ਹੀ ਗ਼ੈਰ-ਮੁਆਫਕ ਅਤੇ ਬਾਂਹ ਮਰੋੜੂ ਹੈ। ਸੱਚੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਨੂੰ ਭਾਰੀ ਦਬਾਓ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

***ਪਿਛਲੇ ਕੁਝ ਦਹਾਕਿਆਂ ਤੋਂ ਭਾਰਤੀ ਮੀਡੀਆ ਨੂੰ ਮੁਨਾਫਾ ਆਧਾਰਿਤ ਕਾਰੋਬਾਰ ਵਾਂਗ ਚਲਾਉਣ ਦੇ ਰੁਝਾਨ ਦੇ ਜ਼ੋਰ ਫੜਨ ਨਾਲ ਇਸ ਨੇ ਜਮਹੂਰੀਅਤ ਦੇ ਚੌਥੇ ਥੰਮ੍ਹ ਦੇ ਤੌਰ 'ਤੇ ਆਪਣੀ ਭੂਮਿਕਾ ਬਹੁਤ ਹੱਦ ਤਕ ਤਿਆਗ ਦਿੱਤੀ ਹੈ। ਜ਼ਿਆਦਾਤਰ ਮੀਡੀਆ ਸੱਤਾ ਦਾ ਪ੍ਰਚਾਰਕ ਬਣ ਗਿਆ ਹੈ। ਇਨ੍ਹਾਂ ਦੀ ਵਿਤੀ ਨਿਰਭਰਤਾ ਇਸ਼ਤਿਹਾਰ-ਦਾਤਿਆਂ ਉਪਰ ਹੈ। ਕੋਈ ਵੀ ਮੀਡੀਆ ਸਮੂਹ ਇਸ਼ਤਿਹਾਰ-ਦਾਤਿਆਂ ਨੂੰ ਨਾਪਸੰਦ ਰਿਪੋਰਟਿੰਗ ਕਰਕੇ ਉਨ੍ਹਾਂ ਨਾਲ ਰਿਸ਼ਤੇ ਵਿਗਾੜਨ ਦਾ ਕਾਰੋਬਾਰੀ ਜੋਖਮ ਨਹੀਂ ਲੈਣਾ ਚਾਹੇਗਾ।***

ਸੱਤਾਧਾਰੀਆਂ ਵਲੋਂ ਆਪਣਾ ਰਸੂਖ ਵਰਤ ਕੇ ਪੱਤਰਕਾਰਾਂ ਦੀ ਕਲਮ ਨੂੰ ਸੱਤਾ ਦੀ ਇੱਛਾ ਦੀ ਗੁਲਾਮ ਬਣਾਉਣ ਦੀ ਹਰ ਵਾਹ ਲਾਈ ਜਾਂਦੀ ਹੈ। ਪੱਤਰਕਾਰਾਂ ਦੀ ਭਰਤੀ ਤਿੰਨ ਜਾਂ ਪੰਜ ਸਾਲ ਲਈ ਠੇਕਾ ਦੇ ਆਧਾਰ 'ਤੇ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਉਪਰ ਛਾਂਟੀ ਦੀ ਤਲਵਾਰ ਲਗਾਤਾਰ ਲਟਕਦੀ ਰਹਿੰਦੀ ਹੈ। ਬੇਯਕੀਨੇ ਰੁਜ਼ਗਾਰ ਅਤੇ ਅਨਿਸ਼ਚਿਤ ਭਵਿਖ ਦੀ ਸੂਰਤ ਵਿਚ ਉਹ ਆਜ਼ਾਦੀ ਨਾਲ ਕੰਮ ਕਿਵੇਂ ਕਰ ਸਕਦੇ ਹਨ? ਤਜਰਬੇਕਾਰ ਪੱਤਰਕਾਰਾਂ ਅਨੁਸਾਰ ਨਿਊਜ਼ ਰੂਮ ਦਾ ਸਭਿਆਚਾਰ ਬਦਲ ਗਿਆ ਹੈ ਅਤੇ ਨੌਜਵਾਨ ਪੱਤਰਕਾਰਾਂ ਨੂੰ ਸਵੈ-ਸੈਂਸਰਸ਼ਿਪ ਦੀ ਆਦਤ ਪਾਉਣ ਦਾ ਵਲ ਸਿੱਖਣਾ ਪੈਂਦਾ ਹੈ। ਇਨ੍ਹਾਂ ਹਾਲਾਤ ਵਿਚ ਕੰਮ ਕਰਦੇ ਪੱਤਰਕਾਰਾਂ ਨੂੰ ਪ੍ਰਬੰਧਕੀ ਅਦਾਰਿਆਂ ਦੀਆਂ ਸ਼ਰਤਾਂ ਮੰਨ ਕੇ ਕਈ ਤਰ੍ਹਾਂ ਦੇ ਸਮਝੌਤੇ ਕਰਨੇ ਪੈਂਦੇ ਹਨ ਜਾਂ ਦਮ ਘੁੱਟਵੇਂ ਮਾਹੌਲ ਨੂੰ ਤਿਲਾਂਜਲੀ ਦਿੰਦੇ ਹੋਏ ਨੌਕਰੀ ਛੱਡਣੀ ਪੈਂਦੀ ਹੈ। ਇਕ ਮੀਡੀਆ ਸੰਸਥਾ ਤੋਂ ਅਸਤੀਫਾ ਦੇਣ ਵਾਲੇ ਲਈ ਕਿਸੇ ਹੋਰ ਸੰਸਥਾ ਵਿਚ ਨੌਕਰੀ ਲੈਣਾ ਸੌਖੀ ਗੱਲ ਨਹੀਂ। ਜੇ ਨੌਕਰੀ ਮਿਲ ਵੀ ਜਾਵੇ ਤਾਂ ਸੰਸਥਾ ਅੰਦਰ ਸਵੈ-ਸੈਂਸਰਸ਼ਿਪ ਦਾ ਰਾਹ ਅਖਤਿਆਰ ਕਰਕੇ ਹੀ ਟਿਕਿਆ ਜਾ ਸਕਦਾ ਹੈ।



ਖੋਜੀ ਪੱਤਰਕਾਰਾਂ ਵਲੋਂ ਵੱਡੇ ਜੋਖਮ ਉਠਾ ਕੇ ਤਿਆਰ ਕੀਤੀਆਂ ਖਬਰਾਂ ਚੁੱਪ-ਚੁਪੀਤੇ ਦਫਨਾ ਦਿੱਤੀ ਜਾਂਦੀਆਂ ਹਨ। ਮਸ਼ਹੂਰ ਕਿਤਾਬ 'ਗੁਜਰਾਤ ਫਾਈਲਾਂ' ਦੀ ਲੇਖਕਾ ਰਾਣਾ ਅਯੂਬ ਨੇ ਪਿੱਛੇ ਜਿਹੇ ਖੁਲਾਸਾ ਕੀਤਾ ਸੀ ਕਿ ਨਿਧੜਕ ਰਿਪੋਰਟਿੰਗ ਲਈ ਜਾਣੇ ਜਾਂਦੇ 'ਤਹਿਲਕਾ' ਸਮੂਹ ਨੇ ਗੁਜਰਾਤ ਕਤਲੇਆਮ ਬਾਰੇ ਉਸ ਵਲੋਂ ਕੀਤੇ ਸਟਿੰਗ ਓਪਰੇਸ਼ਨ ਦੀ ਸਟੋਰੀ ਛਾਪਣ ਤੋਂ ਨਾਂਹ ਕਰ ਦਿੱਤੀ ਸੀ। ਇਸ ਦੀ ਵਜ੍ਹਾ ਉਸ ਵਲੋਂ ਕੀਤੇ ਸਟਿੰਗ ਓਪਰੇਸ਼ਨ ਪ੍ਰਤੀ ਭਗਵੇਂ ਬ੍ਰਿਗੇਡ ਦੇ ਹਿੰਸਕ ਪ੍ਰਤੀਕਰਮ ਦਾ ਖੌਫ ਸੀ। 'ਗਿਰਝਾਂ ਦੀ ਦਾਅਵਤ: ਭਾਰਤ ਵਿਚ ਜਮਹੂਰੀਅਤ ਦਾ ਗੁੱਝਾ ਧੰਦਾ' ਜੋ ਸੱਤਾ ਅਤੇ ਕਾਰਪੋਰੇਟ ਦੇ ਗੱਠਜੋੜ ਦੇ ਮਹਾਂ-ਘੁਟਾਲਿਆਂ ਬਾਰੇ ਅੱਖਾਂ ਖੋਲ੍ਹਣ ਵਾਲੀ ਕਿਤਾਬ ਹੈ, ਦੇ ਲੇਖਕ ਮਸ਼ਹੂਰ ਪੱਤਰਕਾਰ ਜੋਸੀ ਜੋਸਫ ਆਪਣੇ ਪੱਤਰਕਾਰੀ ਦੇ ਅਨੁਭਵ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਉਸ ਨੇ ਇਕ ਦਹਾਕਾ ਪਹਿਲਾਂ ਆਪਣੀ ਈਮੇਲ ਵਿਚ 'ਮੁਰਦਾਘਰ' ਨਾਂ ਦਾ ਫੋਲਡਰ ਬਣਾਇਆ ਸੀ ਜਿਸ ਵਿਚ ਉਹ ਖਬਰਾਂ ਸਾਂਭੀਆਂ ਜਾਂਦੀਆਂ ਸਨ ਜਿਨ੍ਹਾਂ ਨੂੰ ਪੱਤਰਕਾਰੀ ਦੇ ਮਿਆਰਾਂ ਉਪਰ ਖਰੀਆਂ ਉਤਰਨ ਦੇ ਬਾਵਜੂਦ ਦਿਨ ਦਾ ਚਾਨਣ ਦੇਖਣਾ ਨਸੀਬ ਨਹੀਂ ਸੀ ਹੁੰਦਾ।

ਇਹ ਮਾਹੌਲ ਥੋੜ੍ਹੇ ਬਹੁਤੇ ਫਰਕ ਨਾਲ ਕੁਲ ਆਲਮ ਵਿਚ ਹੀ ਹੈ। ਪੁਲਿਟਜ਼ਰ ਇਨਾਮ ਜੇਤੂ ਅਮਰੀਕੀ ਪੱਤਰਕਾਰ ਸੀਮਰ ਐਮ. ਹਰਸ਼ ਜਿਸ ਨੇ ਵੀਅਤਨਾਮ ਦੇ ਭਿਆਨਕ 'ਮਾਈ ਲਾਈ ਕਤਲੇਆਮ', ਅਬੂ ਗਰੇਬ ਜੇਲ੍ਹ ਆਦਿ ਦੀ ਰਿਪੋਰਟਿੰਗ ਕਰਕੇ ਇਤਿਹਾਸ ਰਚਿਆ, ਨੇ ਵੀ ਆਪਣੀ ਹੱਡਬੀਤੀ 'ਰਿਪੋਰਟਰ' ਵਿਚ ਅਮਰੀਕਾ ਵਿਚ ਅਸੂਲੀ ਅਖਬਾਰੀ ਪੱਤਰਕਾਰੀ ਨੂੰ ਦਰਪੇਸ਼ ਚੁਣੌਤੀਆਂ ਬੇਬਾਕੀ ਨਾਲ ਬਿਆਨ ਕੀਤੀਆਂ ਹਨ।

ਪਿਛਲੇ ਕੁਝ ਦਹਾਕਿਆਂ ਤੋਂ ਭਾਰਤੀ ਮੀਡੀਆ ਨੂੰ ਮੁਨਾਫਾ ਆਧਾਰਿਤ ਕਾਰੋਬਾਰ ਵਾਂਗ ਚਲਾਉਣ ਦੇ ਰੁਝਾਨ ਦੇ ਜ਼ੋਰ ਫੜਨ ਨਾਲ ਇਸ ਨੇ ਜਮਹੂਰੀਅਤ ਦੇ ਚੌਥੇ ਥੰਮ੍ਹ ਦੇ ਤੌਰ 'ਤੇ ਆਪਣੀ ਭੂਮਿਕਾ ਬਹੁਤ ਹੱਦ ਤਕ ਤਿਆਗ ਦਿੱਤੀ ਹੈ। ਜ਼ਿਆਦਾਤਰ ਮੀਡੀਆ ਸੱਤਾ ਦਾ ਪ੍ਰਚਾਰਕ ਬਣ ਗਿਆ ਹੈ। ਨਵਉਦਾਰਵਾਦੀ ਆਰਥਿਕਤਾ ਦੇ ਦੌਰ ਵਿਚ ਜ਼ਿਆਦਾਤਰ ਮੀਡੀਆ ਸਮੂਹਾਂ ਵਿਚ ਮੀਡੀਆ ਦੀ ਆਜ਼ਾਦੀ ਦੀ ਕੀਮਤ 'ਤੇ ਸੱਤਾ ਅਤੇ ਕਾਰਪੋਰੇਟ ਸਮੂਹਾਂ ਦੇ ਨਾਪਾਕ ਗੱਠਜੋੜ ਨਾਲ ਸੁਖਾਵਾਂ ਰਿਸ਼ਤਾ ਬਣਾ ਕੇ ਲਾਹੇ ਲੈਣ ਦੀ ਜ਼ਬਰਦਸਤ ਰੁਚੀ ਹੈ, ਕਿਉਂਕਿ ਉਨ੍ਹਾਂ ਦੀ ਵਿਤੀ ਨਿਰਭਰਤਾ ਇਸ਼ਤਿਹਾਰ-ਦਾਤਿਆਂ ਉਪਰ ਹੈ। ਕੋਈ ਵੀ ਮੀਡੀਆ ਸਮੂਹ ਇਸ਼ਤਿਹਾਰ-ਦਾਤਿਆਂ ਨੂੰ ਨਾਪਸੰਦ ਰਿਪੋਰਟਿੰਗ ਕਰਕੇ ਉਨ੍ਹਾਂ ਨਾਲ ਰਿਸ਼ਤੇ ਵਿਗਾੜਨ ਦਾ ਕਾਰੋਬਾਰੀ ਜੋਖਮ ਨਹੀਂ ਲੈਣਾ ਚਾਹੇਗਾ। ਇਸ ਰੁਚੀ ਵਾਲਾ ਮੀਡੀਆ ਸਮੂਹ ਆਪਣੇ ਪੱਤਰਕਾਰ ਦੇ ਹੱਕ ਵਿਚ ਖੜ੍ਹਨ ਦੀ ਬਜਾਏ ਕਾਰੋਬਾਰੀ ਹਿਤ ਨੂੰ ਤਰਜੀਹ ਦਿੰਦਾ ਹੈ। ਫਿਰ ਪੱਤਰਕਾਰ ਦੇ ਬੇਖੌਫ ਹੋ ਕੇ ਕੰਮ ਕਰ ਸਕਣ ਦੀ ਗੁੰਜ਼ਾਇਸ਼ ਹੀ ਕਿਥੇ ਹੈ? ਕਲਮ ਉਪਰ ਰੋਕਾਂ ਨੂੰ ਬਰਦਾਸ਼ਤ ਨਾ ਕਰਦੇ ਹੋਏ ਕਈ ਉਘੇ ਸੰਪਾਦਕ ਅਤੇ ਪੱਤਰਕਾਰ ਰਵਾਇਤੀ ਮੀਡੀਆ ਸਮੂਹਾਂ ਨੂੰ ਅਲਵਿਦਾ ਕਹਿਕੇ ਆਪੋ ਆਪਣੇ ਆਨਲਾਈਨ ਮੀਡੀਆ ਪੋਰਟਲ ਚਲਾ ਰਹੇ ਹਨ ਜਾਂ ਹੋਰਾਂ ਦੇ ਆਨਲਾਈਨ ਪੋਰਟਲਾਂ ਲਈ ਲਿਖ ਰਹੇ ਹਨ।

***ਪੱਤਰਕਾਰਾਂ ਅੱਗੇ ਮੁੱਖ ਚੁਣੌਤੀ ਹੀ ਇਹ ਹੈ- ਸਰਕਾਰੀ ਪ੍ਰੈੱਸ ਕਾਨਫਰੰਸਾਂ ਦੇ ਪ੍ਰੈੱਸ ਨੋਟ ਛਾਪਣੇ ਹਨ ਜਾਂ ਪੱਤਰਕਾਰੀ ਦਾ ਸੱਚਾ ਧਰਮ ਨਿਭਾਉਣਾ ਹੈ। ਕਥਿਤ ਮੁੱਖਧਾਰਾ ਮੀਡੀਆ ਦਾ ਇਕ ਹਿੱਸਾ ਦਰਬਾਰੀ ਪੱਤਰਕਾਰਾਂ ਦਾ ਹੈ ਜੋ ਸੱਤਾ ਦੀ ਚਾਪਲੂਸੀ ਕਰਕੇ ਆਪਣਾ ਭਵਿਖ ਚਮਕਾਉਣ ਵਿਚ ਜੁਟੇ ਹੋਏ ਹਨ। ਉਨ੍ਹਾਂ ਲਈ ਪ੍ਰੈੱਸ/ਮੀਡੀਆ ਦੀ ਆਜ਼ਾਦੀ ਕੋਈ ਮਾਇਨੇ ਨਹੀਂ ਰੱਖਦੀ, ਉਹ ਨਿਰੋਲ ਸੱਤਾ ਅਤੇ ਕਾਰਪੋਰੇਟ ਸਮੂਹਾਂ ਦੇ ਦਲਾਲ ਹਨ।***

ਕਾਰਪੋਰੇਟ ਸਮੂਹਾਂ ਅਤੇ ਵੱਡੇ ਰਾਜਸੀ ਰਸੂਖ ਵਾਲੇ ਤਾਕਤਵਰ ਹਿੱਸਿਆਂ ਕੋਲ ਇਕ ਹੋਰ ਜ਼ਬਰਦਸਤ ਹਥਿਆਰ ਮਾਣਹਾਨੀ ਦਾ ਮੁਕੱਦਮਾ ਹੈ। ਭਾਰਤ ਵਿਚ ਪਿੱਛੇ ਸਾਲਾਂ ਵਿਚ 'ਆਊਟਲੁੱਕ', 'ਦਿ ਵਾਇਰ', 'ਦਿ ਸਿਟੀਜ਼ਨ', ਐਨ.ਡੀ.ਟੀ.ਵੀ. ਵਗੈਰਾ ਉਪਰ ਹਜ਼ਾਰਾਂ ਕਰੋੜ ਰੁਪਏ ਦੇ ਮਾਣਹਾਨੀ ਦੇ ਮੁਕੱਦਮੇ ਕੀਤੇ ਗਏ। ਹਿੰਦੂਤਵ ਬ੍ਰਿਗੇਡ ਦੇ ਸੱਤਾ ਵਿਚ ਆਉਣ ਤੋਂ ਬਾਅਦ ਇਹ ਦਬਾਓ ਇੰਨਾ ਬੇਤਹਾਸ਼ਾ ਹੋ ਚੁੱਕਾ ਹੈ ਕਿ ਇਸ ਦਾ ਖਤਰਨਾਕ ਅਸਰ ਚੋਟੀ ਦੇ ਬੌਧਿਕ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਵਿਚ ਵੀ ਦੇਖਿਆ ਗਿਆ। ਤੱਤਕਾਲੀ ਸੰਪਾਦਕ ਪਰਾਂਜੇ ਗੁਹਾ ਠਾਕੁਰਤਾ ਨੇ ਖੋਜ ਭਰਪੂਰ ਲੇਖ ਲਿਖਿਆ ਜਿਸ ਵਿਚ ਮੋਦੀ ਸਰਕਾਰ ਵਲੋਂ ਕਾਰਪੋਰੇਟ ਅਡਾਨੀ ਸਮੂਹ ਨੂੰ 500 ਕਰੋੜ ਰੁਪਏ ਦਾ ਫਾਇਦਾ ਪਹੁੰਚਾਏ ਜਾਣ ਦਾ ਖੁਲਾਸਾ ਕੀਤਾ ਗਿਆ ਸੀ। ਲੇਖ ਨੂੰ ਬਲਾਗ ਉਪਰੋਂ ਹਟਾਉਣ ਲਈ ਕਾਰਪੋਰੇਟ ਸਮੂਹ ਵਲੋਂ ਸੰਸਥਾ ਨੂੰ ਮਹਿਜ਼ ਕਾਨੂੰਨੀ ਨੋਟਿਸ (ਅਦਾਲਤੀ ਨਹੀਂ) ਭੇਜਿਆ ਗਿਆ। ਸੰਪਾਦਕ ਨਾਲ ਖੜ੍ਹਨ ਦੀ ਬਜਾਏ ਸਮੀਕਸ਼ਾ ਟਰੱਸਟ ਨੇ ਲੇਖ ਬਲਾਗ ਉਪਰੋਂ ਹਟਾ ਦਿੱਤਾ ਅਤੇ ਨਜ਼ਰਸਾਨੀ ਲਈ ਉਸ ਦੇ ਨਾਲ ਸਹਾਇਕ ਸੰਪਾਦਕ ਲਗਾ ਦਿੱਤਾ ਜਿਸ ਦੇ ਰੋਸ ਵਜੋਂ ਸੰਪਾਦਕ ਨੇ ਅਸਤੀਫਾ ਦੇ ਦਿੱਤਾ। ਇਹ ਫੈਸਲੇ ਕਰਨ ਵਾਲੇ ਉਘੇ ਬੁੱਧੀਜੀਵੀਆਂ ਵਿਚ ਸਿਰਮੌਰ ਇਤਿਹਾਸਕਾਰ ਪ੍ਰੋਫੈਸਰ ਰੋਮਿਲਾ ਥਾਪਰ ਵੀ ਸ਼ਾਮਲ ਸੀ।

ਨਿਊਜ਼ ਰੂਮਾਂ ਵਿਚ ਖਬਰਾਂ ਦੀ ਹੱਤਿਆ ਅਤੇ ਸਵੈ-ਸੈਂਸਰਸ਼ਿਪ ਦੀ ਮੁਹਾਰਤ ਗ੍ਰਹਿਣ ਕਰਨ ਦੀ ਚੁਣੌਤੀ ਤੋਂ ਇਲਾਵਾ ਇਸ ਮਸਲੇ ਦੇ ਹੋਰ ਪਾਸਾਰ ਵੀ ਹਨ। 2011-2018 ਦਰਮਿਆਨ 35 ਪੱਤਰਕਾਰਾਂ ਦੇ ਕਤਲ ਹੋ ਚੁੱਕੇ ਹਨ। ਬਹੁਭਾਂਤੀ ਮਾਫੀਆ ਗਰੋਹਾਂ ਵਲੋਂ ਧਮਕੀਆਂ, ਜਾਨਲੇਵਾ ਹਮਲੇ ਅਤੇ ਸੱਤਾ ਵਲੋਂ ਝੂਠੇ ਪਰਚੇ ਆਮ ਗੱਲ ਹੈ। ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਪੱਤਰਕਾਰਾਂ ਖਿਲਾਫ ਰਾਜਧ੍ਰੋਹ ਦੇ ਅਤੇ ਹੋਰ ਮੁਕੱਦਮੇ ਦਰਜ ਕਰਕੇ ਉਨ੍ਹਾਂ ਨੂੰ ਧਮਕਾਉਣ ਅਤੇ ਜੇਲ੍ਹਾਂ ਵਿਚ ਸੁੱਟਣ ਦੇ ਵਰਤਾਰੇ ਵਿਚ ਖਾਸ ਤੇਜ਼ੀ ਆਈ ਹੈ। ਯੂ.ਪੀ. ਵਿਚ ਅਦਿਤਿਆਨਾਥ ਸਰਕਾਰ ਵਲੋਂ ਹਾਲ ਹੀ 'ਮਿਡ ਡੇ ਮੀਲ' ਦੀ ਧਾਂਦਲੀ ਦੀ ਵੀਡੀਓਗ੍ਰਾਫੀ ਕਰਨ ਵਾਲੇ ਪੱਤਰਕਾਰ ਵਿਰੁਧ ਫੌਜਦਾਰੀ ਧਾਰਾਵਾਂ ਲਗਾ ਕੇ ਐਫ.ਆਈ.ਆਰ. ਦਰਜ ਕਰਵਾ ਦਿੱਤੀ ਗਈ। ਇਸ ਤੋਂ ਪਹਿਲਾਂ, ਮੁੱਖ ਮੰਤਰੀ ਬਾਰੇ ਕਥਿਤ ਅਪਮਾਨਜਨਕ ਸਮੱਗਰੀ ਸ਼ੇਅਰ ਕਰਨ ਦੇ ਇਲਜ਼ਾਮ ਤਹਿਤ ਦਿੱਲੀ ਤੋਂ ਫਰੀਲਾਂਸ ਪੱਤਰਕਾਰ ਪ੍ਰਸ਼ਾਂਤ ਕਨੌਜੀਆ, ਨੋਇਡਾ ਤੋਂ ਨੇਸ਼ਨ ਲਾਈਵ ਨਿਊਜ਼ ਚੈਨਲ ਦੀ ਮੁਖੀ ਇਸ਼ੀਤਾ ਸਿੰਘ ਅਤੇ ਸੰਪਾਦਕ ਅਨੁਜ ਸ਼ੁਕਲਾ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਹੋਰ ਵੀ ਕਈ ਪੱਤਰਕਾਰਾਂ ਦੇ ਖਿਲਾਫ ਪਰਚੇ ਦਰਜ ਕਰਵਾਏ ਜਾਣ ਦੀਆਂ ਰਿਪੋਰਟਾਂ ਹਨ।

ਝਾਰਖੰਡ ਵਿਚ ਫਰੀਲਾਂਸ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਨੂੰ ਮਾਓਵਾਦੀ ਕਰਾਰ ਦੇ ਕੇ ਜੇਲ੍ਹ ਭੇਜਿਆ ਗਿਆ ਹੈ। ਥੋੜ੍ਹੇ ਸਾਲ ਪਹਿਲਾਂ ਛੱਤੀਸਗੜ੍ਹ ਵਿਚ ਦੋ ਫੀਲਡ ਪੱਤਰਕਾਰਾਂ ਸੋਮਾਰੂ ਨਾਗ ਅਤੇ ਸੰਤੋਸ਼ ਯਾਦਵ ਨੂੰ ਮਾਓਵਾਦੀ ਹਮਾਇਤੀ ਦੱਸ ਕੇ ਗ੍ਰਿਫਤਾਰ ਕੀਤਾ ਗਿਆ ਸੀ, ਉਦੋਂ ਸਬੰਧਤ ਅਖਬਾਰ ਅਤੇ ਟੀ.ਵੀ. ਚੈਨਲ ਉਨ੍ਹਾਂ ਨੂੰ ਆਪਣੇ ਪੱਤਰਕਾਰ ਮੰਨਣ ਤੋਂ ਹੀ ਮੁੱਕਰ ਗਏ ਸਨ। ਐਸੇ ਪੱਤਰਕਾਰ ਹੀ ਹਨ ਜੋ ਆਪਣੀਆਂ ਜਾਨਾਂ ਜੋਖਮ ਵਿਚ ਪਾ ਕੇ ਕਾਰਪੋਰੇਟ ਮਾਫੀਆ, ਹੁਕਮਰਾਨਾਂ ਅਤੇ ਸਟੇਟ ਮਸ਼ੀਨਰੀ ਦੇ ਲੋਕ ਦੁਸ਼ਮਣ ਗੱਠਜੋੜ ਦੀ ਅਸਲੀਅਤ ਸਾਹਮਣੇ ਲਿਆਉਂਦੇ ਹਨ ਅਤੇ ਦੱਬੇ-ਕੁਚਲੇ ਅਵਾਮ ਦੇ ਅਸਲ ਮੁੱਦਿਆਂ ਉਪਰ ਬੇਖੌਫ ਹੋ ਕੇ ਜ਼ਮੀਨੀ ਰਿਪੋਰਟਿੰਗ ਕਰ ਰਹੇ ਹਨ। ਇਨ੍ਹਾਂ ਨੂੰ ਨਾ ਤਾਂ ਮਹਾਂਨਗਰਾਂ ਵਿਚ ਬੈਠੇ ਮੋਟੀਆਂ ਤਨਖਾਹਾਂ ਲੈਣ ਵਾਲੇ ਵੱਡੇ ਪੱਤਰਕਾਰਾਂ ਵਾਂਗ ਮਾਨਤਾ ਮਿਲਦੀ ਹੈ ਅਤੇ ਨਾ ਹੀ ਇਨ੍ਹਾਂ ਨੂੰ ਨਿਸ਼ਾਨਾ ਬਣਾਏ ਜਾਣ 'ਤੇ ਮੀਡੀਆ ਸੰਸਥਾਵਾਂ ਇਨ੍ਹਾਂ ਦੇ ਹੱਕ ਵਿਚ ਖੜ੍ਹਦੀਆਂ ਹਨ।

ਪੱਤਰਕਾਰਾਂ ਅੱਗੇ ਮੁੱਖ ਚੁਣੌਤੀ ਹੀ ਇਹੀ ਹੈ- ਸਰਕਾਰੀ ਪ੍ਰੈੱਸ ਕਾਨਫਰੰਸਾਂ ਦੇ ਪ੍ਰੈੱਸ ਨੋਟ ਛਾਪਣੇ ਹਨ ਜਾਂ ਪੱਤਰਕਾਰੀ ਦਾ ਸੱਚਾ ਧਰਮ ਨਿਭਾਉਣਾ ਹੈ। ਕਥਿਤ ਮੁੱਖਧਾਰਾ ਮੀਡੀਆ ਦਾ ਇਕ ਹਿੱਸਾ ਦਰਬਾਰੀ ਪੱਤਰਕਾਰਾਂ ਦਾ ਹੈ ਜੋ ਸੱਤਾ ਦੀ ਚਾਪਲੂਸੀ ਕਰਕੇ ਆਪਣਾ ਭਵਿਖ ਚਮਕਾਉਣ ਵਿਚ ਜੁਟੇ ਹੋਏ ਹਨ। ਉਨ੍ਹਾਂ ਲਈ ਪ੍ਰੈੱਸ/ਮੀਡੀਆ ਦੀ ਆਜ਼ਾਦੀ ਕੋਈ ਮਾਇਨੇ ਨਹੀਂ ਰੱਖਦੀ, ਉਹ ਨਿਰੋਲ ਸੱਤਾ ਅਤੇ ਕਾਰਪੋਰੇਟ ਸਮੂਹਾਂ ਦੇ ਦਲਾਲ ਹਨ। ਬੇਬਾਕ ਪੱਤਰਕਾਰ ਉਪਰ ਮਾਓਵਾਦੀ ਹਮਾਇਤੀ ਜਾਂ ਦੇਸ਼ਧ੍ਰੋਹੀ ਦਾ ਠੱਪਾ ਲਗਾਏ ਜਾਣ ਨਾਲ ਦਰਬਾਰੀ ਖਸਲਤ ਵਾਲਿਆਂ ਨੂੰ ਸੁਹਿਰਦ ਪੱਤਰਕਾਰਾਂ ਤੋਂ ਦੂਰੀ ਬਣਾ ਲੈਣ ਲਈ ਵਧੀਆ ਬਹਾਨਾ ਮਿਲ ਜਾਂਦਾ ਹੈ। ਹੁਣ ਤਾਂ ਆਲਮ ਇਹ ਹੈ ਕਿ ਪ੍ਰੈੱਸ ਕਲੱਬ ਆਫ ਇੰਡੀਆ ਦੇ ਕੁਝ ਅਹੁਦੇਦਾਰਾਂ ਨੇ ਅਦਿਤਿਆਨਾਥ ਬਾਬਤ ਸਮੱਗਰੀ ਨੂੰ 'ਪੱਤਰਕਾਰੀ ਦੀ ਆੜ ਵਿਚ ਕਿਰਦਾਰਕੁਸ਼ੀ ਅਤੇ ਬਲੈਕਮੇਲਿੰਗ ਕਰਨ 'ਤੇ ਤੁਲੇ ਏਜੰਡੇ ਵਾਲੇ ਪੱਤਰਕਾਰ' ਕਰਾਰ ਦੇ ਕੇ ਨਾ ਸਿਰਫ ਇਸ ਦੀ ਖੁੱਲ੍ਹੇਆਮ ਨਿਖੇਧੀ ਕੀਤੀ ਸਗੋਂ ਮੀਡੀਆ ਸੰਸਥਾਵਾਂ ਵਲੋਂ ਲਏ ਸਟੈਂਡ ਅਤੇ ਰੋਸ ਮੁਜ਼ਾਹਰੇ ਦਾ ਵਿਰੋਧ ਕਰਦਿਆਂ ਹੋਰ ਪੱਤਰਕਾਰਾਂ ਨੂੰ 'ਐਸੇ ਪੱਤਰਕਾਰਾਂ ਨਾਲ ਕੋਈ ਹਮਦਰਦੀ ਨਾ ਰੱਖਣ ਅਤੇ ਉਨ੍ਹਾਂ ਦਾ ਪਰਦਾਫਾਸ਼ ਕਰਨ' ਦੀਆਂ ਨਸੀਹਤਾਂ ਵੀ ਦਿੱਤੀਆਂ।

ਸੁਖਦੀਪ ਕੌਰ ਨੇ ਸਹੀ ਸਵਾਲ ਉਠਾਇਆ ਹੈ: 'ਕੀ ਸਾਨੂੰ ਖਾਮੋਸ਼ ਬੈਠੇ ਰਹਿਣਾ ਚਾਹੀਦਾ ਹੈ ਅਤੇ ਸੱਤਾ ਵਿਚ ਬੈਠੇ ਲੋਕਾਂ ਨੂੰ ਸਾਨੂੰ ਇਸੇ ਤਰ੍ਹਾਂ ਘਾਤਕ ਹਮਲੇ ਕਰਦੇ ਰਹਿਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ?' ਪੱਤਰਕਾਰੀ ਦਾ ਭਵਿਖ ਸਮਝੌਤਿਆਂ ਵਿਚ ਨਹੀਂ, ਆਪਣੇ ਹਿਤ ਲਈ ਸੰਘਰਸ਼ ਰਾਹੀਂ ਸੁਰੱਖਿਅਤ ਹੋਵੇਗਾ। ਕਾਂਟਰੈਕਟ ਪ੍ਰਣਾਲੀ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ, ਬਸ਼ਰਤੇ ਇਸ ਦੇ ਖਿਲਾਫ ਦ੍ਰਿੜਤਾ ਨਾਲ ਲੜਨ ਦੀ ਠਾਣ ਲਈ ਜਾਵੇ ਅਤੇ ਪੱਤਰਕਾਰ ਭਾਈਚਾਰਾ ਲੜਾਈ ਲੜਨ ਲਈ ਕੱਢੇ ਗਏ ਪੱਤਰਕਾਰਾਂ ਦੀ ਇਖਲਾਕੀ ਅਤੇ ਵਿਤੀ ਮਦਦ ਕਰੇ। ਸੀਨੀਅਰ ਪੱਤਰਕਾਰ ਹਰਤੋਸ਼ ਸਿੰਘ ਬੱਲ ਵਲੋਂ ਓਪਨ ਮੈਗਜ਼ੀਨ ਸਮੂਹ ਵਿਰੁਧ ਲੜੀ ਲੜਾਈ ਇਸ ਦੀ ਮਿਸਾਲ ਹੈ। ਪੰਜ ਸਾਲ ਬਾਅਦ ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ- ਪ੍ਰਬੰਧਕੀ ਵਲੋਂ 'ਉਸ ਨੂੰ ਕਾਨੂੰਨੀ ਵਿਵਸਥਾ ਦੀ ਪਾਲਣਾ ਨਾ ਕਰਕੇ ਗੈਰਕਾਨੂੰਨੀ ਅਤੇ ਨਾਜਾਇਜ਼ ਤੌਰ 'ਤੇ ਹਟਾਇਆ ਗਿਆ।' ਅਦਾਲਤ ਨੇ ਢੁਕਵਾਂ ਹਰਜਾਨਾ ਦੇਣ ਦਾ ਹੁਕਮ ਵੀ ਦਿੱਤਾ।

ਚਾਹੇ ਭਾਜਪਾ ਦਾ ਰਾਜ ਹੈ ਜਾਂ ਕਾਂਗਰਸ ਦਾ, ਪੱਤਰਕਾਰਾਂ ਨੂੰ ਪੱਤਰਕਾਰੀ ਦਾ ਧਰਮ ਨਿਭਾਉਣ ਲਈ ਇਸ ਦਮ ਘੋਟੂ ਮਾਹੌਲ ਦਾ ਮੁਕਾਬਲਾ ਇਕ ਜੁਟ ਹੋ ਕੇ ਸਮੂਹਿਕ ਤਾਕਤ ਰਾਹੀਂ ਕਰਨਾ ਹੋਵੇਗਾ। ਇਹ ਲੜਾਈ ਇਕੱਲੀ ਪੱਤਰਕਾਰ ਭਾਈਚਾਰੇ ਦੀ ਨਹੀਂ, ਸਮੂਹ ਇਨਸਾਫਪਸੰਦ ਤਾਕਤਾਂ ਦੀ ਵੀ ਹੈ। ਸਮਝੌਤੇਬਾਜ਼ਾਂ ਨੂੰ ਵੀ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਪੱਤਰਕਾਰੀ ਦੀ ਨੈਤਿਕਤਾ ਨੂੰ ਤਿਲਾਂਜਲੀ ਦੇ ਕੇ ਕੀਤੇ ਖੁਦਗਰਜ਼ ਸਮਝੌਤਿਆਂ ਰਾਹੀਂ ਨਿੱਜੀ ਭਵਿਖ ਨੂੰ ਮਹਿਫੂਜ਼ ਬਣਾਉਣ ਦਾ ਰਾਹ ਆਖਿਰਕਾਰ ਜਮਹੂਰੀ ਹੱਕਾਂ ਅਤੇ ਕਦਰਾਂ-ਕੀਮਤਾਂ ਦੀਆਂ ਜੜ੍ਹਾਂ ਵਿਚ ਤੇਲ ਦੇਣ ਸਮਾਨ ਹੈ।

# ਮੋਦੀ ਸਰਕਾਰ ਦੀ ਹੁਣ ਮਕਬੂਜ਼ਾ ਕਸ਼ਮੀਰ 'ਤੇ ਅੱਖ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਵਿਚ ਧਾਰਾ 370 ਖਤਮ ਕਰਨ ਤੋਂ ਬਾਅਦ ਮੋਦੀ ਸਰਕਾਰ ਦੀ ਹੁਣ ਮਕਬੂਜ਼ਾ ਕਸ਼ਮੀਰ 'ਤੇ ਅੱਖ ਹੈ। ਥਲ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਨੇ ਕਿਹਾ ਕਿ ਜੇਕਰ ਸਰਕਾਰ ਚਾਹੇ ਤਾਂ ਭਾਰਤੀ ਫੌਜ, ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) ਨੂੰ ਪਾਕਿਸਤਾਨ ਦੇ ਕਬਜ਼ੇ 'ਚੋਂ ਛੁਡਵਾਉਣ ਲਈ ਕਿਸੇ ਵੀ ਅਪਰੇਸ਼ਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਜਨਰਲ ਰਾਵਤ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਪ੍ਰਧਾਨ ਮੰਤਰੀ ਦਫਤਰ ਵਿਚ ਰਾਜ ਮੰਤਰੀ ਜਿਤੇਂਦਰ ਸਿੰਘ ਨੇ ਇਕ ਬਿਆਨ ਵਿਚ ਸਾਫ ਕਰ ਦਿੱਤਾ ਕਿ ਮੋਦੀ ਸਰਕਾਰ ਦਾ ਅਗਲਾ ਏਜੰਡਾ ਮਕਬੂਜ਼ਾ ਕਸ਼ਮੀਰ ਨੂੰ ਮੁੜ ਆਪਣੇ ਕਬਜ਼ੇ 'ਚ ਲੈ ਕੇ ਭਾਰਤ ਦਾ ਹਿੱਸਾ ਬਣਾਉਣਾ ਹੈ। ਥਲ ਸੈਨਾ ਮੁਖੀ ਨੇ ਕਿਹਾ ਕਿ ਕਿਸੇ ਵੀ ਕਾਰਵਾਈ ਦਾ ਫੈਸਲਾ ਕੇਂਦਰ ਸਰਕਾਰ ਨੇ ਕਰਨਾ ਹੈ। ਸਰਕਾਰ ਅਧੀਨ ਕੰਮ ਕਰਦੀਆਂ ਏਜੰਸੀਆਂ ਉਸ ਵੱਲੋਂ ਮਿਲੀਆਂ ਹਦਾਇਤਾਂ ਮੁਤਾਬਕ ਹੀ ਕੰਮ ਕਰਨਗੀਆਂ। ਥਲ ਸੈਨਾ ਕਿਸੇ ਵੀ ਕਾਰਵਾਈ ਲਈ ਹਮੇਸ਼ਾ ਤਿਆਰ ਰਹਿੰਦੀ ਹੈ।

ਕੇਂਦਰੀ ਮੰਤਰੀ ਜਿਤੇਂਦਰ ਸਿੰਘ, ਜਿਨ੍ਹਾਂ ਕੋਲ ਉੱਤਰ ਪੂਰਬ ਰਾਜ ਦੇ ਵਿਕਾਸ ਸਬੰਧੀ (ਡੀ.ਓ.ਐਨ.ਈ.ਆਰ.) ਸੁਤੰਤਰ ਚਾਰਜ ਵੀ ਹੈ, ਨੇ ਜੰਮੂ ਵਿਚ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਦੇ ਪਹਿਲੇ ਸੌ ਦਿਨਾਂ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ ਕਿ ਸਰਕਾਰ ਦਾ ਅਗਲਾ ਏਜੰਡਾ ਮਕਬੂਜ਼ਾ ਕਸ਼ਮੀਰ ਨੂੰ ਭਾਰਤ ਦਾ ਹਿੱਸਾ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਹ ਇਕੱਲੀ ਮੇਰੀ ਜਾਂ ਮੇਰੀ ਪਾਰਟੀ ਦੀ ਵਚਨਬੱਧਤਾ ਨਹੀਂ ਹੈ, ਬਲਕਿ ਇਹ ਪੀ. ਵੀ. ਨਰਸਿਮ੍ਹਾ ਰਾਓ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵਲੋਂ 1994 'ਚ ਸਰਬਸੰਮਤੀ ਨਾਲ ਪਾਸ ਕਰਵਾਏ ਮਤੇ ਦਾ ਹਿੱਸਾ ਹੈ।

### ਕਸ਼ਮੀਰ 'ਤੇ ਗੱਲਬਾਤ ਕਰਨ ਭਾਰਤ-ਪਾਕਿ: ਗੁਟੇਰੇਜ਼

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਭਾਰਤ ਤੇ ਪਾਕਿਸਤਾਨ ਨੂੰ ਅਪੀਲ ਕੀਤੀ ਹੈ ਕਿ ਦੋਵੇਂ ਮੁਲਕ ਕਸ਼ਮੀਰ ਮੁੱਦੇ ਨੂੰ ਸੰਵਾਦ ਰਾਹੀਂ ਹੱਲ ਕਰਨ। ਯੂ.ਐਨ. ਮੁਖੀ ਦੇ ਤਰਜਮਾਨ ਸਟੀਫਨ ਦੁਜਾਰਿਕ ਨੇ ਕਿਹਾ ਕਿ ਗੁਟੇਰੇਜ਼ ਦੋਵਾਂ ਮੁਲਕਾਂ ਦਰਮਿਆਨ ਵਧਦੀ ਤਲਖੀ ਤੋਂ ਫਿਕਰਮੰਦ ਹਨ। ਉਨ੍ਹਾਂ ਕਿਹਾ ਕਿ ਯੂ.ਐਨ. ਮੁਖੀ ਦੋਵਾਂ ਮੁਲਕਾਂ ਦੇ ਆਗੂਆਂ ਦੇ ਸੰਪਰਕ ਵਿਚ ਹਨ। ਚੇਤੇ ਰਹੇ ਕਿ ਗੁਟੇਰੇਜ਼ ਨੇ ਫਰਾਂਸ ਦੇ ਸਾਹਿਲੀ ਸ਼ਹਿਰ ਬਿਆਰਿਜ਼ ਵਿਚ ਜੀ-7 ਸਿਖਰ ਵਾਰਤਾ ਤੋਂ ਇਕ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨਾਲ ਵੱਖੋ-ਵੱਖਰੀਆਂ ਮੁਲਾਕਾਤਾਂ ਦੌਰਾਨ ਕਸ਼ਮੀਰ ਮੁੱਦੇ 'ਤੇ ਗੱਲਬਾਤ ਕੀਤੀ ਸੀ।

### ਭਾਰਤ-ਪਾਕਿ ਚਾਹੁਣ ਤਾਂ ਮਦਦ ਕਰਾਂਗਾ: ਟਰੰਪ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਕਸ਼ਮੀਰ ਮੁੱਦੇ 'ਤੇ ਚੱਲ ਰਿਹਾ ਤਣਾਅ ਪਿਛਲੇ ਦੋ ਹਫਤਿਆਂ ਵਿਚ ਕੁਝ ਘਟਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਦੁਹਰਾਇਆ ਕਿ ਜੇਕਰ ਦੋਵੇਂ ਦੇਸ਼ ਚਾਹੁਣ ਤਾਂ ਉਹ ਦੋਵੇਂ ਦੱਖਣ-ਏਸ਼ਿਆਈ ਗੁਆਂਢੀ ਮੁਲਕਾਂ ਦੀ ਮਦਦ ਕਰਨ ਲਈ ਤਿਆਰ ਹਨ। ਟਰੰਪ ਨੇ ਵਾਈਟ ਹਾਊਸ ਵਿਚ ਕਿਹਾ, 'ਜਿਵੇਂ ਤੁਹਾਨੂੰ ਪਤਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਕਸ਼ਮੀਰ ਮੁੱਦੇ ਨੂੰ ਲੈ ਕੇ ਤਣਾਅ ਹੈ। ਪਰ ਮੈਨੂੰ ਲੱਗਦਾ ਹੈ ਕਿ ਪਿਛਲੇ ਦੋ ਹਫਤਿਆਂ ਦੀ ਤੁਲਨਾ ਵਿਚ ਹੁਣ ਇਹ ਥੋੜ੍ਹਾ ਘੱਟ ਹੋਇਆ ਹੈ।'

### ਭਾਰਤ ਦੀ ਹਰ ਹਿਮਾਕਤ ਦਾ ਜਵਾਬ ਦੇਵਾਂਗੇ: ਇਮਰਾਨ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਭਾਰਤ ਦੀ ਹਰ ਹਿਮਾਕਤ ਦਾ ਪਾਕਿਸਤਾਨ ਵੱਲੋਂ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਭਾਰਤ ਇੱਟ ਸੁੱਟੇਗਾ, ਤਾਂ ਅਸੀਂ ਪੱਥਰ ਨਾਲ ਜਵਾਬ ਦੇਵਾਂਗੇ। ਮਕਬੂਜ਼ਾ ਕਸ਼ਮੀਰ ਦੀ ਰਾਜਧਾਨੀ ਮੁਜ਼ੱਫਰਾਬਾਦ ਵਿਚ ਕਸ਼ਮੀਰ ਦੇ ਲੋਕਾਂ ਨਾਲ ਇੱਕਜੁਟਤਾ ਦਾ ਪ੍ਰਗਟਾਵਾ ਕਰਨ ਲਈ ਰੱਖੇ ਸਮਾਗਮ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿਚ ਕਸ਼ਮੀਰੀਆਂ ਨੂੰ ਨਿਰਾਸ਼ ਨਹੀਂ ਕਰਨਗੇ ਅਤੇ ਉਹ ਉਨ੍ਹਾਂ ਦੀ ਦੁਰਦਸ਼ਾ ਨੂੰ ਹਰ ਕੌਮਾਂਤਰੀ ਮੰਚ 'ਤੇ ਬਿਆਨ ਕਰਨਗੇ।

## ਸਾਊਦੀ ਅਰਬ 'ਚ ਤੇਲ ਕੰਪਨੀ ਅਰਾਮਕੋ 'ਤੇ ਡਰੋਨ ਹਮਲੇ

**ਦੁਬਈ:** ਸਾਊਦੀ ਅਰਬ 'ਚ ਦੁਨੀਆਂ ਦੀ ਸਭ ਤੋਂ ਵੱਡੀ ਤੇਲ ਪ੍ਰੋਸੈਸਿੰਗ ਕੰਪਨੀ ਅਰਾਮਕੋ ਦੇ ਦੋ ਪਲਾਂਟਾਂ 'ਤੇ ਡਰੋਨਾਂ ਰਾਹੀਂ ਹਮਲੇ ਕੀਤੇ ਗਏ। ਸਾਊਦੀ ਅਰਬ ਦੇ ਅੰਦਰੂਨੀ ਮਾਮਲਿਆਂ ਬਾਰੇ ਮੰਤਰਾਲੇ ਨੇ ਕਿਹਾ ਹੈ ਕਿ ਹਮਲੇ ਕਾਰਨ ਆਲਮੀ ਪੱਧਰ 'ਤੇ ਤੇਲ ਸਪਲਾਈ ਲਈ ਅਹਿਮ ਪ੍ਰੋਸੈਸਰ 'ਚ ਭਿਆਨਕ ਅੱਗ ਲੱਗ ਗਈ। ਇਹ ਹਮਲੇ ਅਬਕੈਕ ਅਤੇ ਖੁਰਾਇਸ ਤੇਲ ਰਿਫਾਇਨਰੀਆਂ 'ਚ ਹੋਏ ਹਨ। ਯਮਨ ਦੇ ਹੂਥੀ ਬਾਗੀਆਂ ਨੇ ਹਮਲੇ ਦੀ ਜ਼ਿੰਮੇਵਾਰੀ ਕਬੂਲੀ ਹੈ।

ਗੁੱਟ ਦੇ ਅਲ-ਮਸੀਰਾ ਟੀਵੀ ਨੇ ਕਿਹਾ ਕਿ ਬਾਗੀਆਂ ਨੇ 10 ਡਰੋਨਾਂ ਨਾਲ ਵੱਡਾ ਹਮਲਾ ਕੀਤਾ ਅਤੇ ਪੂਰਬੀ ਸਾਊਦੀ ਅਰਬ 'ਚ ਅਬਕੈਕ ਅਤੇ ਖੁਰਾਇਸ 'ਚ ਰਿਫਾਇਨਰੀਆਂ ਨੂੰ ਨਿਸ਼ਾਨਾ ਬਣਾਇਆ। ਹਮਲੇ 'ਚ ਕਿਸੇ ਜਾਨੀ ਜਾਂ ਤੇਲ ਉਤਪਾਦਨ 'ਚ ਨੁਕਸਾਨ ਬਾਰੇ ਸਪੱਸ਼ਟ ਨਹੀਂ ਹੋ ਸਕਿਆ। ਅਬਕੈਕ 'ਚ ਬਣਾਏ ਗਏ ਆਨਲਾਈਨ ਵੀਡੀਓਜ਼ 'ਚ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਵੀ ਸੁਣਾਈ ਦੇ ਰਹੀਆਂ ਹਨ। ਅਸਮਾਨ 'ਚ ਧੂੰਏਂ ਦਾ ਗੁਬਾਰ ਵੀ ਉਡਦਾ ਦੇਖਿਆ ਜਾ ਸਕਦਾ ਹੈ।

ਅਮਰੀਕੀ ਜਾਂਚਕਾਰਾਂ ਮੁਤਾਬਕ ਬਾਗੀਆਂ ਦੇ ਨਵੇਂ ਯੂਏਵੀ-ਐਕਸ ਡਰੋਨ ਦੀ ਮਾਰ 1500 ਕਿਲੋਮੀਟਰ ਤੱਕ ਹੈ। ਸਰਕਾਰੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਅਜੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਸ ਹਮਲੇ ਲਈ ਕਿਸ ਕਿਸਮ ਦੇ ਡਰੋਨ ਦੀ ਵਰਤੋਂ ਕੀਤੀ ਗਈ ਹੈ। ਦੋਵਾਂ ਥਾਂਈਂ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ ਅਤੇ ਇਨ੍ਹਾਂ ਹਮਲਿਆਂ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਮਹਾਤਮਾ ਗਾਂਧੀ ਦੇ ਬੁੱਤ ਦੀ ਭੰਨ-ਤੋੜ

**ਜਲੌਨ (ਉੱਤਰ ਪ੍ਰਦੇਸ਼):** ਗਾਂਧੀ ਇੰਟਰ ਕਾਲਜ ਵਿਚ ਲੱਗੇ ਮਹਾਤਮਾ ਗਾਂਧੀ ਦੇ ਬੁੱਤ ਦੀ ਭੰਨ-ਤੋੜ ਕੀਤੀ ਗਈ ਹੈ। ਏ.ਐਸ.ਪੀ. ਅਵਧੇਸ਼ ਸਿੰਘ ਨੇ ਦੱਸਿਆ ਕਿ ਬੁੱਤ ਦੀ ਭੰਨਤੋੜ ਲੰਘੇ ਦਿਨੀਂ ਕੀਤੀ ਗਈ ਸੀ ਅਤੇ ਜਿਵੇਂ ਹੀ ਇਸ ਸਬੰਧੀ ਸੂਚਨਾ ਮਿਲੀ ਬੁੱਤ ਦੀ ਮੁਰੰਮਤ ਕਰਵਾ ਦਿੱਤੀ ਗਈ। ਕਾਲਜ ਪ੍ਰਿੰਸੀਪਲ ਦੀ ਸ਼ਿਕਾਇਤ ਉਤੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਆਲਮੀ ਦਰਜਾਬੰਦੀ 'ਚ ਭਾਰਤੀ ਯੂਨੀਵਰਸਿਟੀਆਂ ਦੀ ਮੌਜੂਦਗੀ ਵਧੀ

**ਲੰਡਨ:** ਵਿਸ਼ਵ ਦੀਆਂ ਸਿਖਰਲੀਆਂ ਸਿੱਖਿਆ ਸੰਸਥਾਵਾਂ ਦੀ ਸਾਲਾਨਾ ਦਰਜਾਬੰਦੀ ਵਿਚ ਭਾਰਤੀ ਯੂਨੀਵਰਸਿਟੀਆਂ ਨੇ ਆਪਣੀ ਮੌਜੂਦਗੀ ਵਿਚ ਵਾਧਾ ਦਰਜ ਕੀਤਾ ਹੈ। ਇਹ ਵਾਧਾ 49 ਫੀਸਦ ਤੋਂ ਵਧ ਕੇ 56 ਫੀਸਦੀ ਹੋ ਗਿਆ ਹੈ। ਵਿਚ ਨੌਜਵਾਨਾਂ ਦੀ ਤੇਜ਼ੀ ਨਾਲ ਵਧਦੀ ਆਬਾਦੀ ਤੇ ਅੰਗਰੇਜ਼ੀ ਭਾਸ਼ਾ ਦੇ ਵਧਦੇ ਇਸਤੇਮਾਲ ਕਰਕੇ ਆਲਮੀ ਉੱਚ ਸਿੱਖਿਆ ਵਿਚ ਭਾਰਤ ਕੋਲ ਅਸੀਮ ਸੰਭਾਵਨਾਵਾਂ ਹਨ। ਹਾਲਾਂਕਿ ਇਸ ਸਾਲ ਦੀ ਸਿਖਰਲੀ 300 ਦਰਜਾਬੰਦੀ 'ਚੋਂ ਇਸ ਦਾ ਬਾਹਰ




ਹਾਲਾਂਕਿ ਭਾਰਤ ਇਸ ਸਾਲ ਦੀ 'ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਦਰਜਾਬੰਦੀ' ਵਿਚ ਸਿਖਰਲੀਆਂ ਤਿੰਨ ਸੌ ਸਿੱਖਿਆ ਸੰਸਥਾਵਾਂ 'ਚੋਂ ਬਾਹਰ ਹੋ ਗਿਆ ਹੈ।

ਸਾਲ 2012 ਮਗਰੋਂ ਪਹਿਲੀ ਵਾਰ ਹੈ ਜਦੋਂ ਭਾਰਤ ਦੀ ਅੱਵਲ ਨੰਬਰ ਸਿੱਖਿਆ ਸੰਸਥਾ ਬੰਗਲੌਰ ਦੀ ਇੰਡੀਅਨ ਇੰਸਟੀਚਿਊਟ ਆਫ ਸਾਇੰਸ (ਆਈ.ਆਈ.ਐਸ.ਸੀ.) ਨੂੰ ਸਿਖਰਲੇ 300 'ਚੋਂ ਬਾਹਰ ਹੋਣਾ ਪਿਆ ਹੈ। ਉਧਰ ਬਰਤਾਨੀਆ ਦੀ ਆਕਸਫੋਰਡ ਯੂਨੀਵਰਸਿਟੀ ਲਗਾਤਾਰ ਚੌਥੀ ਵਾਰ ਸਿਖਰਲੇ ਸਥਾਨ 'ਤੇ ਰਹੀ ਹੈ। ਨਵੀਆਂ ਯੂਨੀਵਰਸਿਟੀਆਂ 'ਚੋਂ ਆਈ.ਆਈ.ਟੀ. ਰੂਪਨਗਰ ਨੇ ਆਈ.ਆਈ.ਟੀ. ਇੰਦੌਰ ਨੂੰ ਪਛਾੜਦਿਆਂ ਆਪਣਾ ਨਾਂ ਦਰਜ ਕਰਵਾਇਆ ਹੈ। ਉਂਜ ਆਈ.ਆਈ.ਐਸ.ਸੀ. ਅਜੇ ਵੀ ਭਾਰਤ ਦਾ ਸਰਵੋਤਮ ਦਰਜਾਬੰਦੀ ਵਾਲਾ ਸੰਸਥਾਨ ਹੈ, ਪਰ ਇਹ '251-300' ਦੇ ਵਰਗ 'ਚੋਂ ਨਿਕਲ ਕੇ '301-350' ਵਾਲੇ ਵਰਗ ਵਿਚ ਚਲਾ ਗਿਆ ਹੈ। ਆਲਮੀ ਦਰਜਾਬੰਦੀ ਵਿਚ ਨਿਘਾਰ ਯੂਨਵਰਸਿਟੀ ਦੇ ਸੋਧ, ਸਿੱਖਿਆ ਤੇ ਉਦਯੋਗਾਂ ਲਈ ਉਪਯੋਗਤਾ ਦੇ ਪੱਧਰ ਵਿਚ ਕਮੀ ਨੂੰ ਦਰਸਾਉਂਦਾ ਹੈ।

ਟਾਈਮਜ਼ ਹਾਇਰ ਐਜੂਕੇਸ਼ਨ ਦਰਜਾਬੰਦੀ ਦੀ ਸੰਪਾਦਕ ਐਲੀ ਬੋਥਵੇਲ ਨੇ ਕਿਹਾ ਕਿ ਭਾਰਤ ਹੋਣਾ ਤੇ ਸਿਰਫ ਕੁਝ ਗਿਣਤੀ ਦੀਆਂ ਸੰਸਥਾਵਾਂ ਦਾ ਵਿਕਾਸ ਕਰਨਾ ਕਾਫੀ ਨਿਰਾਸ਼ਾਜਨਕ ਹੈ।

ਯੂਨੀਵਰਸਿਟੀਆਂ ਦੀ ਸੰਪੂਰਨ ਸੂਚੀ ਵਿਚ ਕੁੱਲ 56 ਭਾਰਤੀ ਯੂਨੀਵਰਸਿਟੀਆਂ ਨੇ ਆਪਣੀ ਥਾਂ ਬਣਾਈ ਹੈ, ਜੋ ਪਿਛਲੇ ਸਾਲ ਦੀ ਗਿਣਤੀ ਨਾਲੋਂ 49 ਵਧ ਹੈ। ਯੂਨੀਵਰਸਿਟੀਆਂ ਦੀ ਨੁਮਾਇੰਦਗੀ ਦੇ ਮਾਮਲੇ 'ਚ ਭਾਰਤ ਪੰਜਵੇਂ ਸਥਾਨ 'ਤੇ ਹੈ। ਇਸ ਸੂਚੀ ਵਿਚ ਏਸ਼ੀਆ 'ਚੋਂ ਜਾਪਾਨ ਤੇ ਚੀਨ, ਭਾਰਤ ਨਾਲੋਂ ਉੱਤੇ ਹਨ। ਇਸ ਸਾਲ ਕੁੱਲ ਮਿਲਾ ਕੇ ਸੱਤ ਭਾਰਤੀ ਯੂਨੀਵਰਸਿਟੀਆਂ ਹੇਠਲੇ ਵਰਗ ਵਿਚ ਹਨ ਜਦੋਂਕਿ ਦੇਸ਼ ਦੀਆਂ ਬਹੁਤ ਸਾਰੀਆਂ ਸਿੱਖਿਆ ਸੰਸਥਾਵਾਂ ਦੀ ਦਰਜਾਬੰਦੀ ਸਥਿਰ ਹੈ।

## ਤੀਹਰੇ ਤਲਾਕ ਨੂੰ ਚੁਣੌਤੀ ਦੇਣ ਵਾਲੀ ਅਰਜ਼ੀ 'ਤੇ ਕੇਂਦਰ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੁਸਲਿਮ ਮਹਿਲਾਵਾਂ (ਵਿਆਹ ਸਬੰਧੀ ਅਧਿਕਾਰਾਂ ਦੀ ਰੱਖਿਆ) ਐਕਟ 2019 ਜੋ 'ਤੀਹਰੇ ਤਲਾਕ' ਨੂੰ ਅਪਰਾਧਿਕ ਕਰਾਰ ਦਿੰਦਾ ਹੈ, ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦਿੰਦੀ ਅਰਜ਼ੀ 'ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।

# ਮੰਦੀ ਦੀ ਮਾਰ: ਕੇਂਦਰ ਦੇਵੇਗਾ 70 ਹਜ਼ਾਰ ਕਰੋੜ

**ਨਵੀਂ ਦਿੱਲੀ:** ਭਾਰਤੀ ਅਰਥਚਾਰੇ ਨੂੰ ਮੰਦੀ ਦੀ ਮਾਰ 'ਚੋਂ ਕੱਢਣ ਲਈ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਬਰਾਮਦ ਤੇ ਰੀਅਲ ਅਸਟੇਟ ਸੈਕਟਰ ਨੂੰ ਹੁਲਾਰਾ ਦੇਣ ਲਈ 70 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਪੈਕੇਜ ਦਾ ਐਲਾਨ ਕੀਤਾ ਹੈ। ਕੇਂਦਰ ਵੱਲੋਂ ਰਾਹਤਾਂ ਦੀ ਤੀਜੀ ਕਿਸ਼ਤ ਜਾਰੀ ਕੀਤੀ ਗਈ ਹੈ। ਸੀਤਾਰਾਮਨ ਨੇ ਦਾਅਵਾ ਕੀਤਾ ਕਿ ਇਨ੍ਹਾਂ ਕਦਮਾਂ ਨਾਲ ਅਰਥਚਾਰੇ ਨੂੰ ਉਭਾਰਨ 'ਚ ਸਹਾਇਤਾ ਮਿਲੇਗੀ ਅਤੇ ਵਿੱਤੀ ਵਰ੍ਹੇ ਦੀ ਦੂਜੀ ਤਿਮਾਹੀ ਵਿਚ ਵਿਕਾਸ ਦਰ 'ਚ ਸੁਧਾਰ ਆਵੇਗਾ।

ਖਾਸ ਸੈਕਟਰਾਂ ਨੂੰ ਮੰਦੀ ਤੋਂ ਉਭਾਰਨ ਲਈ ਤੀਜੇ ਵੱਡੇ ਕਦਮਾਂ ਦਾ ਐਲਾਨ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਜਿਹੜੇ ਹਾਊਸਿੰਗ ਪ੍ਰੋਜੈਕਟ ਦਿਵਾਲੀਆ ਹੋਣ ਤੋਂ ਬਚ ਗਏ ਹਨ ਜਾਂ ਜਿਨ੍ਹਾਂ ਨੂੰ ਮਾੜੇ ਕਰਜ਼ਿਆਂ ਦੀ ਸੂਚੀ 'ਚ ਨਹੀਂ ਰੱਖਿਆ ਗਿਆ ਹੈ, ਉਨ੍ਹਾਂ ਲਈ 20 ਹਜ਼ਾਰ ਕਰੋੜ ਰੁਪਏ ਦਾ ਫੰਡ ਸਥਾਪਤ ਕੀਤਾ ਜਾਵੇਗਾ। ਇਸ 'ਚੋਂ ਅੱਧੀ ਰਕਮ ਸਰਕਾਰ ਦੇਵੇਗੀ। ਇਸ ਦੇ ਨਾਲ ਹਾਊਸਿੰਗ ਫਾਇਨਾਂਸ ਕੰਪਨੀਆਂ ਨੂੰ ਵਿਦੇਸ਼ਾਂ ਤੋਂ ਫੰਡ ਉਗਰਾਹੁਣ ਲਈ ਨੇਮਾਂ 'ਚ ਰਾਹਤ ਦਿੱਤੀ ਜਾਵੇਗੀ ਜਦਕਿ ਹਾਊਸਿੰਗ ਬਿਲਡਿੰਗ ਐਡਵਾਂਸ 'ਤੇ ਵਿਆਜ ਦਰ ਘਟਾ ਦਿੱਤੀ ਗਈ ਹੈ ਜਿਸ ਦਾ ਲਾਹਾ ਸਰਕਾਰੀ ਮੁਲਾਜ਼ਮਾਂ ਨੂੰ ਹੋਵੇਗਾ। ਸੀਤਾਰਾਮਨ ਨੇ ਕਿਹਾ ਕਿ ਵਿਸ਼ੇਸ਼ ਪੂੰਜੀ ਫੰਡ ਦਾ ਲਾਭ ਘਰ ਖਰੀਦਣ ਵਾਲੇ ਕਰੀਬ ਸਾਢੇ ਤਿੰਨ ਲੱਖ ਲੋਕਾਂ ਨੂੰ ਹੋਵੇਗਾ।

ਬਰਾਮਦਕਾਰਾਂ ਨੂੰ ਅਦਾ ਕੀਤੇ ਗਏ ਟੈਕਸਾਂ ਦੀ ਪੂਰਤੀ ਲਈ ਨਵੀਂ ਯੋਜਨਾ ਦਾ ਐਲਾਨ ਕੀਤਾ ਗਿਆ ਹੈ ਅਤੇ ਇਹ ਜਨਵਰੀ 2020 ਤੋਂ ਲਾਗੂ ਹੋਵੇਗੀ।

ਬਰਾਮਦ ਉਤਪਾਦਾਂ 'ਤੇ ਟੈਕਸ ਅਤੇ ਡਿਊਟੀ ਵਿਚ ਛੋਟ (ਆਰ.ਓ.ਡੀ.ਟੀ.ਈ.ਪੀ.) ਨਾਮ ਦੀ ਇਸ ਯੋਜਨਾ ਨਾਲ ਖਜ਼ਾਨੇ 'ਤੇ ਅੰਦਾਜ਼ਨ 50 ਹਜ਼ਾਰ ਕਰੋੜ ਰੁਪਏ ਦਾ ਬੋਝ ਪਵੇਗਾ।

# ਮੋਦੀ ਵੱਲੋਂ ਤਿੰਨ ਨਵੀਆਂ ਪੈਨਸ਼ਨ ਸਕੀਮਾਂ ਦਾ ਐਲਾਨ

**ਰਾਂਚੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਂਚੀ ਦੀ ਆਪਣੀ ਇਕ ਰੋਜ਼ਾ ਯਾਤਰਾ ਦੌਰਾਨ ਝਾਰਖੰਡ 'ਚ ਨਵੇਂ ਬਣੇ ਵਿਧਾਨ ਸਭਾ ਭਵਨ ਦਾ ਉਦਘਾਟਨ ਕੀਤਾ ਅਤੇ ਨਾਲ ਹੀ ਤਿੰਨ ਵੱਡੀਆਂ ਯੋਜਨਾਵਾਂ ਸ਼ੁਰੂ ਕੀਤੀਆਂ। ਰਾਂਚੀ ਦੇ ਪ੍ਰਭਾਤ ਤਾਰਾ ਮੈਦਾਨ 'ਚ ਕਰਵਾਏ ਸਮਾਗਮ 'ਚ ਮੋਦੀ ਨੇ ਪ੍ਰਧਾਨ



ਮੰਤਰੀ ਕਿਸਾਨ ਮਾਣ ਧਨ ਯੋਜਨਾ, ਪ੍ਰਚੂਨ ਵਪਾਰਕ ਤੇ ਸਵੈ-ਰੁਜ਼ਗਾਰ ਪੈਨਸ਼ਨ ਯੋਜਨਾ ਤੇ ਏਕਲਵਿਆ ਮਾਡਲ ਸਕੂਲ ਦਾ ਉਦਘਾਟਨ ਕੀਤਾ।

ਪ੍ਰਧਾਨ ਮੰਤਰੀ ਨੇ ਝਾਰਖੰਡ ਵਿਧਾਨ ਸਭਾ ਦੇ ਨਵੇਂ ਭਵਨ ਤੇ ਸਾਹਿਬਗੰਜ 'ਚ ਮਲਟੀਮਾਡਲ ਬੰਦਰਗਾਹ ਦਾ ਉਦਘਾਟਨ ਕੀਤਾ। ਉਨ੍ਹਾਂ 1238 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਝਾਰਖੰਡ ਸਕੱਤਰੇਤ ਦੇ ਨਵੇਂ ਭਵਨ ਦਾ ਵੀ ਨੀਂਹ ਪੱਥਰ ਰੱਖਿਆ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮਲਟੀ ਮਾਡਲ ਟਰਮੀਨਲ ਨਾਲ ਇਸ ਖੇਤਰ 'ਚ ਤਕਰੀਬਨ 600 ਲੋਕਾਂ ਨੂੰ ਸਿੱਧੇ ਅਤੇ ਤਕਰੀਬਨ 3000 ਲੋਕਾਂ ਨੂੰ ਅਸਿੱਧੇ ਤੌਰ 'ਤੇ ਰੁਜ਼ਗਾਰ ਮਿਲੇਗਾ। ਸੂਬੇ ਦੇ ਮੁੱਖ ਮੰਤਰੀ ਰਘੂਵਰ ਦਾਸ ਨੇ ਕਿਹਾ ਕਿ ਕਿਸਾਨਾਂ ਦੇ ਜੀਵਨ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਲਈ ਮਹੀਨਾਵਾਰ ਪੈਨਸ਼ਨ ਦੇ ਰੂਪ 'ਚ ਪ੍ਰਧਾਨ ਮੰਤਰੀ ਕਿਸਾਨ ਮਾਣ ਧਨ ਯੋਜਨਾ ਲਾਗੂ ਕੀਤੀ ਜਾ ਰਹੀ ਹੈ। ਇਸ ਯੋਜਨਾ ਤਹਿਤ ਰਜਿਸਟਰਡ ਹੋਣ ਵਾਲੇ 18 ਤੋਂ 40 ਸਾਲ ਤੱਕ ਦੇ ਕਿਸਾਨਾਂ ਨੂੰ 60 ਸਾਲ ਦੀ ਉਮਰ ਪੂਰੀ ਹੋਣ 'ਤੇ 3000 ਹਜ਼ਾਰ ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾਵੇਗੀ।

ਇਸੇ ਤਰ੍ਹਾਂ ਪ੍ਰਚੂਨ ਵਪਾਰਕ ਤੇ ਸਵੈ-ਰੁਜ਼ਗਾਰ ਪੈਨਸ਼ਨ ਯੋਜਨਾ ਤਹਿਤ ਪ੍ਰਚੂਨ ਵਪਾਰੀਆਂ ਤੇ ਦੁਕਾਨਦਾਰਾਂ ਨੂੰ 60 ਸਾਲ ਦੀ ਉਮਰ ਪੂਰੀ ਹੋਣ 'ਤੇ 3000 ਹਜ਼ਾਰ ਰੁਪਏ ਪੈਨਸ਼ਨ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨੇ ਕਬਾਇਲੀ ਇਲਾਕਿਆਂ 'ਚ 462 ਏਕਲਵਿਆ ਮਾਡਲ ਸਕੂਲਾਂ ਦਾ ਆਨਲਾਈਨ ਨੀਂਹ ਪੱਥਰ ਰੱਖਿਆ। ਇਨ੍ਹਾਂ 'ਚੋਂ ਝਾਰਖੰਡ ਦੇ 13 ਜ਼ਿਲ੍ਹਿਆਂ 'ਚ 69 ਸਕੂਲ ਖੋਲ੍ਹੇ ਜਾ ਰਹੇ ਹਨ।

# ਭਾਜਪਾ ਵਿਧਾਇਕ ਵੱਲੋਂ ਮਮਤਾ ਦਾ ਚਿਦੰਬਰਮ ਵਾਲਾ ਹਾਲ ਕਰਨ ਦੀ ਧਮਕੀ

**ਬਲੀਆ:** ਉਤਰ ਪ੍ਰਦੇਸ਼ 'ਚ ਬੈਰੀਆ ਹਲਕੇ ਤੋਂ ਭਾਜਪਾ ਵਿਧਾਇਕ ਸੁਰੇਂਦਰ ਸਿੰਘ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ



ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਆਪਣੀ ਭਾਸ਼ਾ ਅਤੇ ਵਤੀਰਾ ਬਦਲ ਲੈਣ ਨਹੀਂ ਤਾਂ ਉਸ ਦਾ ਹਸ਼ਰ ਵੀ ਕਾਂਗਰਸ ਆਗੂ ਪੀ ਚਿਦੰਬਰਮ ਵਰਗਾ ਹੋਵੇਗਾ।

ਜ਼ਿਕਰਯੋਗ ਹੈ ਕਿ ਸਾਬਕਾ ਗ੍ਰਹਿ ਮੰਤਰੀ ਚਿਦੰਬਰਮ ਭ੍ਰਿਸ਼ਟਾਚਾਰ ਦੇ ਦੋਸ਼ 'ਚ ਜੇਲ੍ਹ ਵਿਚ ਬੰਦ ਹਨ। ਵਿਧਾਇਕ ਨੇ ਕਿਹਾ ਕਿ ਤ੍ਰਿਣਮੂਲ ਕਾਂਗਰਸ ਸੁਪਰੀਮੋ ਨੂੰ ਬੰਗਲਾਦੇਸ਼ ਦਾ ਪ੍ਰਧਾਨ ਮੰਤਰੀ ਬਣ ਜਾਣਾ ਚਾਹੀਦਾ ਹੈ ਕਿਉਂਕਿ ਉਹ ਨਾਗਰਿਕਾਂ ਬਾਰੇ ਕੌਮੀ ਰਜਿਸਟਰ (ਐਨ.ਆਰ.ਸੀ.) ਦਾ ਵਿਰੋਧ ਕਰ ਰਹੀ ਹੈ। ਇਥੇ 'ਕ੍ਰਿਸ਼ੀ ਮੇਲੇ' ਦੌਰਾਨ ਸੁਰੇਂਦਰ ਸਿੰਘ ਨੇ ਕਿਹਾ,"ਮਮਤਾ ਬੈਨਰਜੀ ਵੱਲੋਂ ਐਨ.ਆਰ.ਸੀ. ਖਿਲਾਫ ਦਿੱਤੇ ਗਏ ਬਿਆਨਾਂ ਤੋਂ ਸਾਬਤ ਹੁੰਦਾ ਹੈ ਕਿ ਉਨ੍ਹਾਂ ਨੂੰ ਵਿਦੇਸ਼ੀ ਤਾਕਤਾਂ ਦੀ ਹਮਾਇਤ ਪ੍ਰਾਪਤ ਹੈ।" ਪੱਛਮੀ ਬੰਗਾਲ ਦੀ ਮੁੱਖ ਮੰਤਰੀ 'ਤੇ ਜ਼ੋਰਦਾਰ ਸ਼ਬਦੀ ਹਮਲੇ ਕਰਦਿਆਂ ਭਾਜਪਾ ਆਗੂ ਨੇ ਕਿਹਾ ਕਿ ਮਮਤਾ ਭੁੱਲ ਜਾਂਦੀ ਹੈ ਕਿ ਹੁਣ ਉਸ ਦੇ ਬੁਰੇ ਦਿਨ ਆਉਣ ਵਾਲੇ ਹਨ। ਸੁਰੇਂਦਰ ਸਿੰਘ ਨੇ ਕਿਹਾ ਕਿ ਬੰਗਾਲ 'ਚ ਭਗਵਾਨ ਰਾਮ ਅਤੇ ਹਨੂਮਾਨ ਦੇ ਰੂਪ ਵਿਚ ਅਮਿਤ ਸ਼ਾਹ ਤੇ ਯੋਗੀ ਆਦਿੱਤਿਆਨਾਥ ਦਾਖਲ ਹੋ ਗਏ ਹਨ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਬੰਗਾਲ ਵਿਚ ਸੱਤਾ ਬਦਲ ਕੇ ਰਹੇਗੀ।

## 82 ਸਾਬਕਾ ਸੰਸਦ ਮੈਂਬਰਾਂ ਨੇ ਖਾਲੀ ਨਹੀਂ ਕੀਤੇ ਸਰਕਾਰੀ ਬੰਗਲੇ

**ਨਵੀਂ ਦਿੱਲੀ:** ਦਿੱਲੀ ਦੇ ਲੁਟੀਅਨਜ਼ ਜ਼ੋਨ ਵਿਚ 82 ਸਾਬਕਾ ਸੰਸਦ ਮੈਂਬਰਾਂ ਨੇ ਲੋਕ ਸਭਾ ਦੇ ਇਕ ਪੈਨਲ ਕੋਲੋਂ ਚਿਤਾਵਨੀ ਮਿਲਣ ਦੇ ਬਾਵਜੂਦ ਆਪਣੇ ਸਰਕਾਰੀ ਬੰਗਲੇ ਖਾਲੀ ਨਹੀਂ ਕੀਤੇ ਹਨ।

ਲੋਕ ਆਵਾਸ (ਗੈਰਕਾਨੂੰਨੀ ਕਬਜ਼ਾ ਖਾਲੀ ਕਰਾਉਣਾ) ਐਕਟ ਅਨੁਸਾਰ ਸਰਕਾਰ ਇਨਖ਼ਾਂ 'ਤੇ ਕਾਰਵਾਈ ਕਰਨ ਸਬੰਧੀ ਵਿਚਾਰ ਕਰ ਰਹੀ ਹੈ।

ਭਾਈ ਸੱਜਣ ਸਿੰਘ ਜੀ ਦੀ ਰਹਿਨੁਮਾਈ ਹੇਠ

## ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਨਿਸ਼ਕਾਮ ਸੇਵਾ ਸੁਸਾਇਟੀ ਵਲੋਂ

# ਸ੍ਰੀ ਅੰਮ੍ਰਿਤਸਰ ਸਾਹਿਬ 'ਚ 50 ਕਮਰਿਆਂ ਦੀ ਇਮਾਰਤ ਉਸਾਰੀ ਅਧੀਨ!

## ਸਥਾਨ: ਟੈਂਪਲ ਕਾਲੋਨੀ, ਸ੍ਰੀ ਅੰਮ੍ਰਿਤਸਰ ਸਾਹਿਬ (ਤਾਰਾਂ ਵਾਲਾ ਪੁਲ ਦੇ ਕੋਲ)

**ਮਕਸਦ**

*ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਰਿਹਾਇਸ਼ ਮੁਹੱਈਆ ਕਰਨਾ।
*ਇਨ੍ਹਾਂ ਬੱਚਿਆਂ ਨੂੰ 12ਵੀਂ ਤੱਕ ਦੀ ਵਿੱਦਿਆ ਮੁਫਤ ਮੁਹੱਈਆ ਕਰਨਾ।
*ਇਨ੍ਹਾਂ ਬੱਚਿਆਂ ਨੂੰ ਧਾਰਮਿਕ ਵਿੱਦਿਆ ਮੁਹੱਈਆ ਕਰਨੀ।
*ਪੰਗਤ ਵਿਚ ਸੰਗਤ ਦੇ ਸਿਧਾਂਤ ਅਨੁਸਾਰ ਲੰਗਰ ਉਪਲਬਧ ਹੋਵੇਗਾ।
*ਇਸ ਇਮਾਰਤ ਦੇ ਅੰਦਰ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੋਵੇਗਾ।





ਗੁਰੂ ਪਿਆਰੀ ਸਾਧ ਸੰਗਤ ਜੀ,

ਅੱਜ ਦੇ ਇਸ ਪਦਾਰਥਵਾਦੀ ਯੁੱਗ ਵਿਚ ਹਰ ਕਿਸੇ ਨੂੰ ਆਪੋਧਾਪ ਪਈ ਹੋਈ ਹੈ, ਗੁਰੂ ਸਾਹਿਬਾਨ ਦੇ ਸਿਧਾਂਤ 'ਤੇ ਕੋਈ ਵਿਰਲਾ ਹੀ ਪਹਿਰਾ ਦੇ ਰਿਹਾ ਹੈ। ਗਰੀਬ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣਾ ਅਤੇ ਉਨ੍ਹਾਂ ਨੂੰ ਸਮੇਂ ਦੇ ਨਾਲ ਤੋਰਨ ਦੀ ਕਿਸੇ ਕੋਲ ਵਿਹਲ ਨਹੀਂ। ਅਸੀਂ ਆਪ ਸਭ ਦੇ ਸਹਿਯੋਗ ਨਾਲ ਇਕ ਇਹੋ ਜਿਹਾ ਓਟ ਆਸਰਾ ਬਣਾਉਣ ਜਾ ਰਹੇ ਹਾਂ, ਜਿੱਥੋਂ ਗਰੀਬ ਗੁਰਬਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਹਰ ਤਰ੍ਹਾਂ ਦਾ ਸਹਿਯੋਗ ਮਿਲੇਗਾ। ਇਹ ਜੀਵਨ ਨਾਸ਼ਵਾਨ ਹੈ, ਇਸ ਲਈ ਗੁਰੂ ਦੀ ਬਖਸ਼ੀ ਮਾਇਆ ਵਿਚੋਂ ਜੇ ਅਸੀਂ ਦੂਜਿਆਂ ਦੇ ਜੀਵਨ ਨੂੰ ਸੁਧਾਰਨ ਵਿਚ ਦਾਨ ਕਰਦੇ ਹਾਂ ਤਾਂ ਬਿਨਾ ਸ਼ੱਕ ਪਰਮਾਤਮਾ ਉਸ ਦਾਨ ਦੇ ਬਦਲੇ ਸੰਤੁਸ਼ਟੀ ਜ਼ਰੂਰ ਬਖਸ਼ੇਗਾ।

ਮੇਰੀ ਆਪ ਸਭ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਜੀ ਇਸ ਪ੍ਰਾਜੈਕਟ ਵਿਚ ਆਪਣਾ ਹਿੱਸਾ ਪਾਓ ਅਤੇ ਗਰੀਬ ਗੁਰਬਿਆਂ ਦੇ ਜੀਵਨ ਨੂੰ ਉਚਾ ਚੁੱਕਣ ਵਿਚ ਸਹਿਯੋਗ ਦੇਣ ਦਾ ਮਾਣ ਹਾਸਲ ਕਰੋ।

–ਭਾਈ ਸੱਜਣ ਸਿੰਘ



ਭਾਈ ਸੱਜਣ ਸਿੰਘ

ਦਾਨੀ ਸੱਜਣ ਹੇਠ ਲਿਖੇ ਅਕਾਊਂਟ ਵਿਚ ਦਾਨ ਭੇਜ ਸਕਦੇ ਹਨ:

**Account Name: SHRI GURU RAMDAS GURMAT SOCIETY INC.**
**Bank: CAPITAL ONE**
**Routing Number: 021407912**
**Account Number: 7528899346**

# 15ਵਾਂ ਵਿਸ਼ਵ ਕਬੱਡੀ ਕੱਪ ਵਿਲੱਖਣ ਇਤਿਹਾਸ ਸਿਰਜ ਗਿਆ

**ਯੂਨੀਅਨ ਸਿਟੀ (ਐਸ. ਅਸ਼ੋਕ ਭੌਰਾ):** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦਾ 15ਵਾਂ ਵਿਸ਼ਵ ਕਬੱਡੀ ਕੱਪ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਇਤਿਹਾਸ ਵਿਚ ਇਕ ਨਵੀਂ ਤੇ ਵਿਲੱਖਣ ਪੈੜ ਸਿੱਧ ਹੋਇਆ। ਇਸ ਵਿਸ਼ਵ ਕਬੱਡੀ ਕੱਪ ਨੇ ਨਾਨਕ ਨਾਮ ਲੇਵਾ ਸਮੁੱਚੀ ਸੰਗਤ ਨੂੰ ਇਹ ਵਿਸ਼ਵਾਸ ਤੇ ਯਕੀਨ ਦੁਆਇਆ ਕਿ ਸੱਚੀਂ ਮੁੱਚੀਂ ਹੀ ਚੜ੍ਹਦੀ ਕਲਾ ਦੇ ਅਰਥ ਨਾਨਕ ਨਾਮ ਨਾਲ ਹੀ ਹੁੰਦੇ ਨੇ।

ਲੰਘੇ ਐਤਵਾਰ ਇਥੇ ਲੋਗਨ ਹਾਈ ਸਕੂਲ 'ਚ 15000 ਤੋਂ ਵੱਧ ਕਬੱਡੀ ਪ੍ਰੇਮੀਆਂ ਦਾ ਪੁੱਜਣਾ, ਸਾਰਾ ਦਿਨ ਗੁਰੂ ਕਾ ਅਤੁੱਟ ਲੰਗਰ ਵਰਤਣਾ, 9 ਘੰਟੇ ਲਗਾਤਾਰ ਪੰਜਾਬੀ ਪੁੱਤਰਾਂ ਦਾ 'ਕਬੱਡੀ ਕਬੱਡੀ' ਨਾਲ ਜ਼ੋਰ ਵਿਖਾਉਣਾ ਅਤੇ ਅਮਰੀਕਾ ਦੀ ਧਰਤੀ 'ਤੇ ਅਜਿਹਾ ਇਤਿਹਾਸ ਬਣਾਉਣਾ ਬਾਬੇ ਨਾਨਕ ਦੀ ਮਿਹਰ ਨਾਲ ਹੀ ਸੰਭਵ ਹੋ ਸਕਿਆ। ਇਹ ਵਿਚਾਰ ਸਨ, ਯੂਨਾਈਟਡ ਸਪੋਰਟਸ ਕਲੱਬ ਦੇ ਮੁੱਖ ਸਰਪ੍ਰਸਤ, ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਅਤੇ ਰੂਹੇ ਰਵਾਂ ਸ. ਅਮੋਲਕ ਸਿੰਘ ਗਾਖਲ ਦੇ। 'ਮੇਰਾ ਮੁਝ ਮਹਿ ਕਿਛੁ ਨਹੀ' ਦੀ ਧਾਰਨਾ ਨਾਲ ਉਨ੍ਹਾਂ ਇਸ ਕਬੱਡੀ ਕੱਪ ਨੂੰ ਪੰਜਾਬੀਆਂ, ਸਿੱਖ ਕੌਮ ਅਤੇ ਕਬੱਡੀ ਪ੍ਰੇਮੀਆਂ ਦੇ ਨਾਮ ਕੀਤਾ।

ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਨੇ ਕਬੱਡੀ ਕੱਪ ਨੂੰ ਕਾਮਯਾਬੀ ਨਾਲ ਕਰਵਾਉਣ ਲਈ ਦਿਨ ਰਾਤ ਇਕ ਹੀ ਨਹੀਂ ਕੀਤਾ ਸਗੋਂ ਆਪਣੇ ਕਾਰੋਬਾਰੀ ਅਦਾਰੇ ਰਾਜਾ ਸਵੀਟਸ ਵਲੋਂ ਅੰਮ੍ਰਿਤਸਰੀ ਛੋਲੇ ਭਟੂਰੇ ਤੇ ਦੇਸੀ ਘਿਓ ਦੀਆਂ ਜਲੇਬੀਆਂ ਦਾ ਲੰਗਰ ਅਤੇ ਗੁਰੂਘਰ ਫਰੀਮਾਂਟ ਤੇ ਗੁਰੂਘਰ ਸੈਨ ਹੋਜੇ ਵਲੋਂ ਵੀ ਸਾਰਾ ਦਿਨ ਸੰਗਤ ਦੀ ਸੇਵਾ ਵਿਚ ਲੰਗਰ ਵਰਤਾਇਆ।

ਤਕਨੀਕੀ ਪ੍ਰਬੰਧਾਂ ਦੀ ਦੇਖ ਰੇਖ ਕਰਨ ਵਾਲੀ ਜੋੜੀ ਇਕਬਾਲ ਸਿੰਘ ਗਾਖਲ ਉਪ ਚੇਅਰਮੈਨ, ਕਬੱਡੀ ਦੇ ਸਾਬਕਾ ਧੁਨੰਤਰ ਤੀਰਥ ਸਿੰਘ ਗਾਖਲ ਅਤੇ ਮੱਖਣ ਸਿੰਘ ਧਾਲੀਵਾਲ ਨੇ ਬਾਖੂਬੀ ਜ਼ਿੰਮੇਵਾਰੀਆਂ ਨਿਭਾਈਆਂ।

ਇਸ ਕਬੱਡੀ ਕੱਪ ਵਿਚ ਸਾਰਾ ਦਿਨ ਫਸਵੇਂ ਮੁਕਾਬਲੇ, ਚੋਟੀ ਦੇ ਖਿਡਾਰੀਆਂ ਦੇ ਜੋਸ਼ ਭਰੇ ਜਲਵੇ ਤੇ ਉਂਗਲੀਆਂ ਖੜ੍ਹੀਆਂ ਹੁੰਦੀਆਂ, ਪੱਟਾਂ 'ਤੇ ਹੱਥ ਵੱਜਦੇ, ਦਰਸ਼ਕਾਂ ਦੀਆਂ ਤਾੜੀਆਂ ਦਾ ਮਾਹੌਲ ਹੀ ਨਹੀਂ ਸਿਰਜਿਆ ਸਗੋਂ ਕਬੱਡੀ ਪ੍ਰੇਮੀਆਂ ਤੇ ਸੰਗਤ ਦੇ ਬੜੇ ਗਿਲੇ ਸ਼ਿਕਵਿਆਂ ਨੂੰ ਵੀ ਦੂਰ ਕਰ ਦਿੱਤਾ। ਪਹਿਲੀ ਵਾਰ ਸੀ ਕਿ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਦੀ ਅਗਵਾਈ 'ਚ ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਸਲਾਹਕਾਰ ਪਲਵਿੰਦਰ ਸਿੰਘ ਗਾਖਲ, ਨੱਥਾ ਸਿੰਘ ਗਾਖਲ ਅਤੇ ਸਾਧੂ ਸਿੰਘ ਖਲੌਰ ਦੀ ਟੀਮ ਨੇ ਹਾਜ਼ਰ ਅਹਿਮ ਸ਼ਖਸੀਅਤਾਂ ਨੂੰ ਜੀ ਆਇਆਂ ਆਖਦਿਆਂ ਸਤਿਕਾਰ ਨਾਲ ਝੋਲੀਆਂ ਭਰ ਦਿੱਤੀਆਂ। ਕਬੱਡੀ ਕੱਪ ਦੇ ਪਹਿਲੇ ਇਨਾਮ ਦੇ ਸਪਾਂਸਰ ਓਸ਼ੀਅਨ ਟਰਾਂਸਪੋਰਟ ਦੇ ਜਗਜੀਤ ਸਿੰਘ ਰੱਕੜ, ਵਾਈਟ ਹਾਕ ਦੇ ਕੁਲਜੀਤ ਸਿੰਘ ਨਿੱਝਰ, ਦੂਜੇ ਇਨਾਮ ਦੇ ਸਪਾਂਸਰ ਸਹੋਤਾ ਭਰਾ-ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਅਤੇ ਤੀਜੇ ਇਨਾਮ ਦੇ ਸਹਿਯੋਗੀ-ਜਸਵਿੰਦਰ ਬੋਪਾਰਾਏ, ਦਲਵੀਰ ਬੋਪਾਰਾਏ, ਮਾਈਕ ਬੋਪਾਰਾਏ ਤੇ ਗੁਰਦੇਵ ਸਿੰਘ ਬੋਪਾਰਾਏ ਹਾਜ਼ਰ ਰਹੇ। ਆਲ ਓਪਨ ਦਾ ਇਨਾਮ 'ਆਪਣਾ ਪੰਜਾਬ ਕਲੱਬ' ਵਲੋਂ ਕਸ਼ਮੀਰ ਸਿੰਘ ਧੁੱਗਾ ਦੀ ਅਗਵਾਈ 'ਚ ਤੱਖਰ ਪਰਿਵਾਰ ਵਲੋਂ ਸਪਾਂਸਰ ਕੀਤਾ ਗਿਆ।

ਇਸ ਮੌਕੇ ਸਾਹਿਤ, ਧਰਮ, ਰਾਜਨੀਤੀ, ਖੇਡਾਂ ਤੇ ਸਮਾਜਕ ਖੇਤਰ ਦੀਆਂ ਪੰਜ ਅਹਿਮ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਇਨ੍ਹਾਂ ਵਿਚ 'ਸਹਾਇਤਾ ਸੰਸਥਾ' ਦੇ ਡਾ. ਹਰਕੇਸ਼ ਸੰਧੂ, ਉਲੰਪੀਅਨ ਮਹਿੰਦਰ ਸਿੰਘ ਗਿੱਲ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਤਰਲੋਚਨ ਸਿੰਘ ਦੁਪਾਲਪੁਰ ਸ਼ਾਮਿਲ ਸਨ। ਗਾਖਲ ਭਰਾਵਾਂ ਨੇ ਆਪਣੇ ਪਿਤਾ ਸ. ਨਸੀਬ ਸਿੰਘ ਦੀ ਯਾਦ ਵਿਚ ਮੇਲੇ ਦੇ ਮੀਡੀਆ ਇੰਚਾਰਜ ਅਤੇ ਜਨਰਲ ਸਕੱਤਰ ਐਸ. ਅਸ਼ੋਕ ਭੌਰਾ, ਸਾਬਕਾ ਖਿਡਾਰੀ ਨੇਕੀ ਸਿੱਧਵਾਂ, ਖਿਡਾਰੀ ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ, ਖੁਸ਼ੀ ਦੁੱਗਾਂ ਅਤੇ ਸੁਲਤਾਨਪੁਰ ਸ਼ਮਸਪੁਰ ਨੂੰ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ।

ਸਵੇਰੇ ਕਰੀਬ 10 ਵਜੇ ਗੁਰਦੁਆਰਾ ਫਰੀਮਾਂਟ ਦੇ ਹੈਡ ਗ੍ਰੰਥੀ ਵਲੋਂ ਸਰਬੱਤ ਦੇ ਭਲੇ ਲਈ ਅਰਦਾਸ ਕਰਨ ਉਪਰੰਤ ਬੀਬੀ ਭੁਪਿੰਦਰ ਕੌਰ ਦੇ ਢਾਡੀ ਜਥੇ ਨੇ ਬਾਬੇ ਨਾਨਕ ਦੀ ਉਸਤਤ ਵਿਚ ਢਾਡੀ ਵਾਰਾਂ ਪੇਸ਼ ਕੀਤੀਆਂ। ਸੰਗਤ ਵਿਚ ਪ੍ਰਸ਼ਾਦਿ ਵਰਤਾਇਆ ਗਿਆ ਅਤੇ ਉਦਘਾਟਨੀ ਮੈਚ ਸੈਲਮਾ ਸਪੋਰਟਸ ਕਲੱਬ ਅਤੇ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਕਲੱਬ ਦੀਆਂ ਅੰਡਰ-21 ਟੀਮਾਂ ਵਿਚ ਹੋਇਆ।

ਮੈਚ ਦੇ ਅੱਧ ਵਿਚਕਾਰ ਸ. ਮੇਜਰ ਸਿੰਘ ਬੈਂਸ ਨੇ ਰੀਬਨ ਕੱਟ ਕੇ ਟੂਰਨਾਮੈਂਟ ਦਾ ਰਸਮੀ ਉਦਘਟਾਨ ਕੀਤਾ ਅਤੇ ਇਸ ਮੌਕੇ ਉਨ੍ਹਾਂ ਦੇ ਨਾਲ ਸੈਨੇਟਰ ਦੀ ਚੋਣ ਲੜ ਰਹੇ ਮੈਨੀ ਗਰੇਵਾਲ, ਉਲੰਪੀਅਨ ਸੁਰਿੰਦਰ ਸੋਢੀ, ਕੈਨੇਡਾ ਤੋਂ ਪੁੱਜੇ ਸੇਵਾ ਸਿੰਘ ਰੰਧਾਵਾ, ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ ਵਲੋਂ ਵੀ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਗਈ।

ਅੰਡਰ-21 ਵਿਚ ਪਹਿਲਾ ਇਨਾਮ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਕਲੱਬ ਦੇ ਹਿੱਸੇ ਆਇਆ ਤੇ ਸੈਲਮਾ ਸਪੋਰਟਸ ਕਲੱਬ ਦੂਜੇ ਨੰਬਰ 'ਤੇ ਰਿਹਾ।

ਆਲ ਓਪਨ ਮੁਕਾਬਲਿਆਂ ਵਿਚ ਪਹਿਲਾ ਸਥਾਨ ਬਾਬਾ ਦੀਪ ਸਿੰਘ ਯੰਗ ਸਪੋਰਟਸ ਕਲੱਬ ਅਤੇ ਦੂਜਾ ਸਥਾਨ ਯੁਨਾਈਟਡ ਸਪੋਰਟਸ ਕਲੱਬ ਨੂੰ ਮਿਲਿਆ। ਵੱਡੀਆਂ ਕਲੱਬਾਂ ਬੇਏਰੀਆ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ, ਮੈਟਰੋ ਸਪੋਰਟਸ ਕਲੱਬ ਨਿਊ ਯਾਰਕ ਤੇ ਨਾਰਥ ਅਮੈਰਿਕਾ ਕਲੱਬ ਦੀਆਂ ਟੀਮਾਂ ਦਰਮਿਆਨ ਹੋਏ ਹਰ ਮੁਕਾਬਲੇ 'ਚ ਦਰਸ਼ਕਾਂ ਨੂੰ ਅੰਦਰ ਤੱਕ ਲੁਤਫ ਮਹਿਸੂਸ ਹੁੰਦਾ ਰਿਹਾ। 'ਫੜ ਲਿਆ ਓਏ, ਭੱਜ ਗਿਆ ਓਏ, ਕਰ'ਤੀ ਉਂਗਲ ਖੜੀ, ਜੋੜ'ਤਾ ਪੁਆਇੰਟ ਹੀ' ਨਹੀਂ ਹੁੰਦੀ ਰਹੀ, ਸਗੋਂ ਦਰਸ਼ਕਾਂ ਨੂੰ ਕੁਮੈਂਟੇਟਰ ਕਹਿੰਦੇ ਰਹੇ ਕਿ 'ਜੇ ਸੁਆਦ ਆ ਗਿਆ ਤਾਂ ਖੋਲ੍ਹ ਦਿਓ ਤਾੜੀਆਂ ਦੇ ਬੰਨ੍ਹ'।

ਜਦ ਫਾਈਨਲ ਮੈਚ ਬੇਏਰੀਆ ਸਪੋਰਟਸ ਅਤੇ ਮੈਟਰੋ ਸਪੋਰਟਸ ਕਲੱਬ ਦਰਮਿਆਨ ਹੋਇਆ ਤਦ ਇਹ ਟੂਰਨਾਮੈਂਟ ਦੀ ਸਿਖਰ ਸੀ। ਸ਼ਾਇਦ ਪੰਦਰਾਂ ਹਜ਼ਾਰ ਤੋਂ ਵੱਧ ਦਰਸ਼ਕਾਂ ਦਾ ਇਕੱਠ ਸਾਹ ਵੀ ਉਚੀ ਨਹੀਂ ਸੀ ਲੈ ਰਿਹਾ ਅਤੇ ਆਖਰੀ ਪਲ ਤੱਕ ਇਹ ਸੀ ਕਿ ਪਤਾ ਨਹੀਂ ਕੌਣ ਜਿੱਤੇਗਾ। ਆਖਰ ਬੇਏਰੀਆ ਸਪੋਰਟਸ ਕਲੱਬ ਨੇ 45-51 ਅੰਕਾਂ ਨਾਲ ਬਲਜੀਤ ਸੰਧੂ ਦੀ ਅਗਵਾਈ 'ਚ ਆਪਣੀਆਂ ਜਿੱਤਾਂ ਨੂੰ ਬਰਕਰਾਰ ਰੱਖਦਿਆਂ ਚੌਥੀ ਵਾਰ ਵੀ ਯੁਨਾਈਟਡ ਸਪੋਰਟਸ ਕਲੱਬ ਦਾ ਕੱਪ ਜਿੱਤ ਲਿਆ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਗਾਖਲ ਭਰਾਵਾਂ-ਅਮੋਲਕ ਸਿੰਘ, ਪਲਵਿੰਦਰ ਸਿੰਘ ਤੇ ਇਕਬਾਲ ਸਿੰਘ ਨੇ ਮੇਲੇ ਦੇ ਪ੍ਰਬੰਧ ਪੂਰੀ ਰੂਹ ਨਾਲ ਕੀਤੇ। ਹਰ ਨਿੱਕੇ-ਵੱਡੇ ਪ੍ਰਬੰਧ ਨੂੰ ਆਪਣੀਆਂ ਸੂਖਮ ਨਜ਼ਰਾਂ ਵਿਚੋਂ ਲੰਘਾਉਣਾ, ਹਰ ਇਕ ਨੂੰ ਖੁਸ਼ ਕਰਨ ਦਾ ਯਤਨ ਕਰਨਾ, 'ਜੋ ਆਵੇ ਸੋ ਰਾਜੀ ਜਾਵੇ' ਦਾ ਸਿਧਾਂਤ ਅਪਨਾਉਣਾ, ਜੋ ਕਹਿਣਾ ਉਹ ਕਰਨਾ ਤੇ ਟੇਡੇ ਰਾਹਾਂ 'ਤੇ ਸਿੱਧਾ ਤੁਰ ਕੇ ਦਿਖਾਉਣਾ, ਸਿਰਫ ਅਮੋਲਕ ਸਿੰਘ ਗਾਖਲ ਨੂੰ ਹੀ ਆਉਂਦਾ ਹੈ।

ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਤੀਰਥ ਸਿੰਘ ਗਾਖਲ ਤੇ ਅਮੋਲਕ ਸਿੰਘ ਗਾਖਲ ਦੀਆਂ ਅੱਖਾਂ 'ਚ ਜਜ਼ਬਾਤੀ ਅੱਥਰੂ ਕਬੱਡੀ ਕੱਪ ਦੀ ਸਫਲਤਾ ਦੇ ਚਮਕਦੇ ਸਿਗਨਲ ਸਨ। ਯੂਨਾਈਟਡ ਸਪੋਰਟਸ ਕਲੱਬ ਦੇ ਦੇਬੀ ਸੋਹਲ, ਇੰਦਰਜੀਤ ਥਿੰਦ, ਬਖਤਾਵਰ ਸਿੰਘ ਗਾਖਲ, ਗੋਪੀ ਗਾਖਲ, ਗਿਆਨੀ ਰਵਿੰਦਰ ਸਿੰਘ, ਬਲਵਿੰਦਰ ਸਿੰਘ ਗਾਖਲ, ਹਰਜਿੰਦਰ ਸਿੰਘ ਲੱਧੜ, ਅਮਨਦੀਪ ਸਿੰਘ, ਬਲਜਿੰਦਰ ਸਿੰਘ, ਕਿਰਨਦੀਪ, ਕਾਲਾ ਗਾਖਲ ਤੇ ਗੁਰਨਾਮ ਸਿੰਘ ਨੇ ਕਬੱਡੀ ਕੱਪ ਦੀ ਸਫਲਤਾ 'ਚ ਵਡਮੁੱਲਾ ਯੋਗਦਾਨ ਪਾਇਆ। ਹੜ੍ਹ ਪੀੜਤਾਂ ਅਤੇ ਕਰਜ਼ੇ ਦੇ ਭਾਰ ਨਾਲ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਮਦਦ ਲਈ 'ਸਹਾਇਤਾ ਸੰਸਥਾ' ਵਲੋਂ ਡਾ. ਹਰਕੇਸ਼ ਸੰਧੂ ਅਤੇ ਸਰੂਪ ਝੱਜ ਦੀ ਅਗਵਾਈ 'ਚ ਲਾਏ ਬੂਥ 'ਤੇ ਸੰਗਤ ਨੇ ਵੱਡੀ ਮਾਲੀ ਮਦਦ ਦਿੱਤੀ।

**ਕੁਝ ਗੱਲਾਂ ਨੁਕਤਿਆਂ 'ਚ ਕਰਦੇ ਹਾਂ:**

-ਕਬੱਡੀ ਕੱਪ ਨੂੰ ਵੱਡੀ ਵਿੱਤੀ ਮਦਦ ਦੇਣ ਵਾਲੇ ਇੰਦਰ ਦੁਸਾਂਝ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ।

-ਡਾਇਮੰਡ ਸਪਾਂਸਰ ਸ. ਮਹਿੰਗਾ ਸਿੰਘ ਸਰਾਏ ਦਾ ਪਰਿਵਾਰ ਸਾਰਾ ਦਿਨ ਹਾਜ਼ਰ ਰਿਹਾ।

-ਕਬੱਡੀ ਦੇ ਸਾਬਕਾ ਖਿਡਾਰੀ ਤੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਦੇ ਪਿਤਾ ਸ. ਮੇਜਰ ਸਿੰਘ ਬੈਂਸ ਵੀਲ੍ਹ ਚੇਅਰ 'ਤੇ ਸਾਰਾ ਦਿਨ ਕਬੱਡੀ ਕੱਪ 'ਚ ਮਾਣ ਸਨਮਾਨ ਅਤੇ ਅਸ਼ੀਰਵਾਦ ਦਿੰਦੇ ਰਹੇ।

-ਇਕ ਦਰਜਨ ਦੇ ਕਰੀਬ ਸਟਿੱਲ ਕੈਮਰੇ,

(ਅਗਲੇ ਸਫੇ 'ਤੇ ਜਾਰੀ)


ਟੂਰਨਾਮੈਂਟ ਦਾ ਰਸਮੀ ਉਦਘਟਾਨ ਕਰਦੇ ਹੋਏ ਸ. ਮੇਜਰ ਸਿੰਘ ਬੈਂਸ ਤੇ ਉਨ੍ਹਾਂ ਦੇ ਨਾਲ ਮੈਨੀ ਗਰੇਵਾਲ, ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਸੁਰਿੰਦਰ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤ ਤੇ ਹੋਰ।


ਵਿਸ਼ਵ ਕਬੱਡੀ ਕੱਪ ਦਾ ਬੈਸਟ ਜਾਫੀ ਪਾਲਾ ਜਲਾਲਪੁਰੀਆ ਰਾਜੂ ਕੋਟਲਾਭੜੀ ਨੂੰ ਰੋਪੜੀਆ ਜਿੰਦਾ ਲਗਾਉਂਦਾ ਹੋਇਆ।


ਪਹਿਲਾ ਇਨਾਮ ਦੇਣ ਵਾਲੇ ਵ੍ਹਾਈਟ ਹਾਕ ਦੇ ਕੁਲਜੀਤ ਨਿੱਝਰ, ਜਗਜੀਤ ਸਿੰਘ ਰੱਕੜ ਦਾ ਸਨਮਾਨ ਕਰਦੇ ਹੋਏ ਮੱਖਣ ਸਿੰਘ ਬੈਂਸ, ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਤੇ ਪਲਵਿੰਦਰ ਸਿੰਘ ਗਾਖਲ, ਜੁਗਰਾਜ ਸਹੋਤਾ, ਨਰਿੰਦਰ ਸਹੋਤਾ, ਨੱਥਾ ਸਿੰਘ ਗਾਖਲ ਅਤੇ ਹੋਰ।


ਬੇਏਰੀਆ ਸਪੋਰਟਸ ਕਲੱਬ ਦੀ ਜੇਤੂ ਟੀਮ ਇਨਾਮ ਪ੍ਰਾਪਤ ਕਰਦੀ ਹੋਈ।


ਮੈਟਰੋ ਸਪੋਰਟਸ ਕਲੱਬ ਨਿਊ ਯਾਰਕ ਦੀ ਟੀਮ ਸਹੋਤਾ ਪਰਿਵਾਰ ਤੋਂ ਦੂਜਾ ਇਨਾਮ ਹਾਸਲ ਕਰਦੀ ਹੋਈ।


ਨਾਮੀ ਲੇਖਕ, ਪੱਤਰਕਾਰ ਅਤੇ ਯੂਨਾਈਟਡ ਸਪੋਰਟਸ ਕਲੱਬ ਦੇ ਜਨਰਲ ਸਕੱਤਰ ਤੇ ਮੀਡੀਆ ਇੰਚਾਰਜ ਐਸ. ਅਸ਼ੋਕ ਭੌਰਾ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕਰਦੇ ਹੋਏ ਅਮੋਲਕ ਸਿੰਘ ਗਾਖਲ, ਸੁਰਿੰਦਰ ਸਿੰਘ ਸੋਢੀ ਤੇ ਹੋਰ।



# 15ਵਾਂ ਵਿਸ਼ਵ ਕਬੱਡੀ ਕੱਪ ਵਿਲੱਖਣ ਇਤਿਹਾਸ ਸਿਰਜ ਗਿਆ

(ਪਿਛਲੇ ਸਫੇ ਦੀ ਬਾਕੀ)

ਤਸਵੀਰਾਂ ਖਿੱਚਦੇ ਰਹੇ।

-ਅੱਧੀ ਦਰਜਨ ਦੇ ਕਰੀਬ ਚੈਨਲਾਂ ਨੇ ਹਰ ਪਲ ਕੈਮਰੇ 'ਚ ਕੈਦ ਕੀਤਾ, ਜਸ ਪੰਜਾਬੀ, ਪੀ.ਟੀ.ਸੀ, ਗਰਵ ਪੰਜਾਬ-ਇਸ ਕਬੱਡੀ ਕੱਪ ਨੂੰ ਘਰ ਬੈਠੇ ਦਰਸ਼ਕਾਂ ਤੱਕ ਲੈ ਕੇ ਜਾਂਦੇ ਰਹੇ।

-ਵੇਰਕਾ ਵਾਲਿਆਂ ਨੇ ਏਨੀ ਲੱਸੀ ਲੰਗਰ 'ਚ ਵਰਤਾਈ ਕਿ ਸ਼ਾਇਦ ਪੰਜਾਬ ਦੇ ਦਸ ਪਿੰਡਾਂ ਵਿਚੋਂ ਵੀ ਏਨੀ ਲੱਸੀ ਇਕੱਠੀ ਕਰਨੀ ਔਖੀ ਹੋਵੇ।

-ਪੂਰੀਆਂ ਛੋਲੇ, ਜਲੇਬੀਆਂ, ਲੰਗਰ ਦੀ ਦਾਲ, ਫੁਲਕੇ, ਪਾਣੀ ਏਨੀ ਸੇਵਾ ਭਾਵਨਾ ਅਤੇ ਸ਼ਰਧਾ ਨਾਲ ਵਰਤਾਇਆ ਗਿਆ ਕਿ ਗੱਲ ਕਹਿਣ ਦੀ ਹੀ ਨਹੀਂ ਰਹੀ।

-ਪਹਿਲੀ ਵਾਰ ਹੋਇਆ ਕਿ ਵੱਡੀ ਗਿਣਤੀ 'ਚ ਦਰਸ਼ਕਾਂ ਨੇ ਬਾਬੇ ਨਾਨਕ ਦੇ ਨਾਂ 'ਤੇ ਹੋਏ ਕਬੱਡੀ ਕੱਪ 'ਚ ਸ਼ਾਇਦ ਨਸ਼ਿਆਂ ਦਾ ਸੇਵਨ ਨਹੀਂ ਕੀਤਾ।

-ਸਥਾਨਕ ਪ੍ਰਸ਼ਾਸਨ ਭਰਵੀਂ ਹਾਜ਼ਰੀ ਲਵਾਉਂਦਾ ਰਿਹਾ।

-ਫਰੀਮਾਂਟ ਦੀ ਮੇਅਰ ਲਿਲੀ ਮੀਅ, ਡਿਪਟੀ ਮੇਅਰ ਰਾਜ ਸਲਵਾਨ, ਫਰੀਮਾਂਟ ਦੀ ਕੌਂਸਲ ਵੂਮਨ ਟੈਰੇਸਾ ਕੈਂਗ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਸਿਟੀ ਮੈਨੇਜਰ ਯੁਆਂਗ ਮੈਲੋਏ, ਕੌਂਸਲਮੈਨ ਕੈਟ ਦਕਾਊਸ, ਯੂਨੀਅਨ ਸਕੂਲ ਬੋਰਡ ਦੀ ਪ੍ਰਧਾਨ ਸ਼ੈਰਨ ਕੌਰ, ਸਰਬਜੀਤ ਚੀਮਾ ਅਤੇ ਯੂਨੀਅਨ ਸਿਟੀ ਦੇ ਪੁਲਿਸ ਚੀਫ ਜੈਰਡ ਰੂਨਾਂਤੀ ਸਾਰਾ ਦਿਨ ਪੰਜਾਬੀਆਂ ਦੀ ਕਬੱਡੀ ਦੇਖਦੇ ਰਹੇ ਤੇ ਪ੍ਰਬੰਧਕਾਂ ਨੇ ਉਨ੍ਹਾਂ ਦਾ ਸ਼ਾਲ ਦੇ ਕੇ ਸਨਮਾਨ ਕੀਤਾ।

-ਸਟੇਜ ਸੰਚਾਲਨ ਆਸ਼ਾ ਸ਼ਰਮਾ ਤੇ ਐਸ. ਅਸ਼ੋਕ ਭੌਰਾ ਕੋਲ ਰਿਹਾ। ਮੱਖਣ ਅਲੀ, ਕਾਲਾ ਰਛੀਨ ਤੇ ਪਿਰਤਾ ਚੀਮਾ ਨੇ ਏਸ਼ੀਅਨ ਅਤੇ ਉਲੰਪਿਕ ਖੇਡਾਂ ਵਰਗੀ ਕੁਮੈਂਟਰੀ ਕੀਤੀ। ਰੇਡ ਤੇ ਇਕ ਸਟਾਪਰ ਤੇ ਦੂਜਾ ਅਤੇ ਕ੍ਰਿਸ਼ਮਿਆਂ ਨੂੰ ਸਾਹਿਤਕ ਤੇ ਸੰਗੀਤਕ ਸ਼ੈਲੀ 'ਚ ਪੇਸ਼ ਕਰਕੇ ਕਬੱਡੀ ਕੱਪ ਨੂੰ ਨਵਾਂ ਰੰਗ ਦਿੱਤਾ।

-ਨਿਊ ਯਾਰਕ ਤੋਂ ਸਬਜ਼ੀ ਮੰਡੀ ਵਾਲਾ ਜਗੀਰ ਸਿੰਘ ਆਇਆ, ਯੂਬਾ ਸਿਟੀ ਤੋਂ ਭਜਨ ਸਿੰਘ ਥਿਆੜਾ ਤੇ ਕੁਲਦੀਪ ਸਿੰਘ ਸਹੋਤਾ, ਕਬੱਡੀ ਕੱਪਾਂ ਦਾ ਪੁਰਾਣਾ ਧੁਨੰਤਰ ਪੰਮਾ ਦਿਓਲ, ਸ਼ਿਕਾਗੋ ਤੋਂ ਹੈਪੀ ਹੀਰ, ਡਾਕਟਰ ਖਹਿਰਾ ਤੇ ਉਹਨਾਂ ਦੀ ਟੀਮ, ਨਿਊ ਯਾਰਕ ਤੋਂ ਮੱਖਣ ਸੰਧੂ, ਕਾਬਲ ਸਿੰਘ ਤੇ ਤਾਰੀ ਸੰਮੀਪੁਰੀਆ, ਮੀਡੀਆ 'ਚ ਗਰਵ ਪੰਜਾਬ ਤੋਂ ਜਗਦੇਵ ਭੰਡਾਲ, ਜਸ ਪੰਜਾਬੀ ਤੋਂ ਸੀ.ਈ.ਓ ਪੈਨੀ ਸੰਧੂ, ਜਗਤਾਰ ਜੱਗੀ, ਪੀ.ਟੀ.ਸੀ ਤੋਂ ਸੰਜੀਵ ਕੁਮਾਰ, ਸਾਡੇ ਲੋਕ ਤੋਂ ਸਤਨਾਮ ਸਿੰਘ ਖਾਲਸਾ, ਰੇਡੀਓ ਮਿਰਚੀ ਤੇ ਕਾਫਲਾ ਤੋਂ ਐਸ.ਪੀ. ਸਿੰਘ, ਦੇਸ਼ ਦੁਆਬਾ ਤੋਂ ਪ੍ਰੇਮ ਚੁੰਬਰ, ਪੰਜਾਬ ਮੇਲ ਤੋਂ ਗੁਰਜਤਿੰਦਰ ਰੰਧਾਵਾ, ਪ੍ਰਦੇਸ ਟਾਈਮਜ਼ ਤੋਂ ਬਲਵੀਰ ਸਿੰਘ ਐਮ.ਏ ਹਾਜ਼ਰ ਰਹੇ। ਇੰਡੋ ਕੈਨੇਡੀਅਨ ਤੋਂ ਕੌਮਾਂਤਰੀ ਫੋਟੋਗ੍ਰਾਫਰ ਸੰਤੋਖ ਸਿੰਘ ਮੰਡੇਰ ਨੇ ਕਬੱਡੀ ਕੱਪ ਦੇ ਹਰ ਖਾਸ ਦ੍ਰਿਸ਼ ਨੂੰ ਕੈਦ ਕੀਤਾ।

-ਵੇਖੋ ਪਾਲੇ ਜਲਾਲਪੁਰੀਆ ਨੇ ਕਮਾਲਾਂ ਕੀਤੀਆਂ, ਸੁਲਤਾਨ ਫੜਿਆ ਨਹੀਂ ਗਿਆ, ਮੈਕਸੀਨ ਭਰਾ ਜੈਰੋ ਤੇ ਐਰੋ ਪਾਲੇ ਨੇ ਪੂਰੀ ਤਰ੍ਹਾਂ ਚੱਲਣ ਨਹੀਂ ਦਿੱਤੇ, ਸੁਲਤਾਨ ਤੇ ਦੁੱਲਾ ਆਪਣੇ ਨਾਂਵਾਂ ਦੀ ਪੂਰੀ ਲੱਜ ਵਿਖਾ ਗਏ, ਚੀਮਿਆਂ ਵਾਲਾ ਲੱਖਾ, ਤਾਸ਼ਪੁਰੀਆ ਬਚਿੱਤਰ, ਬੇਨੜੇ ਤੋਂ ਨਿੰਦੀ, ਸੁਰਖਪੁਰੀਆ ਯਾਦਾ, ਮੀਆਂਵਿੰਡ ਦਾ ਕਾਲਾ, ਜੰਡੀ ਦਾ ਭੋਲਾ, ਧਨੋਏ ਵਾਲਾ ਭੂਰਾ ਅਤੇ ਰਾਜੂ ਜਦੋਂ ਕਬੱਡੀ 'ਚ ਕਮਾਲਾਂ ਕਰਦੇ ਰਹੇ ਤਾਂ ਮਾਈਕ ਤੋਂ ਚਟਕਾਰੀਆਂ ਲੱਗਦੀਆਂ ਰਹੀਆਂ 'ਚਿੱਟੀਆਂ ਕਪਾਹ ਦੀਆਂ ਫੁੱਟੀਆਂ ਹਾਏ ਨੀ ਪਤ ਹਰੇ ਹਰੇ।'

ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਹ ਕਬੱਡੀ ਨੂੰ ਬੰਦ ਨਹੀਂ ਕਰਨਗੇ, ਕਬੱਡੀ ਨੂੰ ਸ਼ਿੰਗਾਰਨਗੇ, ਗਿਲੇ ਸ਼ਿਕਵੇ ਦੂਰ ਕਰਨਗੇ ਅਤੇ ਇਸ ਵਾਰ ਆਪਣੇ ਮਹਾਨ ਸਪਾਂਸਰਾਂ ਦੀ ਮਦਦ ਨਾਲ ਉਨ੍ਹਾਂ ਨੇ ਦਾਅਵੇ ਤੇ ਵਾਅਦੇ ਮੁਤਾਬਿਕ ਸਿਹਤਮੰਦ ਕਬੱਡੀ, ਡਰੱਗ ਮੁਕਤ ਕਬੱਡੀ ਵਿਖਾ ਕੇ ਦਰਸ਼ਕਾਂ ਨੂੰ ਇਹ ਚੇਤਾ ਹੀ ਭੁਲਾ ਦਿੱਤਾ ਕਿ ਕਬੱਡੀ 'ਤੇ ਵੀ ਕੋਈ ਗਿਲਾ ਸ਼ਿਕਵਾ ਹੁੰਦਾ ਸੀ।

# ਆਈ. ਓ. ਸੀ. ਵਲੋਂ ਨਜ਼ਰਸਾਨੀ ਮੀਟਿੰਗ ਅਤੇ ਨਿਯੁਕਤੀਆਂ

**ਨਿਊ ਯਾਰਕ:** ਇੰਡੀਅਨ ਓਵਰਸੀਜ਼ ਕਾਂਗਰਸ (ਆਈ.ਓ.ਸੀ.), ਅਮਰੀਕਾ ਨੇ ਲੋਕ ਸਭਾ ਚੋਣਾਂ ਤੋਂ ਬਾਅਦ ਦੇ ਹਾਲਾਤ ਦਾ ਜਾਇਜ਼ਾ ਲਿਆ ਅਤੇ ਅਗਲੀਆਂ ਚੋਣਾਂ ਦੌਰਾਨ ਫੈਸਲਾਕੁਨ ਭੂਮਿਕਾ ਨਿਭਾਉਣ ਲਈ ਆਪਣੇ ਸਮਰਥਕਾਂ ਅੰਦਰ ਨਵੀਂ ਰੂਹ ਭਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਕੁਝ ਨਿਯੁਕਤੀਆਂ ਵੀ ਕੀਤੀਆਂ ਗਈਆਂ।





ਆਲ ਇੰਡੀਆ ਕਾਂਗਰਸ ਕਮੇਟੀ, ਨਵੀਂ ਦਿੱਲੀ ਦੇ ਆਈ.ਓ.ਸੀ. ਦੇ ਇੰਚਾਰਜ ਸਕੱਤਰ ਹਿਮਾਸ਼ੂ ਵਿਆਸ ਨੇ ਇਸ ਮੌਕੇ ਮੀਟਿੰਗ ਦਾ ਪ੍ਰਬੰਧ ਕੀਤਾ ਅਤੇ ਸਾਰੇ ਐਨ.ਆਰ.ਆਈਜ਼ ਨੂੰ ਸੱਦਾ ਦਿੱਤਾ ਕਿ ਉਹ ਕਾਂਗਰਸ ਪਾਰਟੀ ਦੇ ਹੱਕ 'ਚ ਨਿਤਰਨ ਤਾਂ ਕਿ ਲੋਕ ਭਲਾਈ ਨੂੰ ਦੂਣ-ਸਵਾਈ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਉਨ੍ਹਾਂ ਦੀ ਵੋਟ ਦੀ ਕੀਮਤ ਬਾਰੇ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਇਸ ਕਾਰਜ ਲਈ ਸੈਮੀਨਾਰ ਕੀਤੇ ਜਾਣ ਅਤੇ ਬਹਿਸਾਂ ਛੇੜੀਆਂ ਜਾਣ। ਉਨ੍ਹਾਂ 2020 ਵਿਚ ਮਹਾਤਮਾ ਗਾਂਧੀ ਜੀ ਦੀ ਵਰ੍ਹੇਗੰਢ ਯਾਦਗਾਰੀ ਢੰਗ ਨਾਲ ਮਨਾਉਣ ਦਾ ਸੁਝਾਅ ਵੀ ਦਿੱਤਾ ਅਤੇ ਇਨ੍ਹਾਂ ਪ੍ਰਬੰਧਾਂ ਲਈ ਬੀਬੀ ਮਾਲਿਨੀ ਸ਼ਾਹ ਨੂੰ ਮੁਖੀ ਥਾਪਿਆ।

ਇਸ ਮੌਕੇ ਉਨ੍ਹਾਂ ਪ੍ਰਸ਼ਾਸਕੀ ਪਬੰਧਾਂ ਦਾ ਜਾਇਜ਼ਾ ਵੀ ਲਿਆ ਅਤੇ ਕਿਹਾ ਕਿ ਕੰਮ-ਕਾਜ ਦੀ ਸ਼ੈਲੀ ਵਿਚ ਹੋਰ ਸੁਧਾਰ ਲਿਆਂਦਾ ਜਾਵੇ। ਅਖੀਰ ਵਿਚ ਕੁਝ ਨਿਯੁਕਤੀਆਂ ਵੀ ਕੀਤੀਆਂ ਗਈਆਂ ਜਿਨ੍ਹਾਂ ਵਿਚ ਅਮਰ ਸਿੰਘ (ਗੁਲਸ਼ਨ ਘੋਤੜਾ) ਨੂੰ ਹਰਿਆਣਾ ਚੈਪਟਰ ਦਾ ਪ੍ਰਧਾਨ, ਸਤੀਸ਼ ਸ਼ਰਮਾ ਨੂੰ ਪੰਜਾਬ ਚੈਪਟਰ ਦਾ ਚੇਅਰਮੈਨ, ਸੰਦੀਪ ਕਪੂਰ ਨੂੰ ਦਿੱਲੀ ਚੈਪਟਰ ਦਾ ਪ੍ਰਧਾਨ ਅਤੇ ਮਾਲਿਨੀ ਸ਼ਾਹ, ਰਾਜੇਸ਼ ਅੱਲ੍ਹਾਦਾਦ ਤੇ ਗੁਰਮੀਤ ਬੁਟਰ ਨੂੰ ਆਈ.ਓ.ਸੀ. ਅਮਰੀਕਾ ਦੇ ਮੀਤ ਪ੍ਰਧਾਨ ਥਾਪਿਆ ਗਿਆ। ਆਈ.ਓ.ਸੀ. ਦੇ ਵਾਈਸ ਚੇਅਰਮੈਨ ਜਾਰਜ ਅਬਰਾਹਿਮ, ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ, ਸਕੱਤਰ ਜਨਰਲ ਹਰਬਚਨ ਸਿੰਘ ਅਤੇ ਹੋਰ ਲੀਡਰਾਂ ਤੇ ਮੈਂਬਰਾਂ ਨੇ ਨਵੇਂ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੱਤੀ।

## ਮੋਦੀ ਨਾਲ ਮੰਚ ਸਾਂਝਾ ਕਰਨਗੇ ਟਰੰਪ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਹਿਊਸਟਨ ਵਿਚ ਹੋਣ ਵਾਲੇ 'ਹਾਓਡੀ ਮੋਦੀ' ਈਵੈਂਟ 'ਚ ਨਰਿੰਦਰ ਮੋਦੀ ਨਾਲ ਹਿੱਸਾ ਲੈਣਗੇ। ਇਹ ਡਾਇਸਪੋਰਾ ਸਮਾਗਮ ਐਤਵਾਰ ਨੂੰ ਹੋਵੇਗਾ ਤੇ ਇਸ ਦਾ ਮੰਤਵ ਭਾਰਤ-ਅਮਰੀਕਾ ਰਣਨੀਤਕ ਸਾਂਝ ਨੂੰ ਮਜ਼ਬੂਤ ਕਰਨਾ ਹੈ। ਅਜਿਹਾ ਪਹਿਲੀ ਵਾਰ ਹੋ ਰਿਹਾ ਹੈ ਕਿ ਦੁਨੀਆਂ ਦੇ ਇਨ੍ਹਾਂ ਦੋ ਵੱਡੇ ਲੋਕਤੰਤਰਾਂ ਦੇ ਆਗੂ ਦੁਨੀਆਂ ਵਿਚ ਕਿਤੇ ਸਾਂਝੀ ਰੈਲੀ ਨੂੰ ਸੰਬੋਧਨ ਕਰ ਰਹੇ ਹਨ। ਬਿਆਨ ਮੁਤਾਬਕ ਟਰੰਪ ਪ੍ਰਸ਼ਾਸਨ ਹੇਠ ਦੋਵਾਂ ਮੁਲਕਾਂ ਦੇ ਰਿਸ਼ਤੇ ਨਵੀਆਂ ਉਚਾਈਆਂ ਛੂਹ ਰਹੇ ਹਨ।

22 ਸਤੰਬਰ ਨੂੰ ਹੋਣ ਵਾਲੇ ਇਸ ਵੱਡੇ ਈਵੈਂਟ 'ਹਾਓਡੀ, ਮੋਦੀ! ਸ਼ੇਅਰਡ ਡਰੀਮਜ਼, ਬ੍ਰਾਈਟ ਫਿਊਚਰਜ਼' ਲਈ ਪੂਰੇ ਅਮਰੀਕਾ ਤੋਂ ਕਰੀਬ 50,000 ਭਾਰਤੀ ਰਜਿਸਟਰ ਹੋਏ ਹਨ। ਇਹ ਹਿਊਸਟਨ ਦੇ ਐਨ.ਆਰ.ਜੀ. ਸਟੇਡੀਅਮ ਵਿਚ ਹੋਵੇਗਾ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਸਟੈਫਨੀ ਗ੍ਰੀਸ਼ਮ ਨੇ ਕਿਹਾ ਕਿ ਇਹ ਦੋਵਾਂ ਮੁਲਕਾਂ ਵਿਚਾਲੇ ਸਬੰਧ ਮਜ਼ਬੂਤ ਕਰਨ ਦਾ ਮੌਕਾ ਪ੍ਰਦਾਨ ਕਰੇਗਾ। ਊਰਜਾ ਤੇ ਵਪਾਰਕ ਭਾਈਵਾਲੀ ਮਜ਼ਬੂਤ ਕਰਨ ਬਾਰੇ ਵੀ ਵਿਚਾਰ ਹੋ ਸਕੇਗੀ।


'SERVING HUMANITY'

Dedicated to Guru Nanak Dev Jee' Teaching

FRIENDS OF PUNJAB FOUNDATION

**MISSION**: Help Poorest of the poor of Punjab villages breathe easier every day and help their youngsters to uplift them out of poverty.

**Project: 'MERA PIND' 'MERA PUNJAB'**

Since last few years, Foundation associates are helping needy families in dozens of villages. More than 70 NRIs are blessed by Waheguru to share 'Wand Shhako' their blessings. Many adopted their own village but some said 'any Punjab village is mine'. Help is provided to students, widows, childless elderly, handicaps etc. Some examples of beneficiaries receiving monthly help are:

*Single mid aged landless women with three young girls (two are handicap)

*80 yrs. plus old landless widow, who also lost her only son, still works when OK.

*Uneducated landless young couple' first born son is almost blind.

*Disabled widow of a small farmer raising two young kids.

*Smart youngsters of poor families could not afford higher education expenses.

*Mid aged totally blind man, no family member left, has no assets and no income.

**ONE SPECIAL PROJECT**: Desperate families, as mentioned above, exist in every village of Punjab. Unimaginable hardship is waiting for such families in flood ravaged villages. To ease their pain, this special project to help them is dedicated to 550th birth anniversary of Guru Nanak Dev jee. *Monthly help to the poor of flood ravaged villages for one year.*

-10 poorest families each of each selected village to receive Rupees 1000 or 1500 monthly if widow.

-Total funds needed for each village: $170/m to $180/m. for one year.

-Adopt one village alone **OR** with friends **OR** commit any amount, we will pair.

-Full info like: Name of village, family details and contact/bank info will be provided.

**PERSONAL TOUCH**: Twice a year, our volunteers will connect you (phone/skype) with your beneficiaries. You transfer money directly. We will help how to transfer.

*Any Small Help Is Not Going To Lower Our Fortunate Standard Of Living But It Will Help The Poor Breathe Easier And Waheguru Will Bless You.

**Note:** Foundation does not collect money. 100% of your help goes directly to your designated beneficiaries. Adopt poor families of your own **OR** any village for continuous help. **OR** help poor of flooded villages for one year.

**Contact info: Bhupinder S. Hundal, Ph: 630-802-2179**

www.friendsofpunjabfoundation.org






**BTS Truck Shop Major & Minor Work**

**@ 39115 Maple Ave., Wayne, MI 48184**

**Hiring Owner operator & Drivers**

**Long and local route**

**Driver rate 45 to 55 cents per mile**

**Owner operator (Own truck/trailer & insurance) will be paid 92% after 8% dispatch. If company trailer used then will 80% gross.**

**Fuel discount:** Pilot, Fly J, TA and Petro will pay 25 to 40 cents per gallon.

**Direct deposit also available.**

***For more information please contacts:***

**Rusty Singh 734-233-8464**

**Dave Aujla 734-419-1408**

# ਭਾਈ ਛੈਲਾ

ਕਲਾ ਪਰਿਕਰਮਾ

***ਭਾਈ ਛੈਲਾ ਦੀ ਪੈਦਾਇਸ਼ 13 ਦਸੰਬਰ 1895 ਨੂੰ ਮਾਝੇ ਦੀ ਧਰਤ 'ਤੇ ਵੱਸੇ ਸ਼ਹਿਰ ਤਰਨ ਤਾਰਨ ਦੇ ਮੁਸਲਿਮ ਰਬਾਬੀ ਖਾਨਦਾਨ ਵਿਚ ਹੋਈ। ਜਵਾਨੀ ਦਾ ਬਹੁਤਾ ਸਮਾਂ ਪਟਿਆਲਾ ਗੁਜ਼ਾਰਨ ਸਦਕਾ ਉਸ ਦੇ ਨਾਮ ਪਿੱਛੇ 'ਪਟਿਆਲਾ' ਪੱਕੇ ਤੌਰ 'ਤੇ ਜੁੜ ਗਿਆ। ਉਸ ਨੇ ਭਾਵੇਂ ਬਕਾਇਦਗੀ ਨਾਲ ਸੰਗੀਤ ਦੀ ਤਾਲੀਮ ਹਾਸਲ ਨਹੀਂ ਕੀਤੀ ਸੀ ਪਰ ਹਲਕੇ-ਫੁਲਕੇ ਲੋਕ ਗੀਤ ਗਾਉਣ ਸਦਕਾ ਉਹ ਹਰ ਵਰਗ ਦੇ ਲੋਕਾਂ ਵਿਚ ਹਰਦਿਲ ਅਜ਼ੀਜ਼ ਜ਼ਰੂਰ ਸੀ।***

ਸਾਂਝੇ ਪੰਜਾਬ ਦੇ ਦੋ ਮਸ਼ਹੂਰ ਲੋਕ ਗਵੱਈਆਂ ਦੀ 1930 ਦੌਰਾਨ ਪੰਜਾਬੀ ਅਤੇ ਹਿੰਦੀ ਸਿਨੇਮਾ ਵਿਚ ਆਮਦ ਹੋਈ। ਪਹਿਲਾ ਅੰਮ੍ਰਿਤਸਰ ਦੇ ਰਬਾਬੀਆਂ ਦਾ ਫਰਜ਼ੰਦ ਭਾਈ ਦੇਸਾ (1905-1973) ਅਤੇ ਦੂਜਾ ਸੀ ਪਟਿਆਲਾ ਦਰਬਾਰ ਦਾ ਖਾਸ ਗਵੱਈਆ ਭਾਈ ਛੈਲਾ ਪਟਿਆਲਾ ਵਾਲਾ। ਭਾਈ ਛੈਲਾ ਨੇ ਸਿਰਫ ਇਕੋ ਪੰਜਾਬੀ ਫਿਲਮ ਵਿਚ ਅਦਾਕਾਰੀ ਕੀਤੀ ਅਤੇ 7 ਹਿੰਦੀ ਫਿਲਮਾਂ ਦਾ ਸੰਗੀਤ ਤਿਆਰ ਕੀਤਾ। ਇਨ੍ਹਾਂ ਵਿਚੋਂ 3 ਫਿਲਮਾਂ ਵਿਚ ਆਪਣੀ ਅਦਾਕਾਰੀ ਦੀ ਨੁਮਾਇਸ਼ ਵੀ ਕੀਤੀ। ਫਿਲਮੀ ਦੁਨੀਆ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਭਾਈ ਛੈਲਾ ਸ਼ਬਦ ਕੀਰਤਨ, ਗਜ਼ਲਾਂ, ਮਜ਼ਾਹੀਆ ਗੀਤ, ਪੰਜਾਬੀ ਲੋਕ ਗੀਤ ਤੇ ਬੋਲੀਆਂ ਰਾਹੀਂ

**ਮਨਦੀਪ ਸਿੰਘ ਸਿੱਧੂ**
**ਫੋਨ: +91-97805-09545**

ਆਵਾਮ ਵਿਚ ਆਪਣੀ ਪੁਖਤਾ ਸ਼ਨਾਖਤ ਰੱਖਦਾ ਸੀ।

ਭਾਈ ਛੈਲਾ ਦੀ ਪੈਦਾਇਸ਼ 13 ਦਸੰਬਰ 1895 ਨੂੰ ਮਾਝੇ ਦੀ ਧਰਤ 'ਤੇ ਵੱਸੇ ਸ਼ਹਿਰ ਤਰਨ ਤਾਰਨ ਦੇ ਮੁਸਲਿਮ ਰਬਾਬੀ ਖਾਨਦਾਨ ਵਿਚ ਹੋਈ। ਜਵਾਨੀ ਦਾ ਬਹੁਤਾ ਸਮਾਂ ਪਟਿਆਲਾ ਗੁਜ਼ਾਰਨ ਸਦਕਾ ਉਸ ਦੇ ਨਾਮ ਪਿੱਛੇ 'ਪਟਿਆਲਾ' ਪੱਕੇ ਤੌਰ 'ਤੇ ਜੁੜ ਗਿਆ। ਉਸ ਨੇ ਭਾਵੇਂ ਬਕਾਇਦਗੀ ਨਾਲ ਸੰਗੀਤ ਦੀ ਤਾਲੀਮ ਹਾਸਲ ਨਹੀਂ ਕੀਤੀ ਸੀ ਪਰ ਹਲਕੇ-ਫੁਲਕੇ ਲੋਕ ਗੀਤ ਗਾਉਣ ਸਦਕਾ ਉਹ ਹਰ ਵਰਗ ਦੇ ਲੋਕਾਂ ਵਿਚ ਹਰਦਿਲ ਅਜ਼ੀਜ਼ ਜ਼ਰੂਰ ਸੀ। ਉਸ ਨੇ ਸ਼ਬਦ ਕੀਰਤਨ ਤਾਂ ਭਾਵੇਂ ਘੱਟ ਕੀਤਾ ਪਰ ਪੰਜਾਬੀ ਲੋਕ ਗੀਤ, ਮਜ਼ਾਹੀਆ ਗੀਤ, ਪੰਜਾਬੀ ਬੋਲੀਆਂ, ਗ਼ਜ਼ਲਾਂ (ਉਰਦੂ-ਪੰਜਾਬੀ) ਜ਼ਰੀਏ ਬੇਪਨਾਹ ਮਕਬੂਲੀਅਤ ਜ਼ਰੂਰ ਪਾਈ।

1920 ਦੇ ਦਹਾਕੇ ਵਿਚ ਉਸ ਦੀ ਦਿਲਕਸ਼ ਆਵਾਜ਼ ਦੇ ਚਰਚੇ ਰਿਆਸਤ ਪਟਿਆਲਾ ਤੋਂ ਲੈ ਕੇ ਅੰਮ੍ਰਿਤਸਰ, ਲਾਹੌਰ ਦੇ ਹਰ ਗਲੀ-ਬਾਜ਼ਾਰ ਵਿਚ ਸਨ। ਭਾਈ ਛੈਲਾ ਦੇ 1924-25 ਵਿਚ ਗਾਏ ਤੇ ਪੱਥਰ ਦੇ ਰਿਕਾਰਡਾਂ 'ਚ ਆਏ ਇਹ ਮਸ਼ਹੂਰ ਜ਼ਮਾਨਾ ਪੰਜਾਬੀ ਲੋਕ ਗੀਤ, ਹਿੰਦੀ ਗੀਤ, ਮਜ਼ਾਹੀਆ ਗੀਤ ਤੇ ਗਜ਼ਲਾਂ ਦੇ ਖੂਬਸੂਰਤ ਬੋਲ ਹਨ 'ਮੇਲ ਮਹਿਬੂਬ ਖੁਦਾ ਕਰਕੇ' (ਪਹਾੜੀ) ਤੇ 'ਹਾੜਾ ਨੀ ਵਿਚ ਪਟਿਆਲੇ ਸ਼ਹਿਰ ਦੇ ਸੋਹਣਾ ਯਾਰ ਨਜ਼ਰ ਨਾ ਆਵੇ' (ਬੋਲੀਆਂ ਪੀ. 4703), 'ਭਾਈ ਜੀ ਬਸਰੇ ਨੂੰ ਜਾਣ ਵਾਲਿਆ' (ਗਿੱਧਾ ਭਾਈ ਜੀ) ਤੇ 'ਭਲਾ ਭਲਾ ਬਦਨਾਮੀ ਸਾਰ ਜਗ ਦੀ' (ਬੋਲੀਆਂ ਪੀ. 4376), 'ਪ੍ਰੇਮ ਨਗਰ ਦੀਆਂ ਕੁੜੀਆਂ ਤਾਅਨੇ ਮਾਰਦੀਆਂ' (ਮਾਂਡ), 'ਚੂੜੇ ਵਾਲੀ ਬਾਂਹ ਕੱਢ ਕੇ' (ਪਹਾੜੀ/ਪੀ. 4377), 'ਘਰ ਪੱਖੀ ਦੀ ਲੋੜ ਢੋਲਾ ਮੇਰਾ', 'ਆ ਵੜ ਵਿਹੜੇ ਜੀਅ ਲੋਚਦਾ' (ਪੀ. 4430), 'ਘੱਗਰੇ ਵਿਚ ਪੈਣ ਘੁੰਮਰਾਂ' ਤੇ 'ਜੇ ਤੂੰ ਚੱਲੀਓਂ ਮੇਲੇ ਨੂੰ' (ਬੋਲੀਆਂ/ਪੀ. 4578), 'ਲੈ ਦੇ ਪਿਸ਼ੌਰੀ ਪੱਖੇ ਝਿੜਕਾਂ ਨਾ ਦੇਹ ਤੂੰ', 'ਨਾਗ ਇਸ਼ਕ ਵਾਲਾ ਡੰਗ ਨੀ ਗਿਆ' ਆਦਿ ਸਨ।

ਭਾਈ ਛੈਲਾ ਦੀਆਂ ਹਿੰਦੀ ਗ਼ਜ਼ਲਾਂ 'ਮੁਸਕਰਾਤੇ ਜਾਤੇ ਹੈਂ ਸਬ ਕੁਛ ਮੂੰਹ ਸੇ ਫਰਮਾਨੇ ਕੇ ਬਾਅਦ' (ਗਜ਼ਲ/ ਪੀ. 5807), 'ਤੋਹਮਤ ਤੁਮਹਾਰੇ ਇਸ਼ਕ ਕੀ ਹਮ ਪਰ ਲਗੀ ਹੂਈ' (ਪੀ. 10548), 'ਆਪਕੀ ਨਜ਼ਰ-ਏ-ਇਨਾਇਤ ਮੁਝ ਪਰ ਗਰ ਹੋ ਜਾਏਗੀ' (ਪੀ. 6309), 'ਮਜੇ ਕੇ ਦਿਨ ਹੈਂ ਤੁਮਹਾਰੇ' (ਐਫ.ਟੀ. 436), 'ਤੋਬਾ ਅੰਧੇਰੀ ਰਾਤ ਮੇਂ' (ਪੀ. 7013) ਆਦਿ ਭਾਈ ਛੈਲਾ ਦੀ ਦਿਲਕਸ਼ ਆਵਾਜ਼ ਦਾ ਸ਼ਾਹਕਾਰ ਹਨ। ਖਾਮੋਸ਼ ਫਿਲਮਾਂ ਤੋਂ ਬਾਅਦ ਜਦੋਂ ਬੋਲਦੀਆਂ ਫਿਲਮਾਂ ਦਾ ਦੌਰ ਸ਼ੁਰੂ ਹੋਇਆ ਤਾਂ ਫਿਲਮਸਾਜ਼ਾਂ ਨੇ ਅਜਿਹੇ ਚਿਹਰਿਆਂ ਦੀ ਤਲਾਸ਼ ਕਰਨੀ ਸ਼ੁਰੂ ਕਰ ਦਿੱਤੀ ਜੋ ਅਦਾਕਾਰੀ ਦੇ ਨਾਲ-ਨਾਲ ਗਾਉਣ ਵਿਚ ਵੀ ਮੁਹਾਰਤ ਰੱਖਦੇ ਸਨ। ਪੰਜਾਬੀ ਫਿਲਮਾਂ ਵਿਚ ਸਭ ਤੋਂ ਪਹਿਲਾਂ ਇਹ ਖੂਬਸੂਰਤ ਮੌਕਾ ਮਿਲਿਆ ਭਾਈ ਦੇਸਾ, ਭਾਈ ਛੈਲਾ ਤੇ ਮਿਸ ਖੁਰਸ਼ੀਦ ਬਾਨੋ ਨੂੰ ਕਿਉਂਕਿ ਤਿੰਨੋਂ ਉਸ ਵੇਲੇ ਪੰਜਾਬੀ ਲੋਕ ਮੌਸੀਕੀ ਦੇ ਅੰਬਰ 'ਤੇ ਛਾਏ ਹੋਏ ਸਨ। ਹਿੰਦਮਾਤਾ ਸਿਨੇਟੋਨ ਕੰਪਨੀ, ਬੰਬਈ ਨੇ ਜਦੋਂ ਸਰਜ਼ਮੀਨ ਪੰਜਾਬ ਦੇ ਮਸ਼ਹੂਰ ਇਸ਼ਕੀਆ ਅਫਸਾਨੇ 'ਮਿਰਜ਼ਾ ਸਾਹਿਬਾਂ' 'ਤੇ ਸਾਂਝੇ ਪੰਜਾਬ ਦੀ ਪਹਿਲੀ ਬੋਲਦੀ ਪੰਜਾਬੀ ਫੀਚਰ ਫਿਲਮ 'ਇਸ਼ਕ-ਏ-ਪੰਜਾਬ' ਉਰਫ 'ਮਿਰਜ਼ਾ-ਸਾਹਿਬਾਂ' (1935) ਬਣਾਈ ਤਾਂ 'ਮਿਰਜ਼ਾ' ਦੇ ਕਿਰਦਾਰ ਲਈ ਭਾਈ ਦੇਸਾ 'ਅੰਮ੍ਰਿਤਸਰੀ', ਮਿਸ ਖੁਰਸ਼ੀਦ ਨੂੰ 'ਸਾਹਿਬਾਂ' ਅਤੇ ਭਾਈ ਛੈਲਾ ਨੂੰ ਵੀ ਅਹਿਮ ਭੂਮਿਕਾ ਨਿਭਾਉਣ ਨੂੰ ਦਿੱਤੀ। ਫਿਲਮ ਦਾ ਸੰਗੀਤ ਪ੍ਰੋਫੈਸਰ ਨਵਾਬ ਖਾਨ ਨੇ ਤਾਮੀਰ ਕੀਤਾ। ਇਹ ਫਿਲਮ 29 ਮਾਰਚ 1935 ਨੂੰ ਨਿਰੰਜਨ ਟਾਕੀਜ਼, ਲਾਹੌਰ ਵਿਖੇ ਨੁਮਾਇਸ਼ ਹੋਈ। ਇਸ ਫਿਲਮ ਨੇ ਪੰਜਾਬੀ ਸਿਨਮਾ ਦੀ ਮਜ਼ਬੂਤ ਬੁਨਿਆਦ ਰੱਖ ਦਿੱਤੀ ਸੀ, ਜਿਸ 'ਤੇ ਖਲੋਤਾ ਪੰਜਾਬੀ ਸਿਨਮਾ ਅੱਜ ਸਫਲਤਾ ਦੀ ਬੁਲੰਦ ਪਰਵਾਜ਼ ਭਰ ਰਿਹਾ ਹੈ।



***ਭਾਈ ਛੈਲਾ ਦੀਆਂ ਹਿੰਦੀ ਗਜ਼ਲਾਂ- ਮੁਸਕਰਾਤੇ ਜਾਤੇ ਹੈਂ ਸਬ ਕੁਛ ਮੂੰਹ ਸੇ ਫਰਮਾਨੇ ਕੇ ਬਾਅਦ , ਤੋਹਮਤ ਤੁਮਹਾਰੇ ਇਸ਼ਕ ਕੀ ਹਮ ਪਰ ਲਗੀ ਹੂਈ, ਆਪਕੀ ਨਜ਼ਰ-ਏ-ਇਨਾਇਤ ਮੁਝ ਪਰ ਗਰ ਹੋ ਜਾਏਗੀ, ਮਜੇ ਕੇ ਦਿਨ ਹੈਂ ਤੁਮਹਾਰੇ, ਤੋਬਾ ਅੰਧੇਰੀ ਰਾਤ ਮੇਂ, ਆਦਿ ਭਾਈ ਛੈਲਾ ਦੀ ਦਿਲਕਸ਼ ਆਵਾਜ਼ ਦਾ ਸ਼ਾਹਕਾਰ ਹਨ।... 1947 ਵਿਚ ਮੁਲਕ ਤਕਸੀਮ ਤੋਂ ਬਾਅਦ ਹੋਰਨਾਂ ਫਨਕਾਰਾਂ ਵਾਂਗ ਭਾਈ ਛੈਲਾ ਵੀ ਪਟਿਆਲਾ ਨੂੰ ਛੱਡ ਕੇ ਲਾਹੌਰ ਟੁਰ ਗਿਆ।***

ਇਸ ਫਿਲਮ ਵਿਚ ਕਿਰਦਾਰਨਿਗਾਰੀ ਕਰਨ ਤੋਂ ਬਾਅਦ ਭਾਈ ਛੈਲਾ ਫਿਲਮਾਂ ਦੇ ਵੱਡੇ ਮਰਕਜ਼ ਬੰਬੇ ਟੁਰ ਗਿਆ। ਉਥੇ ਉਸ ਨੇ ਸ਼ਕਤੀ ਮੂਵੀਟੋਨ, ਬੰਬਈ ਦੀ ਚੂੰਨੀ ਲਾਲ ਪਾਰਿਖ ਨਿਰਦੇਸ਼ਿਤ ਪੌਰਾਣਿਕ ਫਿਲਮ 'ਸਤੀ ਤੋਰਲ' (1935) ਵਿਚ ਪਹਿਲੀ ਵਾਰ ਕਿਸੇ ਹਿੰਦੀ ਫਿਲਮ ਦਾ ਸੰਗੀਤ ਤਿਆਰ ਕੀਤਾ। ਮੁਣਸ਼ੀ 'ਸ਼ਾਮ' ਦੇ ਲਿਖੇ 12 ਗੀਤਾਂ 'ਚੋਂ ਚੰਦ ਗੀਤਾਂ ਦੇ ਬੋਲ ਹਨ: 'ਜਨਮ ਸੁਧਾਰ ਲੋ ਮੇਰੇ ਸਾਧੂ ਭਜ ਲੋ ਹਰੀ', 'ਤਾਰੇ ਗਿਨਤੇ ਹੀ ਗਿਨਤੇ ਸਹਰ ਹੋ ਗਈ', 'ਕੁਛ ਤੋ ਮੁਖ ਸੇ ਬੋਲੋ ਰੇ', 'ਮੁਝਸੇ ਰੂਠੀ ਹੈ ਮੇਰੀ ਤਕਦੀਰ ਭੀ ਸੱਯਾਦ ਭੀ', 'ਸਦਗੁਰੂ ਮਿਲ ਗਏ ਸਭ ਹੀ ਸੰਸ਼ਯ ਟਲ ਗਏ' ਆਦਿ। ਫਿਲਮ ਦੇ ਕੇਂਦਰੀ ਕਿਰਦਾਰਾਂ ਵਜੋਂ ਆਸ਼ਾਲਤਾ ਨੇ 'ਸਤੀ' ਦਾ ਅਤੇ ਭਵਾਨੀ ਸ਼ੰਕਰ ਨੇ 'ਜੇਸਲ' ਦਾ ਕਿਰਦਾਰ ਅਦਾ ਕੀਤਾ।

ਇਸੇ ਬੈਨਰ ਦੀ ਹੀ ਐਸ.ਐਫ. ਹਸਨੈਨ ਨਿਰਦੇਸ਼ਿਤ ਦੂਜੀ ਫਿਲਮ 'ਸਜੀਵ ਮੂਰਤੀ' ਉਰਫ 'ਦਿਸ ਇਜ਼ ਲਾਈਫ' (1935) 'ਚ ਇਕ ਵਾਰ ਫਿਰ ਭਾਈ ਛੈਲਾ ਸੰਗੀਤਕਾਰ ਅਤੇ ਅਦਾਕਾਰ ਵਜੋਂ ਆਪਣੇ ਫਨ ਦੀ ਨੁਮਾਇਸ਼ ਕਰ ਰਿਹਾ ਸੀ। ਹੋ ਸਕਦਾ ਹੈ ਕਿ ਇਸ ਫਿਲਮ ਵਿਚ ਉਸ ਨੇ ਗੀਤ ਵੀ ਗਾਏ ਹੋਣ ਪਰ ਗੀਤਾਂ ਦੇ ਗਾਇਕਾਂ ਦਾ ਕੋਈ ਹਵਾਲਾ ਨਹੀਂ ਮਿਲਦਾ। ਫਿਲਮ ਵਿਚ ਕੁਲ 8 ਗੀਤ ਸਨ: 'ਜ਼ਖਮੋਂ ਸੇ ਕਲੇਜੇ ਕੋ ਭਰ ਦੋ', 'ਤਾਰੋਂ ਕੀ ਚਮਕ ਸੋ ਗਈ ਚਾਂਦ ਊਂਘ ਰਹਾ', 'ਪ੍ਰੇਮ ਕਲੀ ਮੁਰਝਾਏ ਰਹੀ', 'ਹੈ ਬਾਰੀ ਬਲਿਹਾਰੀ ਤੇਰੀ ਕੁਦਰਤ ਕੀ ਗੁਲਕਾਰੀ' ਆਦਿ।

ਭਾਈ ਛੈਲਾ ਦੀ ਤੀਸਰੀ ਫਿਲਮ ਵੀ ਆਰ. ਸ਼ਰਮਾ ਦੀ ਹਿਦਾਇਤਕਾਰੀ 'ਚ ਬਣੀ ਸਟੰਟ ਫਿਲਮ 'ਆਜ਼ਾਦੀ' ਉਰਫ 'ਘੂੰਘਟ ਕੇ ਪਟ ਖੋਲ੍ਹ' (1935) ਸੀ। ਫਿਲਮ ਵਿਚ ਭਾਈ ਛੈਲਾ ਨੇ ਅਦਾਕਾਰੀ ਕਰਨ ਦੇ ਨਾਲ-ਨਾਲ ਸੰਗੀਤ ਵੀ ਤਰਤੀਬ ਕੀਤਾ। ਹੋਰਨਾਂ ਫਨਕਾਰਾਂ 'ਚ ਵਿਜੈ ਕੁਮਾਰ, ਐਸ. ਡੀ.ਕੇ. ਦਰਪਨ, ਫਤਿਹ ਸਿੰਘ, ਦੀਨਾ ਨਾਥ, ਨਾਜ਼ਨੀਨ ਬੇਗ਼ਮ, ਆਸ਼ਾ ਲਤਾ, ਨੂਰਜਹਾਂ, ਲੇਡੀ ਸੈਂਡੋ (ਮਿਸ ਗੌਹਰ), ਨੰਦ ਕਿਸ਼ੋਰ ਮਹਿਰਾ ਆਦਿ ਸ਼ਾਮਿਲ ਸਨ। ਪੈਰਾਮਾਊਂਟ ਕੰਪਨੀ, ਬੰਬਈ ਦੀ ਏ.ਐਮ. ਖਾਨ ਨਿਰਦੇਸ਼ਿਤ ਫਿਲਮ 'ਬੰਸਰੀ ਬਾਲਾ' ਉਰਫ 'ਫੇਅਰੀ ਆਫ ਦਿ ਫਲੂਟ' (1936) 'ਚ ਭਾਈ ਛੈਲਾ ਸਹਾਇਕ ਅਦਾਕਾਰ ਦਾ ਪਾਰਟ ਨਿਭਾ ਰਿਹਾ ਸੀ, ਜਦਕਿ ਮੁੱਖ ਕਿਰਦਾਰ ਗੌਹਰ ਕਰਨਾਟਕੀ ਤੇ ਮਾਸਟਰ ਸ਼ੰਕਰ ਵਜ਼ਰੇ ਅਦਾ ਕਰ ਰਹੇ ਸਨ। ਸੰਗੀਤ ਦਾਮੋਦਰ ਸ਼ਰਮਾ ਤੇ ਮੰਜ਼ਰਨਾਮਾ ਕੀਕੂਭਾਈ ਦੇਸਾਈ ਅਤੇ ਗੀਤਾਂ ਦੀ ਤਾਦਾਦ 13 ਸੀ।

ਟੌਲੀਵੁੱਡ ਸਟੂਡੀਓ, ਕਲਕੱਤਾ ਦੀ ਨਾਨੂੰ ਭਾਈ ਦੇਸਾਈ ਨਿਰਦੇਸ਼ਿਤ ਫਿਲਮ 'ਨਾਰੀ ਰਾਜ' ਉਰਫ 'ਮਿਸ ਕਲਕੱਤਾ' (1936) 'ਚ ਭਾਈ ਛੈਲਾ ਨੇ ਮਾਸਟਰ ਛੈਲਾ ਦੇ ਨਾਮ ਨਾਲ 19 ਗੀਤਾਂ ਦਾ ਸੰਗੀਤ ਦਿੱਤਾ। ਸਟਾਰ ਫਿਲਮਜ਼ ਕਲਕੱਤਾ ਦੀ ਸੋਰਾਬਜੀ ਕੇਰਾਵਾਲਾ ਨਿਰਦੇਸ਼ਿਤ ਫਿਲਮ 'ਪ੍ਰੇਮ ਕੀ ਦੇਵੀ' (1936) ਵਿਚ ਵੀ ਭਾਈ ਛੈਲਾ ਨੇ ਸੰਗੀਤ ਦਿੱਤਾ ਪਰ ਗੀਤਾਂ ਦੀ ਕੋਈ ਜਾਣਕਾਰੀ ਨਹੀਂ ਮਿਲ ਸਕੀ। ਫਿਲਮ ਵਿਚ ਹੀਰੋਇਨ ਦਾ ਪਾਰਟ ਰਾਣੀ ਪ੍ਰੇਮਲਤਾ ਤੇ ਹੀਰੋ ਦਾ ਰੋਲ ਸੋਰਾਬਜੀ ਕੇਰਾਵਾਲਾ ਅਦਾ ਕਰ ਰਿਹਾ ਸੀ। ਸਟਾਰ ਫਿਲਮਜ਼, ਕਲਕੱਤਾ ਦੀ ਸੋਰਾਬਜੀ ਡੀ. ਕੇਰਾਵਾਲਾ ਨਿਰਦੇਸ਼ਿਤ ਫਿਲਮ 'ਮਿਸਟਰ 420' (1937) ਬਤੌਰ ਸੰਗੀਤਕਾਰ ਭਾਈ ਛੈਲਾ ਦੀ ਆਖਰੀ ਫਿਲਮ ਸੀ ਜਿਸ ਵਿਚ ਉਨ੍ਹਾਂ ਨੇ 11 ਗੀਤਾਂ ਦਾ ਸੰਗੀਤ ਤਿਆਰ ਕੀਤਾ। ਅਨਵਰੀ ਤੇ ਸੋਰਾਬਜੀ ਕੇਰਾਵਾਲਾ ਦੀ ਮੁੱਖ ਭੂਮਿਕਾ ਵਾਲੀ ਇਸ ਫਿਲਮ ਵਿਚ ਕੇ. ਸਫੀਰ ਅਹਿਮਦ, ਅਕਬਰ ਪੇਸ਼ਾਵਰੀ, ਮੰਜ਼ਰ ਹੁਸੈਨ, ਆਗਾ ਅਲੀ ਤੇ ਇੰਦੂ ਬਾਲਾ ਨੇ ਵੀ ਅਹਿਮ ਕਿਰਦਾਰ ਨਿਭਾਏ।

1947 ਵਿਚ ਮੁਲਕ ਤਕਸੀਮ ਤੋਂ ਬਾਅਦ ਹੋਰਨਾਂ ਫਨਕਾਰਾਂ ਵਾਂਗ ਭਾਈ ਛੈਲਾ ਵੀ ਪਟਿਆਲਾ ਨੂੰ ਛੱਡ ਕੇ ਲਾਹੌਰ ਟੁਰ ਗਿਆ। ਉਹ ਥੋੜ੍ਹਾ ਸਮਾਂ ਰੇਡੀਓ ਪਾਕਿਸਤਾਨ ਪਿਸ਼ਾਵਰ ਵਿਚ ਰਬਾਬ ਵਜਾਉਂਦਾ ਰਿਹਾ। 10 ਜੁਲਾਈ, 1983 ਨੂੰ 88 ਸਾਲਾਂ ਦੀ ਉਮਰੇ ਭਾਈ ਛੈਲਾ ਲਾਹੌਰ ਵਿਚ ਇੰਤਕਾਲ ਫਰਮਾ ਗਿਆ। ਉਨ੍ਹਾਂ ਦਾ ਇਕ ਪੁੱਤਰ ਜਾਵੇਦ ਰੇਡੀਓ ਪਾਕਿਸਤਾਨ ਲਾਹੌਰ ਵਿਚ ਸੰਗੀਤਕਾਰ ਰਹਿ ਚੁੱਕਾ ਹੈ ਅਤੇ ਦੂਸਰਾ ਪੁੱਤਰ ਨਿਊ ਯਾਰਕ (ਅਮਰੀਕਾ) ਰਹਿੰਦਾ ਹੈ।

# ਆਖ ਤਸਵੀਰਾਂ ਬੋਲਦੀਆਂ


***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਸਤੰਬਰ 2019 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-396



***ਦੂਜਿਆਂ ਦੇ ਕੰਮ ਆਉਣ ਦੀ ਹੁੰਦੀ, ਮਾਨਵ ਪ੍ਰੇਮੀਆਂ ਦੀ ਲਾਲਸਾ।***
***ਮੀਆਂ ਜੀ ਨਮਾਜ਼ ਪੜ੍ਹਦੇ, ਰਾਖਾ ਬਣ ਕੇ ਖੜ੍ਹਾ ਹੈ ਦੇਖੋ ਖਾਲਸਾ।***

## ਕੈਪਸ਼ਨ ਮੁਕਾਬਲਾ-394



ਯੂ. ਪੀ. ਤੋਂ ਚੱਲ ਕੇ ਭੱਈਏ
ਪੰਜਾਬ 'ਚ ਕੰਮ ਨੂੰ ਆਏ।
ਜਾਪਦਾ ਹੈ ਉਨ੍ਹਾਂ ਨੂੰ ਜਿਉਂ
ਵਲੈਤ, ਕੈਨੇਡਾ ਸਿਧਾਏ।
ਖਰੀਦੀ ਬਾਈਕ ਕਵਾੜੀਉਂ
ਲੱਦਿਆ ਹੈ ਟੱਬਰ ਸਾਰਾ।
ਬੱਚ ਜਾ ਪਤੰਦਰਾ ਆਖਦਾ
ਲਾਗੂ ਹੁਣ ਨਵੀਂ ਧਾਰਾ।
***-ਸੇਵਾ ਸਿੰਘ ਨੂਰਪੁਰੀ***

---

ਗਏ ਮੰਨ ਭਰਾਵਾ ਤੈਨੂੰ
ਪਏ ਹੱਥ ਜੋੜਨੇ ਮੈਨੂੰ।
ਬੰਬੂ ਕਾਟ ਨੂੰ ਕਾਰ ਬਣਾਇਆ
ਟੱਬਰ ਸਾਰਾ ਉਤੇ ਬਹਾਇਆ।
ਆ ਤੈਨੂੰ ਹੁਣ ਸਬਕ ਸਿਖਾਈਏ
ਪਰਿਵਾਰ ਤੇਰੇ ਦੀ ਜਾਨ ਬਚਾਈਏ।
***-ਜਗਮੀਤ ਸਿੰਘ ਪੰਧੇਰ***
***ਵਿੰਨੀਪੈਗ, ਐਮ.ਬੀ. (ਕੈਨੇਡਾ)***
***ਫੋਨ: 431-887-7222)***

---

ਮੋਟਰ-ਸਾਈਕਲ ਮੰਗਵਾ ਲੈ ਕੇ
ਸ਼ਹਿਰ ਦੀ ਕਰੀ ਤਿਆਰੀ।
ਟੱਬਰ ਸਾਰਾ ਨਾਲ ਲੱਦ ਲਿਆ
ਮੱਤ ਗਈ ਹੈ ਮਾਰੀ।

ਅਚਾਨਕ ਪੁਲਿਸ ਦਾ ਨਾਕਾ ਵੇਖ ਕੇ
ਇੱਕਦਮ ਮਨ ਘਬਰਾਇਆ,
ਕੱਟਿਆ ਨਹੀਂ ਚਲਾਨ ਪੁਲਿਸ ਨੇ
ਹੱਥ ਜੋੜ ਸਮਝਾਇਆ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਹੱਥ ਜੋੜ ਕੇ ਕਰਦਾ ਅਰਜ਼
ਟ੍ਰੈਫਿਕ ਦੇ ਕਾਨੂੰਨ ਮੰਨਣਾ ਹੈ, ਫਰਜ਼।
ਇੰਨਾ ਭਾਰਾ ਲੱਦਿਆ ਲੱਦਾ
ਹਾਦਸਿਆਂ ਨੂੰ ਦੇਵੇ ਸੱਦਾ।
ਕੁਝ ਤਾਂ ਹੱਥ ਅਕਲ ਨੂੰ ਮਾਰ
ਬਿਨਾ ਹੈਲਮਟ ਤੋਂ
ਮੋਟਰ-ਸਾਈਕਲ 'ਤੇ ਸਵਾਰ।
ਚਲਾਨ ਕੱਟ, ਤੇਰੇ ਹੱਥ ਫੜਾਊਂ
ਵੱਜ ਗਈ ਟੱਕਰ, ਕੌਣ ਬਚਾਊ?
***-ਦਵਿੰਦਰ ਕੌਰ***

---

ਹੱਥ ਨਾ ਜੋੜ ਤੂੰ
ਹੱਥ ਜੋੜਨ ਨੇ ਕਰ'ਤਾ ਸੀ ਗੁਲਾਮ ਮੁਲਖ।
ਕਾਨੂੰਨ ਜੋ ਕਹਿੰਦਾ, ਉਹ ਕਰ
ਮਹਿਕਮੇ ਦੀ ਥੋੜ੍ਹੀ ਲਾਜ ਰੱਖ
ਕਰ ਚਲਾਨ, ਸਮਝੌਤਾ ਨਾ ਕਰ।
ਉਡਾ ਕਾਨੂੰਨ ਦੀਆਂ ਧੱਜੀਆਂ
ਹੋ ਤੁਸੀਂ ਸਰਕਾਰ ਦਾ ਲਾਣਾ ਬਾਣਾ
ਹੱਕ ਮੰਗਦਿਆਂ ਨੂੰ ਤੁਸੀਂ ਦਿੰਦੇ ਗੋਲੀ
ਬਣਾ ਮੁਕਾਬਲਾ ਤਮਗੇ ਲੈਂਦੇ।
ਇਹ ਮੋਟਰ ਸਾਈਕਲ ਕਿ ਛਕੜਾ
ਪਹਿਲਾਂ ਤਾਂ ਲੱਦੇ ਹੀ ਵਾਧੂ
ਦੂਜਾ ਸਿਰ 'ਤੇ ਟੋਪ ਨਹੀਂ
ਡਿੱਗੇ ਜੇ ਸੱਟ ਤੋਂ ਤਾਂ ਬਚ ਸਕਦਾ।
ਮੁੱਠੀ ਗਰਮ ਇਸ਼ਾਰੇ ਨਾਲ ਕਰ ਦਿੱਤੀ
ਹੱਥ ਜੋੜਨ ਦਾ ਡਰਾਮਾ ਤਾਂ
ਫਿਰ ਕਰਨਾ ਹੀ ਪੈਂਦਾ।
***-ਦਰਸ਼ਨਪਾਲ ਦੋਸਾਂਝ***

## ਰੰਗ ਉਧਾਰੇ !

ਕੋਈ ਰੰਗ ਨਹੀਂ ਹੁੰਦਾ ਯਾਰੋ ਹੋਣੀ ਦਾ, ਬਾਜ਼ ਵਕਤ ਦਾ ਝਪਟ ਮਾਰਦਾ ਪਾਸੇ ਤੋਂ।
ਮਿੱਠੀ ਦੇ ਨਾਲ ਖਾਰੀ ਖਾਰੀ ਜ਼ਿੰਦਗੀ ਹੈ, ਇਸ਼ਕ ਦੂਰ ਹੈ ਰਾਂਝੇ ਵਾਲੇ ਕਾਸੇ ਤੋਂ।
ਕਈ ਪੈਮਾਨੇ ਦੁਨੀਆਂ ਵਿਚ ਮੁਹੱਬਤ ਦੇ, ਪਰ ਡਰ ਲਗਦਾ ਰਹਿੰਦਾ 'ਮੈਨੂੰ' ਹਾਸੇ ਤੋਂ।
ਜ਼ਿੰਦਗੀ ਨਿਰੀ ਪਤਾਸੇ ਵਰਗੀ ਨਹੀਂ ਹੁੰਦੀ, ਵਿਹੁ ਨਾ ਪੀਵੋ ਡਰ ਕੇ ਯਾਰ ਚੁਮਾਸੇ ਤੋਂ।
ਪੀ ਜਾਈਏ ਜੇ ਦਾਰੂ ਸਮਝ ਕੇ ਦੁੱਖਾਂ ਨੂੰ, ਵਧ ਜਾਂਦੇ ਫਿਰ ਸੁੱਖ ਵੀ ਰੱਤੀ ਮਾਸੇ ਤੋਂ।
ਰੋਗ ਜਦੋਂ ਲੱਗ ਜਾਂਦਾ ਚਿੱਤਰਕਾਰੀ ਦਾ, ਰੰਗ ਉਧਾਰੇ ਲੈ ਲਈਦੇ ਨੇ ਦੰਦਾਸੇ ਤੋਂ।
***-ਹਰਜਿੰਦਰ ਗੁਲਪੁਰ, ਫੋਨ: +0061411218801***

# ਦੇਹਾਤੀ ਆਰਥਕਤਾ ਅਤੇ ਆਰਥਕ ਮੰਦਵਾੜਾ

ਆਰਥਿਕ ਮੰਦੀ ਨੂੰ ਬਹੁਤ ਗੰਭੀਰ ਅਤੇ ਪਿਛਲੇ 70 ਸਾਲਾਂ ਵਿਚ ਸਭ ਤੋਂ ਬੁਰੀ ਦੱਸਦਿਆਂ ਨੀਤੀ ਆਯੋਗ ਦੇ ਚੇਅਰਮੈਨ ਰਾਜੀਵ ਕੁਮਾਰ ਨੇ ਅਰਥਚਾਰੇ ਨੂੰ ਉਪਰ ਚੁੱਕਣ ਲਈ ਕੁਝ ਵਿਸ਼ੇਸ਼ ਕਦਮ ਚੁੱਕਣ ਦਾ ਸੱਦਾ ਦਿੱਤਾ ਹੈ ਪਰ ਮੈਂ ਇਹ ਮਹਿਸੂਸ ਕੀਤਾ ਹੈ ਕਿ ਨੀਤੀ ਆਯੋਗ ਨੇ ਇਹ ਜਾਨਣ ਤੋਂ ਬਾਅਦ ਵੀ ਕੋਈ ਚਿੰਤਾ ਇਸ ਸਬੰਧੀ ਜ਼ਾਹਰ ਨਹੀਂ ਕੀਤੀ ਕਿ ਭਾਰਤੀ ਕਿਸਾਨਾਂ ਨੇ ਸਾਲ

**ਦਵਿੰਦਰ ਸ਼ਰਮਾ**

2000 ਤੋਂ ਲੈ ਕੇ 2017 ਤੱਕ ਦੇ 17 ਸਾਲਾਂ ਵਿਚ ਲੱਕ ਤੋੜਵੇਂ 45 ਲੱਖ ਕਰੋੜ ਦੇ ਘਾਟੇ ਦਾ ਸਾਹਮਣਾ ਕਿਵੇਂ ਕੀਤਾ ਹੈ?

ਖੇਤੀਬਾੜੀ ਦਾ ਗੰਭੀਰ ਸੰਕਟ ਜੋ ਪਿਛਲੇ 70 ਸਾਲਾਂ ਵਿਚ ਸਭ ਤੋਂ ਬੁਰੇ ਦੌਰ ਵਿਚੋਂ ਗੁਜ਼ਰ ਰਿਹਾ ਹੈ, ਵੱਲ ਕਿਸੇ ਵੀ ਮੁੱਖ ਅਰਥ ਸ਼ਾਸਤਰੀ ਜਾਂ ਨੀਤੀਘਾੜੇ ਦਾ ਧਿਆਨ ਨਹੀਂ ਗਿਆ। ਓ.ਈ.ਸੀ.ਡੀ. - ਆਈ.ਸੀ.ਆਰ. ਆਈ.ਈ.ਆਰ. ਦਾ ਅਧਿਐਨ ਜਿਸ ਨੇ ਇਹ ਸਪਸ਼ਟ ਕੀਤਾ ਹੈ ਕਿ ਕਿਸਾਨਾਂ ਨੂੰ ਬੁਨਿਆਦੀ ਆਮਦਨ ਨਹੀਂ ਮਿਲਦੀ, ਜਿਸ ਨਾਲ ਕਿਸਾਨਾਂ ਨੂੰ 45 ਲੱਖ ਕਰੋੜ ਦਾ ਘਾਟਾ ਪਿਆ ਹੈ। ਇਸ ਤੋਂ ਪਹਿਲਾਂ ਲੀਕ ਹੋਈ ਰਾਸ਼ਟਰੀ ਸਰਵੇਖਣ ਨਮੂਨਾ ਦਫ਼ਤਰ (ਐਨ.ਐਸ.ਐਸ.ਓ.) ਦੀ 'ਪੀਰੀਓਡਿਕ ਲੇਬਰ ਫੋਰਸ ਸਰਵੇ' 2017-18 ਦੀ ਰਿਪੋਰਟ ਅਨੁਸਾਰ ਦਿਹਾਤੀ ਖੇਤਰਾਂ ਵਿਚ ਕਰੀਬ 3.4 ਕਰੋੜ ਕੱਚੇ ਮਜ਼ਦੂਰ, ਜਿਨ੍ਹਾਂ ਵਿਚੋਂ 3 ਕਰੋੜ ਖੇਤ ਮਜ਼ਦੂਰ ਹਨ, 2011-12 ਅਤੇ 2017-18 ਦੌਰਾਨ ਆਪਣੇ ਕੰਮ ਤੋਂ ਵਿਹਲੇ ਹੋਏ ਹਨ।

ਪਿੰਡਾਂ ਅਤੇ ਪੇਂਡੂ ਖੇਤਰ ਵਿਚ ਅਰਥਚਾਰੇ ਦੀ ਮਾੜੀ ਹਾਲਤ ਸੀ ਪਰ ਨੀਤੀਘਾੜਿਆਂ ਨੇ ਇਸ ਵੱਲ ਧਿਆਨ ਹੀ ਨਹੀਂ ਦਿੱਤਾ। ਇਸ ਨੂੰ ਇਸ ਤਰ੍ਹਾਂ ਸਮਝਿਆ ਗਿਆ ਕਿ ਇਸ ਨਾਲ ਭਾਰਤੀ ਅਰਥਚਾਰੇ 'ਤੇ ਕੋਈ ਵੀ ਪ੍ਰਭਾਵ ਨਹੀਂ ਪਵੇਗਾ ਅਤੇ ਇੰਜ ਸਮਝਿਆ ਜਾਂਦਾ ਹੈ ਕਿ ਅਰਥਚਾਰੇ ਵਿਚ ਗੜਬੜ ਉਦੋਂ ਹੋਵੇਗੀ ਜਦੋਂ ਉਦਯੋਗ ਘਾਟੇ ਵਿਚ ਜਾਵੇਗਾ। ਇਸ ਨੂੰ ਇਸ ਤਰ੍ਹਾਂ ਸਮਝਿਆ ਗਿਆ, ਜਿਵੇਂ ਦਿਹਾਤੀ ਭਾਰਤ ਦੀ ਹੋਂਦ ਹੀ ਨਹੀਂ ਹੈ, ਜਾਂ ਭਾਰਤ ਦਾ ਦਿਹਾਤੀ ਖੇਤਰ ਸਹਾਰਾ ਰੇਗਿਸਤਾਨ ਵਿਚ ਵਸਦਾ ਹੋਵੇ, ਜਿਸ ਦੀ ਚਿੰਤਾ ਕੀਤੇ ਜਾਣ ਦੀ ਕੋਈ ਲੋੜ ਨਹੀਂ ਪਰ ਜੇਕਰ ਨੀਤੀ ਆਯੋਗ ਵੇਲੇ ਇਸ ਗੰਭੀਰ ਸਮੱਸਿਆ ਪ੍ਰਤੀ ਜਾਗਿਆ ਹੁੰਦਾ ਤਾਂ ਹੁਣ ਇੰਨਾ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ ਸੀ। ਇਹ ਮੰਦੀ ਘਰੇਲੂ ਮੰਗ ਘਟਣ ਦਾ ਨਤੀਜਾ ਹੈ ਜੋ ਖੇਤੀਬਾੜੀ ਆਮਦਨ ਵਿਚ ਮੰਦੀ ਦੇ ਕਾਰਨ ਪੈਦਾ ਹੋਈ ਹੈ।



ਪਿਛਲੇ 2 ਸਾਲਾਂ ਵਿਚ ਖੇਤੀਬਾੜੀ ਵਿਚ ਕਰੀਬ 'ਸਿਫਰ ਵਾਧਾ ਦਰ' ਅਤੇ 2011-12 ਅਤੇ 2016-17 ਦੌਰਾਨ ਅੱਧੇ ਫੀਸਦੀ ਤੋਂ ਵੀ ਘੱਟ ਵਾਧਾ ਦਰ ਹੋਣ ਕਾਰਨ ਇਹ ਸਪੱਸ਼ਟ ਤੌਰ 'ਤੇ ਦਿਸ ਰਿਹਾ ਸੀ ਕਿ ਪੇਂਡੂ ਅਰਥਚਾਰਾ ਗੰਭੀਰ ਮੰਦਵਾੜੇ ਵੱਲ ਜਾ ਰਿਹਾ ਹੈ। ਖੇਤੀਬਾੜੀ ਆਮਦਨ ਪਿਛਲੇ 14 ਸਾਲਾਂ ਤੋਂ ਬਹੁਤ ਘੱਟ ਹੈ। ਦੁੱਖ ਦੀ ਇਕ ਹੋਰ ਗੱਲ ਇਹ ਵੀ ਹੈ ਕਿ ਭਾਰਤੀ ਰਿਜ਼ਰਵ ਬੈਂਕ ਨੇ ਇਹ ਵੀ ਦਿਖਾਇਆ ਸੀ ਕਿ ਖੇਤੀਬਾੜੀ ਵਿਚ ਪਬਲਿਕ ਸੈਕਟਰ ਦਾ ਨਿਵੇਸ਼ ਵੀ ਬਹੁਤ ਘੱਟ (2011-12 ਅਤੇ 2016-17 ਦਰਮਿਆਨ ਜੀ.ਡੀ.ਪੀ. ਦੇ 0.3 ਤੋਂ 0.4 ਫ਼ੀਸਦੀ ਤੱਕ)। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਇਕ ਅਜਿਹਾ ਖੇਤਰ ਜੋ ਸਭ ਤੋਂ ਜ਼ਿਆਦਾ ਰੁਜ਼ਗਾਰ ਮੁਹੱਈਆ ਕਰਵਾਉਂਦਾ ਹੈ, ਨੂੰ ਕਿਸ ਤਰ੍ਹਾਂ ਉਕਤ ਸਾਲਾਂ ਵਿਚ ਨਜ਼ਰਅੰਦਾਜ਼ ਕੀਤਾ ਗਿਆ।

ਇਸ ਸਮੇਂ ਸਭ ਤੋਂ ਵੱਧ ਪੇਂਡੂ ਅਰਥਚਾਰੇ ਨੂੰ ਸੁਰਜੀਤ ਕਰਨ ਲਈ ਯਤਨ ਕਰਨ ਦੀ ਲੋੜ ਹੈ ਪਰ ਖੇਤੀਬਾੜੀ ਸੰਕਟ ਵਿਚ ਹੈ; ਇਸ ਦੇ ਉਲਟ ਤਾਂ ਉਦਯੋਗ ਆਪਣੀਆਂ ਸੋਗਮਈ ਕਹਾਣੀਆਂ ਸੁਣਾ ਰਹੇ ਹਨ ਕਿ ਕਿਵੇਂ ਆਟੋ ਵਿਕਰੀ ਹੇਠਾਂ ਵੱਲ ਜਾ ਰਹੀ ਹੈ ਅਤੇ ਪਾਰਲੇ ਬਿਸਕੁਟ ਦੇ 10 ਹਜ਼ਾਰ ਕਾਮਿਆਂ 'ਤੇ ਨੌਕਰੀ ਖੁੱਸ ਜਾਣ ਦੀ ਤਲਵਾਰ ਲਟਕ ਰਹੀ ਹੈ, ਕਿਉਂਕਿ 5 ਰੁਪਏ ਵਾਲੇ ਬਿਸਕੁਟਾਂ ਦੀ ਵਿਕਰੀ ਬਹੁਤ ਘਟ ਗਈ ਹੈ। ਇਕ ਲੱਖ ਕਰੋੜ ਦੇ ਸਹਾਇਤਾ ਪੈਕੇਜ ਦੀ ਚਾਹਵਾਨ ਉਦਯੋਗਿਕ ਲਾਬੀ ਨੂੰ ਮੀਡੀਆ ਦੇ ਵੱਡੇ ਹਿੱਸੇ ਵਲੋਂ ਸਾਥ ਮਿਲ ਰਿਹਾ ਹੈ। ਇਨ੍ਹਾਂ ਵਲੋਂ ਫ਼ੈਲਾਏ ਜਾ ਰਹੇ ਸ਼ੋਰ-ਸ਼ਰਾਬੇ ਵਿਚ ਕਿਸਾਨਾਂ ਅਤੇ ਪੇਂਡੂ ਖੇਤਰ ਦੇ ਗ਼ਰੀਬਾਂ ਨੂੰ ਇਕ ਵਾਰ ਫਿਰ ਵਿਸਾਰ ਦਿੱਤਾ ਗਿਆ ਹੈ।

ਗਿਰਾਵਟ ਵਿਚ ਜਾ ਰਹੇ ਅਰਥਚਾਰੇ ਨੂੰ ਆਸਰਾ ਦੇਣ ਦੀਆਂ ਕੋਸ਼ਿਸ਼ਾਂ ਵਿਚ ਅਮੀਰਾਂ ਨੂੰ ਟੈਕਸਾਂ ਵਿਚ ਰਿਆਇਤ ਅਤੇ ਆਰਥਿਕ ਸਹਾਇਤਾ ਦਿੱਤੀ ਗਈ, ਅਤੇ ਇਸ ਤਰ੍ਹਾਂ ਸਮਾਜ ਦੇ ਧਨਾਢ ਲੋਕਾਂ ਨੂੰ ਹੋਰ ਪੈਸਾ ਮੁਹੱਈਆ ਕਰਵਾਇਆ ਗਿਆ ਪਰ ਮੈਂ ਇਸ ਗੱਲ ਤੋਂ ਹੈਰਾਨ ਹਾਂ ਕਿ ਇਹ ਸਹਾਇਤਾ ਮੰਗ ਨੂੰ ਹੋਰ ਕਿਵੇਂ ਵਧਾ ਸਕਦੀ ਹੈ? ਇਸ ਸਹਾਇਤਾ ਨਾਲ ਗਰੀਬ ਲੋਕਾਂ ਕੋਲ ਪੈਸਾ ਕਿਵੇਂ ਆਵੇਗਾ? ਜਦੋਂ ਸਾਰੇ ਇਸ ਗੱਲ ਨਾਲ ਸਹਿਮਤ ਹਨ ਕਿ ਪੇਂਡੂ ਮੰਗ ਦੇ ਬਹੁਤ ਜ਼ਿਆਦਾ ਘਟ ਜਾਣ ਕਾਰਨ ਹੀ ਮੰਦੀ ਆਈ ਹੈ ਤਾਂ ਮੈਨੂੰ ਇਹ ਸਮਝ ਨਹੀਂ ਆ ਰਿਹਾ ਕਿ ਉਨ੍ਹਾਂ ਲੋਕਾਂ ਨੂੰ ਆਰਥਿਕ ਮਦਦ ਮੁਹੱਈਆ ਕਰਵਾਉਣ ਦਾ ਕੀ ਅਰਥ ਹੈ ਜੋ ਖੁਦ ਇਸ ਮੰਦੀ ਲਈ ਜ਼ਿੰਮੇਵਾਰ ਹਨ। ਇਹ ਬਿਲਕੁਲ ਅਜਿਹਾ ਹੀ ਹੈ ਜਿਵੇਂ ਭਾਰਤ ਦੇ ਆਰਥਿਕ ਸਲਾਹਕਾਰ ਕੇ. ਸੁਬਰਾਮਨੀਅਨ ਨੇ ਕਿਹਾ ਸੀ ਕਿ ਭਾਰਤ ਦੇ ਇਨਕਾਰਪੋਰੇਟਾਂ ਦੀ ਬਿਰਤੀ 'ਮਨਾਫ਼ਿਆਂ ਨੂੰ ਨਿੱਜੀ ਬਣਾਉਣ ਅਤੇ ਘਾਟਿਆਂ ਨੂੰ ਸਮਾਜਿਕ ਬਣਾਉਣ ਦੀ ਹੈ'।

ਇਸ ਤੋਂ ਇਲਾਵਾ ਪਿਛਲੇ 12 ਸਾਲਾਂ ਵਿਚ ਕਰੀਬ 8.5 ਲੱਖ ਕਰੋੜ ਦੇ ਕਰਜ਼ੇ 'ਤੇ ਲਕੀਰ ਫੇਰੀ ਗਈ ਹੈ ਅਤੇ ਬੈਂਕ 17 ਲੱਖ ਕਰੋੜ ਦੇ ਹੋਰ ਫਸੇ ਹੋਏ ਕਰਜ਼ਿਆਂ ਵੱਲ ਤੱਕ ਰਹੇ ਹਨ, ਜਿਨ੍ਹਾਂ ਬਾਰੇ ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਵਿਚੋਂ ਸਿਰਫ 12 ਲੱਖ ਕਰੋੜ ਦੇ ਹੀ ਮੁੜਨ ਦੀ ਆਸ ਹੈ। ਇਨ੍ਹਾਂ ਗੱਲਾਂ 'ਤੇ ਧਿਆਨ ਦੇਣ ਤੋਂ ਬਾਅਦ ਪਤਾ ਲਗਦਾ ਹੈ ਕਿ ਇਹ ਪਬਲਿਕ ਸੈਕਟਰ ਹੀ ਹੈ, ਜੋ ਏਨੀ ਵੱਡੀ ਰਕਮ ਡਕਾਰ ਗਿਆ ਹੈ। ਸਾਲ 2009 ਵਿਚ, ਜਦੋਂ ਵਿਸ਼ਵ ਪੱਧਰ 'ਤੇ ਆਰਥਿਕ ਮੰਦੀ ਸੀ ਤਾਂ ਭਾਰਤੀ ਉਦਯੋਗ ਪ੍ਰਤੀ ਸਾਲ 1.8 ਲੱਖ ਕਰੋੜ ਰੁਪਏ ਦੇ ਪੈਕੇਜ ਦੀ ਆਰਥਿਕ ਸਹਾਇਤਾ ਪ੍ਰਾਪਤ ਕਰ ਰਿਹਾ ਸੀ। ਦੂਜੇ ਸ਼ਬਦਾਂ ਵਿਚ ਇਸ ਨੇ ਪਿਛਲੇ 10 ਸਾਲਾਂ ਵਿਚ 18 ਲੱਖ ਕਰੋੜ ਰੁਪਏ ਪ੍ਰਾਪਤ ਕੀਤੇ ਹਨ। ਇਹ ਸਭ ਕੁਝ ਜੀ.ਡੀ.ਪੀ. ਦੀ 5 ਫ਼ੀਸਦੀ ਤੱਕ ਦੀ ਟੈਕਸ ਛੋਟ ਤੋਂ ਵੱਖਰਾ ਹੈ। ਮੁੱਖ ਆਰਥਿਕ ਸਲਾਹਕਾਰ ਬਿਲਕੁਲ ਠੀਕ ਸਨ, ਜਦੋਂ ਉਨ੍ਹਾਂ ਨੇ ਕਿਹਾ ਸੀ ਕਿ ਉਦਯੋਗ ਨੂੰ ਆਪਣਾ ਪ੍ਰਬੰਧ ਆਪ ਕਰਨਾ ਚਾਹੀਦਾ ਹੈ ਅਤੇ ਹਰ ਵਾਰ ਮੰਦੀ ਦੇ ਸਮੇਂ ਸਰਕਾਰ ਵੱਲ ਨਹੀਂ ਭੱਜਣਾ ਚਾਹੀਦਾ।

ਜਦੋਂ ਸਾਰਿਆਂ ਦੀਆਂ ਨਜ਼ਰਾਂ ਰਿਜ਼ਰਵ ਬੈਂਕ ਵਲੋਂ ਸਰਕਾਰ ਨੂੰ ਦਿੱਤੇ ਗਏ 1.76 ਲੱਖ ਕਰੋੜ ਰੁਪਏ 'ਤੇ ਹਨ ਤਾਂ ਆਰਥਿਕ ਵਾਧੇ ਨੂੰ ਉਪਰ ਚੁੱਕਣ ਲਈ ਸਭ ਤੋਂ ਵਧੀਆ ਰਾਹ ਇਹ ਹੈ ਕਿ ਪੇਂਡੂ ਗਰੀਬਾਂ ਤੱਕ ਵੱਧ ਪੈਸਾ ਪਹੁੰਚਾਇਆ ਜਾਵੇ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਿ ਦੇਸ਼ ਦੇ 17 ਸੂਬਿਆਂ ਜਾਂ ਇਉਂ ਕਹਿ ਲਓ ਕਿ ਕਰੀਬ ਅੱਧੇ ਦੇਸ਼ ਦੇ ਕਿਸਾਨ ਪਰਿਵਾਰਾਂ ਦੀ ਸਾਲਾਨਾ ਆਮਦਨ ਸਿਰਫ 20 ਹਜ਼ਾਰ ਰੁਪਏ ਹੈ ਤਾਂ ਰਿਜ਼ਰਵ ਬੈਂਕ ਵਲੋਂ ਮੁਹੱਈਆ ਕਰਵਾਏ ਪੈਸੇ ਨੂੰ ਪ੍ਰਧਾਨ ਮੰਤਰੀ ਕਿਸਾਨ ਯੋਜਨਾ ਅਧੀਨ ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਦੇ ਲਈ ਵਰਤਿਆ ਜਾਣਾ ਚਾਹੀਦਾ ਹੈ।

ਮੌਜੂਦਾ ਸਮੇਂ ਵਿਚ ਜ਼ਮੀਨ ਵਾਲੇ ਕਿਸਾਨਾਂ ਨੂੰ 6 ਹਜ਼ਾਰ ਰੁਪਏ ਦੀ ਸਰਕਾਰੀ ਸਹਾਇਤਾ ਦਿੱਤੀ ਜਾਂਦੀ ਹੈ ਜੋ ਵਧਾ ਕੇ 12 ਹਜ਼ਾਰ ਕੀਤੀ ਜਾਣੀ ਚਾਹੀਦੀ ਹੈ, ਜਿਸ ਦਾ ਭਾਵ ਇਹ ਹੈ ਕਿ ਉਨ੍ਹਾਂ ਨੂੰ ਮਿਲਦੀ ਸਹਾਇਤਾ ਵਿਚ ਇਕ ਹਜ਼ਾਰ ਰੁਪਏ ਮਹੀਨਾਵਾਰ ਦਾ ਵਾਧਾ ਹੋ ਜਾਵੇਗਾ। ਇਸ ਦੇ ਨਾਲ ਹੀ ਸਮੇਂ ਦੀ ਮੰਗ ਹੈ ਕਿ ਜ਼ਮੀਨ ਰਹਿਤ ਕਿਸਾਨਾਂ ਨੂੰ ਵੀ ਪ੍ਰਧਾਨ ਮੰਤਰੀ ਕਿਸਾਨ ਯੋਜਨਾ ਅਧੀਨ ਲਿਆਂਦਾ ਜਾਵੇ।

ਇਸ ਦੇ ਨਾਲ ਹੀ ਖੇਤੀਬਾੜੀ ਵਿਚ ਪਬਲਿਕ ਸੈਕਟਰ ਦੇ ਨਿਵੇਸ਼ ਨੂੰ ਵੀ ਵਧਾਇਆ ਜਾਣਾ ਚਾਹੀਦਾ ਹੈ। ਇਸ ਦੀ ਸ਼ੁਰੂਆਤ 20 ਹਜ਼ਾਰ ਪਿੰਡਾਂ ਦੀਆਂ ਦਿਹਾਤੀ ਮੰਡੀਆਂ ਨੂੰ ਆਧੁਨਿਕ ਮੰਡੀਆਂ ਵਿਚ ਤਬਦੀਲ ਕਰਨ ਦੇ ਵਾਅਦੇ 'ਤੇ ਅਮਲ ਕਰਨ ਨਾਲ ਕੀਤੀ ਜਾਣੀ ਚਾਹੀਦੀ ਹੈ।

# ਪੰਜ-ਆਬ 'ਚ ਹੀ ਪਾਣੀ ਦੀ ਸਮੱਸਿਆ !

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਦਿਨੋ-ਦਿਨ ਘਟ ਰਹੇ ਪੱਧਰ ਨੇ ਸਾਡੇ ਆਮ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਉਪਰ ਆਪਣਾ ਅਸਰ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਲੋਕ ਇਸ ਸਮੱਸਿਆ ਨਾਲ ਭਾਵੇਂ ਜਾਣੇ-ਅਣਜਾਣੇ ਵਿਚ ਜੂਝਦੇ ਆ ਰਹੇ ਹਨ ਪਰ ਇਸ ਪ੍ਰਤੀ ਗੰਭੀਰ ਅਤੇ ਫਿਕਰਮੰਦ ਘੱਟ ਹੀ ਲੋਕ ਵਿਖਾਈ ਦਿੰਦੇ ਹਨ; ਜਿਵੇਂ ਘਰਾਂ ਵਿਚ ਪਾਣੀ ਦਾ ਪ੍ਰਬੰਧ ਕਰਨ ਲਈ ਡੂੰਘੇ ਬੋਰ ਕਰਵਾ

**ਸੁਖਵਿੰਦਰ ਲੀਲ੍ਹ**

ਕੇ ਸਬਮਰਸੀਬਲ ਮੋਟਰਾਂ ਲਗਵਾਉਣੀਆਂ, ਰਸਤਿਆਂ ਵਿਚ ਕਿਤੇ ਜਾਣ ਆਉਣ ਮੌਕੇ ਪੀਣ ਲਈ ਬੋਤਲ ਦਾ ਪਾਣੀ ਲੈ ਜਾਣਾ ਜਾਂ ਰਸਤੇ 'ਚੋਂ ਪੈਸੇ ਦੇ ਕੇ ਖਰੀਦਣਾ, ਗਰੀਬ ਲੋਕਾਂ ਵਲੋਂ ਪਾਣੀ ਦੀ ਕਮੀ ਪੂਰੀ ਕਰਨ ਲਈ ਘਰਾਂ ਵਿਚ ਕਿਸੇ ਨਾ ਕਿਸੇ ਤਰੀਕੇ ਪਾਣੀ ਸਟੋਰ ਕਰਨਾ, ਫਸਲਾਂ ਦੀ ਸਿੰਜਾਈ ਲਈ ਵੱਡੀਆਂ ਮੋਟਰਾਂ ਦੀ ਵਰਤੋਂ; ਗੱਲ ਕੀ, ਜਿਥੇ ਵੀ ਕਿਤੇ ਪਾਣੀ ਵਰਤੋਂ ਹੁੰਦੀ ਹੈ, ਹੁਣ ਉਸ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀਆਂ ਸਮੱਸਿਆਵਾਂ ਬਾਰੇ ਕਿਸੇ ਨਾ ਕਿਸੇ ਰੂਪ ਵਿਚ ਰੋਜ਼ਾਨਾ ਮੀਡੀਆ ਅਤੇ ਹੋਰ ਤਰੀਕਿਆਂ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਪਾਣੀ ਸਾਡੇ ਲਈ ਬਹੁਤ ਹੀ ਅਹਿਮ ਕੁਦਰਤੀ ਸੋਮਾ ਹੈ, ਜਿਸ ਤੋਂ ਬਿਨਾ ਇਸ ਧਰਤੀ ਉਪਰ ਕਿਸੇ ਵੀ ਪ੍ਰਾਣੀ, ਪੌਦਿਆਂ ਸਣੇ ਪੂਰੀ ਬਨਸਪਤੀ ਦਾ ਜ਼ਿੰਦਾ ਰਹਿਣਾ ਨਾਮੁਮਕਨ ਹੈ। ਇਸ ਤੋਂ ਬਿਨਾ ਇਹ ਸਾਡੀ ਪੂਰੀ ਧਰਤੀ ਬੰਜਰ ਬਣ ਸਕਦੀ ਹੈ।

ਸਾਨੂੰ ਭਾਵੇਂ ਰੋਜ਼ਾਨਾ ਵੱਖ ਵੱਖ ਢੰਗਾਂ ਰਾਹੀਂ ਇਸ ਬਹੁਤ ਹੀ ਗੰਭੀਰ ਸਮੱਸਿਆ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ ਪਰ ਅਸੀਂ ਇਸ ਸਮੱਸਿਆ ਬਾਰੇ ਪੜ੍ਹਦੇ-ਸੁਣਦੇ ਤੇ ਚੰਗੀ ਤਰ੍ਹਾਂ ਇਹ ਜਾਣਦੇ ਹੋਏ ਵੀ ਕਿ ਪਾਣੀ ਦੀ ਸਾਡੀ ਇਸ ਜ਼ਿੰਦਗੀ ਲਈ ਕਿੰਨੀ ਮਹੱਤਤਾ ਹੈ, ਅਸੀਂ ਇਸ ਨੂੰ ਫਜ਼ੂਲ ਗਵਾ ਰਹੇ ਹਾਂ ਅਤੇ ਇਸ ਦੀ ਅੰਨ੍ਹੇਵਾਹ ਦੁਰਵਰਤੋਂ ਕਰ ਰਹੇ ਹਾਂ। ਕੋਈ ਸਮਾਂ ਸੀ ਜਦ ਮਨੁੱਖ ਕੁਦਰਤ ਦੇ ਬਹੁਤ ਨੇੜੇ ਰਹਿੰਦਾ ਸੀ ਤੇ ਪਾਣੀ ਦੀ ਵਰਤੋਂ ਵੀ ਕੁਦਰਤੀ ਸਾਧਨਾਂ ਰਾਹੀਂ ਹੀ ਕਰਿਆ ਕਰਦਾ ਸੀ। ਹੌਲੀ-ਹੌਲੀ ਮਨੁੱਖ ਨੇ ਪਾਣੀ ਦੀ ਵਰਤੋਂ ਆਪਣੇ ਖਾਣ ਲਈ ਬੀਜੀਆਂ ਫਸਲਾਂ ਨੂੰ ਸਿੰਜਣ ਲਈ ਕਰਨੀ ਸਿੱਖੀ। ਸ਼ੁਰੂ ਵਿਚ ਬਾਰਸ਼ ਦੇ ਪਾਣੀ ਨੂੰ ਵੱਡੇ-ਵੱਡੇ ਟੋਭਿਆਂ ਵਿਚ ਇਕੱਠਾ ਕਰਕੇ ਤੇ ਫਿਰ ਖੂਹਾਂ ਰਾਹੀਂ ਅਤੇ ਬਾਅਦ ਵਿਚ ਟਿਊਬਵੈੱਲਾਂ ਰਾਹੀਂ ਬਿਜਲੀ ਦੀਆਂ ਮੋਟਰਾਂ ਨਾਲ ਆਪਣੇ ਧੰਦੇ ਨੂੰ ਪ੍ਰਫੁਲਤ ਕਰਨ ਲਈ ਫਸਲਾਂ ਨੂੰ ਪਾਣੀ ਦੇਣਾ ਸ਼ੁਰੂ ਕਰ ਦਿੱਤਾ।

ਇਹ ਸਿਲਸਿਲਾ ਲੰਮਾ ਸਮਾਂ ਚਲਦਾ ਰਿਹਾ। ਇਸ ਨਾਲ ਪਾਣੀ ਦੀ ਬਹੁਤੀ ਘਾਟ ਨਹੀਂ ਹੁੰਦੀ ਸੀ, ਕਿਉਂਕਿ ਸਾਡਾ ਚਾਰ-ਚੁਫੇਰਾ ਕੱਚਾ ਹੋਣ ਕਾਰਨ ਮੀਂਹਾਂ ਦਾ ਪਾਣੀ ਧਰਤੀ ਵਿਚ ਰਿਸ ਕੇ ਹੇਠਾਂ ਆਈ ਥੋੜ੍ਹੀ-ਬਹੁਤ ਘਾਟ ਨੂੰ ਪੂਰਾ ਕਰਦਾ ਰਹਿੰਦਾ ਸੀ। ਲੋਕ ਵੀ ਪਾਣੀ ਦੀ ਲੋੜੋਂ ਵੱਧ ਵਰਤੋਂ ਨਹੀਂ ਸਨ ਕਰਦੇ। ਪਿਛਲੇ ਚਾਰ ਕੁ ਦਹਾਕਿਆਂ ਤੋਂ ਜਿਵੇਂ ਵੱਡੀ ਤੇ ਫਸਲੀ ਚੱਕਰ ਦੀ ਆਈ ਤਬਦੀਲੀ ਕਾਰਨ ਮਨੁੱਖੀ ਵਿਕਾਸ ਦੇ ਨਾਮ ਹੇਠ ਅਤੇ ਜ਼ਿਆਦਾ ਪੈਸਾ ਕਮਾਉਣ ਦੀ ਲਾਲਸਾ 'ਚ ਧਰਤੀ ਹੇਠੋਂ ਮਣਾਂਮੂੰਹੀ ਪਾਣੀ ਕੱਢਣਾ ਸ਼ੁਰੂ ਕਰ ਦਿੱਤਾ ਗਿਆ, ਉਸ ਨਾਲ ਦੇਖਦੇ-ਦੇਖਦੇ ਸਾਡੀ ਹਰੀ-ਭਰੀ ਧਰਤੀ ਬੰਜਰ ਹੋਣ ਲੱਗ ਪਈ ਹੈ। ਮਨੁੱਖ ਨੇ ਵਧੇਰੇ ਕਮਾਈ ਦੇ ਲਾਲਚ ਵਿਚ ਪਾਣੀ ਦੀ ਘਾਟ ਤਾਂ ਪੈਦਾ ਕੀਤੀ ਹੀ, ਨਾਲ-ਨਾਲ ਆਪਣੀਆਂ ਫਸਲਾਂ ਤੋਂ ਵੱਧ ਝਾੜ ਲੈਣ ਲਈ ਕੀੜੇਮਾਰ ਜ਼ਹਿਰਾਂ ਦਾ ਛਿੜਕਾਅ ਸ਼ੁਰੂ ਕਰ ਕੇ ਆਪਣੇ ਪੈਰੀਂ ਇਕ ਹੋਰ ਕੁਹਾੜਾ ਚਲਾ ਦਿੱਤਾ। ਇਸ ਨਾਲ ਕੁਦਰਤ ਵਲੋਂ ਬਖਸ਼ੇ ਅੰਮ੍ਰਿਤ ਰੂਪੀ ਪਾਣੀ ਨੂੰ ਪ੍ਰਦੂਸ਼ਤ ਕਰਕੇ ਜ਼ਹਿਰ ਵਿਚ ਤਬਦੀਲ ਕਰਦਿਆਂ ਨਾਪੀਣਯੋਗ ਬਣਾ ਦਿੱਤਾ ਹੈ। ਅੱਜ ਮਨੁੱਖ ਨੂੰ ਧਰਤੀ ਦੀ ਹਿੱਕ ਚੀਰ ਕੇ 400 ਮੀਟਰ ਡੂੰਘਾਈ ਤੱਕ ਜਾ ਕੇ ਵੀ ਪੀਣ ਲਈ ਸਾਫ ਪਾਣੀ ਨਹੀਂ ਲੱਭਦਾ।

ਜਿਸ ਰਫਤਾਰ ਨਾਲ ਦਿਨੋ-ਦਿਨ ਪਾਣੀ ਦਾ ਪੱਧਰ ਡਿੱਗਦਾ ਤੇ ਪਾਣੀ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ, ਕੀ ਕਦੇ ਕਿਸੇ ਨੇ ਸੋਚਣ ਦੀ ਕੋਸ਼ਿਸ ਕੀਤੀ ਕਿ ਸਾਡੀਆਂ ਭਵਿੱਖੀ ਪੀੜ੍ਹੀਆਂ ਦੀ ਪਿਆਸ ਕਿਵੇਂ ਬੁਝੇਗੀ? ਕੋਈ ਸ਼ੱਕ ਨਹੀਂ ਕਿ ਜੇ ਪਾਣੀ ਨੂੰ ਨਾ ਸੰਭਾਲਿਆ ਗਿਆ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਹੁਤ ਔਖੇ ਦਿਨ ਗੁਜ਼ਾਰਨੇ ਪੈਣਗੇ। ਬਹੁਤ ਘਟ ਲੋਕ ਹਨ ਜੋ ਇਸ ਸਮੱਸਿਆ ਤੋਂ ਚਿੰਤਤ ਹਨ। ਬਹੁਗਿਣਤੀ ਨੂੰ ਤਾਂ ਆਪਣੇ ਕੰਮ-ਧੰਦਿਆਂ ਤੋਂ ਹੀ ਵਿਹਲ ਨਹੀਂ। ਮੈਂ ਕਿਸੇ ਤੋਂ ਕੀ ਲੈਣਾ, ਵਾਲੀ ਸੋਚ ਨਾਲ ਸਵੇਰੇ ਕੰਮ 'ਤੇ ਤੁਰ ਜਾਣਾ ਤੇ ਸ਼ਾਮੀ ਪਰਤ ਕੇ ਸਿਰ ਸਰਾਹਣਾ ਰੱਖ ਸੌਂ ਜਾਣਾ ਪਰ ਸਾਨੂੰ ਚੇਤੇ ਰੱਖਣਾ ਪਵੇਗਾ ਕਿ ਇਹ ਆਮ ਤੇ ਮੱਧਵਰਗੀ ਲੋਕਾਂ ਦੀ ਹੀ ਜ਼ਿੰਮੇਵਾਰੀ ਹੈ। ਅਮੀਰ ਲੋਕ ਆਪਣੇ ਘਰਾਂ ਅੰਦਰ ਡੂੰਘੇ-



ਡੂੰਘੇ ਬੋਰ ਕਰਵਾ ਕੇ ਵੱਡੀ ਪੱਧਰ 'ਤੇ ਪਾਣੀ ਦੀ ਦੁਰਵਰਤੋਂ ਕਰਦੇ ਹੋਏ ਆਪਣੀਆਂ ਕਾਰਾਂ ਧੋਂਦੇ ਹਨ ਜਾਂ ਆਪਣੇ ਵੱਡੇ ਵੱਡੇ ਬਾਥਰੂਮਾਂ ਵਿਚ ਫੁਹਾਰਿਆਂ ਰਾਹੀਂ ਘੰਟਾ-ਘੰਟਾ ਨਹਾਉਣ ਲੱਗੇ ਭੋਰਾ ਵੀ ਬਾਕੀ ਸਮਾਜ ਬਾਰੇ ਨਹੀਂ ਸੋਚਦੇ। ਉਨ੍ਹਾਂ ਦੀ ਰੀਸ ਕਰਦਾ ਮੱਧਵਰਗ ਵੀ ਧਰਤੀ ਦੀ ਹਿੱਕ ਪਾੜ ਆਪਣੇ ਘਰਾਂ ਅੰਦਰ ਸਬਮਰਸੀਬਲ ਪੰਪ ਲਵਾ ਕੇ ਪਾਣੀ ਫਜ਼ੂਲ ਗਵਾਉਣ ਲੱਗਾ ਹੋਇਆ ਹੈ। ਖੇਤੀ ਵਿਗਿਆਨੀਆਂ ਦੀਆਂ ਚੇਤਾਵਨੀਆਂ ਤੇ ਮੀਡੀਆ ਦੀਆਂ ਸਲਾਹਾਂ ਨੂੰ ਅਣਡਿੱਠ ਕਰ ਕੇ ਸਿਰਫ ਆਪਣਾ ਉਲੂ ਸਿੱਧਾ ਕਰਨ ਨੂੰ ਤਰਜੀਹ ਦੇਣਾ ਮਨੁੱਖੀ ਸੁਭਾਅ ਬਣਦਾ ਜਾ ਰਿਹਾ ਹੈ।

ਹਰ ਕੋਈ ਦੂਜੇ ਸਿਰ ਜ਼ਿੰਮੇਵਾਰੀ ਪਾ ਕੇ ਆਪ ਬਰੀ ਹੋਣਾ ਚਹੁੰਦਾ ਹੈ। ਧਾਰਮਿਕ ਵਿਚਾਰ ਰੱਖਣ ਵਾਲੇ ਬਹੁਤੇ ਲੋਕੀਂ ਉਸ ਰੱਬ ਉਪਰ ਡੋਰੀਆਂ ਸੁੱਟ ਕੇ ਕਹਿ ਛੱਡਦੇ ਹਨ ਕਿ ਇਸ ਧਰਤੀ ਤੇ ਮਨੁੱਖ ਦੇ ਹੱਥ ਵੱਸ ਕੁਝ ਵੀ ਨਹੀਂ। ਜੋ ਕੁਝ ਵੀ ਕਰਨਾ, ਚੰਗਾ ਹੋਵੇ ਜਾਂ ਮਾੜਾ, ਉਸ ਵਿਧਾਤਾ ਦੇ ਹੱਥ ਹੈ। ਉਨ੍ਹਾਂ ਦਾ ਤਰਕ ਹੈ ਕਿ ਜਿਸ ਵਿਧਾਤਾ ਨੇ ਦੁਨੀਆਂ ਬਣਾਈ ਹੈ, ਉਸ ਨੇ ਉਸ ਦੇ ਖਾਣ ਪੀਣ ਦਾ ਪ੍ਰਬੰਧ ਕੀਤਾ ਹੈ। ਅਖੇ ਜੇ ਪਾਣੀ ਦੀ ਕਮੀ ਨਾਲ ਹੀ ਮਰਨਾ ਹੋਇਆ ਤਾ ਕੋਈ ਵੀ ਨਹੀਂ ਰੋਕ ਸਕਦਾ। ਮਤਲਬ ਉਹ ਆਪਣੇ ਆਪ ਨੂੰ ਸਭ ਕਾਸੇ ਤੋਂ ਬਰੀ ਕਰਦੇ ਹੋਏ ਖੁਦ ਨੂੰ ਕਿਸੇ ਗੱਲ ਦਾ ਕਸੂਰਵਾਰ ਮੰਨਦੇ ਹੀ ਨਹੀਂ ਹਨ। ਬਹੁਗਿਣਤੀ ਲੋਕਾਂ ਦੀ ਅਜਿਹੀ ਧਾਰਨਾਂ ਜਾਂ ਵਿਚਾਰਧਾਰਾ ਨੂੰ ਵੇਖ ਕੇ ਸੂਝਵਾਨ ਲੋਕਾਂ ਲਈ ਇਹ ਹੋਰ ਗੰਭੀਰ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ ਕਿ ਅਜਿਹੀ ਸੋਚ ਨਾਲ ਕਿਵੇਂ ਸਿੱਝਿਆ ਜਾਵੇ।

ਅਕਸਰ ਪੜ੍ਹੇ-ਲਿਖੇ ਲੋਕ ਵੀ ਜਨਤਕ ਥਾਵਾਂ ਜਿਵੇਂ ਸਕੂਲਾਂ, ਕਾਲਜਾਂ, ਸਰਕਾਰੀ ਦਫਤਰਾਂ ਆਦਿ ਵਿਚ ਪਾਣੀ ਦੀ ਫਜ਼ੂਲ ਵਰਤੋਂ ਬਾਰੇ ਅਣਗਹਿਲੀ ਵਰਤਦੇ ਵੇਖੇ ਜਾ ਸਕਦੇ ਹਨ। ਜੇ ਕਿਸੇ ਦਫਤਰ ਅੰਦਰ ਕੋਈ ਟੂਟੀ ਫਜ਼ੂਲ ਚੱਲ ਰਹੀ ਹੈ ਜਾਂ ਕਿਸੇ ਖਰਾਬੀ ਹੋਣ ਕਾਰਨ ਪਾਣੀ ਫਜ਼ੂਲ ਜਾ ਰਿਹਾ ਹੈ ਤਾਂ ਉਸ ਨੂੰ ਠੀਕ ਕਰਵਾਉਣ ਲਈ ਕੋਈ ਵੀ ਅੱਗੇ ਨਹੀਂ ਆਉਂਦਾ। ਸਾਰੇ ਲੋਕੀਂ ਅੱਖਾਂ ਬੰਦ ਕਰ ਕੇ ਲੰਘਦੇ ਜਾਂਦੇ ਹਨ। ਕੋਈ ਫਜ਼ੂਲ ਚੱਲ ਰਹੀ ਟੂਟੀ ਨੂੰ ਬੰਦ ਕਰਨ ਤੱਕ ਦੀ ਜ਼ਹਿਮਤ ਨਹੀਂ ਕਰਦਾ। ਸ਼ਾਇਦ ਇਸ ਵਿਚ ਬੇਇੱਜ਼ਤੀ ਮਹਿਸੂਸ ਕਰਦੇ ਹਨ।

ਇਸੇ ਤਰ੍ਹਾਂ ਪਿੰਡਾਂ/ਸ਼ਹਿਰਾਂ ਅੰਦਰ ਸਾਂਝੀਆਂ ਥਾਵਾਂ ਉਪਰ ਲੋਕਾਂ ਦੀ ਸਹੂਲਤ ਲਈ ਲਗਾਏ ਗਏ ਪੰਪਾਂ ਜਾਂ ਪਾਣੀ ਦੀਆਂ ਟੈਂਕੀਆਂ ਤੋਂ ਅੱਗੇ ਫਜ਼ੂਲ ਚੱਲ ਰਹੀਆਂ ਟੂਟੀਆਂ ਦੀ ਵੀ ਕੋਈ ਪ੍ਰਵਾਹ ਨਹੀਂ ਕਰਦਾ। ਇਨ੍ਹਾਂ ਦੇ ਫਜ਼ੂਲ ਪਾਣੀ ਕਾਰਨ ਲੜਾਈ-ਝਗੜਿਆਂ ਵਿਚ ਫਸ ਕੇ ਅਸੀਂ ਕਿੰਨੀਆਂ ਹੀ ਟੂਟੀਆਂ ਦੇ ਪੈਸੇ ਡਾਕਟਰਾਂ/ਥਾਣਿਆਂ-ਕਚਹਿਰੀਆਂ ਤੱਕ ਖਰਚ ਦਿੰਦੇ ਹਾਂ, ਪਰ ਮਿਲ ਬੈਠ ਕੇ ਕੋਈ ਹੱਲ ਨਹੀਂ ਲੱਭਦੇ? ਜੇ ਕੋਈ ਸਮਝਾਉਣ ਦੀ ਕੋਈ ਕੋਸ਼ਿਸ਼ ਕਰਦਾ ਹੈ ਤਾਂ ਉਸ ਦੀ ਸੁਣੀ ਨਹੀਂ ਜਾਂਦੀ।

ਇਹ ਜਿੱਡਾ ਵੱਡਾ ਤੇ ਗੰਭੀਰ ਮਸਲਾ ਹੈ, ਉਂਨੀ ਗੰਭੀਰਤਾ ਨਾਲ ਸਮਾਜ ਇਸ ਨੂੰ ਲੈ ਨਹੀਂ ਰਿਹਾ। ਫਿਰ ਕੀ ਅਸੀਂ ਸੂਝਵਾਨ ਚਿੰਤਤ ਲੋਕ ਹੱਥ 'ਤੇ ਹੱਥ ਧਰ ਕੇ ਸਭ ਵੇਖਦੇ ਰਹਿਣ ਕਿ ਕਦ ਆਮ ਲੋਕ ਸਿਆਣੇ ਹੋਣਗੇ ਤੇ ਇਹ ਸੋਚਣ ਲੱਗਣਗੇ ਕਿ ਪਾਣੀ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਛੱਡ ਕੇ ਜਾਣਾ ਹੈ ਜਾਂ ਨਹੀਂ। ਨਹੀਂ ਸਾਨੂੰ ਲੋਕਾਂ ਨੂੰ ਜਾਣਕਾਰੀ ਦੇਣ ਲਈ ਹੋਰ ਵੀ ਵੱਡੇ ਹੰਭਲੇ ਮਾਰਨ ਦੀ ਲੋੜ ਹੈ ਤਾਂ ਜੋ ਸਾਡਾ ਸਮੁੱਚਾ ਸਮਾਜ ਆਉਣ ਵਾਲੇ ਸਮੇਂ ਪਾਣੀ ਪਿੱਛੇ ਹੋਣ ਵਾਲੀ ਸਭ ਤੋਂ ਵੱਡੀ ਜੰਗ ਨੂੰ ਰੋਕਣ ਵਿਚ ਸਹਾਈ ਹੋ ਸਕੇ। ਜੇ ਤੁਸੀਂ ਸੱਚਮੁੱਚ ਇਸ ਪ੍ਰਤੀ ਗੰਭੀਰ ਹੋ ਤਾਂ ਦਿਨੋ-ਦਿਨ ਘਟ ਰਹੇ ਪਾਣੀ ਬਾਰੇ ਆਪਣੇ ਇਲਾਕਿਆਂ, ਸ਼ਹਿਰਾਂ, ਕਸਬਿਆਂ ਅੰਦਰ, ਜਿਥੇ ਵੀ ਤੁਸੀਂ ਹੋ, ਤੁਹਾਨੂੰ ਆਉਣ ਵਾਲੇ ਖਤਰਿਆਂ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਦੇਣੀ ਪਵੇਗੀ। ਨਹੀਂ ਤਾਂ ਇਕ ਦਿਨ ਆਵੇਗਾ ਕਿ ਪਾਣੀ ਬਿਨਾਂ ਸਾਡੇ ਸਾਰੀ ਉਮਰ ਦੇ ਕਮਾਏ ਗਏ ਧਨ-ਦੌਲਤ, ਕਾਰਾਂ, ਕੋਠੀਆਂ ਅਤੇ ਹੋਰ ਐਸ਼ੋ-ਆਰਾਮ ਦਾ ਕੋਈ ਮਤਲਬ ਨਹੀਂ ਰਹਿ ਜਾਏਗਾ ਤੇ ਉਦੋਂ ਤੱਕ ਸਾਡੇ ਹੱਥੋਂ ਵੇਲਾ ਨਿਕਲ ਜਾਵੇਗਾ।

# ਸੁੰਨ ਦੀ ਸੰਵੇਦਨਾ


ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਤਿੱਤਰਖੰਭੀ ਦੇ ਹਵਾਲੇ ਨਾਲ ਮਨੁੱਖੀ ਸ਼ਖਸੀਅਤ ਦੇ ਵੱਖੋ ਵੱਖ ਪੱਖਾਂ ਦਾ ਵਿਖਿਆਨ ਕਰਦਿਆਂ ਕਿਹਾ ਸੀ, "ਤਿੱਤਰਖੰਭੀ ਵਾਂਗ ਹੀ ਜ਼ਿੰਦਗੀ ਵੀ ਦੁੱਖਾਂ ਤੇ ਸੁੱਖਾਂ ਦਾ ਸੰਗਮ, ਹਾਸਿਆਂ ਤੇ ਹੰਝੂਆਂ ਦੀ ਸਾਂਝ, ਸਫਲਤਾਵਾਂ ਤੇ ਨਾਕਾਮੀਆਂ ਵਿਚਲਾ ਅਸਾਵਾਂਪਣ ਅਤੇ ਪਨਪਦੇ ਸਬੰਧਾਂ ਤੇ ਤਿੜਕਦੇ ਰਿਸ਼ਤਿਆਂ ਦਾ ਨਾਮ-ਕਰਣ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੁੰਨ ਦੀਆਂ ਪਰਤਾਂ ਫਰੋਲੀਆਂ ਹਨ। ਉਹ ਕਹਿੰਦੇ ਹਨ, "ਘਰ ਦੀ ਉਹ ਸੁੰਨ ਸਭ ਤੋਂ ਖਤਰਨਾਕ ਜਿਸ ਵਿਚ ਸੁਪਨਿਆਂ ਨੂੰ ਅੱਖ ਖੋਲ੍ਹਣ ਦੀ ਮਨਾਹੀ ਹੋਵੇ। ਬੋਲਾਂ ਦੇ ਮੂੰਹ ਵਿਚ ਘੁੰਗਣੀਆਂ। ਕਦਮਾਂ ਨੂੰ ਜ਼ੰਜ਼ੀਰਾਂ। ਕੰਧਾਂ ਵੀ ਹੁੰਗਾਰਾ ਬਣਨ ਤੋਂ ਤ੍ਰਹਿਣ। ਘਰ ਨੂੰ ਆਪਣੇ ਅਰਥਾਂ ਤੋਂ ਕੋਫਤ ਹੋਵੇ।...ਜੋ ਲੋਕ ਕਿਸੇ ਦੀ ਸੁੰਨ ਨਹੀਂ ਸਮਝਦੇ, ਉਨ੍ਹਾਂ ਲਈ ਸ਼ਬਦਾਂ ਦੇ ਕੋਈ ਅਰਥ ਨਹੀਂ ਹੁੰਦੇ, ਬੋਲ-ਬਾਣੀ ਕੋਈ ਮਾਅਨੇ ਨਹੀਂ ਰੱਖਦੀ। ਸੁੰਨ ਨੂੰ ਸਮਝਣ ਦੀ ਜਾਚ ਵਿਰਲਿਆਂ ਦਾ ਕਰਮ। ਇਹ ਕਰਮ ਕਮਾ ਕੇ ਹੀ ਕਰਮਯੋਗੀ ਬਣਿਆ ਜਾ ਸਕਦਾ।" -ਸੰਪਾਦਕ*

ਸੁੰਨ, ਸੁੰਨਸ ਪਲਾਂ ਦਾ ਪਹਿਰ, ਖਾਮੋਸ਼ੀ ਦੀ ਵਾੜ, ਬੋਲਾਂ ਨੂੰ ਚੁੱਪ ਰਹਿਣ ਦਾ ਆਦੇਸ਼, ਖੁਦ ਦੀ ਗੁੰਗੀ ਵਰੇਸ ਅਤੇ ਇਸ 'ਚੋਂ ਝਰਦਾ ਜੀਵਨ ਦਾ ਭੇਤ।

ਸੁੰਨ, ਸਮਿਆਂ ਦੀ ਸਰਦਲ 'ਤੇ ਉਨ੍ਹਾਂ ਪਲਾਂ ਦੀ ਅਜ਼ਾਰੇਦਾਰੀ ਜਦ ਬੋਲ ਖੁਦਕੁਸ਼ੀ ਕਰਦੇ, ਹਰਫਾਂ ਨੂੰ ਸਿਸਕਣ ਦੀ ਸਜ਼ਾ ਅਤੇ ਅਰਥ ਬਣਦੇ ਆਪਣੀ ਹੀ ਅੰਤਿਮ-ਅਰਦਾਸ।

ਸੁੰਨ, ਖੁਦ ਦਾ ਖੁਦ ਸੰਗ ਸੰਵਾਦ। ਆਪੇ ਸੰਗ ਰਾਬਤਾ। ਖੁਦ ਦੀਆਂ ਕਰਨੀਆਂ, ਕਮੀਨਗੀਆਂ, ਕੁਤਾਹੀਆਂ ਤੇ ਕੀਰਤੀਆਂ ਨੂੰ ਕਰਮ-ਰੇਖਾ ਵਿਚੋਂ ਉਕਰਨਾ ਅਤੇ ਇਸ ਦੇ ਸੁਚੱਜ ਅਤੇ ਸੁੱਚਮ ਦੀ ਨਿਸ਼ਾਨਦੇਹੀ ਕਰਨੀ। ਅੰਤਰ-ਆਤਮਾ ਨੂੰ ਚਾਨਣ ਨਾਲ ਭਰਨਾ ਅਤੇ ਸ਼ੁਭ-ਕਰਮਨ ਦੀ ਆਸਥਾ ਨੂੰ ਕਰਮ-ਧਰਮ ਦੇ ਨਾਮ ਕਰਨਾ।

ਸੁੰਨ, ਆਲੇ-ਦੁਆਲੇ ਪਸਰੀ। ਵੱਖ-ਵੱਖ ਰੂਪ, ਅੰਦਾਜ਼ ਅਤੇ ਰਾਜ਼। ਬਹੁਤ ਸਾਰੇ ਸਰੋਕਾਰ ਤੇ ਸਮ-ਦ੍ਰਿਸ਼ਟਾਵਾਂ। ਅਨੇਕਾਂ ਪਰਤਾਂ ਅਤੇ ਇਨ੍ਹਾਂ ਪਰਤਾਂ ਵਿਚੋਂ ਜ਼ਿੰਦਗੀ ਦੇ ਅਨੇਕਾਂ ਰੂਪ ਦ੍ਰਿਸ਼ਮਾਨ। ਕਿਸ ਨਾਲ ਮੂਕ ਸੰਵਾਦ ਰਚਾਉਣਾ? ਕਿਸ ਨੂੰ ਆਪਣੀ ਹਿੱਕ ਵਿਚ ਸਮਾਉਣਾ ਤੇ ਧੁਖਧੁਖੀ ਬਣਾਉਣਾ? ਕਿਸ ਨਾਲ ਖੁਦ ਨੂੰ ਜਲਾਉਣਾ ਅਤੇ ਕਿਸ ਨੂੰ ਤਰਕੀਬਾਂ ਤੇ ਤਦਬੀਰਾਂ ਰਾਹੀਂ ਤਕਦੀਰ-ਰੇਖਾਂਵਾਂ ਨੂੰ ਰੁਸ਼ਨਾਉਣਾ? ਇਹ ਮਨੁੱਖ 'ਤੇ ਨਿਰਭਰ ਅਤੇ ਹਰ ਮਨੁੱਖ ਲਈ ਵਿਭਿੰਨ।

ਸੁੰਨ ਨਾਲ ਸੰਵਾਦ ਰਚਾਉਣਾ, ਸਭ ਤੋਂ ਔਖਾ। ਇਸ ਨੂੰ ਉਲਥਾਉਣਾ, ਜੀਵਨ-ਜੋਖਮ। ਇਸ ਦੀ ਰੰਗਤਾ ਵਿਚ ਛੁਪੀ ਕਰੂਰਤਾ, ਕਰੂਪਤਾ ਜਾਂ ਸਰੂਪਤਾ ਵਿਚੋਂ ਕਿਹੜੇ ਰੰਗ ਨਾਲ ਜੀਵਨ ਨੂੰ ਲਬਰੇਜ਼ ਕਰਨਾ, ਇਹ ਹਰੇਕ ਦੇ ਸੁਭਾਅ 'ਤੇ ਨਿਰਭਰ।

ਸੁੰਨ, ਮਨੁੱਖ 'ਤੇ ਭਾਰੂ ਹੋ ਜਾਂਦੀ ਤਾਂ ਮਨੁੱਖ ਚੁੱਪ ਹੋ ਜਾਂਦਾ। ਖੁਦ ਨਾਲ ਗੱਲ ਕਰਨ ਤੋਂ ਮੁਨਕਰ। ਆਪਣਾ ਹੀ ਹੁੰਗਾਰਾ ਭਰਨ ਤੋਂ ਨਾਬਰ। ਇਸ ਨਾਬਰੀ ਵਿਚੋਂ ਹੀ ਮਨੁੱਖੀ ਸਿਹਤ ਨੂੰ ਆਂਚ ਆਉਂਦੀ। ਇਹ ਭਾਵੇਂ ਮਾਨਸਿਕ ਜਾਂ ਸਰੀਰਕ ਹੋਵੇ।

ਕਦੇ ਸਿਵਿਆਂ ਦੀ ਸੁੰਨ ਨੂੰ ਮੁਖਾਤਬ ਹੋਵੋ ਤਾਂ ਹੱਥੀਂ ਅੱਗ ਦੇ ਹਵਾਲੇ ਕੀਤੇ ਆਪਣਿਆਂ ਦੇ ਹਾਵ-ਭਾਵ, ਉਨ੍ਹਾਂ ਦੀਆਂ ਗੱਲਾਂ, ਮੱਤਾਂ, ਸਲਾਹਾਂ, ਸਮਝੌਤੀਆਂ ਅਤੇ ਉਨ੍ਹਾਂ ਸੰਗ ਮਾਣੇ ਸਫਰ ਦੀ ਦਾਸਤਾਨ ਨੈਣਾਂ ਨੂੰ ਸਿੱਲਾ ਕਰਦੀ। ਤੁਹਾਡੀ ਕਰਮਯੋਗਤਾ ਦੇ ਸਾਹਵੇਂ ਇਹ ਵੀ ਕਰਦੀ ਕਿ ਸਮਾਜਕ ਫਰਜ਼ਾਂ ਨੂੰ ਕਿੰਨੀ ਕੁ ਤਨਦੇਹੀ ਨਾਲ ਨਿਭਾਇਆ? ਮਾਪਿਆਂ ਨਾਲ ਕਿਸ ਤਰ੍ਹਾਂ ਦਾ ਧਰਮ ਨਿਭਾਇਆ? ਉਨ੍ਹਾਂ ਦੀਆਂ ਆਂਦਰਾਂ ਨੂੰ ਤਪਾਇਆ ਜਾਂ ਠੰਢਕ ਪਹੁੰਚਾਈ? ਉਨ੍ਹਾਂ ਨੂੰ ਉਦਾਸੀਨ ਪਲ ਜਿਉਣ ਲਈ ਮਜਬੂਰ ਕੀਤਾ ਜਾਂ ਉਨ੍ਹਾਂ ਦੀ ਜ਼ਿੰਦਗੀ ਦੀ ਸ਼ਾਮ ਨੂੰ ਸੰਦਲੀ ਜਿਹੀ ਭਾਅ ਨਾਲ ਲਬਰੇਜ਼ ਕੀਤਾ? ਡੁੱਬਦੇ ਸੂਰਜ ਨੂੰ ਆਖਰੀ ਅਲਵਿਦਾ ਕਹਿਣ ਲਈ ਤਾਂ ਅੰਬਰ ਵੀ ਸੂਹਾ ਹੋ ਜਾਂਦਾ। ਉਨ੍ਹਾਂ ਦੇ ਸੁਪਨਿਆਂ ਨੂੰ ਕਿੰਨਾ ਕੁ ਪੂਰਾ ਜਾਂ ਅਧੂਰਾ ਰੱਖਿਆ? ਉਨ੍ਹਾਂ ਦੀ ਆਖਰੀ ਇੱਛਾ 'ਤੇ ਫੁੱਲ ਚੜ੍ਹਾਏ ਜਾਂ ਉਨ੍ਹਾਂ ਦੇ ਫੁੱਲ ਪਾਉਣ ਤੀਕ ਹੀ ਸੀਮਤ ਰਹੇ? ਸਿਵਿਆਂ ਦੀ ਸੁੰਨ ਚੌਗਿਰਦੇ ਵਿਚ ਫੈਲੀ ਬਿਰਖਾਂ ਤੇ ਪਰਿੰਦਿਆਂ ਨੂੰ ਆਪਣੀ ਲਪੇਟ ਵਿਚ ਲੈਂਦੀ। ਇਸ ਸੁੰਨ ਨੂੰ ਤੋੜਨ ਲਈ ਕਬਰਾਂ 'ਤੇ ਫੁੱਲ ਅਰਪਿਤ ਕਰਨ ਜਾਂ ਫੁੱਲ ਬੂਟੇ ਲਾਉਣੇ ਚਾਹੀਦੇ ਤਾਂ ਕਿ ਸੁੰਨ, ਫੁੱਲਾਂ ਨੂੰ ਹਾਕ ਮਾਰੇ ਅਤੇ ਖਿੜਿਆ ਚਮਨ ਇਸ ਦਾ ਹੁੰਗਾਰਾ ਬਣੇ।

ਕਦੇ ਬਗੀਚੀ ਵਿਚ ਫੁੱਲਾਂ 'ਤੇ ਮੰਡਰਾਉਂਦੀ ਉਸ ਸੂਖਮ ਸੁੰਨ ਨੂੰ ਮਹਿਸੂਸ ਕਰਨਾ, ਜਿਸ ਵਿਚ ਰੰਗਾਂ ਤੇ ਮਹਿਕਾਂ ਦੀ ਬਹੁਤਾਤ। ਇਸ ਸੁੰਨ ਨੂੰ ਤੋੜਨ ਲਈ ਭੌਰੇ ਤੇ ਤਿਤਲੀਆਂ ਰਾਗ ਗਾਉਂਦੇ। ਬਗੀਚੀ ਦੀ ਇਸ ਸੁੰਨ ਨਾਲ ਜਦ ਨੰਨੇ-ਮੁੰਨੇ ਬੱਚੇ ਕਹਾਣੀਆਂ ਪਾਉਂਦੇ ਤਾਂ ਚੁੱਪ ਨੂੰ ਆਪਣੀ ਹੋਂਦ 'ਤੇ ਮਾਣ ਮਹਿਸੂਸ ਹੁੰਦਾ। ਇਹ ਸੁੰਨ ਹੀ ਹੁੰਦੀ, ਜੋ ਬਿਰਖਾਂ ਨਾਲ ਗੱਲਾਂ ਕਰਨ ਅਤੇ ਕੁਝ ਚੰਗਾ ਚਿੱਤਰਨ, ਉਕਰਨ ਜਾਂ ਲਿਖਣ ਵੰਨੀਂ ਉਤੇਜਿਤ ਤੇ ਪ੍ਰੇਰਿਤ ਹੁੰਦੇ। ਸਰਸਰਾਉਂਦੀ ਹਵਾ ਬਿਰਖਾਂ ਦੀ ਸੁੰਨ ਨੂੰ ਤੋੜਨ ਵਿਚ ਸਹਾਈ।

ਆਲ੍ਹਣਿਆਂ ਵਿਚ ਉਸ ਸੁੰਨ ਨੂੰ ਮੁਖਾਤਬ ਹੋਣਾ, ਜੋ ਬੋਟਾਂ ਦੀ ਭੁੱਖ ਵਿਚ ਚਸਕਦੀ, ਖਿਲਰੇ ਤੀਲਿਆਂ ਵਿਚ ਲਿਪਟੀ ਪਰਿੰਦਿਆਂ ਨੂੰ ਉਡੀਕਦੀ ਤਾਂ ਕਿ ਬੋਟਾਂ ਨੂੰ ਚੋਗ ਅਤੇ ਆਲ੍ਹਣੇ ਨੂੰ ਘਰ ਬਣ ਕੇ ਚਹਿਕਣ ਦਾ ਵਰ ਮਿਲੇ। ਆਲ੍ਹਣਾ ਆਪਣੇ ਸਮੁੱਚ ਵਿਚ ਰਾਤ ਨੂੰ ਅਲਵਿਦਾ ਕਹੇ ਅਤੇ ਸਵੇਰ ਨੂੰ ਖੁਸ਼-ਆਮਦੀਦ ਕਹਿਣ ਲਈ ਆਪਣੀ ਭਰੀ ਭਕੁੰਨਤਾ ਬਿਰਖ ਦੇ ਨਾਮ ਕਰੇ, ਤਾਂ ਹੀ ਆਲ੍ਹਣੇ ਦੀ ਹੋਂਦ ਬਿਰਖ ਦਾ ਮਾਣ ਬਣਦੀ।

ਘਰ ਦੀ ਉਹ ਸੁੰਨ ਸਭ ਤੋਂ ਖਤਰਨਾਕ ਜਿਸ ਵਿਚ ਸੁਪਨਿਆਂ ਨੂੰ ਅੱਖ ਖੋਲ੍ਹਣ ਦੀ ਮਨਾਹੀ ਹੋਵੇ। ਬੋਲਾਂ ਦੇ ਮੂੰਹ ਵਿਚ ਘੁੰਗਣੀਆਂ। ਕਦਮਾਂ ਨੂੰ ਜ਼ੰਜ਼ੀਰਾਂ। ਕੰਧਾਂ ਵੀ ਹੁੰਗਾਰਾ ਬਣਨ ਤੋਂ ਤ੍ਰਹਿਣ। ਘਰ ਨੂੰ ਆਪਣੇ ਅਰਥਾਂ ਤੋਂ ਕੋਫਤ ਹੋਵੇ। ਘਰ ਦੀਆਂ ਦੀਵਾਰਾਂ, ਦਰਵਾਜਿਆਂ ਅਤੇ ਰੌਸ਼ਨਦਾਨਾਂ ਨੂੰ ਹੁੰਮਸ, ਹੁੱਸੜ ਅਤੇ ਹਨੇਰੇ ਨਾਲ ਹੀ ਹਮਰੁੱਬਾ ਬਣਨ ਲਈ ਮਜਬੂਰ ਹੋਣਾ ਪਵੇ। ਘਰ ਦੀਆਂ ਤਿੜਕੀਆਂ ਬਰੂਹਾਂ ਜਦ ਡੋਲੇ ਪਾਣੀ ਜਾਂ ਚੋਏ ਜਾਣ ਵਾਲੇ ਤੇਲ ਤੋਂ ਵਿਰਵੀਆਂ ਹੁੰਦੀਆਂ ਤਾਂ ਘਰ ਦੀ ਸੁੰਨ ਬਹੁਤ ਕੁਝ ਆਪਣੇ ਵਿਚ ਸਮਾਉਂਦੀ। ਘਰ ਦੀ ਹੋਂਦ ਨੂੰ ਖੁਰਨ ਤੋਂ ਬਚਾਉਣ ਦੀ ਵਾਹ ਤਾਂ ਲਾਉਂਦੀ, ਪਰ ਅਜਿਹੇ ਹਾਲਾਤ ਵਿਚ ਘਰ ਨੂੰ ਕਿਵੇਂ ਭੁਰਭੁਰੇਪਣ ਤੇ ਜ਼ਰਜ਼ਰੇਪਣ ਤੋਂ ਬਚਾਇਆ ਜਾ ਸਕਦਾ, ਜੋ ਖੁਦ ਹੀ ਆਪਣੀ ਅਰਥੀ ਚੁੱਕੀ ਫਿਰੇ। ਘਰ, ਘਰ ਦੇ ਸੁੱਚੇ ਅਰਥਾਂ ਨੂੰ ਪ੍ਰਣਾਇਆ ਰਹੇ ਤਾਂ ਸੁੰਨ ਸਮਾਧੀ ਬਣ ਕੇ ਅੰਤਰੀਵ ਵਿਚ ਚਾਨਣ ਦਾ ਵਣਜ ਕਰਦੀ।

ਡੂੰਘੀ ਰਾਤ ਨੂੰ ਅੰਬਰ ਵਿਚ ਪਸਰੀ ਉਸ ਸੁੰਨ ਨੂੰ ਕੀ ਕਹੋਗੇ, ਜਿਸ ਨੂੰ ਕੋਈ ਚਕੋਰੀ ਦੀ ਅਵਾਜ਼ ਤੋੜੇ ਜਾਂ ਬਿਮਾਰ ਦੀ ਹੂੰਗਰ ਸੁੰਨਤਾ ਨੂੰ ਭੰਗ ਕਰੇ।

ਪਰ ਰਾਤ ਦੀ ਸੁੰਨ ਨੂੰ ਸਰਘੀ ਦਾ ਵਰਦਾਨ ਵੀ ਮਿਲਦੈ, ਜਦ ਸੂਰਜ ਦਸਤਕ ਦਿੰਦੈ, ਪੰਛੀ ਦੇ ਪਰਾਂ ਵਿਚ ਪਰਵਾਜ਼ ਭਰੀ ਜਾਂਦੀ, ਬੋਟ ਚਹਿਚਹਾਉਂਦੇ ਅਤੇ ਪੱਤਿਆਂ 'ਤੇ ਡਲਕਦੀ ਤ੍ਰੇਲ ਨੂੰ ਆਪਣੀ ਸਤਰੰਗੀ 'ਤੇ ਮਾਣ ਹੁੰਦਾ। ਕੂਲੀਆਂ ਲਗਰਾਂ, ਟਾਹਣੀਆਂ 'ਤੇ ਸਜ ਕੇ ਕਾਇਨਾਤ ਨੂੰ ਹੋਰ ਸੁੰਦਰ ਬਣਾਉਂਦੀਆਂ। ਕੁਦਰਤ ਵਿਹੜੇ ਵਿਚ ਸੁੰਦਰਤਾ ਦਾ ਪੀਹੜਾ ਡਾਹੁੰਦੀਆਂ। ਇਕ ਸੁੰਨ ਤੋਂ ਦੂਜੀ ਸੁੰਨ ਤੀਕ ਦਾ ਇਹ ਸਫਰ ਬਹੁਤ ਕੁਝ ਮਨੁੱਖ ਦੇ ਅਚੇਤ ਵਿਚ ਧਰ ਜਾਂਦਾ ਕਿ ਸੁੰਨ ਕਦੇ ਵੀ ਸਦੀਵ ਨਹੀਂ ਰਹਿੰਦੀ। ਮਨੁੱਖੀ ਫਿਤਰਤ ਤੇ ਚਾਹਨਾ, ਮਨ ਵਿਚਲਾ ਸਿਰੜ ਤੇ ਕੁਝ ਪ੍ਰਾਪਤ ਕਰਨ ਦੀ ਧਾਰਨਾ। ਇਕ ਸੁੰਨ ਟੁੱਟ ਕੇ ਦੂਜੀ ਸੁੰਨ ਦਾ ਰਾਹ ਵੀ ਬਣਦੀ, ਜੋ ਜ਼ਿੰਦਗੀ ਵੱਲ ਜਾਂਦਾ ਤੇ ਜ਼ਿੰਦਗੀ ਜਿਉਣਾ ਸਿੱਖਾਉਂਦਾ। ਇਸ ਦੀ ਝੋਲੀ ਵਿਚ ਰਹਿਮਤਾਂ ਅਤੇ ਬਰਕਤਾਂ ਦਾ ਨਿਉਂਦਾ ਪਾਉਂਦਾ। ਹਰ ਸਾਹ ਨੂੰ ਸੁਗੰਧੀ ਅਤੇ ਸਰਗਮ ਸੰਗ ਭਿਉਂ ਕੇ ਜੀਵਨੀ ਸਾਰਥਕਤਾ ਨੂੰ ਹਰ ਸਾਹ ਦੇ ਨਾਮ ਲਾਉਂਦਾ।

ਕਦੇ-ਕਦਾਈਂ ਉਸ ਸੁੰਨ ਨੂੰ ਬੋਲ-ਬੀਹੀ ਵਿਚ ਉਪਜਾਉਣਾ, ਜੋ ਵਕਤ-ਸਫਿਆਂ ਵਿਚ ਖਾਮੋਸ਼ ਏ, ਜੋ ਚੀਖ ਬਣ ਕੇ ਵਾਕਾਂ ਵਿਚ ਸਮਾਈ ਏ, ਜੋ ਹਾਅ ਬਣ ਕੇ ਅਰਥਾਂ ਦਾ ਹਉਕਾ ਏ, ਜਿਸ ਦੀ ਇਬਾਰਤ ਵਿਚ ਘੁਟਣ ਦੀ ਘਿੱਗੀ ਏ, ਜਿਸ ਨੂੰ ਸੋਗ ਦੀ ਸਿਉਂਕ ਨੇ ਖਾ ਲਿਆ ਏ ਅਤੇ ਜੋ ਸੁਰਖ-ਸੰਵੇਦਨਾ ਤੋਂ ਮਹਿਰੂਮ ਹੋਈ ਆਪਣੀ ਮਾਸੂਮੀਅਤ ਨੂੰ ਕੋਂਹਦੀ ਵੈਣ-ਵਿਰਲਾਪਾਂ ਵਿਚ ਹੀ ਉਲਝੀ ਹੋਈ ਏ। ਸ਼ਬਦਾਂ ਵਿਚ ਅਜਿਹੀ ਸੁੱਚਮ ਭਰੋ ਕਿ ਹਉਕਿਆਂ ਨੂੰ ਹਾਸੇ, ਦੁੱਖ ਨੂੰ ਸੁੱਖ, ਵਿਛੋੜੇ ਨੂੰ ਮਿਲਾਪ ਅਤੇ ਛਿਣ-ਭੰਗਰਤਾ ਨੂੰ ਸਦੀਵਤਾ ਦਾ ਵਰਦਾਨ ਮਿਲੇ ਤਾਂ ਹੀ ਇਸ ਸੁੰਨ ਨੂੰ ਆਪਣੀ ਉਪਭੋਗਤਾ ਤੇ ਉਪਕਾਰ ਦਾ ਅਹਿਸਾਸ ਹੋਵੇਗਾ। ਹਰਫਾਂ ਨੂੰ ਪੜ੍ਹਨ, ਇਨ੍ਹਾਂ ਨੂੰ ਸਮਝਣ ਅਤੇ ਇਸ ਰਾਹੀਂ ਜੀਵਨ-ਜਾਚ ਬਣਾਉਣ ਦੀ ਸੋਝੀ ਆ ਜਾਵੇ ਤਾਂ ਵਰਕਿਆਂ ਨੂੰ ਕਦੇ ਵੀ ਸੁੰਨ ਦੇ ਜੰਗਲ ਵਿਚ ਵਾਸ ਨਹੀਂ ਕਰਨਾ ਪਵੇਗਾ। ਕਿਤਾਬਾਂ ਹੁੰਗਾਰਾ ਭਰਦੀਆਂ ਨੇ। ਜੀਵਨ-ਸ਼ੈਲੀ ਸਿਰਜਦੀਆਂ ਨੇ। ਇਨ੍ਹਾਂ ਨੂੰ ਆਪਣੇ ਕਮਰਿਆਂ ਜਾਂ ਬੈਡ ਦੇ ਸਿਰਹਾਣੇ ਰੱਖੋਗੇ ਤਾਂ ਇਨ੍ਹਾਂ ਨਾਲ ਗੱਲਾਂ ਕਰਨ ਦੀ ਚੇਸ਼ਟਾ ਪੈਦਾ ਹੋਵੇਗੀ, ਜਿਸ ਵਿਚੋਂ ਸੁਖਨ, ਸਕੂਨ ਤੇ ਸੰਵੇਦਨਾ, ਮਸਤਕ-ਬਰੂਹਾਂ ਨੂੰ ਧੰਨਭਾਗ ਬਖਸ਼ੇਗੀ।


*ਜੇ ਲੋਥਾਂ ਵਿਚ ਘਿਰੀ ਸੁੰਨ, ਅਨਾਥ ਬਾਲ ਦੇ ਸੰਘ ਵਿਚ ਅੜ ਜਾਵੇ ਤਾਂ ਵਕਤ ਵੀ ਸਹਿਮ ਜਾਂਦਾ। ਦਰਿੰਦਗੀ ਵੀ ਖੁਦ 'ਤੇ ਸ਼ਰਮਿੰਦਾ। ਪੀੜਾ ਨੂੰ ਆਪਣੀ ਹੋਂਦ 'ਤੇ ਨਮੋਸ਼ੀ। ਅਜਿਹੀ ਸੁੰਨ ਵਿਚ ਜਦ ਅੱਖ ਨਮ ਨਾ ਹੋਵੇ ਜਾਂ ਕਿਸੇ ਦਾ ਮਨ ਨਾ ਪਸੀਜੇ ਤਾਂ ਸਮਝੋ ਮਨੁੱਖ ਮਰ ਗਿਆ ਏ। ਮਾਨਵਤਾ ਨੇ ਕਰ ਲਈ ਏ ਖੁਦਕੁਸ਼ੀ। ਰਹਿਮ-ਭਾਵਨਾ ਨੂੰ ਦੈਂਤ ਨੇ ਨਿਗਲ ਲਿਆ ਏ। ਅਜਿਹੇ ਦ੍ਰਿਸ਼ ਜਦ ਹਰ ਰੋਜ਼ ਹੀ ਅਖਬਾਰਾਂ ਦੇ ਕਾਲੇ ਹਾਸ਼ੀਏ ਬਣਦੇ ਤਾਂ ਅੱਖਰਾਂ ਵਿਚੋਂ ਚੋਂਦੀ ਰੱਤ ਵਿਚ ਲਹੂ-ਲੁਹਾਣ ਹੋਈ ਬੰਦਿਆਈ ਤੇ ਚੰਗਿਆਈ ਦੇ ਮਨ ਵਿਚ ਕੁਝ ਚੰਗੇਰਾ ਕਰਨ ਦੀ ਚਾਹਨਾ ਪੈਦਾ ਹੁੰਦੀ। ਇਸ ਚਾਹਨਾ ਵਿਚੋਂ ਹੀ ਕੁਝ ਕੁ ਸਮਾਜ ਸੇਵੀ ਸੰਸਥਾਵਾਂ ਅਬਲਾ ਦੇ ਸਿਰ ਦੀ ਚੁੰਨੀ, ਰੋਂਦੇ ਬਾਲ ਲਈ ਗੋਦ ਅਤੇ ਭੁੱਖੇ ਢਿੱਡ ਲਈ ਟੁੱਕ ਬਣਦੇ। ਅਜਿਹੀ ਨੇਕ-ਨੀਤੀ ਕਾਰਨ ਹੀ ਮਨੁੱਖ ਦੀ ਨਸਲਕੁਸ਼ੀ ਨਹੀਂ ਹੋਈ।*


ਜੇ ਲੋਥਾਂ ਵਿਚ ਘਿਰੀ ਸੁੰਨ, ਅਨਾਥ ਬਾਲ ਦੇ ਸੰਘ ਵਿਚ ਅੜ ਜਾਵੇ ਤਾਂ ਵਕਤ ਵੀ ਸਹਿਮ ਜਾਂਦਾ। ਦਰਿੰਦਗੀ ਵੀ ਖੁਦ 'ਤੇ ਸ਼ਰਮਿੰਦਾ। ਪੀੜਾ ਨੂੰ ਆਪਣੀ ਹੋਂਦ 'ਤੇ ਨਮੋਸ਼ੀ। ਅਜਿਹੀ ਸੁੰਨ ਵਿਚ ਜਦ ਅੱਖ ਨਮ ਨਾ ਹੋਵੇ ਜਾਂ ਕਿਸੇ ਦਾ ਮਨ ਨਾ ਪਸੀਜੇ ਤਾਂ ਸਮਝੋ ਮਨੁੱਖ ਮਰ ਗਿਆ ਏ। ਮਾਨਵਤਾ ਨੇ ਕਰ ਲਈ ਏ ਖੁਦਕੁਸ਼ੀ। ਰਹਿਮ-ਭਾਵਨਾ ਨੂੰ ਦੈਂਤ ਨੇ ਨਿਗਲ ਲਿਆ ਏ। ਅਜਿਹੇ ਦ੍ਰਿਸ਼ ਜਦ ਹਰ ਰੋਜ਼ ਹੀ ਅਖਬਾਰਾਂ ਦੇ ਕਾਲੇ ਹਾਸ਼ੀਏ ਬਣਦੇ ਤਾਂ ਅੱਖਰਾਂ ਵਿਚੋਂ ਚੋਂਦੀ ਰੱਤ ਵਿਚ ਲਹੂ-ਲੁਹਾਣ ਹੋਈ ਬੰਦਿਆਈ ਤੇ ਚੰਗਿਆਈ ਦੇ ਮਨ ਵਿਚ ਕੁਝ ਚੰਗੇਰਾ ਕਰਨ ਦੀ ਚਾਹਨਾ ਪੈਦਾ ਹੁੰਦੀ। ਇਸ ਚਾਹਨਾ ਵਿਚੋਂ ਹੀ ਕੁਝ ਕੁ ਸਮਾਜ ਸੇਵੀ ਸੰਸਥਾਵਾਂ ਅਬਲਾ ਦੇ ਸਿਰ ਦੀ ਚੁੰਨੀ, ਰੋਂਦੇ ਬਾਲ ਲਈ ਗੋਦ ਅਤੇ ਭੁੱਖੇ ਢਿੱਡ ਲਈ ਟੁੱਕ ਬਣਦੇ। ਅਜਿਹੀ ਨੇਕ-ਨੀਤੀ ਕਾਰਨ ਹੀ ਮਨੁੱਖ ਦੀ ਨਸਲਕੁਸ਼ੀ ਨਹੀਂ ਹੋਈ।

ਟੁੱਕ 'ਤੇ ਉਕਰੀ ਉਸ ਸੁੰਨ ਨੂੰ ਕਿਹੜਾ ਉਪਨਾਮ ਦੇਵੋਗੇ, ਜੋ ਕਿਸੇ ਬਦਨਸੀਬ ਦਾ ਨਸੀਬ ਬਣਨ ਦੀ ਥਾਂ ਪੈਰਾਂ ਵਿਚ ਮਸਲੀ ਜਾਵੇ ਜਾਂ ਟੁੱਕ ਲਈ ਖੁਦ ਨੂੰ ਨਿਲਾਮ ਹੋਣਾ ਪਵੇ। ਜਿਸਮ-ਨਿਲਾਮੀ ਵਿਚੋਂ ਮਿਲੀ ਬੁਰਕੀ ਜਦ ਪੇਟ ਵਿਚ ਜਾ ਕੇ ਖੌਰੂ ਪਾਉਂਦੀ ਤਾਂ ਸੋਚ-ਭੁਚਾਲ ਪੈਦਾ ਹੁੰਦਾ; ਪਰ ਮਜਬੂਰੀ ਕਰਕੇ ਇਹ ਉਬਾਲ ਆਪਣੀ ਮੌਤੇ ਹੀ ਮਰ ਜਾਂਦਾ ਅਤੇ ਅਗਲੇ ਦਿਨ ਫਿਰ ਨਿਲਾਮੀ ਲਈ ਜਿਸਮ ਚੌਰਾਹੇ ਵਿਚ ਖੜਾ ਹੁੰਦਾ। ਕਦੇ ਇਸ ਸੁੰਨ ਨੂੰ ਸਮਝਣ ਅਤੇ ਇਸ ਦੀ ਸੰਵੇਦਨਾ ਵਿਚੋਂ ਸੁਚੇਤਨਾ ਨੂੰ ਆਪਣੀ ਸਮਝ ਦੇ ਨਾਮ ਲਾਉਣਾ, ਮਨੁੱਖ ਨੂੰ ਦਰਿੰਦਾ ਕਹਿਣ ਦੀ ਦਲੇਰੀ ਸ਼ਾਇਦ ਮਨ ਵਿਚ ਪੈਦਾ ਹੋਵੇ।

ਸੁੰਨ ਜਦ ਬਸਤਿਆਂ ਵਿਚ ਸ਼ਹਿ ਜਾਵੇ, ਪੂਰਨਿਆਂ ਨੂੰ ਪੂੰਝ ਦੇਵੇ, ਕਲਮ ਨੂੰ ਕਤਲ ਕਰ ਦੇਵੇ ਜਾਂ ਨਿੱਕੇ ਨਿੱਕੇ ਸੁਪਨਿਆਂ ਨੂੰ ਪੁੰਗਰਨ ਤੋਂ ਪਹਿਲਾਂ ਹੀ ਕਤਲਗਾਹ ਵਲ ਤੋਰ ਲਵੇ ਤਾਂ ਇਹ ਸੁੰਨ ਕਾਤਲ-ਜਨਨੀ ਅਖਵਾਵੇ। ਅੱਖਰ-ਗਿਆਨ ਤੋਂ ਕੋਰੇ ਲੋਕ ਕਿਵੇਂ ਇਸ ਸੁੰਨ ਵਿਚ ਉਤਰਨਗੇ? ਇਸ ਦੀਆਂ ਪਰਤਾਂ ਫਰੋਲਣਗੇ? ਇਸ ਦੇ ਮੁਖੌਟਿਆਂ ਵਿਚੋਂ ਅਸਲੀਅਤ ਵੰਨੀਂ ਝਾਕਣਗੇ ਅਤੇ ਇਸ ਵਿਚੋਂ ਆਪਣੀ ਖੁਦੀ ਨੂੰ ਕਿਆਸਣਗੇ? ਲੋੜ ਹੈ, ਗਿਆਨ ਦੇ ਦੀਵੇ ਨੂੰ ਹਨੇਰੀਆਂ ਤੋਂ ਬਚਾਇਆ ਜਾਵੇ। ਚਿਰਾਗ ਵਿਚ ਹਮਦਰਦੀ ਅਤੇ ਲੋਕ-ਭਲਾਈ ਦਾ ਤੇਲ ਪਾਇਆ ਜਾਵੇ। ਅਪਣੱਤ ਰੂਪੀ ਹੱਥਾਂ ਦੀ ਓਟ ਕਰੀਏ ਅਤੇ ਜਗਦੀ ਜੋਤ ਦਾ ਦਮ ਭਰੀਏ ਤਾਂ ਹੀ ਅੱਖਰਾਂ ਵਿਚੋਂ ਛਣਦਾ ਗਿਆਨ ਮਸਤਕ ਧਰਾਤਲ ਨੂੰ ਰੁਸ਼ਨਾ ਕੇ ਕੁਝ ਸੁਚੇਤ ਤੇ ਸੁਥਰਾ ਕਰਨ ਦਾ ਚਾਅ ਮਨ ਵਿਚ ਪੈਦਾ ਕਰੇਗਾ ਅਤੇ ਸਮਿਆਂ ਦੀ ਸੁਭੋਗਤਾ ਨੂੰ ਉਮਰ ਦੇ ਨਾਮ ਕਰੇਗਾ।

ਮਰਨਹਾਰੀ ਸੁੰਨ ਜਦ ਹਵਾ, ਪਾਣੀ ਅਤੇ ਧਰਤ ਦੇ ਨਾਮ ਕਰ ਦਿਤੀ ਜਾਵੇ, ਇਨ੍ਹਾਂ ਦੀ ਹੋਂਦ ਹੀ ਪ੍ਰਸ਼ਨ ਬਣ ਜਾਵੇ ਤਾਂ ਮਨੁੱਖ ਨੂੰ ਰਹਿਮਤਾਂ ਬਖਸ਼ਣ ਵਾਲਿਆਂ ਪ੍ਰਤੀ ਉਸ ਦੀ ਕਮੀਨਗੀ ਨੂੰ ਕਿੰਜ ਕਿਆਸੋਗੇ? ਅਕ੍ਰਿਤਘਣ ਮਨੁੱਖ ਨੇ ਆਪਣੇ ਅਮਲ ਵਿਚੋਂ ਹੀ ਮੌਤ ਦੇ ਪੈਗਾਮ ਨੂੰ ਆਪਣੇ ਮੱਥੇ ਤੇ ਚਿਪਕਾਉਣਾ ਸ਼ੁਰੂ ਕਰ ਦਿਤਾ ਏ। ਇਸ ਦੇ ਬਚਣ ਦੀ ਉਮੀਦ ਕਿਵੇਂ ਰੱਖੋਗੇ?

ਸੁੰਨ ਕਦੇ ਵੀ ਬੇਹਰਫੀ, ਅਬੋਲ, ਬੇਅਰਥੀ, ਬੇਵਜ੍ਹਾ, ਬੇਤਕੱਲਫੀ ਜਾਂ ਬੇਗਾਨੀ ਨਹੀਂ ਹੁੰਦੀ। ਇਸ ਵਿਚ ਬਹੁਤ ਕੁਝ ਹੁੰਦਾ, ਜਿਸ ਨੂੰ ਜ਼ੁਬਾਨ ਵੀ ਦੇਣੀ ਹੁੰਦੀ, ਸ਼ਬਦ ਵੀ ਪਰੋਸਣੇ ਹੁੰਦੇ, ਅਰਥ ਵੀ ਅਰਪਣੇ ਹੁੰਦੇ ਤੇ ਸਰਬ-ਹਿੱਤਕਾਰੀ ਵੀ ਬਣਾਉਣਾ ਹੁੰਦਾ। ਸੁੰਨ ਦੀ ਅਵਸਥਾ ਉਦੋਂ ਤਾਰੀ ਹੁੰਦੀ, ਜਦ ਬੋਲ ਬੇਵਫਾ ਹੁੰਦੇ। ਹਰਫ ਹਉਕਾ ਹੋ ਜਾਂਦੇ। ਦ੍ਰਿਸ਼ਟੀ, ਦਿਸ਼ਾਹੀਣ ਹੋਣ ਲੱਗਦੀ ਜਾਂ ਵਿਚਾਰਾਂ ਵਿਚਲੀ ਖੜੋਤ ਅੰਤਰੀਵ ਹਲੂਣਦੀ।

ਜੋ ਲੋਕ ਕਿਸੇ ਦੀ ਸੁੰਨ ਨਹੀਂ ਸਮਝਦੇ, ਉਨ੍ਹਾਂ ਲਈ ਸ਼ਬਦਾਂ ਦੇ ਕੋਈ ਅਰਥ ਨਹੀਂ ਹੁੰਦੇ, ਬੋਲ-ਬਾਣੀ ਕੋਈ ਮਾਅਨੇ ਨਹੀਂ ਰੱਖਦੀ। ਸੁੰਨ ਨੂੰ ਸਮਝਣ ਦੀ ਜਾਚ ਵਿਰਲਿਆਂ ਦਾ ਕਰਮ। ਇਹ ਕਰਮ ਕਮਾ ਕੇ ਹੀ ਕਰਮਯੋਗੀ ਬਣਿਆ ਜਾ ਸਕਦਾ।

ਸੁੰਨ ਵਿਚ ਉਤਰ ਕੇ ਬੁੱਧ ਨੇ ਸਮਾਧੀ ਰਾਹੀਂ ਖੁਦ ਨੂੰ ਪਾਇਆ, ਯੋਗੀ ਰਿਸ਼ੀ-ਮੁਨੀ ਹਮੇਸ਼ਾ ਅਜਿਹੀ ਸੁੰਨ ਦੀ ਭਾਲ ਵਿਚ ਰਹਿੰਦੇ, ਪਰ ਬਾਹਰੀ ਸੁੰਨ ਜਦ ਅੰਦਰਲੀ ਸੁੰਨ ਨੂੰ ਮੁਖਾਤਿਬ ਹੁੰਦੀ ਤਾਂ ਸੁੰਨ ਹਾਸਲ ਬਣਦੀ। ਬਾਹਰੀ ਸਵਾਲਾਂ ਦਾ ਜਵਾਬ ਇਹ ਸੁੰਨ ਹੀ ਹੁੰਦੀ, ਜੋ ਤੁਹਾਡੇ ਮੁਖੜੇ ਦੀ ਆਭਾ ਬਣ ਕੇ ਚੁਫੇਰੇ ਨੂੰ ਰੁਸ਼ਨਾਉਂਦੀ। ਇਕ ਆਭਾ-ਮੰਡਲ ਸਿਰਜਿਆ ਜਾਂਦਾ।

ਸੁੰਨ ਅਜਿਹਾ ਸੱਚ, ਜੋ ਮਨੁੱਖ ਜੀਅ ਕੇ ਹੀ ਸਮਝਦਾ ਕਿ ਜੀਵਨ ਕੀ ਏ? ਇਸ ਨੂੰ ਸਹੀ ਅਰਥਾਂ ਵਿਚ ਕਿਵੇਂ ਜੀਵਿਆ ਜਾ ਸਕਦਾ? ਕਿਵੇਂ ਇਸ ਦੇ ਹਰ ਪਲ 'ਤੇ ਖੁਸ਼ੀਆਂ ਤੇ ਖੇੜਿਆਂ ਦੀ ਪਿਉਂਦ ਲਾ ਕੇ ਮਨ ਨੂੰ ਹਰਾ-ਭਰਾ ਕੀਤਾ ਜਾ ਸਕਦਾ।

ਕਲਮ ਦੀ ਨੋਕ 'ਤੇ ਜਦ ਸੁੰਨ ਪਸਰ ਜਾਂਦੀ ਤਾਂ ਕਲਮ ਵਿਲਕਦੀ:

ਚਾਰੇ ਪਾਸੇ ਸੁੰਨ ਹੀ ਸੁੰਨ ਹੈ
ਤੇ ਸੁੰਨ ਦਾ ਪਹਿਰ-ਪਸਾਰਾ
ਸੁੰਨ ਦਾ ਅਰਘ ਚੜ੍ਹਾਵਣ ਲੱਗਿਆਂ
ਸੌਂ ਜਾਂਦਾ ਸੰਸਾਰਾ
ਘਰ 'ਚ ਸੁੱਤੀ ਸੁੰਨ ਨਾ ਛੇੜੀਂ
ਪੈਣੀਆਂ ਜਾਗ ਉਡੀਕਾਂ
ਕੰਧਾਂ ਨੇ ਵੀ ਸ਼ੋਰ ਮਚਾਉਣਾ
ਮਸਾਂ ਸੁਆਈਆਂ ਲੀਕਾਂ
ਇਕ ਸੁੰਨ ਬੈਠੀ ਸਾਹ-ਸੁਰੰਗੀ
ਸਰਗਮ ਚੁੱਪ ਕਰਾਵੇ
ਤੇ ਸੋਚਾਂ ਦੀ ਉਖੜੀ ਬਿਰਤੀਏ
ਸੁੰਨ-ਸਮਾਧ ਧਰ ਜਾਵੇ
ਇਕ ਸੁੰਨ ਖੇਤਾਂ ਦੇ ਵਿਚ ਉਗਦੀ
ਚੀਖ-ਚਿਹਾੜਾ ਪਾਵੇ
ਖੁਦਕੁਸ਼ੀਆਂ ਦੀ ਫਸਲ ਉਗਾ ਕੇ
ਕੁਲਹਿਣਾ ਸ਼ੋਰ ਮਚਾਵੇ
ਇਕ ਸੁੰਨ ਫੁੱਲਾਂ ਪਿੰਡੇ ਜਨਮੇ
ਜੀਵੇ 'ਤੇ ਮਰ ਜਾਵੇ
ਪਰ ਇਸ ਦੀ ਸੂਹੀ ਰੰਗਤ
ਜੀਣ ਦੀ ਜੁਗਤ ਸਿੱਖਾਵੇ
ਇਕ ਸੁੰਨ ਜਿਹੜੀ ਅੰਤਰ ਜੂਹੇ
ਰੌਸ਼ਨ ਹੋਣਾ ਚਾਹਵੇ
ਪਰ ਧੂਣੀ ਦਾ ਧੂੰਆਂ ਬਣ ਕੇ
ਅੰਦਰ ਜੀਰਦੀ ਜਾਵੇ
ਇਹ ਸੁੰਨ ਹੀ ਖੁਦ 'ਚੋਂ ਖੁਦ ਦਾ
ਕਰਦੀ ਲੇਖਾ-ਜੋਖਾ
ਆਖੇ ਮੈਨੂੰ ਅੰਦਰ ਵਸਾ ਲੈ
ਬੋਲਿਆ ਭਲਿਆ ਲੋਕਾ
ਇਕ ਸੁੰਨ ਝਾਕੇ ਸੁੰਗੜੇ ਨੈਣੀਂ
ਸੁਪਨੇ ਕਿਸ ਸਰਾਪੇ
ਇਸ ਸੁੰਨ ਦੀ ਭੀੜ ਦੇ ਅੰਦਰ
ਬੰਦਾ 'ਕੱਲਾ ਜਾਪੇ
ਇਕ ਸੁੰਨ ਉਜੜੇ ਆਲ੍ਹਣੇ ਬਹਿ ਕੇ
ਬੋਟਾਂ ਨੂੰ ਵਰਚਾਵੇ
ਪਰ ਖਿਲਰੇ ਤੀਲਿਆਂ ਦੀ ਹੋਣੀ
ਚੋਗ ਕਿੰਜ ਬਣ ਜਾਵੇ
ਭਰੀ ਹੋਈ ਆ ਸੁੰਨ ਦੀ ਬਗਲੀ
ਕਤਲ, ਕਰੋਧ ਵਿਨਾਸ਼ਾਂ
ਆਪਣੀ ਮੌਤ ਵਿਹਾਜਣ ਤੁਰੀਆਂ
ਤੁਰਦੀਆਂ ਫਿਰਦੀਆਂ ਲਾਸ਼ਾਂ
ਗਮਵੇਤਾ ਦੀ ਵੇਦੀ ਚੜ੍ਹੀਆਂ
ਚਿੰਤਾ, ਫਿਕਰ, ਅਰਦਾਸਾਂ
ਤੇ ਹੱਥੀਂ ਕੀਤੇ ਵੀਰਾਨ ਚਮਨ ਨੂੰ
ਕਿੰਜ ਬੰਨਾਵਾਂ ਆਸਾਂ
ਇਕ ਸੁੰਨ ਘਰ ਦੀ ਸਰਦਲ ਬਹਿ ਕੇ
ਮੰਗਦੀ ਆਪਣੀ ਖੈਰ
ਘਰ ਵਾਲਾ ਹੀ ਘਰ ਰਹਿੰਦਿਆਂ
ਬਣ ਜਾਂਦਾ ਏ ਗੈਰ
ਤੇ ਮੋਹ ਦੇ ਚਿੱਟੇ ਅੰਬਰ-ਜੂਹੇ
ਉਠਦੀ ਗਾੜ੍ਹੀ ਗਹਿਰ।

ਇਕ ਸੁੰਨ ਹੋਵੇ ਪੁੰਨਿਆ ਰਾਤੇ
ਤੇ ਤਾਰੇ ਬੈਠਣ ਕੋਲ
ਚਾਨਣ ਦੀ ਜੂਹ ਵਿਚ ਬਹਿ ਕੇ
ਦੇਵਾਂ ਮਨ ਫਰੋਲ
ਇਕ ਸੁੰਨ ਹੋਵੇ ਸਰਘੀ ਉਤਰੀ
ਪਾ ਤ੍ਰੇਲ ਦਾ ਬਾਣਾ
ਤੇ ਹੌਲੀ ਹੌਲੀ ਉਤਰੀ ਧੁੱਪ ਦਾ
ਪੰਛੀਆਂ ਨੇ ਗੀਤ ਗਾਣਾ
ਇੱਕ ਸੁੰਨ ਹੁੰਦੀ ਪੀਰ-ਦਰਗਾਹੇ
ਅੰਦਰ ਧੱਸਦੀ ਜਾਵੇ
ਪਿੰਡੇ ਉਤੇ ਲੀਰਾਂ ਚਾਦਰ
ਹੌਲੀ ਹੌਲੀ ਲਾਹਵੇ
ਇਕ ਸੁੰਨ ਜਿਹੜੀ ਬੋਲ-ਬਰੂਹੀਂ
ਰੋਜ਼ ਤੇਲ ਚੋਅ ਜਾਵੇ
ਉਸ ਦਾ ਰੂਪ ਹੀ ਵਰਕਿਆਂ ਉਤੇ
ਇਬਾਰਤ ਰੂਪ ਹੰਢਾਵੇ

(ਬਾਕੀ ਅਗਲੇ ਸਫੇ 'ਤੇ)

# ਪਰਗਟ ਫਿਰ ਪਰਗਟ ਨਿਕਲਿਆ

2016 ਵਿਚ ਬਾਦਲ ਸਰਕਾਰ ਵਲੋਂ ਪਰਗਟ ਸਿੰਘ ਨੂੰ ਮੁੱਖ ਸੰਸਦੀ ਸਕੱਤਰ ਬਣਾਉਣ ਦਾ ਚੋਗਾ ਪਾਇਆ ਗਿਆ ਸੀ, ਜੋ ਉਸ ਨੇ ਨਹੀਂ ਸੀ ਚੁਗਿਆ। ਉਦੋਂ ਦੋਸਤਾਂ ਮਿੱਤਰਾਂ ਨੇ ਉਹਨੂੰ ਸੁਚੇਤ ਕਰਦਿਆਂ ਕਿਹਾ ਸੀ, "ਪਰਗਟ, ਤੂੰ ਪਰਗਟ ਈ ਰਹੀਂ!" ਬਾਦਲ ਸਰਕਾਰ ਵੇਲੇ ਪਰਗਟ, ਪਰਗਟ ਹੀ ਰਿਹਾ। ਹੁਣ ਪਰਗਟ ਫਿਰ ਉਹੀ ਪੁਰਾਣਾ ਪਰਗਟ ਨਿਕਲਿਆ। ਕੈਪਟਨ ਦਾ ਪਾਇਆ ਚੋਗਾ ਵੀ ਉਸ ਨੇ ਨਹੀਂ ਚੁਗਿਆ ਤੇ ਕੈਪਟਨ ਦੇ ਜਾਲ ਵਿਚ ਨਹੀਂ ਫਸਿਆ। ਕਦੇ ਬਾਦਲ ਦਲ ਨੇ ਉਸ ਨੂੰ ਬਿਨਾ ਵਜ੍ਹਾ ਪਾਰਟੀ 'ਚੋਂ ਕੱਢ ਦਿੱਤਾ ਸੀ। ਕੀ ਜਾਣੀਏ ਕਿਸੇ ਦਿਨ ਕੈਪਟਨ ਵੀ ਕਿਉਂਕਿ ਖਰੇ ਬੰਦੇ ਨਹੀਂ ਚਾਹੀਦੇ, ਇਨ੍ਹਾਂ ਭੱਦਰ ਪੁਰਸ਼ਾਂ ਨੂੰ। ਸੰਭਵ ਹੈ,

**ਪ੍ਰਿੰ. ਸਰਵਣ ਸਿੰਘ**

ਕੈਪਟਨ ਦੇ ਕੱਢਣ ਤੋਂ ਪਹਿਲਾਂ ਹੀ ਪਰਗਟ ਸਿੰਘ, ਨਵਜੋਤ ਸਿੰਘ ਸਿੱਧੂ ਵਾਂਗ ਕਿਨਾਰਾ ਕਰ ਲਵੇ।

ਤਿੰਨ ਸਾਲ ਪਹਿਲਾਂ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇਣ ਵਾਲੇ ਕ੍ਰਿਕਟਰ ਨਵਜੋਤ ਸਿੰਘ ਸਿੱਧੂ, ਪਰਗਟ ਸਿੰਘ ਤੇ ਬੈਂਸ ਭਰਾਵਾਂ ਨੇ ਪੰਜਾਬ ਮੋਰਚੇ ਦੀ ਨੀਂਹ ਰੱਖੀ ਸੀ, ਜਿਸ ਉਤੇ ਕੋਈ ਉਸਾਰੀ ਨਾ ਹੋ ਸਕੀ। ਸਗੋਂ ਨੀਂਹਾਂ ਹੀ ਪੂਰ ਦਿੱਤੀਆਂ ਗਈਆਂ ਅਤੇ ਬੈਂਸ ਭਰਾਵਾਂ ਨੇ ਲੋਕ ਇਨਸਾਫ ਪਾਰਟੀ ਬਣਾ ਕੇ ਆਮ ਆਦਮੀ ਪਾਰਟੀ ਨਾਲ ਗੱਠਜੋੜ ਕਰ ਲਿਆ, ਜੋ ਬਾਅਦ ਵਿਚ ਟੁੱਟ ਗਿਆ।

ਉਦੋਂ ਨਵਜੋਤ ਸਿੱਧੂ ਤੇ ਪਰਗਟ ਕਾਫੀ ਦੇਰ ਦਲੀਲਾਂ ਵਿਚ ਪਏ ਰਹੇ, ਪਈ 'ਆਪ' ਤੇ ਕਾਂਗਰਸ ਦੀਆਂ ਟੀਮਾਂ 'ਚੋਂ ਕੀਹਦੇ ਵੱਲੋਂ ਖੇਡੀਏ? ਟੀਮ ਦਾ ਕਪਤਾਨ/ਉਪ ਕਪਤਾਨ ਬਣਾਉਣ ਦੀ ਗੱਲ ਚਲਦੀ ਰਹੀ। ਜਿਵੇਂ ਅੱਜ ਕੱਲ੍ਹ ਲੀਗਾਂ ਲਈ ਕ੍ਰਿਕਟ ਤੇ ਹਾਕੀ ਦੇ ਖਿਡਾਰੀ ਖਰੀਦੇ ਜਾਂਦੇ ਹਨ, ਉਵੇਂ ਨਵਜੋਤ ਤੇ ਪਰਗਟ ਵੀ ਬਿਨਾ ਖਰੀਦੇ ਕਾਂਗਰਸ ਦੀ ਟੀਮ ਵਿਚ ਪਾ ਲਏ ਗਏ। ਫਿਰ ਉਨ੍ਹਾਂ ਨੇ ਉਹੀ ਕਰ ਵਿਖਾਇਆ, ਜਿਸ ਦੀ ਆਸ ਰੱਖੀ ਸੀ। ਨਵਜੋਤ ਦੇ ਚੌਕੇ-ਛੱਕੇ ਤੇ ਪਰਗਟ ਦੇ ਪੈਨਲਟੀ ਕਾਰਨਰਾਂ ਨੇ ਕਾਂਗਰਸ ਦੀ ਟੀਮ ਨੂੰ ਤਕੜੀ ਜਿੱਤ ਦਿਵਾਈ। ਫਿਰ ਜੋ ਇਨਾਮ ਮਿਲਿਆ, ਉਹ ਸਭ ਦੇ ਸਾਹਮਣੇ ਹੈ!

ਪਰਗਟ ਨੇ ਹਾਕੀ ਦੇ 313 ਕੌਮਾਂਤਰੀ ਮੈਚ ਖੇਡੇ, ਜਿਨ੍ਹਾਂ 'ਚੋਂ 168 ਮੈਚਾਂ ਵਿਚ ਉਹ ਭਾਰਤੀ ਟੀਮਾਂ ਦਾ ਕਪਤਾਨ ਬਣਿਆ। ਉਹ 'ਏਸ਼ੀਅਨ ਆਲ ਸਟਾਰਜ਼ ਇਲੈਵਨ' ਦਾ ਵੀ ਕਪਤਾਨ ਰਿਹਾ। ਉਹ ਅਰਜਨਾ ਅਵਾਰਡੀ ਅਤੇ ਰਾਜੀਵ ਗਾਂਧੀ ਖੇਲ ਰਤਨ ਅਵਾਰਡੀ ਹੈ ਤੇ ਉਸ ਨੂੰ ਪਦਮ ਸ੍ਰੀ ਦਾ ਪੁਰਸਕਾਰ ਵੀ ਮਿਲਿਆ ਹੋਇਐ। ਉਹ ਪੰਜਾਬ ਦਾ ਸਪੋਰਟਸ ਡਾਇਰੈਕਟਰ ਵੀ ਰਿਹਾ ਅਤੇ ਲਗਾਤਾਰ ਹਾਕੀ ਦੀ ਖੇਡ ਨਾਲ ਜੁੜਿਆ ਆ ਰਿਹੈ। ਨਵਜੋਤ ਦੀਆਂ ਵੀ ਖੇਡ ਪ੍ਰਾਪਤੀਆਂ ਬਥੇਰੀਆਂ ਹਨ।

ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 2012 ਵਿਚ ਜਲੰਧਰ ਛਾਉਣੀ ਦੀ ਸੀਟ ਜਿੱਤਣ ਲਈ ਹੀ ਉਹਤੋਂ ਖੇਡਾਂ ਦੀ ਡਾਇਰੈਕਟਰੀ ਛੁਡਵਾਈ ਸੀ। ਉਦੋਂ ਉਹ ਇਮਾਨਦਾਰੀ ਨਾਲ ਖੇਡਾਂ ਦੀ ਸੇਵਾ ਕਰ ਰਿਹਾ ਸੀ, ਪਰ ਉਸ ਨੂੰ ਸਿਆਸਤ ਵਿਚ ਆਉਣ ਲਈ ਮਜਬੂਰ ਕੀਤਾ ਗਿਆ। ਜਲੰਧਰ ਛਾਉਣੀ ਦੀ ਸੀਟ ਕਾਂਗਰਸ ਦੀ ਪੱਕੀ ਸੀਟ ਸਮਝੀ ਜਾਂਦੀ ਸੀ। ਉਦੋਂ



ਪਰਗਟ ਸਿੰਘ

ਪਰਗਟ ਵਰਗਾ ਹਰਮਨ ਪਿਆਰਾ ਖਿਡਾਰੀ ਹੀ ਇਹ ਸੀਟ ਅਕਾਲੀ ਦਲ ਨੂੰ ਜਿਤਾ ਸਕਦਾ ਸੀ। ਜਿਹੜੇ ਕਹਿੰਦੇ ਸਨ ਕਿ ਅਕਾਲੀ ਦਲ ਨੇ ਪਰਗਟ ਨੂੰ ਟਿਕਟ ਦੇ ਕੇ ਅਹਿਸਾਨ ਕੀਤਾ ਸੀ, ਉਨ੍ਹਾਂ ਨੂੰ ਅਗਲੀ ਚੋਣ ਵਿਚ ਪਤਾ ਲੱਗ ਗਿਆ ਕਿ ਡਾਇਰੈਕਟਰੀ ਤਿਆਗ ਕੇ ਉਲਟਾ ਪਰਗਟ ਸਿੰਘ ਨੇ ਅਕਾਲੀ ਦਲ 'ਤੇ ਅਹਿਸਾਨ ਕੀਤਾ ਸੀ।

5 ਮਾਰਚ 1965 ਨੂੰ ਪਿੰਡ ਮਿੱਠਾਪੁਰ ਵਿਚ ਉਹਦਾ ਜਨਮ ਹੋਇਆ। 2005 ਵਿਚ ਉਹ ਪੁਲਿਸ ਕਪਤਾਨੀ ਛੱਡ ਕੇ ਪੰਜਾਬ ਦਾ ਖੇਡ ਡਾਇਰੈਕਟਰ ਬਣਿਆ। ਪੁਲਿਸ ਵਿਚ ਰਹਿੰਦਾ ਤਾਂ ਹੁਣ ਨੂੰ ਆਈ. ਜੀ. ਦੇ ਅਹੁਦੇ ਤਕ ਪੁੱਜਾ ਹੁੰਦਾ। 2010 ਵਿਚ ਕਬੱਡੀ ਦਾ ਪਹਿਲਾ ਵਿਸ਼ਵ ਕੱਪ ਹੋਇਆ ਤਾਂ ਮੈਨੂੰ ਉਸ ਨਾਲ ਵਿਚਰਨ ਦਾ ਮੌਕਾ ਮਿਲਿਆ। ਉਦੋਂ ਮੈਂ ਉਸ ਨੂੰ ਨੇੜਿਓਂ ਜਾਣਿਆ। ਉਹ ਡਿਸਿਪਲਿਨ ਦਾ ਪੱਕਾ ਸੀ। ਕਬੱਡੀ ਦਾ ਸੁਧਾਰ ਕਰਨ ਲਈ ਉਸ ਨੇ ਖਿਡਾਰੀਆਂ ਦੇ ਸਹੀ ਡੋਪ ਟੈਸਟ ਕਰਾਉਣ ਦੀ ਸਲਾਹੁਣਯੋਗ ਭੂਮਿਕਾ ਨਿਭਾਈ। ਕੁਮੈਂਟੇਟਰਾਂ ਦੀ ਟੀਮ ਵਿਚ ਭਗਵੰਤ ਮਾਨ ਵੀ ਸ਼ਾਮਲ ਸੀ। ਭਗਵੰਤ ਮਾਨ ਤੋਂ ਲੈ ਕੇ ਨਵਜੋਤ ਸਿੱਧੂ ਤਕ ਸਾਰੇ ਹੀ ਪਰਗਟ ਸਿੰਘ ਦੀ ਕਦਰ ਕਰਦੇ ਹਨ।

ਕੈਸੀ ਵਿਡੰਬਨਾ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ ਐਮ. ਐਲ. ਏ. ਬਣੇ ਪਰਗਟ ਸਿੰਘ ਤੋਂ ਖੇਡਾਂ ਦਾ ਕੋਈ ਕੰਮ ਨਹੀਂ ਲਿਆ, ਜਿਸ ਵਿਚ ਉਹ ਮਾਹਿਰ ਸੀ। ਹੁਣ ਕੈਪਟਨ ਸਰਕਾਰ ਨੇ ਵੀ ਉਸ ਤੋਂ ਖੇਡਾਂ ਦਾ ਕੋਈ ਕੰਮ ਨਹੀਂ ਲਿਆ। ਖੇਡ ਪ੍ਰੇਮੀਆਂ ਨੂੰ ਆਸ ਸੀ ਕਿ ਉਸ ਨੂੰ ਪੰਜਾਬ ਵਿਚ ਖੇਡਾਂ ਦਾ ਪੱਧਰ ਉਪਰ ਚੁੱਕਣ ਲਈ ਕੋਈ ਵਿਸ਼ੇਸ਼ ਜ਼ਿੰਮੇਵਾਰੀ ਦਿੱਤੀ ਜਾਵੇਗੀ, ਜੋ ਬਿਲਕੁਲ ਨਹੀਂ ਦਿੱਤੀ ਗਈ। ਸਗੋਂ ਪਰਗਟ ਨੇ ਖੇਡ ਡਾਇਰੈਕਟਰ ਹੁੰਦਿਆਂ ਜਿੰਨੀ ਕੁ ਜਾਨ ਖੇਡ ਵਿਭਾਗ ਵਿਚ ਪਾਈ ਸੀ, ਉਹ ਵੀ ਕੱਢ ਲਈ ਗਈ। ਖੇਡ ਵਿਭਾਗ ਨੂੰ ਸਸਤੀ ਸਿਆਸੀ ਸ਼ੁਹਰਤ ਲਈ ਲੋਕ ਸੰਪਰਕ ਵਿਭਾਗ ਹੀ ਬਣਾ ਲਿਆ ਗਿਆ।

ਸਿਆਸਤ ਵਿਚ ਭਾਵੇਂ ਉਹਨੂੰ ਮਜਬੂਰੀ ਵੱਸ ਲਿਆਂਦਾ ਗਿਆ ਸੀ, ਪਰ ਸਮੇਂ ਨਾਲ ਉਹ ਸਿਆਸਤ ਦਾ ਵੀ ਤਕੜਾ ਖਿਡਾਰੀ ਬਣ ਗਿਆ। ਜਲੰਧਰ ਛਾਉਣੀ ਤੋਂ ਰਿਕਾਰਡ ਤੋੜ ਵੋਟਾਂ ਨਾਲ ਜਿੱਤਿਆ। ਅਕਾਲੀ ਦਲ ਦੇ ਚੌਧਰੀ, ਨੌਜੁਆਨਾਂ ਨੂੰ ਨਸ਼ੇ ਛੁਡਾ ਕੇ ਵਧੀਆ ਖਿਡਾਰੀ ਬਣਾਉਣ ਦਾ ਉਹਤੋਂ ਕੋਈ ਕੰਮ ਨਹੀਂ ਸੀ ਲੈ ਸਕੇ। ਹੁਣ ਕਾਂਗਰਸ ਵਾਲੇ ਵੀ ਉਸੇ ਰਾਹ ਤੁਰੇ ਹੋਏ ਹਨ। ਪਰਗਟ ਨੂੰ ਕੋਈ ਅਜਿਹੀ ਜ਼ਿੰਮੇਵਾਰੀ ਨਹੀਂ ਦਿੱਤੀ ਗਈ, ਜਿਸ ਨਾਲ ਪੰਜਾਬ ਦੀ ਜੁਆਨੀ ਮੁੜ ਭਾਰਤ ਦੇ ਖੇਡ ਨਕਸ਼ੇ ਉਤੇ ਛਾ ਜਾਂਦੀ। ਹਾਲ ਦੀ ਘੜੀ ਤਾਂ ਹਰਿਆਣਾ ਹੀ ਖੇਡਾਂ ਵਿਚ ਪੰਜਾਬ ਨੂੰ ਅੱਗੇ ਨਹੀਂ ਲੰਘਣ ਦੇ ਰਿਹਾ।

ਨਸ਼ਿਆਂ ਦੇ ਖਾਤਮੇ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਚੰਗੀ ਸਿੱਖਿਆ ਤੇ ਚੰਗੀਆਂ ਸਿਹਤ ਸਹੂਲਤਾਂ ਦੇ ਨਾਲ ਖੇਡਾਂ ਦੀ ਵੀ ਬੜੀ ਅਹਿਮੀਅਤ ਹੈ। ਕੈਪਟਨ ਸਰਕਾਰ ਪਰਗਟ ਸਿੰਘ ਨੂੰ ਖੇਡ ਮੰਤਰੀ ਬਣਾਉਣ ਦੀ ਥਾਂ ਅਕਾਲੀ ਦਲ ਵਾਂਗ ਹੀ ਟਰਕਾਉਂਦੀ ਆ ਰਹੀ ਹੈ। ਹੁਣ ਸਲਾਹਕਾਰ ਬਣਨ ਦਾ ਚੋਗਾ ਪਾ ਕੇ ਫਾਹੁਣ ਲੱਗੀ ਸੀ, ਪਰ ਪਰਗਟ ਨਹੀਂ ਫਾਹਿਆ ਗਿਆ। ਜਿਨ੍ਹਾਂ ਨੇ ਫਸਣਾ ਸੀ, ਫਸ ਗਏ, ਜਿਸ ਦਾ ਪਤਾ ਅਗਲੀਆਂ ਚੋਣਾਂ ਵੇਲੇ ਲੱਗੇਗਾ। ਕਦੇ ਅਸੀਂ ਕਿਹਾ ਸੀ, 'ਪਰਗਟ, ਤੂੰ ਪਰਗਟ ਹੀ ਰਹੀਂ।' ਫਿਰ ਕਿਹਾ, 'ਪਰਗਟ, ਤੂੰ ਪਰਗਟ ਹੀ ਰਿਹਾ'! ਹੁਣ ਕਹਿੰਦੇ ਹਾਂ, 'ਪਰਗਟ ਫਿਰ ਪਰਗਟ ਨਿਕਲਿਆ!'

# ਖੇਤੀ ਯੂਨੀਵਰਸਿਟੀ ਲੁਧਿਆਣਾ ਦੀ ਮੇਰੀ ਸੱਜਰੀ ਫੇਰੀ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮੈਂ ਚਾਲੀ ਵਰ੍ਹੇ ਪਹਿਲਾਂ ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ ਦੇ ਸੰਚਾਰ ਕੇਂਦਰ ਦਾ ਮੁਖੀ ਹੁੰਦਾ ਸਾਂ। ਪਿਛਲੇ ਹਫਤੇ ਪੰਜਾਬੀ ਕਿਸਾਨਾਂ ਦੇ ਇਸ ਮੱਕੇ ਜਾਣ ਦਾ ਸਬੱਬ ਬਣ ਗਿਆ। ਨਿਸਚੇ ਹੀ ਮੇਰੇ ਸਮੇਂ ਦਾ ਇਸ ਵੇਲੇ ਉਥੇ ਕੋਈ ਅਧਿਕਾਰੀ ਨਹੀਂ। ਡਾ. ਰਣਜੀਤ ਸਿੰਘ ਤੋਮਰ, ਜਿਸ ਨੇ ਮੇਰੇ ਪਿੱਛੋਂ ਸੰਚਾਰ ਕੇਂਦਰ ਦੀ ਕਮਾਂਡ ਸੰਭਾਲੀ, ਕੈਂਪਸ ਦੇ ਨੇੜੇ ਰਹਿੰਦਾ ਹੈ। ਉਸ ਨੂੰ ਪਤਾ ਲੱਗਾ ਤਾਂ ਉਹ ਮਿਲਣ ਆਇਆ। ਮੌਜੂਦਾ ਕੇਂਦਰ ਮੁਖੀ ਜਗਦੀਸ਼ ਕੌਰ ਤੇ ਡਾ. ਰਣਜੀਤ ਸਿੰਘ ਦੇ ਸ਼ਬਦਾਂ ਵਿਚ ਖੇਤੀ ਦਾ ਧੰਦਾ ਹੁਣ ਜੀਵਨਸ਼ੈਲੀ ਤੱਕ ਸੀਮਤ ਨਹੀਂ, ਵਪਾਰਕ ਕਿੱਤਾ ਬਣ ਚੁਕਾ ਹੈ। ਉਂਜ ਵੀ ਵਿਕਸਿਤ ਦੇਸ਼ਾਂ ਦੀ ਅਬਾਦੀ ਦਾ ਵੱਡਾ ਹਿੱਸਾ ਹੁਣ ਸਨਅਤ ਤੇ ਸਰਵਿਸ ਸੈਕਟਰ ਵਿਚ ਜਾ ਚੁਕਾ ਹੈ। ਨਿਸਚੇ ਹੀ ਹੁਣ ਖੇਤੀ ਵਿਦਿਆ ਦਾ ਰੁਝਾਨ ਖੇਤੀ ਦੀਆਂ ਨਵੀਆਂ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਦੇ ਨਾਲ ਨਾਲ ਉਨ੍ਹਾਂ ਨੂੰ ਹੋਰ ਧੰਦਿਆਂ ਲਈ ਪ੍ਰੇਰਿਤ ਕਰਨਾ ਹੋ ਗਿਆ ਹੈ, ਸਵੈ-ਰੁਜ਼ਗਾਰ ਦੇ ਵਧੀਆ ਵਸੀਲੇ ਪੈਦਾ ਕਰਨ ਸਮੇਤ।

ਹੁਣ ਖੋਜ ਨਾਲ ਸਬੰਧਿਤ ਕਾਰਜ ਵਿਧੀਆਂ ਵਿਚ ਬੇਮੌਸਮੀ ਵਰਖਾ, ਤਾਪਮਾਨ ਦੀ ਗਿਰਾਵਟ, ਸੂਰਜ ਰੋਸ਼ਨੀ ਦੀ ਘਾਟ ਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਹੁੰਦੇ ਜਾਣ ਨੂੰ ਮੁੱਖ ਰੱਖਦਿਆਂ ਘੱਟ ਸਮੇਂ ਲੈਣ ਵਾਲੀਆਂ ਫਸਲਾਂ ਬੀਜੇ ਜਾਣ ਨੂੰ ਪਹਿਲ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਕਤਾਰਾਂ ਵਿਚ ਵਧ ਮੁੱਲ ਵਾਲੀਆਂ ਫਸਲਾਂ ਵਾਸਤੇ ਡ੍ਰਿਪ ਇਰੀਗੇਸ਼ਨ ਭਾਵ ਤੁਪਕਾ ਸਿੰਚਾਈ ਦੀ ਸਿਫਾਰਸ਼ ਵੀ ਕੀਤੀ ਜਾਂਦੀ ਹੈ। ਇਹ ਵੀ ਕਿ ਪਾਣੀ ਦੀ ਘਾਟ ਨੂੰ ਮੁੱਖ ਰਖਦਿਆਂ ਡ੍ਰਿਪ ਲਾਈਨਾਂ/ਪਾਈਪਾਂ ਧਰਤੀ ਦੇ ਪੱਧਰ 'ਤੇ ਵਿਛਾਉਣ ਦੀ ਥਾਂ ਧਰਤੀ ਦੇ ਪੱਧਰ ਤੋਂ ਵੀਹ ਸੈਂਟੀਮੀਟਰ ਥੱਲੇ ਪਾਈਆਂ ਜਾਣ। ਕਿਸਾਨ ਹੁਣ ਨਿਰਾ ਅੰਨਦਾਤਾ ਨਹੀਂ, ਕੁਦਰਤੀ ਸੋਮਿਆਂ ਦਾ ਪਹਿਰੇਦਾਰ ਵੀ ਹੈ ਤੇ ਵਧ ਆਮਦਨ ਵਾਲੇ ਢੁਕਵੇਂ ਢੰਗ ਅਪਨਾਉਣ ਵਾਲਾ ਉਦਯੋਗੀ ਵੀ ਹੈ।

ਵਾਈਸ ਚਾਂਸਲਰ ਬਲਦੇਵ ਸਿੰਘ ਢਿੱਲੋਂ ਨਾਲ ਹੋਣੀ ਸਰਸਰੀ ਮਿਲਣੀ ਵਿਚ ਪਤਾ ਲੱਗਾ ਕਿ ਲੁਧਿਆਣਾ ਯੂਨੀਵਰਸਿਟੀ ਵਲੋਂ ਰਾਜ ਪੱਧਰ 'ਤੇ 833 ਨਵੀਆਂ ਕਿਸਮਾਂ ਜਾਰੀ ਕੀਤੀਆਂ ਗਈਆਂ ਹਨ ਤੇ ਰਾਸ਼ਟਰੀ ਪੱਧਰ 'ਤੇ 173




ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ ਦਾ ਮੁੱਖ ਦੁਆਰ

ਕਿਸਮਾਂ। ਇਨ੍ਹਾਂ ਵਿਚ ਕਿਨ੍ਹਾਂ ਦੀਆਂ ਘਟ ਬੀਜ ਵਾਲੀਆਂ ਕਿਸਮਾਂ ਹੀ ਨਹੀਂ, ਮੋਠੀ ਬਾਜਰਾ, ਪਾਰਸ ਮੱਕੀ ਤੇ ਬੀਟੀ ਕਾਟਨ ਆਦਿ ਦੋਗਲੀਆਂ/ਦੋਸਤੀ ਕਿਸਮਾਂ ਵੀ ਸ਼ਾਮਲ ਹਨ। ਜਿਥੋਂ ਤੱਕ ਸ਼ਹਿਦ ਦੀਆਂ ਮੱਖੀਆਂ ਪਾਲਣ ਤੇ ਖੁੰਭਾਂ ਦੀ ਖੇਤੀ ਦਾ ਸਬੰਧ ਹੈ, ਯੂਨੀਵਰਸਿਟੀ ਦੇ ਉਦਮ ਸਦਕਾ ਦੇਸ਼ ਦਾ 37% ਮਖੀਆਰੀ ਸ਼ਹਿਦ, ਤੇ 14% ਖੁੰਭਾਂ ਪੰਜਾਬ ਰਾਜ ਮੁਹੱਈਆ ਕਰਦਾ ਹੈ। ਐਵੇਂ ਹੀ ਤਾਂ ਦੇਸ਼ ਦੇ ਮਾਨਵੀ ਸਰੋਤ ਵਿਕਾਸ ਮੰਤਰਾਲੇ ਨੇ ਇਸ ਯੂਨੀਵਰਸਿਟੀ ਨੂੰ ਦੇਸ਼ ਦੀਆਂ ਪੰਜ ਦਰਜਨ ਖੇਤੀ ਯੂਨੀਵਰਸਿਟੀਆਂ ਵਿਚੋਂ ਦੂਜੇ ਨੰਬਰ 'ਤੇ ਰੱਖਿਆ।

ਮੈਂ ਨਿੱਜੀ ਤੌਰ 'ਤੇ ਸੰਚਾਰ ਪਸਾਰ ਦਾ ਸ਼ੁਖਸ ਹੋਣ ਦੇ ਨਾਤੇ ਇਸ ਯੂਨੀਵਰਸਿਟੀ ਨੂੰ ਕਿਸਾਨ ਮੇਲਿਆਂ ਵਿਚ ਹੋਏ ਵਿਕਾਸ ਤੋਂ ਮਾਪਦਾ ਹਾਂ। ਚਾਰ ਦਹਾਕੇ ਪਹਿਲਾਂ ਇਹ ਯੂਨੀਵਰਸਿਟੀ ਕੇਵਲ ਦੋ-ਤਿੰਨ ਥਾਂਵਾਂ 'ਤੇ ਕਿਸਾਨ ਮੇਲੇ ਲਾਉਂਦੀ ਸੀ। ਅੱਜ ਦੇ ਦਿਨ ਇਹ ਮੇਲੇ ਰਾਜ ਦੇ ਖੇਤੀ ਵਿਗਿਆਨ ਕੇਂਦਰਾਂ ਵਿਚ ਵੀ ਲਾਏ ਜਾਂਦੇ ਹਨ। ਇਹ ਮੇਲੇ ਕਿਸਾਨ ਵੀਰਾਂ ਤੇ ਕਿਸਾਨ ਬੀਬੀਆਂ ਦੀ ਸਹੂਲਤ ਤੇ ਹਾੜੀ-ਸਾਉਣੀ ਨੂੰ ਮੁੱਖ ਰਖਦਿਆਂ ਮਾਰਚ ਤੇ ਸਤੰਬਰ ਮਹੀਨੇ ਹੀ ਲਾਏ ਜਾਂਦੇ ਹਨ।

ਲੁਧਿਆਣਾ, ਬਠਿੰਡਾ, ਫਰੀਦਕੋਟ ਤੇ ਗੁਰਦਾਸਪੁਰ ਜਿਹੇ ਵੱਡੇ ਸ਼ਹਿਰਾਂ ਵਿਚ ਹੀ ਨਹੀ, ਬੱਲੋਵਾਲ ਸੌਂਖੜੀ, ਨਾਗ ਕਲਾਂ ਤੇ ਰੌਣੀ ਜਿਹੇ ਅਜਿਹੇ ਪਿੰਡਾਂ ਵਿਚ ਵੀ, ਜਿਥੇ ਯੂਨੀਵਰਸਿਟੀ ਨੇ ਖੇਤੀ ਵਿਗਿਆਨ ਕੇਂਦਰ ਸਥਾਪਤ ਕੀਤੇ ਹੋਏ ਹਨ। ਇਨ੍ਹੀਂ ਦਿਨੀਂ ਇੱਕ ਮੇਲਾ ਨਾਗ ਕਲਾਂ ਵਿਚ ਲੱਗਾ ਹੈ ਤੇ ਦੂਜਾ ਬੱਲੋਵਾਲ ਵਿਖੇ। ਨਾਗ ਕਲਾਂ ਅੰਮ੍ਰਿਤਸਰ ਜਿਲੇ ਵਿਚ ਮਜੀਠਾ ਕਸਬੇ ਦੇ ਨੇੜੇ ਇੱਕ ਪਿੰਡ ਹੈ ਅਤੇ ਬੱਲੋਵਾਲ ਸੌਂਖੜੀ ਬੰਗਾ ਨੇੜੇ ਔੜ ਵਾਲੇ ਪਾਸੇ ਪਟਿਆਲਾ ਜਿਲੇ ਦੇ ਪਿੰਡ ਰੌਣੀ ਵਰਗਾ ਘੱਟ ਵੱਸੋਂ ਵਾਲਾ ਪਿੰਡ।

ਯੂਨੀਵਰਸਿਟੀ ਦੇ ਪਸਾਰ ਸਿੱਖਿਆ ਵਿਭਾਗ ਨਾਲ ਸਬੰਧਤ ਡਾ. ਕਮਲਪ੍ਰੀਤ ਨੇ ਬੜੇ ਉਤਸ਼ਾਹ ਨਾਲ ਦੱਸਿਆ ਕਿ ਇਨ੍ਹਾਂ ਮੇਲਿਆਂ ਵਿਚ ਕਿਸਾਨਾਂ ਦੇ ਬੱਚੇ ਵੀ ਸ਼ਿਰਕਤ ਕਰਦੇ ਹਨ, ਜਿਨ੍ਹਾਂ ਨੂੰ ਖੇਤੀ ਦੀਆਂ ਨਵੀਆਂ ਤਕਨੀਕਾਂ ਤੋਂ ਬਿਨਾ ਯੂਨੀਵਰਸਿਟੀ ਵਿਚ ਪੜ੍ਹਾਏ ਜਾਂਦੇ ਡਿਗਰੀ ਤੇ ਡਿਪਲੋਮਾ ਕੋਰਸਾਂ ਦੀ ਜਾਣਕਾਰੀ ਵੀ ਮਿਲਦੀ ਹੈ। ਉਹ ਵੇਖਦੇ ਹਨ ਕਿ ਇਥੇ ਕਿਸਾਨ ਵੀਰਾਂ ਤੇ ਭੈਣਾਂ ਨੂੰ ਵਿਗਿਆਨਕ ਖੇਤੀ ਦੇ ਲਾਭ, ਕੁਦਰਤੀ ਸਰੋਤਾਂ ਦੀ ਬੱਚਤ ਕਰਨ ਤੇ ਆਪਣੀ ਉਪਜ ਦਾ ਵਧ ਤੋਂ ਵੱਧ ਮੁੱਲ ਲੈਣ ਦੇ ਢੰਗ ਤਰੀਕੇ ਦੱਸੇ ਜਾਂਦੇ ਹਨ। ਖੇਤੀ ਮਸ਼ੀਨਰੀ ਤੇ ਹੋਰ ਖੇਤੀ ਵਸਤਾਂ ਦੀ ਪ੍ਰਦਰਸ਼ਨੀ ਇਨ੍ਹਾਂ ਮੇਲਿਆਂ ਦੀ ਜਿੰਦ ਜਾਨ ਹੈ। ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਖੇਤੀ ਵਿਚ ਮੱਲਾਂ ਮਾਰਨ ਵਾਲਿਆਂ ਦਾ ਸਨਮਾਨ ਕੀਤਾ ਜਾਂਦਾ ਹੈ। ਇਨ੍ਹਾਂ ਤੋਂ ਅੱਜ ਦੇ ਬਾਲਕ ਕੱਲ ਦੇ ਮਾਹਰ ਬਣਨ ਦਾ ਸੁਪਨਾ ਲੈਂਦੇ ਹਨ।

ਇਨ੍ਹਾਂ ਮੇਲਿਆਂ ਵਿਚ ਕਿਸਾਨ ਬੀਬੀਆਂ ਲਈ ਹੱਥ ਦੀਆਂ ਬੁਣੀਆਂ ਵੱਖੋ ਵੱਖਰੀਆਂ ਵਸਤਾਂ ਦੀ ਪ੍ਰਦਰਸ਼ਨੀ ਲਗਦੀ ਹੈ ਤੇ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਸਿਲਾਈ, ਕਢਾਈ, ਅਚਾਰ, ਚਟਣੀਆਂ, ਮੁਰੱਬੇ ਕਿਵੇਂ ਤਿਆਰ ਕੀਤੇ ਜਾਂਦੇ ਹਨ ਤੇ ਇਨ੍ਹਾਂ ਦੀ ਵਿਕਰੀ ਕਿਵੇਂ ਕਰਨੀ ਹੈ। ਬੱਚੇ ਮੱਝਾਂ, ਗਾਈਆਂ, ਬੱਕਰੀਆਂ, ਸੂਰ, ਮੁਰਗੇ, ਮੱਛੀਆਂ ਪਾਲਣ ਬਾਰੇ ਵੀ ਜਾਣਕਾਰੀ ਲੈਂਦੇ ਹਨ।

ਸੰਚਾਰ ਕੇਂਦਰ ਦੀ ਸੱਜਰੀ ਫੇਰੀ ਸਮੇਂ ਇਹ ਵੀ ਪਤਾ ਲੱਗਾ ਕਿ ਹੁਣ ਯੂਨੀਵਰਸਿਟੀ ਨੇ 'ਖੇਤੀ ਸੰਦੇਸ਼' ਨਾਂ ਦਾ ਡਿਜੀਟਲ ਅਖਬਾਰ ਵੀ ਜਾਰੀ ਕੀਤਾ ਹੈ, ਜਿਸ ਰਾਹੀਂ ਸਾਰੀ ਜਾਣਕਾਰੀ ਸਿੱਧੀ ਕਿਸਾਨਾਂ ਦੇ ਮੋਬਾਈਲ ਫੋਨ ਉਤੇ ਪਹੁੰਚ ਜਾਂਦੀ ਹੈ। ਇਸੇ ਤਰ੍ਹਾਂ ਪੀ. ਏ. ਯੂ. ਮੋਬਾਈਲ ਐਪ ਦਾ ਕਿਸੇ ਵੀ ਸਮਾਰਟ ਫੋਨ 'ਤੇ ਡਾਊਨ ਲੋਡ ਕਰਕੇ ਲਾਭ ਲਿਆ ਜਾ ਸਕਦਾ ਹੈ। ਇਥੇ ਹੀ ਬੱਸ ਨਹੀਂ, ਸਮਾਜਕ ਜ਼ਿੰਮੇਵਾਰੀਆਂ ਪ੍ਰਤੀ ਚੇਤੰਨ ਕਰਨ ਲਈ 'ਸਾਡੇ ਵਿਆਹ, ਸਾਡੇ ਭੋਗ-ਨਾ ਕਰਜ਼ਾ, ਨਾ ਚਿੰਤਾ ਰੋਗ' ਆਦਿ ਨਾਅਰੇ ਕਿਸਾਨ ਵੀਰਾਂ ਤੇ ਭੈਣਾਂ ਨੂੰ ਸਿਹਤਮੰਦ ਜੀਵਨ ਲਈ ਪ੍ਰੇਰਦੇ ਹਨ। ਖੂਬੀ ਇਹ ਕਿ ਮੇਰੇ ਸਮੇਂ ਦੇ ਪ੍ਰੋਗਰੈਸਿਵ ਫਾਰਮਿੰਗ ਤੇ ਚੰਗੀ ਖੇਤੀ ਮਾਸਕ ਰਸਾਲਿਆਂ ਦੀ ਸਰਦਾਰੀ ਹਾਲੇ ਵੀ ਕਾਇਮ ਹੈ। ਨਵੇਂ ਵਸੀਲੇ ਆਰਜ਼ੀ ਹੋਣ ਕਾਰਨ ਜਾਗ੍ਰਿਤੀ ਤਾਂ ਖੂਬ ਫੈਲਾਉਂਦੇ ਹਨ, ਪਰ ਕਿਸਾਨਾਂ ਦੀ ਤਸੱਲੀ ਲਿਖਤੀ ਸ਼ਬਦਾਂ ਨਾਲ ਹੀ ਹੁੰਦੀ ਹੈ, ਜੋ ਇਨ੍ਹਾਂ ਦੀ ਦੇਣ ਹੈ। ਇਹ ਰਸਾਲੇ 1966 ਤੋਂ ਲਗਾਤਾਰ ਛਪ ਰਹੇ ਹਨ। ਇੱਕ ਪੜਾਅ ਉਤੇ ਪੰਜਾਬੀ ਦਾ ਪ੍ਰਸਿੱਧ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਇਨ੍ਹਾਂ ਦੇ ਸੰਪਾਦਕੀ ਬੋਰਡ ਦਾ ਚੇਅਰਮੈਨ ਰਿਹਾ ਹੈ ਤੇ ਉਸ ਤੋਂ ਪਿੱਛੋਂ ਮੈਂ ਵੀ।

**ਅੰਤਿਕਾ: ਮਾਧਵ ਕੌਸ਼ਿਕ**

ਦਾਸਤਾਂ ਅਪਨੀ ਹੈ ਸਬ ਕੀ
ਦਾਸਤਾਨੋਂ ਕੇ ਖਿਲਾਫ।
ਏਕ ਮੁੱਦਤ ਸੇ ਖੜੇ ਹੈਂ
ਆਸਮਾਨੋਂ ਕੇ ਖਿਲਾਫ।
ਇਸ ਤਰਹ ਰਚ ਬਸ ਗਈ
ਸਾਂਸੋਂ ਮੇਂ ਧਰਤੀ ਕੀ ਮਹਿਕ
ਹਾਥ ਉਠ ਜਾਤੇ ਹੈਂ ਅਕਸਰ
ਆਸਮਾਨੋਂ ਕੇ ਖਿਲਾਫ।

# ਸੁੰਨ ਦੀ ਸੰਵੇਦਨਾ

*(ਪਿਛਲੇ ਸਫੇ ਦੀ ਬਾਕੀ)*

ਇਕ ਸੁੰਨ ਹੁੰਦੀ ਰੂਹ ਦੀ ਸਿਰਜੀ
ਤੇ ਸੱਖਣੀ ਰੂਹ ਦਾ ਰੱਜ
ਇਸ ਸੁੰਨ ਵਿਚੋਂ ਹੀ ਰੌਸ਼ਨ ਹੁੰਦਾ
ਪਲ ਪਲ ਲੰਘਦਾ ਅੱਜ
ਇਸ ਸੁੰਨ ਦੀ ਸ਼ਰਣੀਂ ਆ ਜਾ
ਬਣ ਸੁਖਨ ਦਾ ਹਾਣੀ
ਇਸ ਸੁੰਨ ਵਿਚੋਂ ਹੀ ਹਰ ਯੁੱਗ ਨੇ
ਆਪਣੀ ਔਕਾਤ ਪਛਾਣੀ
ਤੇ ਇਸ ਵਿਚ ਹੀ ਖਤਮ ਹੋ ਕੇ
ਤੁਰਦੀ ਨਵੀਂ ਕਹਾਣੀ।

ਅੱਜ ਕੱਲ ਇਕ ਮਾਰੂ ਸੁੰਨ ਖੇਤਾਂ ਵਿਚ ਦਨਦਨਾਉਂਦੀ ਫਿਰਦੀ ਏ, ਜੋ ਖੁਦਕੁਸ਼ੀਆਂ ਨੂੰ ਜਨਮਦੀ, ਜ਼ਹਿਰ ਉਗਲਦੀ ਹਰੇਕ ਪ੍ਰਾਣੀ ਨੂੰ ਮੌਤ ਮੰਨਤ ਨਾਲ ਵਰਸਾਉਂਦੀ ਖੇਤ, ਆਤ, ਔਲ੍ਹਾਂ, ਬੰਨਿਆਂ ਅਤੇ ਕਿਆਰਿਆਂ ਦੇ ਨਾਮ ਮਾਤਮ ਲਾਉਂਦੀ ਤੇ ਕਲਯੁਗ ਵਰਤਾਉਂਦੀ ਹਰ ਪਿੰਡ ਦੀ ਜੂਹ ਨੂੰ ਕੁਲਹਿਣੀ ਬਣਾ ਰਹੀ ਏ। ਜੇ ਅਸੀਂ ਇਸ ਸੁੰਨ ਨੂੰ ਨਾ ਤੋੜਿਆ ਤਾਂ ਬਹੁਤ ਕੁਝ ਸਮੇਂ ਦੇ ਗਰਭ ਵਿਚ ਗੁਆਚ ਜਾਵੇਗਾ, ਜੋ ਕਦੇ ਮਨੁੱਖ ਦਾ ਹਾਸਲ ਹੁੰਦਾ ਸੀ। ਇਹ ਮਨੁੱਖ ਨੇ ਆਪਣੇ ਹੱਥੀਂ ਹੀ ਗਵਾ ਲਿਆ। ਜਦ ਮਨੁੱਖ ਹੀ ਆਪਣੀ ਕਬਰ ਖੋਦਣ ਲੱਗੇ, ਅਰਥੀ ਢੋਣ ਲੱਗੇ, ਕੀਰਨਿਆਂ ਤੇ ਵਿਰਲਾਪਾਂ ਨੂੰ ਗਾਉਣ ਲੱਗੇ ਅਤੇ ਸਿਖਰ ਦੁਪਹਿਰੇ ਹੀ ਸੂਰਜ ਡੁੱਬ ਜਾਣ ਦੀਆਂ ਬਾਤਾਂ ਪਾਉਣ ਲੱਗ ਪਵੇ ਤਾਂ ਕਾਲੀ-ਬੋਲੀ ਹਨੇਰੀ ਦਸਤਕ ਤਾਂ ਦੇਵੇਗੀ ਹੀ।

ਸੁੰਨ ਨੂੰ ਸਿਰਤ, ਸਾਧਨਾ, ਸਾਦਗੀ ਅਤੇ ਸਮਰਪਣ ਨਾਲ ਤੋਰੋ ਕਿ ਇਸ ਦੀ ਕਰਮ-ਜਾਚਨਾ ਵਿਚੋਂ ਸੂਹਜ, ਸਹਿਜ, ਸਮਰੱਥਾ, ਸਫਲਤਾ ਅਤੇ ਸ਼ਿਲਾਲੇਖ ਸਮਿਆਂ ਦਾ ਹਾਸਲ ਬਣੇ।

ਸੁੰਨ ਵਿਚ ਕਦੇ ਵੀ ਟੁੱਟੇ ਕਲੀਰੇ, ਤਿੜਕੀਆਂ ਵੰਗਾਂ, ਪੂੰਝੇ ਸੰਧੂਰ ਜਾਂ ਲੀਰਾਂ-ਲਿਬਾਸ ਨਾ ਧਰੋ, ਸਗੋਂ ਇਸ ਨੂੰ ਅੰਤਰੀਵੀ ਸੁੰਦਰਤਾ, ਸਿਆਣਪ ਅਤੇ ਸੁਘੜ-ਸੰਵੇਦਨਾ ਸੰਗ ਵਰੋ ਤਾਂ ਇਸ ਦੀਆਂ ਬਰੂਹਾਂ ਵਿਚ ਬੋਲਾਂ ਨੂੰ ਗੁਟਕਣੀ, ਹਾਕ ਨੂੰ ਹੁੰਗਾਰਾ, ਕੋਰੇ ਵਰਕਿਆਂ ਨੂੰ ਹਰਫ-ਦਾਨ, ਚੁੱਪ ਨੂੰ ਰੌਣਕ, ਠੰਢੇ ਚੁੱਲ੍ਹਿਆਂ ਨੂੰ ਚੁਗਲੀਆਂ ਕਰਦੀ ਅੱਗ ਅਤੇ ਨੀਰ-ਹੀਣਾਂ ਨੂੰ ਆਬ-ਸੌਗਾਤ ਦਾ ਸ਼ਰਫ ਹਾਸਲ ਹੋਵੇ। ਕਮਰਿਆਂ ਵਿਚ ਬੱਚਿਆਂ ਦਾ ਸ਼ੋਰ-ਓ-ਗੁੱਲ ਮਚਲਦਾ ਫਿਰੇ, ਕੰਧਾਂ ਨੂੰ ਮਾਰੀਆਂ ਲੀਕਾਂ ਵਿਚੋਂ ਉਮੀਦ ਨਜ਼ਰ ਆਵੇ, ਅਲਮਾਰੀਆਂ 'ਚ ਸਹਿਮੇ ਖਿਡੌਣਿਆਂ ਨੂੰ ਨਿੱਕੇ ਜਿਹੇ ਹੱਥਾਂ ਦੀ ਕੋਮਲ ਛੋਹ ਮਹਿਸੂਸ ਹੋਵੇ ਅਤੇ ਕਮਰਿਆਂ ਨੂੰ ਘਰ ਦਾ ਨਸੀਬ ਮਿਲੇ।

ਉਸ ਸੁੰਨ ਨੂੰ ਕਦੇ ਵੀ ਪ੍ਰਗਟਾਇਆ ਨਹੀਂ ਜਾ ਸਕਦਾ, ਜੋ ਬਹੁਤ ਹੀ ਪਿਆਰੇ ਨੂੰ ਮਿਲਣ 'ਤੇ ਨਾਜ਼ਲ ਹੁੰਦੀ। ਅਹਿਮ ਪ੍ਰਾਪਤੀ ਦੇ ਮੌਕੇ ਬੋਲਾਂ ਵਿਚ ਉਤਰਦੀ। ਅਸੀਮ ਖੁਸ਼ੀ ਦੇ ਪਲਾਂ ਵਿਚ ਮਨ-ਮਸਤਕ 'ਤੇ ਤਾਰੀ ਹੁੰਦੀ। ਬਚਪਨੀ-ਸ਼ਰਾਰਤਾਂ ਵਿਚ ਗਵਾਚੇ ਬੱਚੇ ਦਾ ਕਰਮ-ਭਾਗ ਬਣਦੀ। ਮਮਤਾ ਨੈਣੀਂ ਉਤਰ ਕੇ ਲਾਡ ਲਡਾਉਂਦੀ ਜਾਂ ਬਾਪ ਦੀ ਤੱਕਣੀ ਵਿਚ ਪ੍ਰਗਟਦੀ, ਜਦ ਲਾਡਲੇ ਦੀ ਪ੍ਰਾਪਤੀ ਉਸ ਦੇ ਸਮਿਆਂ ਨੂੰ ਹੋਰ ਉਚੇਰਾ ਕਰਦੀ। ਅਜਿਹੀ ਸੁੰਨ ਸਦਕਾ ਹੀ ਸਮਿਆਂ ਦੀ ਬੀਹੀ ਵਿਚ ਜੀਵਨ-ਨਾਦ ਗੂੰਜਦਾ। ਇਸ 'ਚੋਂ ਹੀ ਜੀਵਨ ਨੂੰ ਬਰਕਤਾਂ ਭਰਪੂਰ ਜੀਵਨ-ਯਾਤਰਾ ਹਾਸਲ ਹੁੰਦੀ, ਜੋ ਤੁਰ ਜਾਣ ਪਿਛੋਂ ਵੀ ਲੋਕ-ਯਾਦ ਦਾ ਹਿੱਸਾ ਬਣ ਕੇ ਸਦਾ ਜਿਉਂਦੀ ਰਹਿੰਦੀ।

ਅਜਿਹੀ ਯਾਦ ਬਣਨ ਦੀ ਕਾਮਨਾ ਤਾਂ ਕਲਮ ਹਮੇਸ਼ਾ ਹੀ ਕਰਦੀ ਰਹੇਗੀ।

**550ਵੇਂ ਪ੍ਰਕਾਸ਼ ਦਿਹਾੜੇ 'ਤੇ**

# ਮਿਟੀ ਧੁੰਧੁ ਜਗਿ ਚਾਨਣੁ ਹੋਆ

***ਧੁੰਦ ਅਗਿਆਨ ਦਾ ਪਸਾਰਾ ਹੈ। ਬਾਬੇ ਨਾਨਕ ਨੇ ਦੁਨੀਆਂ ਵਿਚ ਇਸੇ ਧੁੰਦ ਨੂੰ ਮਿਟਾਉਣ ਦਾ ਹੰਭਲਾ ਮਾਰਿਆ ਸੀ। ਤਾਂ ਹੀ ਤਾਂ ਭਾਈ ਗੁਰਦਾਸ ਨੇ ਕਿਹਾ ਸੀ, "ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।" ਅਫਸੋਸ ਇਸ ਗੱਲ ਦਾ ਹੈ ਕਿ ਅਸੀਂ ਬਾਬੇ ਨਾਨਕ ਦੇ ਦਿੱਤੇ ਗਿਆਨ ਨੂੰ ਵਿਸਾਰ ਚੁਕੇ ਹਾਂ ਅਤੇ ਸਾਡੇ ਧਾਰਮਿਕ ਤੇ ਸਿਆਸੀ ਰਹਿਬਰ ਸਿਰਫ ਅਗਿਆਨ ਦੀ ਧੁੰਦ ਦਾ ਪਸਾਰਾ ਕਰ ਰਹੇ ਹਨ। ਆਪਣੇ ਵੱਖਰੇ ਅੰਦਾਜ਼ ਵਿਚ ਲਿਖਣ ਵਾਲੇ ਮਝੈਲ ਸਿੰਘ ਸਰਾਂ ਨੇ ਇਸ ਲੇਖ ਵਿਚ ਅਗਿਆਨ ਦੀ ਇਸੇ ਧੁੰਦ ਤੋਂ ਬਚਣ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ। -ਸੰਪਾਦਕ***

ਧੁੰਦ ਕੁਦਰਤ ਦਾ ਅਜਿਹਾ ਵਰਤਾਰਾ ਹੈ ਕਿ ਇਹ ਹਰ ਦਿਸਦੀ ਚੀਜ਼ 'ਤੇ ਪਰਦਾ ਪਾ ਕੇ ਢਕਣ ਦੇ ਸਮਰਥ ਹੈ। ਧੁੰਦ ਕੋਈ ਵੀ ਸਥੂਲ ਚੀਜ਼ ਨਹੀਂ, ਜੋ ਪਕੜ 'ਚ ਆ ਸਕੇ; ਨਾ ਹੀ ਧੁੰਦ ਨੂੰ ਦਿਨ-ਰਾਤ ਦਾ ਕੋਈ ਫਰਕ ਪੈਂਦਾ, ਪਰ ਇਹਦੇ ਵਿਚ ਇੰਨੀ ਤਾਕਤ ਹੈ ਕਿ ਚਲਦੀ ਜ਼ਿੰਦਗੀ ਵਿਚ ਖੜ੍ਹੋਤ ਲਿਆ ਦਿੰਦੀ ਹੈ। ਚੰਗੀ ਭਲੀ ਚਲਦੀ ਸੜਕ ਸੁੰਨ ਮਸਾਣ ਕਰ ਦਿੰਦੀ, ਅਸਮਾਨੀਂ ਚੜ੍ਹੇ ਜਹਾਜ਼ਾਂ ਨੂੰ ਥੱਲੇ ਲੁਹਾ ਦਿੰਦੀ ਤੇ ਸਮੁੰਦਰ 'ਚ ਜਾਂਦੇ ਪਿੰਡਾਂ ਜਿੱਡੇ ਸਮੁੰਦਰੀ ਜਹਾਜਾਂ ਨੂੰ ਰੋਕ ਲੈਂਦੀ ਇਹ ਧੁੰਦ।

ਕਈ ਇਤਿਹਾਸਕ ਲੜਾਈਆਂ ਦਾ ਰੁਖ ਬਦਲ ਦਿੱਤਾ ਇਸ ਧੁੰਦ ਨੇ, ਜਿੱਤ ਨੂੰ ਹਾਰ ਤੇ ਹਾਰ ਨੂੰ ਜਿੱਤ ਵਿਚ ਬਦਲ ਦਿੱਤਾ! 27 ਅਗਸਤ 1776 ਨੂੰ ਬਰੁਕਲਿਨ ਦੀ ਲੜਾਈ ਵਿਚ ਜੇ ਰਾਤ ਨੂੰ ਧੁੰਦ ਨਾ ਪੈਂਦੀ ਤਾਂ ਸ਼ਾਇਦ ਅਮਰੀਕਾ ਦਾ ਨਕਸ਼ਾ ਵੀ ਕੁਝ ਹੋਰ ਹੁੰਦਾ ਤੇ ਜਾਰਜ ਵਾਸ਼ਿੰਗਟਨ ਦਾ ਨਸੀਬ ਵੀ ਵੱਖਰਾ ਹੁੰਦਾ। ਦੂਰ ਕਿਵੇਂ ਕੀਤੀ ਜਾਏ ਇਹ ਧੁੰਦ, ਇਨਸਾਨ ਦੇ ਵੱਸ 'ਚ ਨਹੀਂ। ਹਨੇਰੇ ਦਾ ਹੱਲ ਹੈ ਰੋਸ਼ਨੀ, ਜੋ ਇਨਸਾਨ ਦੇ ਵੱਸ ਹੈ, ਪਰ ਧੁੰਦ ਦਾ ਹੱਲ ਸਿਰਫ ਤੇ ਸਿਰਫ ਕੁਦਰਤ ਜਾਂ ਸਿਰਜਣਹਾਰੇ ਦੇ ਹੱਥ!

ਧੁੰਦ! ਇੱਕਲੀ ਕੁਦਰਤੀ ਵਰਤਾਰਾ ਹੀ ਨਹੀਂ, ਸਗੋਂ ਇਹ ਤਾਂ ਆਦਮੀ ਦੇ ਦਿਮਾਗ ਵਿਚ ਵੀ ਪੈ ਜਾਂਦੀ ਆ। ਇਸੇ ਸਾਲ ਮਈ ਮਹੀਨੇ ਹੋਈਆਂ ਚੋਣਾਂ ਵੇਲੇ 'ਮਿਟੀ ਧੁੰਧੁ ਜਗਿ ਚਾਨਣੁ ਹੋਆ' ਗਾਉਣ ਵਾਲਿਆਂ 'ਤੇ ਐਸੀ ਧੁੰਦ ਪਈ

**ਮਝੈਲ ਸਿੰਘ ਸਰਾਂ**

ਕਿ ਉਹ ਆਪਣੇ ਹੀ ਪੁੱਤਾਂ ਦੀਆਂ ਲਾਵਾਰਿਸ ਲਾਸ਼ਾਂ ਦੀ ਨਿਸ਼ਾਨਦੇਹੀ ਕਰਨ ਦੇ ਉਲਟ ਲਾਸ਼ਾਂ ਦੇ ਵਪਾਰੀਆਂ ਨਾਲ ਜਾ ਖੜ੍ਹੇ ਹੋਏ। ਧੁੰਦ ਸਮਾਜ ਨੂੰ ਵੀ ਆਪਣੀ ਗਲਵੱਕੜੀ ਵਿਚ ਜਕੜ ਲੈਂਦੀ, ਕਾਨੂੰਨ ਦੀ ਐਨਕ ਨੂੰ ਧੁੰਦਲਾ ਕਰ ਜਾਂਦੀ। ਰਾਜ ਸੱਤਾ 'ਤੇ ਵੀ ਕਾਬਜ਼ ਹੋ ਜਾਂਦੀ ਆ ਤੇ ਅਕਸਰ ਜ਼ੁਲਮ ਨੂੰ ਇਨਸਾਫ ਬਣਾ ਕੇ ਪਰੋਸ ਦਿੰਦੀ ਧੁੰਦ।

ਸਭ ਤੋਂ ਖਤਰਨਾਕ ਹੁੰਦੀ ਧਾਰਮਿਕ ਧੁੰਦ, ਜੋ ਪੁਜਾਰੀ ਧਰਮ ਦਾ ਲਿਬਾਸ ਪਾ ਕੇ ਅਧਰਮ ਫੈਲਾਉਂਦੇ। ਭਰਮ ਨੂੰ ਸੱਚ ਬਣਾ ਕੇ ਲੋਕਾਂ ਦੀ ਸਹਿਮਤੀ ਨਾਲ ਉਨ੍ਹਾਂ ਦੀ ਹੀ ਹਰ ਤਰ੍ਹਾਂ ਦੀ ਲੁੱਟ ਖਸੁੱਟ ਕੀਤੀ ਜਾਂਦੀ। ਪੁਜਾਰੀ ਦੀ ਧੁੰਦ ਬੜੇ ਖੌਫਨਾਕ ਨਤੀਜੇ ਕੱਢਦੀ, ਅਸੀਂ ਆਹ ਪਿਛੇ ਜਿਹੇ ਦੇਖਿਆ ਈ ਆ ਕਿ ਇੱਕ ਪੁਜਾਰੀ ਨੇ ਇੱਕ ਧਾਰਮਿਕ ਥਾਂ ਤੋਂ ਇਹ ਕਹਿ ਦਿੱਤਾ ਕਿ ਫਲਾਣੇ ਮੁਸਲਮਾਨ ਦੇ ਘਰ ਗਾਂ ਦਾ ਮਾਸ ਪਿਆ, ਬੱਸ ਕਿਸੇ ਨੇ ਜਾਣਨ ਦੀ ਕੋਸ਼ਿਸ਼ ਨਾ ਕੀਤੀ! ਜਾ ਕਤਲ ਕੀਤਾ ਉਹ ਮੁਸਲਮਾਨ, ਉਹਦੇ ਆਪਣੇ ਹੀ ਘਰ ਵਿਚ ਤੇ ਸਾਰੇ ਮੁਲਕ ਵਿਚ ਫੈਲ ਗਈ ਮੁਤੱਸਬੀ ਅੱਗ।

ਪੁਜਾਰੀ ਜਦੋਂ ਰਾਜ ਸਿੰਘਾਸਨ ਵਾਲਿਆਂ ਨਾਲ ਰਲ ਕੇ ਧੁੰਦ ਦਾ ਜ਼ਰੀਆ ਬਣਦਾ, ਉਦੋਂ ਉਹਦਾ ਕਹਿਰ ਸਿਖਰ 'ਤੇ ਹੁੰਦਾ। 1947 'ਚ ਪੰਜਾਬ ਦੀ ਵੰਡ ਵੇਲੇ ਹੋਇਆ ਕਤਲੇਆਮ ਇੱਕ ਮਿਸਾਲ ਆ। ਇਨ੍ਹਾਂ ਧਾਰਮਿਕ ਲੋਕਾਂ ਬਾਰੇ ਲਿਬਨਾਨ ਦੇ ਸੰਸਾਰ ਪ੍ਰਸਿੱਧ ਲੇਖਕ ਖਲੀਲ ਜ਼ਿਬਰਾਨ ਨੇ ਕਿਹਾ ਹੈ, "ਪੂਰਬ ਦੇ ਧਾਰਮਿਕ ਮੁਖੀ ਈਸਾਈ ਪਾਦਰੀ, ਮੁਸਲਿਮ ਇਮਾਮ ਤੇ ਬ੍ਰਾਹਮਣ ਪੁਜਾਰੀ ਸਮੁੰਦਰੀ ਖੂੰਖਾਰ ਜੀਵਾਂ ਵਾਂਗ ਹੁੰਦੇ ਹਨ, ਜੋ ਆਪਣੇ ਸ਼ਿਕਾਰ ਨੂੰ ਸ਼ਿਕੰਜਿਆਂ ਵਿਚ ਜਕੜ ਕੇ ਅਨੇਕਾਂ ਮੂੰਹਾਂ ਨਾਲ ਉਨ੍ਹਾਂ ਦਾ ਖੂਨ ਚੂਸਦੇ ਹਨ।"

ਬਾਈਬਲ ਅਨੁਸਾਰ ਧੁੰਦ ਰੂਹਾਨੀਅਤ ਦੇ ਰਾਹ ਦਾ ਰੋੜਾ ਹੈ, ਇਹ ਅਸਲੀਅਤ ਤੇ ਨਕਲ ਦੇ ਵਿਚਾਲੇ ਪਰਛਾਵਾਂ ਹੈ, ਜੋ ਅਸਲੀਅਤ ਨੂੰ ਸਦਾ ਲੁਕੋਈ ਰੱਖਦਾ। ਉਨੀਵੀਂ ਸਦੀ ਦੇ ਅੰਗਰੇਜ਼ੀ ਕਵੀ ਬ੍ਰਾਊਨਿੰਗ ਮੁਤਾਬਕ ਧੁੰਦ ਮੌਤ ਦੀ ਨਿਸ਼ਾਨੀ ਹੁੰਦੀ। ਇਸਲਾਮ ਵਿਚ ਧੁੰਦ ਨੂੰ ਕਿਆਮਤ ਨਾਲ ਵੀ ਜੋੜਿਆ ਗਿਆ, ਜਿਸ ਵਿਚ ਸਾਰੇ ਕਾਫਿਰ ਬੇਹੋਸ਼ ਹੋ ਜਾਣਗੇ ਤੇ ਮੁਸਲਮਾਨ ਬਚਣਗੇ। ਸਾਹਿਤ ਵਿਚ ਜਦੋਂ ਕਿਸੇ ਚੀਜ਼ ਨੂੰ ਅਸਪਸ਼ਟ, ਅਗਿਆਨ, ਭੇਤ, ਉਲਝਣ, ਨਕਲੀ, ਭੁਲੇਖਾ, ਭਰਮ ਵਗੈਰਾ ਦੱਸਣਾ ਹੋਵੇ ਤਾਂ ਲਫਜ਼ ਧੁੰਦ ਜਾਂ ਧੁੰਦਲਾ ਵਰਤਿਆ ਜਾਂਦਾ। ਧੁੰਦ ਨੂੰ ਕਰੀਬ ਸਾਰੇ ਵੱਡੇ ਧਰਮਾਂ ਨੇ ਇੱਕ ਵਿਨਾਸ਼ਕਾਰੀ ਵਜੋਂ ਲਿਆ ਸਿਵਾਏ ਇੱਕ ਧਰਮ ਦੇ, ਜਿਸ ਵਿਚ ਇਹ ਵੀ ਇੱਕ ਦੇਵਤਾ ਹੈ। ਧੁੰਦ ਬਾਰੇ ਇਹ ਥੋੜ੍ਹਾ ਜਿਹਾ ਜ਼ਿਕਰ ਤਾਂ ਕੀਤਾ ਕਿ ਜਦੋਂ ਆਪਾਂ ਭਾਈ ਗੁਰਦਾਸ ਜੀ ਦਾ ਸ਼ਬਦ 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ' ਪੜ੍ਹੀਏ ਤਾਂ ਇਹ ਜ਼ਿਹਨ ਵਿਚ ਰਹੇ ਕਿ ਇਹ ਸ਼ਬਦ ਸਿਰਫ ਪ੍ਰਭਾਤ ਫੇਰੀਆਂ 'ਤੇ ਗਾਉਣ, ਸੁਣਨ ਤੇ ਬਦਾਨਾ-ਬੂੰਦੀ ਖਾਣ ਤੱਕ ਹੀ ਸੀਮਿਤ ਨਾ ਰਹੇ, ਧੁੰਦ ਨੂੰ ਬਾਬੇ ਨਾਨਕ ਨੇ ਆਪਣੀ ਜ਼ਿੰਦਗੀ ਦਾ ਹਰ ਦਿਨ, ਹਰ ਪਲ, ਹਰ ਦੁਨਿਆਵੀ ਦੁੱਖ-ਤਕਲੀਫ, ਮੁਸੀਬਤ ਨੂੰ ਆਪਣੇ ਪਿੰਡੇ 'ਤੇ ਹੰਢਾ ਕੇ ਮਿਟਾਇਆ ਤਾਂ ਜਗਤ ਵਿਚ ਚਾਨਣ ਹੋਇਆ। ਜ਼ਿੰਦਗੀ ਦਾ ਕਿਹੜਾ ਦਿਨ ਸੀ, ਜਿੱਦਣ ਇਸ ਧੁੰਦ ਨੇ ਬਾਬੇ ਦਾ ਰਾਹ ਰੋਕਣ ਦਾ ਯਤਨ ਨਾ ਕੀਤਾ ਹੋਵੇ।

ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਵਕਤ ਜੋ ਹਾਲਾਤ ਸਨ, ਉਹ ਆਪਾਂ ਇਤਿਹਾਸ ਵਿਚ ਪੜ੍ਹੇ ਹੋਏ ਹਨ, ਇੱਕੋ ਲਫਜ਼ ਵਿਚ ਜੇ ਕਹਿਣਾ ਹੋਵੇ ਤਾਂ ਸਭ ਪਾਸੇ 'ਗੂੜ੍ਹੀ ਧੁੰਦ' ਸੀ ਤੇ ਬਾਬੇ ਨਾਨਕ ਦੀ ਪੈਗੰਬਰੀ ਆਮਦ ਇਸ ਧੁੰਦ ਨੂੰ ਮਿਟਾਉਣ ਖਾਤਿਰ ਹੀ ਹੋਈ। ਜਨਮ ਤੋਂ ਲੈ ਕੇ ਪਰਲੋਕ ਗਮਨ ਤੱਕ ਬਾਬਾ ਨਾਨਕ ਇਸ ਧੁੰਦ ਨਾਲ ਦੋ ਦੋ ਹੱਥ ਕਰਦਾ ਰਿਹਾ। ਜਿਥੇ ਬਾਬਾ ਰੱਬੀ ਬਾਣੀ ਦੇ ਛੱਟੇ ਮਾਰ ਕੇ ਲੋਕਾਈ ਨੂੰ ਇਸ ਧੁੰਦ ਤੋਂ ਛੁਟਕਾਰਾ ਦਿਵਾਉਂਦਾ ਰਿਹਾ, ਉਥੇ ਖੁਦ ਧੁੰਦ ਨਾਲ ਟੱਕਰ ਕੇ ਚਾਨਣ ਵੰਡਦਾ ਰਿਹਾ।

ਇਥੇ ਆਪਾਂ ਸਿਰਫ ਬਾਬੇ ਨਾਨਕ ਨਾਲ ਜੁੜੀਆਂ ਕੁਝ ਪ੍ਰਚਲਿਤ ਕਥਾਵਾਂ ਸਾਂਝੀਆਂ ਕਰਾਂਗੇ, ਜਿਨ੍ਹਾਂ ਤੋਂ ਪਤਾ ਲੱਗੂ ਕਿ ਉਨ੍ਹਾਂ ਦੀ ਪੈਗੰਬਰੀ ਸੁਰਤ ਦੀ ਪਹੁੰਚ ਕਿਥੋਂ ਤੱਕ ਸੀ ਤਾਂ ਕਿ ਜੋ ਉਹਦਾ ਕਰਾਮਾਤੀ ਅਕਸ ਸਾਡੇ ਮਨਾਂ ਵਿਚ ਬੈਠਾਇਆ ਗਿਆ ਹੈ, ਉਹ ਵੀ ਨਿਕਲ ਜਾਵੇ। ਸੱਤ ਸਾਲ ਦੀ ਉਮਰ ਵਿਚ ਬਾਲ ਨਾਨਕ ਨੂੰ ਪਹਿਲਾਂ ਪੰਡਿਤ ਗੋਪਾਲ ਤੇ ਫਿਰ ਪੰਡਿਤ ਬ੍ਰਿਜ ਨਾਥ ਕੋਲ ਪੜ੍ਹਨ ਪਾ ਦਿੱਤਾ, ਜੋ ਸੰਸਕ੍ਰਿਤ ਦੇ ਨਾਲ ਨਾਲ ਹਿੰਦੂ ਸ਼ਾਸਤਰਾਂ ਦਾ ਵੀ ਵਿਦਵਾਨ ਸੀ। ਬਾਬਾ ਨਾਨਕ ਦੋ ਸਾਲ ਤੱਕ ਉਥੇ ਪੜ੍ਹਿਆ ਤੇ ਸੰਸਕ੍ਰਿਤ ਸਿੱਖੀ। ਜਦੋਂ ਸ਼ਾਸਤਰਾਂ ਦੀ ਗੱਲ ਹੋਈ ਤਾਂ ਬਾਲ ਨਾਨਕ ਪੰਡਿਤ ਨੂੰ ਉਹ ਸੁਆਲ ਪੁੱਛਣ ਲੱਗਾ, ਜਿਨ੍ਹਾਂ ਦਾ ਉਸ ਕੋਲ ਕੋਈ ਜੁਆਬ ਨਹੀਂ ਸੀ। ਨਾਨਕ ਰੂਹਾਨੀਅਤ ਦੀਆਂ ਉਹ ਗੱਲਾਂ ਕਰਨ ਲੱਗ ਪਿਆ, ਜੋ ਪੰਡਿਤ ਦੇ ਸ਼ਾਸਤਰਾਂ ਵਿਚੋਂ ਨਹੀਂ ਸਨ ਮਿਲਦੀਆਂ। ਬਾਲ ਨਾਨਕ ਨੇ ਉਸ ਛੋਟੀ ਉਮਰ ਵਿਚ ਹੀ ਸਮਝ ਲਿਆ ਕਿ ਜੋ ਵਿਦਿਆ ਪੰਡਿਤ ਸੰਸਕ੍ਰਿਤ ਵਿਚ ਦਿੰਦਾ, ਉਹ ਤਾਂ ਤਲਵੰਡੀ ਦਾ ਕੋਈ ਵੀ ਬਾਸ਼ਿੰਦਾ ਨਹੀਂ ਸਮਝਦਾ ਤੇ ਉਸ ਵਿੱਦਿਆ ਦਾ ਕੀ ਫਾਇਦਾ ਜੋ ਆਪਣੀ ਬੋਲੀ ਵਿਚ ਨਾ ਹੋਵੇ, ਜਿਸ ਦੀ ਸਮਝ ਨਾ ਪਵੇ?

ਬਾਲ ਨਾਨਕ ਦੀ ਪੈਗੰਬਰੀ ਸੁਰਤ ਨੇ ਜਾਣ ਲਿਆ ਕਿ ਲੋਕਾਂ ਦੇ ਮਨਾਂ ਅੰਦਰ ਜੋ ਧੁੰਦ ਪਈ ਹੋਈ ਹੈ, ਉਹਦਾ ਇੱਕ ਕਾਰਨ ਅਗਿਆਨ ਹੈ ਤੇ ਦੂਜਾ, ਜੋ ਗਿਆਨ ਦਿੱਤਾ ਜਾ ਰਿਹਾ ਹੈ, ਉਹ ਪਰਾਈ ਬੋਲੀ ਵਿਚ ਹੋਣ ਕਰਕੇ ਉਸ ਧੁੰਦ ਨੂੰ ਹੋਰ ਗਹਿਰਾ ਕਰੀ ਜਾਂਦਾ। ਇਥੇ ਬਾਬੇ ਨਾਨਕ ਨੇ ਸਭ ਤੋਂ ਪਹਿਲਾ ਇਨਕਲਾਬੀ ਕਦਮ ਚੁੱਕਿਆ ਤੇ ਗੁਰਮੁਖੀ ਵਿਚ ਪੱਟੀ ਲਿਖ ਕੇ ਪੰਡਿਤ ਨੂੰ ਕਿਹਾ ਕਿ ਐਸ ਬੋਲੀ ਵਿਚ ਗਿਆਨ ਚਾਹੀਦਾ। ਸਦੀਆਂ ਤੋਂ ਚਲੀ ਆ ਰਹੀ ਦੇਵ ਬੋਲੀ ਸੰਸਕ੍ਰਿਤ ਨੂੰ ਸਿੱਧਾ ਚੈਲੰਜ ਸੀ ਇਹ, ਬਾਬੇ ਨਾਨਕ ਦਾ। ਸਾਰੀ ਉਮਰ ਇਸੇ ਬੋਲੀ ਵਿਚ ਰੱਬੀ ਬਾਣੀ ਉਚਾਰ ਕੇ ਇਹ ਦੱਸ ਦਿੱਤਾ ਕਿ ਪੁਜਾਰੀ ਦੀ ਅਖੌਤੀ ਦੇਵ ਬੋਲੀ ਨਾਲੋਂ ਵੀ ਬਿਹਤਰ ਰੱਬੀ ਗਿਆਨ ਲੋਕ ਬੋਲੀ ਗੁਰਮੁਖੀ ਵਿਚ ਹੁੰਦਾ, ਜੋ ਮਨਾਂ ਅੰਦਰ ਪਈ ਧੁੰਦ ਨੂੰ ਦੂਰ ਕਰ ਸਕਦਾ। ਇਹ ਨਾਬਰੀ ਸ਼ਾਇਦ ਪੁਜਾਰੀ ਤੋਂ ਸਹਾਰੀ ਨਾ ਗਈ ਤੇ ਉਦੋਂ ਦਾ ਹੀ ਉਹ ਗੁਰਮੁਖੀ ਨਾਲ ਖੁੰਦਕ ਖਾ ਗਿਆ ਲਗਦਾ, ਜੋ ਅੱਜ ਤੱਕ ਵੀ ਸਿਰੇ ਦੀ ਨਫਰਤ ਪਾਲੀ ਬੈਠਾ ਇਸ ਨਾਲ।

ਬਾਬੇ ਨਾਨਕ ਦੀ ਸੁਰਤ ਇਹ ਵੀ ਜਾਣ ਗਈ ਕਿ ਜੇ ਭੋਲੇ ਭਾਲੇ ਲੋਕਾਂ ਨੂੰ ਅਗਿਆਨ ਦੀ ਧੁੰਦ ਵਿਚੋਂ ਕੱਢਣਾ ਹੈ ਤਾਂ ਸਹੀ ਗਿਆਨ ਜਾਂ ਸਹੀ ਪੜ੍ਹਾਈ ਬਹੁਤ ਜ਼ਰੂਰੀ ਹੈ। ਬਾਬਾ ਕੱਤਈ ਨਹੀਂ ਚਾਹੁੰਦਾ ਹੋਣਾ ਕਿ ਜੋ ਉਹਦੇ ਨਿਰਮਲ ਪੰਥ ਦੇ ਪਾਂਧੀ ਬਣਨ, ਉਹ ਜਾਹਲ, ਅਨਪੜ੍ਹ, ਅਗਿਆਨੀ ਤੇ ਪਿਛਲੱਗ ਹੋਣ। ਨਿਰਮਲ ਪੰਥ ਵਾਲੇ ਐਨੇ ਕੁ ਜ਼ਰੂਰ ਰੌਸ਼ਨ ਦਿਮਾਗ ਹੋਣ ਕਿ ਉਹ ਚੰਗੇ-ਬੁਰੇ ਦੀ ਪਛਾਣ ਕਰ ਸਕਣ, ਉਹਨੂੰ ਇੰਨਾ ਕੁ ਗਿਆਨ ਜ਼ਰੂਰ ਹੋਣਾ ਚਾਹੀਦਾ ਕਿ ਅੱਜ ਪੁਜਾਰੀ ਦੀ ਹਾਕਮ ਜਮਾਤ ਬੜੇ ਸ਼ਾਤਰ ਤਰੀਕੇ ਨਾਲ ਉਹਦੇ ਪੁਰਖਿਆਂ ਦੇ ਇਤਿਹਾਸ ਵਿਚ ਰੌਲ ਘਚੋਲਾ ਪਾ ਰਹੀ ਹੈ।

ਡਰ ਤਾਂ ਇਹ ਵੀ ਹੈ ਕਿ ਸਰਕਾਰੀ ਤੰਤਰ 550 ਸਾਲਾ ਗੁਰਪੁਰਬ ਮਨਾਉਣ ਦੀ ਆੜ ਥੱਲੇ ਬਾਬੇ ਨਾਨਕ ਦੇ ਨਿਰਮਲ ਪੰਥ ਨੂੰ ਭਗਵੇਂ ਰੰਗ ਵਿਚ ਹੀ ਨਾ ਪੇਸ਼ ਕਰ ਦੇਵੇ ਤੇ ਸਿੱਖ ਨਗਰ ਕੀਰਤਨਾਂ ਅੱਗੇ ਬੱਸ ਗਤਕੇ ਖੇਡੀ ਜਾਣ ਤੇ ਅਗਲੇ ਸਾਡੇ ਅਵੇਸਲੇਪਨ ਵਿਚ ਹੀ ਐਸੀ ਧੁੰਦ ਪਾ ਜਾਣ ਕਿ ਸਾਡੀਆਂ ਆਉਣ ਵਾਲੀਆਂ ਪੁਸ਼ਤਾਂ ਇਹਦੀ ਚੀਸ ਸਹਿੰਦੀਆਂ ਫਿਰਨ।

ਗੁਰਦੁਆਰਾ ਪੱਟੀ ਸਾਹਿਬ (ਪਾਕਿਸਤਾਨ) ਕੇਵਲ ਸ਼ਰਧਾ ਵੱਸ ਮੱਥਾ ਟੇਕਣ ਵਾਲੇ ਧਾਰਮਿਕ ਸਥਾਨ ਨਾਲੋਂ ਵੱਧ ਸਾਨੂੰ ਬਾਬੇ ਨਾਨਕ ਦਾ ਇਹ ਸੁਨੇਹਾ ਵੀ ਦਿੰਦਾ ਕਿ ਮਨਾਂ ਅੰਦਰ ਪਈ ਅਗਿਆਨ ਦੀ ਧੁੰਦ ਗਿਆਨ ਨਾਲ ਹਟਣੀ ਆ।

ਗਿਆਰਾਂ ਸਾਲ ਦੀ ਉਮਰ ਵਿਚ ਬਾਬੇ ਨਾਨਕ ਨੂੰ ਜਦੋਂ ਪੰਡਿਤ ਜਨੇਊ ਦੀਆਂ ਰਸਮਾਂ ਦੇ ਮੰਤਰ ਪੜ੍ਹ ਕੇ ਜਨੇਊ ਪਾਉਣ ਲੱਗਾ ਤਾਂ ਬਾਬੇ ਨੇ ਇਹੋ ਹੀ ਪੁੱਛਿਆ ਕਿ ਆਹ ਜੋ ਸੂਤ ਦੇ ਧਾਗੇ ਨੂੰ ਵੱਟ ਦੇ ਕੇ ਗੰਢਾਂ ਦਿੰਨਾਂ, ਇਨ੍ਹਾਂ ਦਾ ਮਤਲਬ ਕੀ ਹੈ? ਪੰਡਿਤ ਕਹੇ ਕਿ ਇਹ ਸ਼ਾਸਤਰਾਂ ਦੀ ਵਿਦਿਆ ਮੁਤਾਬਕ ਹੈ, ਬਾਬਾ ਇਹੋ ਕਹਿੰਦਾ ਹੋਣਾ ਕਿ ਕਿਹੜੇ ਸ਼ਾਸਤਰਾਂ ਦੀ ਗੱਲ ਕਰਦਾ? ਉਨ੍ਹਾਂ ਦੀ, ਜੋ ਸਮਾਜ ਵਿਚ ਵੰਡੀਆਂ ਪਾਉਂਦੇ ਆ? ਰੱਬ ਦੇ ਇਨਸਾਨਾਂ ਨੂੰ ਅਛੂਤ ਗਰਦਾਨ ਕੇ ਪਸੂਆਂ ਤੋਂ ਵੀ ਬਦਤਰ ਜ਼ਿੰਦਗੀ ਬਸਰ ਕਰਨ 'ਤੇ ਮਜ਼ਬੂਰ ਕੀਤਾ ਹੋਇਆ, ਉਹ ਸ਼ਾਸਤਰ ਜੋ ਜਗਤ ਜਣਨੀ ਨੂੰ ਪੈਰ ਦੀ ਜੁੱਤੀ ਕਹਿ ਕੇ ਦੁਰਕਾਰਦੇ ਆ? ਉਨ੍ਹਾਂ ਸ਼ਾਸਤਰਾਂ ਦੀ ਗੱਲ ਕਰਦੈਂ, ਜੋ ਜ਼ਾਲਮ ਹੁਕਮਰਾਨ ਨੂੰ ਨੇਹ-ਕਲੰਕ ਕਹਿ ਕੇ ਵਡਿਆਉਂਦਾ ਅਤੇ ਪੁਜਾਰੀ ਰਿਸ਼ਵਤਖੋਰ ਬਣ ਕੇ ਉਹਦੀ ਪਿੱਠ 'ਤੇ ਹੱਥ ਰੱਖਦਾ, ਤੇ ਧਰਮ ਵਲੋਂ ਮੂੰਹ ਫੇਰ ਲੈਂਦਾ?

ਸਨਾਤਨ ਮਤ ਵਿਚ ਜਨੇਊ ਦੀ ਰਸਮ ਇੱਕ ਤਰ੍ਹਾਂ ਵਿਆਹ ਜਿਹੀ ਹੁੰਦੀ ਆ। ਸਭ ਰਿਸ਼ਤੇਦਾਰ ਤੇ ਹੋਰ ਸ਼ਰੀਕੇ ਭਾਈਚਾਰੇ ਦੇ ਪਤਵੰਤੇ ਸੱਦੇ ਜਾਂਦੇ ਹਨ ਤੇ ਮਹਿਤਾ ਕਾਲੂ ਜੀ ਤਾਂ ਇਲਾਕੇ ਦੇ ਪਟਵਾਰੀ ਤੇ ਵੱਡੇ ਅਸਰ ਰਸੂਖ ਵਾਲੇ ਹੋਣ ਕਰਕੇ ਨਾਨਕ ਦੀ ਇਸ ਜਨੇਊ ਰਸਮ ਵਿਚ ਦੋਹਾਂ ਧਰਮਾਂ ਦੇ ਲੋਕਾਂ ਦਾ ਬੜਾ ਵੱਡਾ ਇੱਕਠ ਹੋਇਆ ਸੀ। ਨਾਨਕ ਆਪਣੇ ਬਾਪ ਨੂੰ ਪਹਿਲਾਂ ਵੀ ਕਹਿ ਸਕਦਾ ਸੀ ਕਿ ਮੈਂ ਜਨੇਊ ਨਹੀਂ ਪਾਉਣਾ ਤੇ ਐਵੇਂ ਨਾ ਐਨਾ ਵੱਡਾ ਇੱਕਠ ਕਰ, ਪਰ ਬਾਬੇ ਨੇ ਤਾਂ ਸਦੀਆਂ ਤੋਂ ਪੈ ਰਹੀ ਧੁੰਦ ਨੂੰ ਲੋਕਾਂ ਦੇ ਸਾਹਮਣੇ ਨਸ਼ਰ ਕਰਨਾ ਸੀ, ਭਾਵੇਂ ਉਹਨੂੰ ਬਾਪ ਦੇ ਨਾਲ ਰਿਸ਼ਤੇਦਾਰਾਂ ਦੀ ਵੀ ਤਲਖੀ ਕਿਉਂ ਨਾ ਝੱਲਣੀ ਪਈ ਹੋਵੇ! ਪੁਜਾਰੀ ਨੂੰ ਨਾਨਕ ਦਾ ਇਹ ਕਦਮ ਭੈਭੀਤ ਕਰ ਗਿਆ, ਜੋ ਉਹਦੀ ਸਰਦਾਰੀ ਨੂੰ ਸਿੱਧੀ ਚੁਣੌਤੀ ਦਿੰਦਾ ਹੋਵੇ, ਪਰ ਲੋਕਾਂ ਦੇ ਮਨਾਂ ਨੂੰ ਬਾਬੇ ਨਾਨਕ ਦਾ ਤਰਕ ਭਾਅ ਗਿਆ ਤੇ ਉਹ ਵੀ ਜ਼ੁਰਅਤ ਕਰਨ ਲੱਗ ਪਏ ਪੁਜਾਰੀ ਨੂੰ ਸੁਆਲ ਪੁੱਛਣ ਦੀ।

ਪਿਤਾ ਮਹਿਤਾ ਕਾਲੂ ਨੇ ਸੋਚਿਆ ਕਿ ਪੁੱਤ ਦੇ ਕੰਮ ਕੁਝ ਅਵੱਲੇ ਜਿਹੇ ਹਨ ਤਾਂ ਉਨ੍ਹਾਂ ਨੇ ਨਾਨਕ ਨੂੰ ਦੁਨੀਆਂਦਾਰੀ ਵਿਚ ਪਾਉਣ ਖਾਤਿਰ ਉਹਦਾ ਵਿਆਹ ਕਰਨਾ ਠੀਕ ਸਮਝਿਆ। ਅਕਸਰ ਇਹੋ ਪ੍ਰਚਾਰਿਆ ਜਾਂਦਾ ਕਿ ਨਾਨਕ ਦੀ ਬਰਾਤ ਵਿਚ ਸਾਰੇ ਸਾਧੂ ਸੰਤ ਹੀ ਗਏ, ਇਹ ਸਾਧਾਂ ਦੇ ਵੱਧ ਫਿੱਟ ਵੀ ਬੈਠਦਾ ਕਿ ਉਨ੍ਹਾਂ ਦੀ ਇਸ ਨਾਲ ਮਾਨਤਾ ਬਰਕਰਾਰ ਰਹਿੰਦੀ; ਪਰ ਇਸ ਤੋਂ ਉਲਟ ਨਾਨਕ ਦੀ ਬਰਾਤ ਵਿਚ ਤਲਵੰਡੀ ਦੇ ਸਾਰੇ ਸਰਦੇ-ਪੁੱਜਦੇ ਵੱਡੇ ਲੋਕ ਗਏ, ਕਿਉਂਕਿ ਮਹਿਤਾ ਕਾਲੂ ਦੀ ਆਪਣੀ ਹੈਸੀਅਤ ਬਹੁਤ ਵੱਡੀ ਸੀ ਤੇ ਅੱਗੋਂ ਨਾਨਕ ਦਾ ਸਹੁਰਾ ਪਰਿਵਾਰ ਵੀ ਇਲਾਕੇ ਦਾ ਮੰਨਿਆ ਦੰਨਿਆ ਸੀ। ਬਾਬਾ ਨਾਨਕ ਕੋਈ ਵੀ ਅਜਿਹਾ ਮੌਕਾ ਨਹੀਂ ਸੀ ਖੁੰਝਾਉਂਦਾ, ਜਦੋਂ ਉਹਨੂੰ ਪੁਜਾਰੀ ਦੀ ਪਾਈ ਧੁੰਦ ਨਾਲ ਖੁਦ ਨਾ ਨਜਿਠਿਆ ਹੋਵੇ! ਇਥੇ ਵੀ ਬਾਬਾ ਨਾਨਕ ਅੜ੍ਹ ਗਿਆ ਕਿ ਮੈਂ ਅਗਨੀ ਦੁਆਲੇ ਫੇਰੇ ਕਿਉਂ ਲਵਾਂ? ਪੁਰੋਹਿਤਾਂ ਨੇ ਬਥੇਰਾ ਦੱਸਿਆ ਕਿ ਇਹ ਅਗਨੀ ਸ਼ਾਸਤਰਾਂ ਦੇ ਮੰਤਰਾਂ ਨਾਲ ਪਵਿੱਤਰ ਹੈ ਤੇ ਦੇਵੀ-ਦੇਵਤਿਆਂ ਨੇ ਇਹਨੂੰ ਪਵਿੱਤਰ ਕਿਹਾ ਹੋਇਆ ਤੇ ਸਦੀਆਂ ਤੋਂ ਸਭ ਇਹਨੂੰ ਚਸ਼ਮਦੀਦ ਗਵਾਹ ਮੰਨ ਕੇ ਵਿਆਹ ਦੀਆਂ ਰਸਮਾਂ ਪੂਰੀਆਂ ਕਰਦੇ ਆ ਰਹੇ ਹਨ ਤੇ ਤੈਨੂੰ ਵੀ ਕਰਨੀਆਂ ਹੀ ਪੈਣੀਆਂ। ਬਾਬੇ ਨੇ ਤਰਕ ਦਿੱਤਾ ਹੋਣਾ ਕਿ ਫਿਰ ਤਾਂ ਚੁੱਲ੍ਹੇ ਵਿਚ ਬਲਦੀ ਅੱਗ ਇਸ ਨਾਲੋਂ ਵੀ ਪਵਿੱਤਰ ਹੋਈ, ਜੋ ਭੁੱਖੇ ਢਿੱਡ ਨੂੰ ਜੀਵਨ ਦਾਨ ਦਿੰਦੀ ਹੈ, ਫਿਰ ਦੱਸੋ ਇਹ ਉਹਦੇ ਤੋਂ ਬਿਹਤਰ ਕਿੱਦਾਂ ਹੋਈ?

ਇਹ ਬਹਿਸ ਕੋਈ ਘੰਟੇ, ਅੱਧੇ ਘੰਟੇ ਦੀ ਥੋੜ੍ਹੋ ਹੋਈ ਹੋਣੀ, ਕਿਉਂਕਿ ਪੁਜਾਰੀ ਹਾਰ ਮੰਨਣ ਵਾਲਾ ਛੇਤੀ ਕਿਤੇ! ਕਮਾਲ ਤਾਂ ਇਹ ਵੀ ਹੋਣਾ ਕਿ ਇਕੱਲਾ ਵਿਆਹੁੰਦੜ ਨਾਨਕ ਇੱਕ ਪਾਸੇ ਤੇ ਦੋ ਪਰਿਵਾਰਾਂ ਦਾ ਸਾਰਾ ਕੁਨਬਾ, ਸਮੇਤ ਪੁਜਾਰੀ ਇੱਕ ਪਾਸੇ। ਉਤੋਂ ਸਿਤਮ ਇਹ ਕਿ ਮਹਿਤਾ ਕਾਲੂ ਪਹਿਲਾਂ ਹੀ ਆਪਣੇ ਪੁੱਤ ਤੋਂ ਖਫਾ ਸੀ ਤੇ ਆਹ ਉਹਦਾ ਨਵਾਂ ਪੁਆੜਾ ਉਹਨੂੰ ਹੋਰ ਵੀ ਨਮੋਸ਼ੀ ਭਰਿਆ ਲਗਦਾ ਹੋਣਾ ਇਸ ਖੁਸ਼ੀ ਦੇ ਮਾਹੌਲ ਵਿਚ। ਪਤਾ ਨਹੀਂ ਨਾਨਕ 'ਤੇ ਕਿੰਨਾ ਕੁ ਦਬਾਅ ਪਾਇਆ ਹੋਣਾ ਕਿ ਛੱਡ ਪਰੇ, ਲੈ ਫੇਰੇ ਜਿਵੇਂ ਪੁਜਾਰੀ ਕਹਿੰਦਾ, ਪਰ ਬਾਬੇ ਨਾਨਕ ਨੇ ਤਾਂ 'ਜਗਿ' ਭਾਵ ਸੰਸਾਰ ਵਿਚ ਚਾਨਣ ਕਰਨਾ ਸੀ, ਸਦੀਆਂ ਤੋਂ ਚਲੀ ਆ ਰਹੀ ਪੁਜਾਰੀ ਦੀ ਧੁੰਦ ਨੂੰ ਮਿਟਾ ਕੇ।

ਦਰਅਸਲ ਪੁਜਾਰੀ ਇਹਦੀ ਆੜ 'ਚ ਲੋਕਾਂ ਵਿਚ ਬੜੇ ਵਹਿਮ ਭਰਮ ਪਾ ਕੇ ਰੱਖਦਾ ਸੀ ਜਿਵੇਂ ਪੱਤਰੀ, ਮੰਗਲੀਕ, ਕੁੰਡਲੀ ਨਾ ਮਿਲਣਾ, ਗੰਧਮੂਲ, ਪੈਂਚਕਾਂ, ਤਾਰਾ ਡੁੱਬਿਆ, ਤਾਰਾ ਚੜ੍ਹਿਆ, ਰਾਹੂ-ਕੇਤੂ, ਸ਼ਨੀ, ਸਰਾਧ, ਨਰਾਤੇ-ਪਤਾ ਨਹੀਂ ਕੀ ਕੀ ਕੁਝ! ਤੇ ਫਿਰ ਉਹਦਾ ਉਪਾਅ ਵੀ ਆਪ ਹੀ ਦੱਸ ਕੇ ਮਣਾਂ ਮੂੰਹੀਂ ਦਾਨ ਲੈਂਦਾ ਸੀ। ਬਾਬੇ ਨਾਨਕ ਦੀਆਂ ਦਲੀਲਾਂ ਅੱਗੇ ਪੁਜਾਰੀ ਪਤਲਾ ਪੈਂਦਾ ਗਿਆ ਤੇ ਲੋਕ ਉਹਦੇ ਝੂਠ ਨੂੰ ਸਮਝਣ ਲੱਗ ਪਏ। ਸਮਾਜ ਦੀ ਸਭ ਤੋਂ ਵੱਡੀ ਰਸਮ ਆਪਣੇ ਹੱਥੋਂ ਜਾਂਦੀ ਦੇਖ ਉਹ ਬੌਖਲਾ ਗਿਆ ਤੇ ਨਾਨਕ ਦਾ ਵੈਰੀ ਬਣ ਕੇ ਉਹਦੇ 'ਤੇ ਕੰਧ ਡੇਗਣ ਦੀ ਵੀ ਕੋਸ਼ਿਸ਼ ਕੀਤੀ ਤਾਂ ਕਿ ਫਾਹਾ ਹੀ ਵੱਢਿਆ ਜਾਵੇ। ਨਾਨਕ ਜੋਤ ਨਾਲ ਅੱਜ ਤੱਕ ਇਹ ਵੈਰ ਬਰਕਰਾਰ ਹੈ, ਆਪਾਂ ਮੰਨੀਏ, ਭਾਵੇਂ ਨਾ ਮੰਨੀਏ। ਅਨੰਦ ਮੈਰਿਜ ਐਕਟ ਨੂੰ ਕਿਉਂ ਮਾਨਤਾ ਨਹੀਂ ਦਿੱਤੀ ਜਾਂਦੀ ਭਲਾ? ਸੋਚਿਆ ਕਦੀ!

***ਅੱਜ ਸਾਨੂੰ ਪੰਜਾਬੀਆਂ ਨੂੰ ਇਹ ਸਬਕ ਹੈ ਬਾਬੇ ਨਾਨਕ ਦਾ ਕਿ ਆਹ ਜੋ ਖੁਦਕੁਸ਼ੀਆਂ ਕਰ ਰਹੇ ਹੋ ਕਿ ਖੇਤੀ 'ਚ ਕੁਝ ਬਣਦਾ ਨ੍ਹੀਂ; ਹਟ ਜਾਓ ਇਸ ਪਾਸਿਓਂ। ਕਿਰਤੀ ਬਣੋ, ਸਾਦਗੀ ਲਿਆਓ ਜ਼ਿੰਦਗੀ ਵਿਚ, ਛੱਡੋ ਅਡੰਬਰਪੁਣਾ, ਨਾ ਖੁਆਓ ਆਪਣੀ ਕਿਰਤ ਕਮਾਈ ਵਿਹਲੜ ਤੇ ਅੱਯਾਸ਼ ਸਾਧਾਂ ਨੂੰ। ਫਿਰ ਆਪੇ ਰੱਸਾ ਗਲ 'ਚ ਪੈਣੋਂ ਹਟ ਜਾਊ। ਕਿਸੇ ਕੈਪਟਨ-ਬਾਦਲ ਨੇ ਨ੍ਹੀਂ ਤੁਹਾਡੇ ਹੱਥੋਂ ਫੜਨਾ ਇਹ ਰੱਸਾ। ਬਾਬੇ ਨਾਨਕ ਦੇ 550 ਸਾਲਾ ਪ੍ਰਕਾਸ਼ ਦਿਹਾੜੇ 'ਤੇ ਇਹ ਵਾਅਦਾ ਕਰਿਓ ਬਾਬੇ ਨਾਨਕ ਨਾਲ। ਧਾਰਮਿਕ ਦੁਨੀਆਂ ਵਿਚ ਕਿਰਤ ਨੂੰ ਕਰਤਾਰ ਨਾਲ ਜੋੜਨ ਵਾਲਾ ਸਿਰਫ ਤੇ ਸਿਰਫ ਗੁਰੂ ਨਾਨਕ ਹੈ, ਜਿਸ ਨੇ ਉਨ੍ਹਾਂ ਕਿਰਤੀ ਸੰਤਾਂ ਦੀ ਬਾਣੀ ਨੂੰ ਵੀ ਗੁਰੂ ਦਾ ਰੂਪ ਦੇ ਦਿੱਤਾ, ਜਿਨ੍ਹਾਂ ਨੂੰ ਪੁਜਾਰੀ ਅਛੂਤ ਕਹਿ ਕੇ ਦੁਰਕਾਰਦਾ ਰਿਹਾ। ਇਹ ਸਦੀਆਂ ਤੋਂ ਪੈ ਰਹੀ ਧੁੰਦ ਨੂੰ ਮਿਟਾਉਣ ਵਾਲਾ ਬਾਬਾ ਨਾਨਕ ਹੀ ਹੋਇਆ।***

ਸਾਡੇ ਗੁਰਦੁਆਰਿਆਂ ਵਿਚ ਸਭ ਤੋਂ ਵੱਧ ਬਾਬੇ ਨਾਨਕ ਦੀ ਸੱਚਾ ਸੌਦਾ ਵਾਲੀ ਸਾਖੀ ਬੜੇ ਮਸਾਲੇ ਲਾ ਲਾ ਕੇ ਸੁਣਾਈ ਜਾਂਦੀ ਤੇ ਇਹੋ ਕਿਹਾ ਜਾਂਦਾ ਕਿ ਉਨ੍ਹਾਂ ਵੀਹਾਂ ਰੁਪਿਆਂ ਨਾਲ ਹੀ ਅੱਜ ਤੱਕ ਸਾਰੇ ਲੰਗਰ ਚਲੀ ਜਾਂਦੇ ਹਨ, ਕਿਉਂਕਿ ਜਿਨ੍ਹਾਂ ਭੁੱਖੇ ਸਾਧੂਆਂ ਨੂੰ ਬਾਬੇ ਨੇ ਲੰਗਰ ਛਕਾਇਆ ਸੀ, ਉਨ੍ਹਾਂ ਨੇ ਇਹ ਹੀ ਵਰਦਾਨ ਦਿੱਤਾ ਹੋਇਆ। ਕਿਹਾ ਇਹ ਜਾਂਦਾ ਕਿ ਵਪਾਰ ਵਾਸਤੇ ਬਾਪ ਵਲੋਂ ਦਿੱਤੇ ਉਹ ਵੀਹ ਰੁਪਏ ਨਾਨਕ ਜਦੋਂ ਵਪਾਰ 'ਤੇ ਨਾ ਖਰਚ ਕੇ ਸਾਧਾਂ ਨੂੰ ਛਕਾ ਕੇ ਵਾਪਿਸ ਘਰ ਮੁੜਿਆ ਤਾਂ ਬਾਪ ਦਾ ਗੁੱਸੇ ਹੋਣਾ ਕੁਦਰਤੀ ਸੀ। ਪੁੱਛਣ 'ਤੇ ਬਾਬੇ ਨੇ ਕਿਹਾ ਕਿ ਮੈਂ 'ਖਰਾ ਸੌਦਾ' ਕਰ ਆਇਆਂ। ਇਹ ਖਰਾ ਸੌਦਾ ਸੱਚਾ ਸੌਦਾ ਕਿਸ ਨੇ ਤੇ ਕਦੋਂ ਬਣਾ ਦਿੱਤਾ, ਸਿੱਖਾਂ ਨੂੰ ਪਤਾ ਹੀ ਨਾ ਲੱਗਾ। ਖਰੇ ਦਾ ਮਤਲਬ ਸੀ ਖੋਟ ਤੋਂ ਰਹਿਤ, ਜਿਸ ਵਿਚ ਕਿਸੇ ਦੀ ਅਸਲੀਅਤ ਨੂੰ ਜਾਹਰ ਕਰਨਾ ਸੀ। ਉਹ ਸਾਧ ਇੱਕਲੇ ਭੁੱਖੇ ਹੀ ਨਹੀਂ ਸਨ, ਸਿਰੇ ਦੇ ਲਾਲਚੀ ਵੀ ਹੋਣੇ ਤੇ ਚੂਹੜਕਾਣੇ ਪੱਕਾ ਡੇਰਾ ਬਣਾ ਕੇ ਵਿਹਲੜ ਬੈਠੇ ਹੋਣੇ ਆ, ਤਾਂ ਹੀ ਐਡੀ ਵੱਡੀ ਰਕਮ ਨਾਨਕ ਤੋਂ ਲੈ ਗਏ, ਪਰ ਅਸੀਂ ਇਨ੍ਹਾਂ ਸਾਧਾਂ ਨੂੰ ਸੱਚਾ ਸਾਬਿਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ, ਜਦੋਂ ਕਿ ਬਾਬਾ ਨਾਨਕ ਸ਼ਾਇਦ ਇਨ੍ਹਾਂ ਤੋਂ ਬਚਣ ਦੀ ਰਮਜ਼ ਸਮਝਾਉਣੀ ਚਾਹੁੰਦਾ ਹੋਣਾ ਕਿ ਜੇ ਪੈਸਾ ਧੇਲਾ ਕੋਲ ਲੈ ਕੇ ਕਿਤੇ ਕਾਰੋਬਾਰ 'ਤੇ ਜਾਣਾ ਤਾਂ ਭੁੱਲ ਕੇ ਵੀ ਐਦਾਂ ਦੇ ਸਾਧਾਂ ਦੇ ਡੇਰੇ 'ਤੇ ਨਾ ਚਲੇ ਜਾਇਓ! ਅਜਿਹੇ ਸਾਧਾਂ ਬਾਰੇ ਪਿਛੋਂ ਬਾਬੇ ਨਾਨਕ ਨੇ ਸਿੱਧ ਗੋਸ਼ਟਿ ਵਿਚ ਵਰਣਨ ਕੀਤਾ ਹੋਇਆ।

ਬਾਬਾ ਨਾਨਕ ਸੰਤਾਂ ਦੇ ਖਿਲਾਫ ਥੋੜ੍ਹਾ ਸੀ, ਉਹ ਤਾਂ ਹਜ਼ਾਰਾਂ ਮੀਲ ਪੈਦਲ ਤੁਰ ਕੇ ਉਨ੍ਹਾਂ ਕੋਲ ਪਹੁੰਚਿਆ ਤੇ ਉਨ੍ਹਾਂ ਦੀ ਰੱਬੀ ਬਾਣੀ ਇੱਕਠੀ ਕਰਕੇ ਲਿਆਇਆ ਤਾਂ ਕਿ ਵਿਹਲੜ ਸਾਧਾਂ ਵਲੋਂ ਜਗਤ ਵਿਚ ਪਾਈ ਧੁੰਦ ਦੂਰ ਕੀਤੀ ਜਾ ਸਕੇ। ਇਥੇ ਇੱਕ ਹੋਰ ਜ਼ਿਕਰ ਜ਼ਰੂਰ ਕਰਾਂਗਾ, ਜਿਹਦਾ ਨਾ ਕੋਈ ਪ੍ਰਚਾਰਕ ਤੇ ਨਾ ਕੋਈ ਸੰਤ ਕਦੇ ਕਰਦਾ; ਹੈ ਉਹ ਵੀ ਇੱਕ ਸਾਖੀ ਹੀ। ਕਰਤਾਰਪੁਰ ਵਸਾ ਕੇ ਜਦੋਂ ਗੁਰੂ ਜੀ ਨੇ ਖੁਦ ਖੇਤੀ ਕਰਨੀ ਸ਼ੁਰੂ ਕੀਤੀ ਤਾਂ ਉਹ ਨਾਲ ਦੀ ਨਾਲ ਸਵੇਰ-ਸ਼ਾਮ ਰੱਬ ਦੀ ਬੰਦਗੀ ਸੰਗਤੀ ਰੂਪ ਵਿਚ ਕਰਦੇ ਤੇ ਗੁਰਬਾਣੀ ਮੁਤਾਬਕ ਜੀਵਨ ਕਿਵੇਂ ਜਿਉਣਾ, ਇਹਦਾ ਪ੍ਰਚਾਰ ਵੀ ਕਰਦੇ। ਦੂਰੋਂ ਨੇੜਿਓਂ ਆਈ ਸੰਗਤ ਦਾ ਲੰਗਰ ਬਾਬੇ ਦੇ ਘਰੋਂ ਹੀ ਹੁੰਦਾ ਸੀ। ਕੁਝ ਸੰਤ ਕਹਾਉਣ ਵਾਲੇ ਵੀ ਆ ਜਾਂਦੇ, ਇਨ੍ਹਾਂ ਨੇ ਜਦੋਂ ਦੇਖਿਆ ਕਿ ਖਾਣ-ਪੀਣ ਦਾ ਲੰਗਰ ਖੁੱਲ੍ਹਾ ਚਲਦਾ, ਨਾਲੇ ਇਨ੍ਹਾਂ ਨੂੰ ਯਕੀਨ ਸੀ ਕਿ ਇਹ ਉਹੀ ਨਾਨਕ ਆ, ਜਿਹਨੇ ਬਿਨਾ ਕਿਸੇ ਹੀਲ ਹੁੱਜਤ ਦੇ ਚੂਹੜਕਾਣੇ ਇੱਕ ਵੱਡੀ ਰਕਮ ਸਾਨੂੰ ਦੇ ਦਿੱਤੀ ਸੀ। ਇਨ੍ਹਾਂ ਨੇ ਪੱਕਾ ਟਿਕਾਣਾ ਹੀ ਇਥੇ ਕਰਨਾ ਸ਼ੁਰੂ ਕਰ ਦਿੱਤਾ ਤੇ ਹੌਲੀ ਹੌਲੀ ਇਨ੍ਹਾਂ ਦੀ ਗਿਣਤੀ ਸੈਂਕੜਿਆਂ ਨੂੰ ਅੱਪੜ ਗਈ। ਸਾਰਾ ਦਿਨ ਇਹ ਦਰਿਆ ਕੰਢੇ ਦਰਖਤਾਂ ਥੱਲੇ ਪਏ ਰਹਿੰਦੇ ਤੇ ਲੰਗਰ ਛਕਣ ਵਕਤ ਆ ਬਹਿੰਦੇ। ਬਾਬੇ ਨਾਨਕ ਨੂੰ ਤਾਂ ਇਨ੍ਹਾਂ ਦਾ ਪਤਾ ਸੀ ਕਿ ਨਾ ਤਾਂ ਇਨ੍ਹਾਂ ਵਿਚ ਰੂਹਾਨੀ ਗੁਣ ਦੀ ਕੋਈ ਕਣੀ ਆ ਤੇ ਨਾ ਹੀ ਇਹ ਕਿਰਤ ਬਿਰਤੀ ਵਾਲੇ ਆ, ਇਹ ਨਿਰੀਆਂ ਵਿਹਲੜ ਜੋਕਾਂ ਹਨ ਜੋ ਕਿਰਤੀ ਦੇ ਸਿਰੋਂ ਪਲਦੀਆਂ।

ਇੱਕ ਸ਼ਾਮ ਲੰਗਰ ਤੋਂ ਬਾਅਦ ਬਾਬੇ ਨਾਨਕ ਨੇ ਕਿਹਾ ਕਿ ਸਵੇਰੇ ਸਾਝਰੇ ਉਠ ਕੇ ਆਪਾਂ ਸਭ ਨੇ ਖੇਤਾਂ 'ਚ ਕਣਕ ਵੱਢਣ ਜਾਣਾ ਤੇ ਕੁਝ ਨੇ ਡੰਗਰਾਂ ਲਈ ਪੱਠੇ ਵੱਢ ਕੇ ਲਿਆਉਣੇ ਆ। ਸਾਧਾਂ ਦਾ ਵਗ ਰਾਤੋ ਰਾਤ ਆਪਣੀਆਂ ਕਮੰਡਲੀਆਂ ਚੁੱਕ ਕੇ ਫੁਰਰ ਹੋ ਗਿਆ, ਸਵੇਰ ਤੱਕ ਇੱਕ ਵੀ ਨਾ ਰਿਹਾ। ਬਾਬਾ ਤਾਂ ਸਾਨੂੰ ਕਿਰਤੀਆਂ ਨੂੰ ਬੜੀ ਵੱਡੀ ਜੁਗਤ ਦੱਸ ਗਿਆ ਹੋਇਆ ਕਿ ਆਪਣੀ ਦਸਾਂ ਨਹੁੰਆਂ ਦੀ ਕਿਰਤ ਇਨ੍ਹਾਂ ਵਿਹਲੜਾਂ ਨੂੰ ਐਵੇਂ ਨਾ ਇਨ੍ਹਾਂ ਦੇ ਚੋਲੇ ਦੇਖ ਕੇ ਖੁਆਈ ਜਾਓ; ਪਰ ਅਸੀਂ ਹਟੇ ਕਦੋਂ ਆਂ? ਜੇ ਬਾਬੇ ਨਾਨਕ ਦਾ ਕਿਹਾ ਮੰਨਿਆ ਹੁੰਦਾ ਤਾਂ ਅੱਜ ਲਿਸ਼ਕਦੇ ਲੀੜਿਆਂ ਵਾਲਿਆਂ ਦੇ ਐਨੇ ਡੇਰੇ ਨਾ ਬਣੇ ਹੁੰਦੇ, ਨਿਗਾਹ ਮਾਰ ਕੇ ਦੇਖੋ ਕਿਹੜਾ ਡੇਰੇਦਾਰ ਸੰਤ, ਬਾਬੇ ਨਾਨਕ ਵਾਂਗ ਖੁਦ

**(ਬਾਕੀ ਅਗਲੇ ਸਫੇ 'ਤੇ)**

ਹੱਥੀਂ ਕੰਮ ਕਰਦਾ ਖੇਤਾਂ ਵਿਚ?

ਅਗਲਾ ਜੋ ਬਾਬੇ ਨਾਨਕ ਨੂੰ ਮੋਦੀਖਾਨੇ ਵਿਚ ਤੇਰਾਂ ਤੇਰਾਂ ਤੋਲਣ ਬਾਰੇ ਹੈ, ਉਹਦਾ ਬੜਾ ਜ਼ਿਕਰ ਹੁੰਦਾ ਸਾਡੇ ਧਾਰਮਿਕ ਦੀਵਾਨਾਂ ਵਿਚ ਕਿ ਨਾਨਕ ਦੀ ਲਿਵ ਐਸੀ ਰੱਬ ਨਾਲ ਜੁੜ ਗਈ, ਉਹ ਤੋਲਦਾ ਤੋਲਦਾ ਤੇਰਾਂ ਹਿੰਦਸੇ 'ਤੇ ਐਸਾ ਅੜਿਆ ਕਿ ਸਾਰਾ ਦਿਨ ਲੋਕਾਂ ਨੂੰ ਪੰਡਾਂ ਬੰਨ੍ਹ ਕੇ ਚੁਕਾਈ ਗਿਆ, ਸਾਰਾ ਮੋਦੀਖਾਨਾ ਲੁਟਾ ਦਿੱਤਾ। ਜਦੋਂ ਪੜਤਾਲ ਹੋਈ ਤਾਂ ਬਾਬੇ ਨੇ ਆਪਣੀ ਗੈਬੀ ਸ਼ਕਤੀ ਨਾਲ ਸਾਰਾ ਘਾਟਾ ਪੂਰਾ ਕਰ ਦਿੱਤਾ ਤੇ ਇਸ ਕਰਾਮਾਤੀ ਕ੍ਰਿਸ਼ਮੇ ਨੂੰ ਸਹੀ ਸਾਬਿਤ ਕਰਨ ਲਈ ਅੱਜ ਵੀ ਸੁਲਤਾਨਪੁਰ ਲੋਧੀ ਵਿਚ ਉਹ ਵੱਟੇ ਰੱਖੇ ਹੋਏ ਹਨ, ਜਿਨ੍ਹਾਂ ਨਾਲ ਤੇਰਾਂ ਤੇਰਾਂ ਤੋਲਿਆ। ਹੁਣ ਇਸ ਦੀ ਹਕੀਕਤ ਕੀ ਹੈ? ਇਹ ਬਹੁਤ ਜ਼ਰੂਰੀ ਆ ਜਾਣਨਾ। ਮੋਦੀਖਾਨਾ ਸੁਲਤਾਨਪੁਰ ਪਰਗਨੇ ਦਾ ਸਰਕਾਰੀ ਸਟੋਰ ਸੀ, ਜਿਸ ਵਿਚ ਸਾਰਾ ਮਾਲੀਆ, ਜੋ ਫਸਲ ਦੇ ਰੂਪ ਵਿਚ ਹੀ ਇਥੇ ਜਮਾਂ ਹੁੰਦਾ ਸੀ ਤੇ ਅਗਾਂਹ ਸਰਕਾਰੀ ਨਿਯਮਾਂ ਮੁਤਾਬਕ ਵੰਡਿਆ ਜਾਂਦਾ ਸੀ। ਦੌਲਤ ਖਾਨ ਪਰਗਨੇ ਦਾ ਨਵਾਬ ਸੀ ਤੇ ਬਾਬੇ ਨਾਨਕ ਨੂੰ ਉਥੇ ਨੌਕਰੀ ਇਸ ਕਰਕੇ ਮਿਲੀ ਸੀ ਕਿ ਉਹ ਫਾਰਸੀ ਬੋਲੀ ਦੇ ਮਾਹਰ ਸਨ, ਜੋ ਉਨ੍ਹਾਂ ਨੇ ਕਾਜ਼ੀ ਰੁਕਨਦੀਨ ਤੋਂ ਸਿੱਖੀ ਸੀ। ਕਰੀਬ 8 ਸਾਲ ਇਥੇ ਉਨ੍ਹਾਂ ਨੇ ਕੰਮ ਕੀਤਾ। ਉਸ ਵਕਤ ਵੀ ਸਰਕਾਰੀ ਮਹਿਕਮਿਆਂ ਵਿਚ ਭ੍ਰਿਸ਼ਟਾਚਾਰ ਸਿਖਰ 'ਤੇ ਸੀ ਤੇ ਨਾਨਕ ਨੇ ਆਪਣਾ ਕੰਮ ਇਮਾਨਦਾਰੀ ਨਾਲ ਕਰਕੇ ਮੋਦੀਖਾਨਾ, ਜੋ ਘਾਟੇ ਵਿਚ ਜਾਂਦਾ ਸੀ, ਚੋਰ ਮੋਰੀਆਂ ਬੰਦ ਕਰਕੇ ਮੁਨਾਫੇ ਵਿਚ ਕਰ ਦਿੱਤਾ।

ਇੱਕ ਗੱਲ ਹੋਰ ਵੀ ਸਾਹਮਣੇ ਆਉਂਦੀ ਹੈ ਕਿ ਬਾਬਾ ਨਾਨਕ ਲੇਖੇ ਜੋਖੇ ਦੇ ਵੀ ਮਾਹਰ ਸਨ, ਆਹ ਜੋ ਅੱਖਾਂ ਬੰਦ ਕਰਕੇ ਤੇਰਾਂ ਤੇਰਾਂ ਕਹਿ ਕੇ ਤੋਲਣ ਵਾਲੀ ਗੱਲ ਆ, ਇਹ ਨਿਰੀ ਮਨਘੜਤ ਆ, ਸਿਰਫ ਬਾਬੇ ਨੂੰ ਇੱਕ ਸੰਤ ਸਾਬਿਤ ਕਰਨ ਖਾਤਿਰ ਪੁਜਾਰੀ ਨੇ ਸਾਡੇ ਮਨਾਂ ਵਿਚ ਪੱਕੀ ਕਰ ਦਿੱਤੀ ਆ ਤਾਂ ਕਿ ਹਕੀਕਤ ਤੋਂ ਪਰ੍ਹਾਂ ਰਹੀਏ। ਇਸਲਾਮ ਵਿਚ ਇੱਕ ਧਾਰਮਿਕ ਟੈਕਸ ਹੁੰਦਾ, ਜਿਸ ਦਾ ਨਾਂ 'ਜ਼ਕਾਤ' ਹੈ। ਇਹ ਇੱਕ ਤਰ੍ਹਾਂ ਸਾਡੇ ਦਸਵੰਧ ਜਿਹਾ ਹੈ, ਜੋ ਮੁਸਲਮਾਨ ਆਪਣੀ ਖੁਸ਼ੀ ਨਾਲ ਦਿੰਦੇ ਹਨ ਤੇ ਇਹ ਲੋੜਮੰਦਾਂ ਵਿਚ ਵੰਡਿਆ ਜਾਂਦਾ ਹੈ। ਮੋਦੀਖਾਨੇ ਵਿਚ ਵੀ ਜ਼ਕਾਤ ਦੇ ਨਾਂ 'ਤੇ ਕੁਝ ਮਾਇਆ/ਸਾਮਾਨ ਇੱਕਠਾ ਹੁੰਦਾ ਸੀ, ਜੋ ਲੋੜਮੰਦ ਗਰੀਬਾਂ ਵਿਚ ਵੰਡਿਆ ਜਾਣਾ ਹੁੰਦਾ ਸੀ। ਇਹਦਾ ਹਿਸਾਬ ਕਿਤਾਬ ਮੋਦੀਖਾਨੇ ਦੇ ਲੇਖੇ ਵਿਚ ਨਹੀਂ ਸੀ ਹੁੰਦਾ ਤੇ ਇਹਦੇ ਵਿਚ ਰੱਜ ਕੇ ਭ੍ਰਿਸ਼ਟਾਚਾਰ ਹੁੰਦਾ, ਐਨ ਉਵੇਂ ਹੀ ਜਿਵੇਂ ਅੱਜ ਸ਼੍ਰੋਮਣੀ ਕਮੇਟੀ ਕੁਝ ਟੱਬਰਾਂ ਦੇ ਢਿੱਡ ਭਰ ਕੇ ਕਰ ਰਹੀ ਆ। ਇੱਕਲੀ ਸ਼੍ਰੋਮਣੀ ਕਮੇਟੀ ਹੀ ਕਾਹਨੂੰ, ਇਥੇ ਤਾਂ ਬਾਹਰਲੇ ਮੁਲਕਾਂ ਦੇ ਗੁਰਦੁਆਰਿਆਂ ਵਾਲੇ ਵੀ ਦੋਹੀਂ ਹੱਥੀਂ ਲੁਟਾ ਰਹੇ ਗੁਰੂ ਦੀ ਗੋਲਕ ਨੂੰ ਕੋਰਟਾਂ ਕਚਹਿਰੀਆਂ ਵਿਚ ਇੱਕ ਦੂਜੇ 'ਤੇ ਕੇਸ ਕਰ ਕੇ, ਸਿਰਫ ਚੌਧਰ ਬਰਕਰਾਰ ਰੱਖਣ ਖਾਤਰ।

ਬਾਬੇ ਨਾਨਕ ਕੋਲ ਜਦੋਂ ਮੋਦੀਖਾਨੇ ਦਾ ਚਾਰਜ ਆਇਆ ਤਾਂ ਨਾਲ ਹੀ ਜ਼ਕਾਤ ਦਾ ਹਿਸਾਬ ਵੀ ਆ ਗਿਆ। ਹੁਣ ਬਾਬੇ ਨਾਨਕ ਨੇ ਜ਼ਕਾਤ ਦਾ ਮਾਲ, ਜੋ ਕੁਝ ਇੱਕ ਉਚ ਅਹੁਦੇਦਾਰਾਂ, ਕਾਜ਼ੀਆਂ ਤੇ ਪੁਰੋਹਿਤਾਂ ਦੇ ਘਰ ਜਾਂਦਾ ਸੀ, ਰੋਕ ਕੇ ਲੋੜਵੰਦਾਂ ਨੂੰ ਮੁਫਤ ਦੇਣਾ ਸ਼ੁਰੂ ਕਰ ਦਿੱਤਾ ਕਿ ਪਹਿਲਾਂ ਉਨ੍ਹਾਂ ਵਿਚਾਰਿਆਂ ਨੂੰ ਮੋਦੀਖਾਨੇ ਵਿਚੋਂ ਕਦੇ ਕੁਝ ਮੁਫਤ ਮਿਲਿਆ ਹੀ ਨਹੀਂ ਸੀ ਤੇ ਜਦੋਂ ਉਨ੍ਹਾਂ ਨੂੰ ਨਾਨਕ ਨੇ ਦੇਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਪੁੱਛਣਾ ਇਹ ਕਿਹਦਾ ਆ ਤਾਂ ਬਾਬੇ ਨੇ ਕਹਿਣਾ ਇਹ 'ਤੇਰਾ' ਹੈ। ਬਸ ਇਸ 'ਤੇਰਾ' ਤੋਂ ਤੇਰਾਂ (13) ਕਿਸ ਨੇ ਬਣਾ ਦਿੱਤਾ, ਸਾਨੂੰ ਸਿੱਖਾਂ ਨੂੰ ਪਤਾ ਹੀ ਨਹੀਂ ਲੱਗਣ ਦਿੱਤਾ! ਬੱਸ ਆਹੀ ਧੁੰਦ ਆ, ਜੋ ਬਾਬੇ ਨੇ ਦੂਰ ਕੀਤੀ ਸੀ।

ਗੱਲ ਸੀ ਰੱਬ ਦੇ ਨਾਂ 'ਤੇ ਇੱਕਠੀ ਕੀਤੀ ਮਾਇਆ ਨੂੰ ਰੱਬ ਦੇ ਲੋੜਵੰਦ ਬੰਦਿਆਂ ਵਿਚ ਵੰਡਣ ਦੀ ਤੇ ਸਾਨੂੰ ਲਾ ਦਿੱਤਾ ਨਾਨਕ ਦੇ ਨਾਂ 'ਤੇ ਵੱਟੇ ਪੂਜਣ, ਜਿਹਦੇ ਬਾਬਾ ਖੁਦ ਖਿਲਾਫ ਸੀ। ਜਨੇਊ ਬੋਦੀ ਵਾਲਾ ਪੁਜਾਰੀ ਕਦੋਂ ਗਾਤਰਾ ਦਸਤਾਰ ਸਜਾ ਕੇ ਸਾਡੇ ਵਿਚ ਆ ਵੜਿਆ, ਪਤਾ ਹੀ ਨਾ ਲੱਗਾ। ਮਾਰੀ ਜਾਓ ਜਿੰਨੀਆਂ ਮਰਜ਼ੀ ਟੱਕਰਾਂ ਹੁਣ! ਅਸੀਂ ਨੀਂ ਹਟਦੇ, ਆਪਾਂ ਤਾਂ ਠਾਕੁਰ ਪੂਜਾਂਗੇ ਹੀ, ਨਾਲੇ ਉਚੀ ਉਚੀ ਪੜ੍ਹਾਂਗੇ ਵੀ 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।' ਨਾਲੇ ਫਿਰ ਵੋਟਾਂ ਪਾ ਕੇ ਖੁਦ ਗੁਰਦੁਆਰਿਆਂ ਵਿਚ ਗੁਰੂ ਦੀ ਗੋਲਕ ਨੂੰ ਲੁੱਟਣ ਵਾਲੇ ਮਾਡਰਨ ਮਸੰਦਾਂ ਨੂੰ ਬਿਠਾਲਾਂਗੇ, ਜੋ ਸਭ ਤੋਂ ਮੋਹਰੇ ਹੋ ਕੇ 550 ਸਾਲਾ ਬਾਬੇ ਨਾਨਕ ਦਾ ਗੁਰਪੁਰਬ ਬੜੀ ਧੂਮਧਾਮ ਨਾਲ ਮਨਾਉਣਗੇ ਤੇ ਸਭ ਤੋਂ ਵੱਡੇ ਬਾਬੇ ਨਾਨਕ ਦੇ ਸਿੱਖ ਹੋਣ ਦਾ ਦਾਅਵਾ ਕਰਨਗੇ; ਇੱਕ ਦੂਜੇ ਦੇ ਗਲਾਂ ਵਿਚ ਸਿਰੋਪਾਓ ਵੀ ਪਾਉਣਗੇ ਤੇ ਅਸੀਂ ਜੈਕਾਰੇ ਛੱਡਾਂਗੇ।

ਮੈਂ ਦੱਸਣਾ ਚਾਹੁਨਾਂ ਕਿ ਇੱਥੇ ਸਿਰਫ ਉਨ੍ਹਾਂ ਸਾਖੀਆਂ ਦੇ ਹਕੀਕੀ ਪੱਖ ਨੂੰ ਹੀ ਲੈ ਕੇ ਉਹ ਧੁੰਦ ਮਿਟਾਉਣ ਦੀ ਗੱਲ ਕੀਤੀ, ਜੋ ਬਾਬੇ ਨਾਨਕ ਨੂੰ ਇੱਕ ਕਰਾਮਾਤੀ ਸਾਧੂ ਸਾਬਿਤ ਕਰਕੇ ਬੱਸ ਪੂਜਣ ਵਾਲੀ ਹਸਤੀ ਪੇਸ਼ ਕਰਦੀਆਂ ਸਨ। ਉਨ੍ਹਾਂ ਦੀਆਂ ਉਦਾਸੀਆਂ ਬਾਰੇ ਤਾਂ ਇਤਿਹਾਸ ਵਿਚ ਬਹੁਤ ਲਿਖਿਆ ਮਿਲ ਜਾਂਦਾ, ਦੁਹਰਾਉਣ ਦੀ ਲੋੜ ਨਹੀਂ। ਬਾਬੇ ਨਾਨਕ ਦੀ ਸੂਰਬੀਰ ਯੋਧੇ ਵਰਗੀ ਬਾਬਰ ਨੂੰ ਦਹਾੜ, ਮਲਿਕ ਭਾਗੋ ਦੀ ਨਹੱਕੀ ਕਮਾਈ ਤੇ ਉਸ ਵਿਚੋਂ ਕੀਤੇ ਪੁੰਨ ਦਾਨ ਦੀ ਅਸਲੀਅਤ ਦਾ ਉਹਨੂੰ ਅਹਿਸਾਸ ਕਰਾਉਣਾ ਜਿਵੇਂ ਬਾਦਲਾਂ ਵਲੋਂ ਅਕਸਰ ਦਰਬਾਰ ਸਾਹਿਬ ਵਿਚ ਅਖੰਡ ਪਾਠ ਕਰਵਾ ਕੇ ਤੇ ਲੰਗਰ ਲਵਾ ਕੇ ਕੀਤਾ ਜਾਂਦਾ, ਇੱਕ ਕਿਰਤੀ ਭਾਈ ਲਾਲੋ ਨੂੰ ਵਡਿਆਈ ਬਖਸ਼ਣੀ, ਵਲੀ ਕੰਧਾਰੀ ਨੂੰ ਇਸਲਾਮ ਦਾ ਨਿਮਰਤਾ ਤੇ ਹਲੀਮੀ ਵਾਲਾ ਪੱਖ ਵੀ ਸਮਝਾਉਣਾ, ਸੱਜਣ ਵਰਗੇ ਦੋਗਲੇ ਕਿਰਦਾਰ ਵਾਲਿਆਂ ਨੂੰ ਸਹੀ ਰਸਤੇ ਲਿਆਉਣਾ, ਕੌਡੇ ਵਰਗੇ ਮਾਨਸ ਖਾਣੇ ਨੂੰ ਇਨਸਾਨੀਅਤ ਦਾ ਪਾਠ ਪੜ੍ਹਾਉਣਾ, ਹਰਿਦੁਆਰ ਦੇ ਪੁਜਾਰੀਆਂ ਨੂੰ ਸੂਰਜ ਤੇ ਪਿੱਤਰਾਂ ਨੂੰ ਪਾਣੀ ਦੇਣ ਦਾ ਰਾਜ਼ ਖੋਲ੍ਹਣਾ ਅਤੇ ਉਨ੍ਹਾਂ ਨੂੰ ਉਹ ਗਿਆਨ ਦੇਣਾ ਜਿਸ ਤੋਂ ਸੱਖਣੇ ਸਨ। ਇਹ ਗੱਲ ਵੱਖਰੀ ਕਿ ਪੁਜਾਰੀ ਨੇ ਗਿਆਨ ਲੈ ਕੇ ਵੀ ਉਸ 'ਤੇ ਅਮਲ ਨਾ ਕੀਤਾ, ਉਲਟਾ ਵਿਰੁਧ ਹੋ ਗਏ, ਤਾਂਹੀਂ ਤਾਂ ਅਗਲਿਆਂ ਨੇ ਗੁਰਦੁਆਰਾ ਗਿਆਨ ਗੋਦੜੀ ਵੀ ਢਾਹ ਕੇ ਅਹੁ ਮਾਰਿਆ ਕਿ ਬਾਬੇ ਨਾਨਕ ਦਾ ਗਿਆਨ ਲੋਕਾਂ ਨੂੰ ਜਿਗਿਆਸੂ ਬਣਾਉਂਦਾ, ਜੋ ਪੁਜਾਰੀ ਦੀ ਹਸਤੀ ਨੂੰ ਖਤਰਾ ਪੈਦਾ ਕਰਦਾ। ਪੁਜਾਰੀ ਤੇ ਸ਼ਾਸਕ ਰਲ ਕੇ ਤਾਂ ਕਰਤਾਰਪੁਰ ਸਾਹਿਬ ਲਾਂਘੇ 'ਚ ਵੀ ਹਰ ਅੜਿੱਕਾ ਖੜ੍ਹਾ ਕਰਨ ਦੀ ਤਾਕ 'ਚ ਬੈਠੇ। ਰੱਬ ਕਰੇ ਇਹ ਖੁੱਲ੍ਹ ਜਾਵੇ!

ਬਾਬੇ ਨਾਨਕ ਦੀ ਮੱਕੇ ਦੀ ਯਾਤਰਾ ਇਹ ਦੱਸਦੀ ਆ ਕਿ ਉਹ ਕਿੰਨੇ ਬੁਲੰਦ ਹੌਸਲੇ ਦੇ ਮਾਲਕ ਸਨ। ਮੱਕੇ ਜਾ ਕੇ ਉਨ੍ਹਾਂ ਆਪਣੀ ਜਾਨ ਨੂੰ ਵੀ ਖਤਰੇ ਵਿਚ ਪਾ ਲਿਆ, ਕਿਉਂਕਿ ਉਥੇ ਸਿਵਾਏ ਮੁਸਲਮਾਨ ਦੇ ਕੋਈ ਜਾ ਹੀ ਨਹੀਂ ਸਕਦਾ, ਅੱਜ ਤੱਕ ਵੀ ਇਹੋ ਦਸਤੂਰ ਹੈ। ਜੇ ਦੇਖਿਆ ਜਾਵੇ, ਉਥੇ ਬਾਬਾ ਕਿਹੜਾ ਉਨ੍ਹਾਂ ਨੂੰ ਸਿੱਖ ਬਣਾਉਣ ਗਿਆ ਸੀ! ਉਥੇ ਤਾਂ ਇਸਲਾਮ ਦੇ ਉਹ ਪੈਗੰਬਰੀ ਰਹੱਸ ਸਮਝਾਉਣ ਗਿਆ ਸੀ, ਜਿਨ੍ਹਾਂ ਤੋਂ ਮੁਸਲਮਾਨ ਅਣਜਾਣ ਸਨ। ਬੜੀਆਂ ਲੰਮੀਆਂ ਗੋਸ਼ਟੀਆਂ ਹੋਈਆਂ ਪੀਰ ਦਸਤਗੀਰ ਤੇ ਹੋਰਨਾਂ ਨਾਲ, ਕਹਿੰਦੇ ਹਨ ਕਿ ਉਨ੍ਹਾਂ ਨੇ ਬਾਬੇ ਨਾਨਕ ਨੂੰ 360 ਸਵਾਲ ਪੁੱਛੇ ਤੇ ਸ਼ਰਤ ਇਹ ਸੀ ਕਿ ਜੇ ਇੱਕ ਦਾ ਵੀ ਜੁਆਬ ਗਲਤ ਹੋ ਗਿਆ ਤਾਂ ਸਜ਼ਾ ਸ਼ਰੀਅਤ ਮੁਤਾਬਕ ਮੌਤ ਹੋਵੇਗੀ। ਬਾਬੇ ਦੇ ਸਾਰੇ ਜੁਆਬ ਐਨੇ ਦਲੀਲ ਭਰਪੂਰ ਤੇ ਰੂਹਾਨੀਅਤ ਨਾਲ ਲਬਾ ਲਬਾ ਸਨ ਕਿ ਉਹ ਸਾਰੇ ਸੁੰਨ ਮੁਨ ਹੋ ਗਏ ਤਾਂ ਉਨ੍ਹਾਂ ਨੇ ਬਾਬੇ ਨਾਨਕ ਨੂੰ ਪੀਰ ਦੀ ਜਗ੍ਹਾ ਪੈਗੰਬਰ ਦਾ ਦਰਜਾ ਦਿੱਤਾ। ਐਵੇਂ ਤਾਂ ਨੀਂ 'ਮਿਟੀ ਧੁੰਦ ਜਗੁ ਚਾਨਣ ਹੋਇਆ', ਇਹ ਬਾਬੇ ਦੇ ਇਲਹਾਮੀ ਗਿਆਨ, ਵਿਦਵਤਾ, ਜ਼ਿੰਦਗੀ ਦੇ ਤਜ਼ਰਬੇ, ਇਨਸਾਨ ਦੇ ਮਨੋਵਿਗਿਆਨ ਦੀ ਜਾਣਕਾਰੀ ਸਦਕਾ ਹੋਇਆ, ਨਾ ਕਿ ਇੱਕ ਕਰਾਮਾਤੀ ਹੋਣ ਕਰਕੇ, ਜਿਹਦੇ ਸਿਰ 'ਤੇ ਸੱਪ ਛਾਂ ਕਰਕੇ ਬੈਠਾ ਦਿਖਾਇਆ ਜਾਂਦਾ।

ਰਾਵੀ ਦੇ ਕੰਢੇ ਜ਼ਮੀਨ ਲੈ ਕੇ ਖੁਦ ਖੇਤੀ ਕਰਨੀ ਇੱਕ ਸਬੱਬ ਹੀ ਨਹੀਂ ਸਮਝਣਾ ਚਾਹੀਦਾ, ਇਹ ਬਾਬੇ ਨਾਨਕ ਵਿਚਲਾ ਇੱਕ ਸਫਲ ਕਿਸਾਨ ਹੋਣਾ ਵੀ ਦੱਸਦਾ। ਦਰਿਆ ਕੰਢੇ ਮੰਡ ਦੀ ਮੈਰੀ ਜ਼ਮੀਨ ਖੇਤੀ ਲਈ ਸਭ ਤੋਂ ਵਧੀਆ ਤੇ ਸੇਂਜੂ ਸੀ, ਜਿਸ ਵਿਚ ਹਲਟ ਲੱਗਾ ਹੋਇਆ ਸੀ, ਤਾਂ ਹੀ ਬਾਬੇ ਨੇ ਇਹ ਖਰੀਦੀ ਹੋਣੀ। ਜੇ ਉਹਨੇ ਜ਼ਿਮੀਂਦਾਰ ਹੀ ਕਹਾਉਣਾ ਸੀ, ਫਿਰ ਤਾਂ ਤਲਵੰਡੀ ਵਿਚ 750 ਮੁਰੱਬਾ ਰਾਏ ਬੁਲਾਰ ਨੇ ਉਹਦੇ ਨਾਂ ਕੀਤਾ ਹੋਇਆ ਸੀ, ਜਿਥੇ ਬਾਬੇ ਨੇ ਕਦੇ ਪੈਰ ਪਾ ਕੇ ਵੀ ਨਹੀਂ ਸੀ ਦੇਖਿਆ। ਬਾਬੇ ਨੇ ਜ਼ਮੀਨ ਖਰੀਦੀ, ਜਿਸ ਵਿਚ ਆਪਣਾ ਰੈਣ ਬਸੇਰਾ ਵੀ ਕੀਤਾ ਤੇ ਨਾਂ ਰਖਿਆ ਕਰਤਾਰਪੁਰ, ਕਾਇਨਾਤ ਦੇ ਸਿਰਜਣਹਾਰੇ ਦੇ ਨਾਂ 'ਤੇ। ਬਾਬੇ ਨੇ ਤਾਂ ਖੁਦ ਕਿਰਤ ਦਾ ਪਾਠ ਪੜ੍ਹਾਉਣਾ ਸੀ ਆਪਣੇ ਨਿਰਮਲ ਪੰਥ ਦੇ ਪਾਂਧੀਆਂ ਨੂੰ, ਉਹ ਆਪ ਖੱਦਰ ਦਾ ਝੱਗਾ ਪਾ ਕੇ ਹਲ ਦੀ ਹੱਥੀ ਆਪਣੇ ਹੱਥ ਫੜ ਕੇ ਧੌੜੀ ਦੀ ਜੁੱਤੀ ਪੈਰੀਂ ਪਾ ਕੇ ਖੇਤ ਵਾਹੁਣ ਲੱਗ ਪਿਆ। ਇਹ ਸਿਰਫ ਦਿਖਾਵਾ ਹੀ ਨਹੀਂ ਸੀ ਜਿਵੇਂ ਅੱਜ ਸਾਡੇ ਬ੍ਰਹਮ ਗਿਆਨੀ 108 ਸੰਤ ਮਹਾਂਪੁਰਸ਼ ਝਿਲਮਿਲੇ ਲੀੜੇ ਤੇ ਖੜਾਵਾਂ ਪਾ ਕੇ ਫੋਟੋ ਖਿਚਾਉਣ ਲਈ ਕਰਦੇ ਆ। ਬਾਬੇ ਨੇ ਅਠਾਰਾਂ ਸਾਲ ਖੁਦ ਮੁੜ੍ਹਕੋ ਮੁੜ੍ਹਕੀ ਹੋ ਕੇ ਖੇਤੀ ਕੀਤੀ। ਆਪਣੇ ਟੱਬਰ ਦੇ ਨਾਲ ਲੋੜਵੰਦਾਂ ਨੂੰ ਵੀ ਆਪਣੀ ਕਿਰਤ ਵਿਚੋਂ ਪਾਲਣ ਦੀ ਜ਼ਿੰਮੇਵਾਰੀ ਨਿਭਾਈ। ਬਾਬੇ ਨਾਨਕ ਨੇ ਇਥੇ ਕਿਰਤ ਕਰ ਕੇ ਬੜੀ ਸਾਦੀ ਤੇ ਖੁਸ਼ਹਾਲ ਜ਼ਿੰਦਗੀ ਬਸਰ ਕੀਤੀ।

ਅੱਜ ਸਾਨੂੰ ਪੰਜਾਬੀਆਂ ਨੂੰ ਇਹ ਸਬਕ ਹੈ ਬਾਬੇ ਨਾਨਕ ਦਾ ਕਿ ਆਹ ਜੋ ਖੁਦਕੁਸ਼ੀਆਂ ਕਰ ਰਹੇ ਹੋ ਕਿ ਖੇਤੀ 'ਚ ਕੁਝ ਬਣਦਾ ਨੀਂ; ਹਟ ਜਾਓ ਇਸ ਪਾਸਿਓਂ। ਕਿਰਤੀ ਬਣੋ, ਸਾਦਗੀ ਲਿਆਓ ਜ਼ਿੰਦਗੀ ਵਿਚ, ਛੱਡੋ ਅਡੰਬਰਪੁਣਾ, ਨਾ ਖੁਆਓ ਆਪਣੀ ਕਿਰਤ ਕਮਾਈ ਵਿਹਲੜ ਤੇ ਅੱਯਾਸ਼ ਸਾਧਾਂ ਨੂੰ। ਫਿਰ ਆਪੇ ਰੱਸਾ ਗਲ 'ਚ ਪੈਣੋਂ ਹਟ ਜਾਊ। ਕਿਸੇ ਕੈਪਟਨ-ਬਾਦਲ ਨੇ ਨੀਂ ਤੁਹਾਡੇ ਹੱਥੋਂ ਫੜਨਾ ਇਹ ਰੱਸਾ। ਬਾਬੇ ਨਾਨਕ ਦੇ 550 ਸਾਲਾ ਪ੍ਰਕਾਸ਼ ਦਿਹਾੜੇ 'ਤੇ ਇਹ ਵਾਅਦਾ ਕਰਿਓ ਬਾਬੇ ਨਾਨਕ ਨਾਲ। ਧਾਰਮਿਕ ਦੁਨੀਆਂ ਵਿਚ ਕਿਰਤ ਨੂੰ ਕਰਤਾਰ ਨਾਲ ਜੋੜਨ ਵਾਲਾ ਸਿਰਫ ਤੇ ਸਿਰਫ ਗੁਰੂ ਨਾਨਕ ਹੈ, ਜਿਸ ਨੇ ਉਨ੍ਹਾਂ ਕਿਰਤੀ ਸੰਤਾਂ ਦੀ ਬਾਣੀ ਨੂੰ ਵੀ ਗੁਰੂ ਦਾ ਰੂਪ ਦੇ ਦਿੱਤਾ, ਜਿਨ੍ਹਾਂ ਨੂੰ ਪੁਜਾਰੀ ਅਛੂਤ ਕਹਿ ਕੇ ਦੁਰਕਾਰਦਾ ਰਿਹਾ। ਇਹ ਸਦੀਆਂ ਤੋਂ ਪੈ ਰਹੀ ਧੁੰਦ ਨੂੰ ਮਿਟਾਉਣ ਵਾਲਾ ਬਾਬਾ ਨਾਨਕ ਹੀ ਹੋਇਆ।

ਸਾਡੇ ਲੋਕ-ਹਿਤੈਸ਼ੀ ਕਹਾਉਣ ਵਾਲੇ ਲੀਡਰ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਨੂੰ ਆਪਣੀ ਜਿੱਤ ਤੇ ਨਿੱਜੀ ਹਉਮੈ ਤੱਕ ਹੀ ਸੀਮਿਤ ਨਾ ਰੱਖਣ, ਬਾਬੇ ਨਾਨਕ ਦੀ ਰਹਿਮਤ ਨੂੰ ਸਮਝਣ, ਜਿਸ ਸਦਕਾ ਦੋ ਦੁਸ਼ਮਣੀ ਪਾਲੀ ਬੈਠੇ ਮੁਲਕ ਫਿਰ ਨੇੜੇ ਹੋਣ ਲੱਗੇ ਆ। ਇਹ ਲਾਂਘਾ ਨਫਰਤ ਦੀ ਧੁੰਦ ਮਿਟਾਉਣ ਲਈ ਖੁੱਲ੍ਹਿਆ। ਕਰਤਾਰਪੁਰ ਸਾਹਿਬ ਪ੍ਰਤੀਕ ਹੈ, ਬਾਬੇ ਨਾਨਕ ਦੇ ਕਿਸਾਨੀ ਕਿਰਤੀ ਰੂਪ ਦਾ ਤੇ ਇਹ ਸਾਰੇ ਵੱਡੇ ਲੀਡਰ 550 ਸਾਲਾ ਪ੍ਰਕਾਸ਼ ਦਿਹਾੜੇ 'ਤੇ ਪ੍ਰਣ ਕਰਨ ਕਿ ਹਰ ਕਿਰਤੀ ਕਿਸਾਨ, ਜੋ ਕਰਜ਼ੇ ਦੀ ਮਾਰ 'ਚ ਬੁਰੀ ਤਰ੍ਹਾਂ ਫਸਿਆ ਪਿਆ, ਉਹਦੀ ਬਾਂਹ ਫੜਨੀ ਸਾਡਾ ਇਖਲਾਕੀ, ਧਾਰਮਿਕ ਤੇ ਇਨਸਾਨੀਅਤ ਫਰਜ਼ ਹੈ। ਨਿਰੇ ਸਿਰੋਪਾਓ ਪੁਆ ਕੇ ਤੇ ਨਗਰ ਕੀਰਤਨਾਂ ਮੋਹਰੇ ਫੁੱਲ ਸੁੱਟਣ ਨਾਲ ਬਾਬੇ ਨਾਨਕ ਦੇ ਦਰ ਦੀਆਂ ਬਖਸ਼ਿਸ਼ਾਂ ਦੀ ਆਸ ਨਾ ਰੱਖਣ। ਕਿਰਤੀ ਤੇ ਕਰਤਾਰ ਨੂੰ ਹਿਰਦੇ ਵਿਚ ਵਸਾਓ।

ਸਮੂਹ ਜਗਤ ਨੇ ਹੁਣ ਗੁਰੂ ਨਾਨਕ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਮਨਾਉਣਾ ਤਾਂ ਇਹ ਵੀ ਖਿਆਲ ਰੱਖਣਾ ਪੈਣਾ ਕਿ ਜੋ ਧੁੰਦ ਬਾਬੇ ਨਾਨਕ ਨੇ ਹਟਾਈ, ਉਹ ਕਿਤੇ ਮੁੜ ਤਾਂ ਨਹੀਂ ਪੈ ਰਹੀ? ਜੇ ਅੱਜ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਥਾਂ ਹੋਰ ਗ੍ਰੰਥਾਂ ਵਿਚੋਂ ਕਥਾਵਾਂ ਕੀਤੀਆਂ ਜਾਂਦੀਆਂ ਤਾਂ ਸਮਝ ਲਓ ਧੁੰਦ ਪੈਣੀ ਸ਼ੁਰੂ ਹੋ ਗਈ। ਜੇ ਕਿਸੇ ਹੋਰ ਮਨਮਤੀ ਗ੍ਰੰਥ ਨੂੰ ਪਾਲਕੀਆਂ ਵਿਚ ਸਜਾ ਕੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਰੱਖ ਕੇ ਮੱਥੇ ਟਿਕਾਏ ਜਾਣ ਤਾਂ ਇਹ ਧੁੰਦ ਦੀ ਨਿਸ਼ਾਨੀ ਹੀ ਹੈ, ਆਹ ਜਿੰਨੇ ਵੀ ਗ੍ਰੰਥ ਮਸਲਨ ਦਸਮ ਗ੍ਰੰਥ, ਪੰਥ ਪ੍ਰਕਾਸ਼, ਸੂਰਜ ਪ੍ਰਕਾਸ਼, ਗੁਰ ਬਿਲਾਸ ਵਗੈਰਾ ਇਹ ਸਾਰੇ ਧੁੰਦ ਹੀ ਹਨ, ਲਿਸ਼ਕਦੇ ਚੋਲਿਆਂ ਵਾਲੇ, ਢੋਲਕੀਆਂ ਛੈਣਿਆਂ ਵਾਲੇ, ਅਖੰਡ ਪਾਠ ਕੋਤਰੀਆਂ ਦੀਆਂ ਲੜੀਆਂ ਵਾਲੇ, ਸੰਪਟ ਪਾਠਾਂ ਵਾਲੇ, ਮਿਸ਼ਰੀ ਲੈਚੀਆਂ ਦਾ ਪ੍ਰਸ਼ਾਦ ਦੇਣ ਵਾਲੇ, ਬ੍ਰਹਮ ਕਵਚ ਦਾ ਪਾਠ ਕਰਾਉਣ ਵਾਲੇ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਦਾ ਅੰਦਰੋਗਤੀ ਸਾਥ ਦੇਣ ਵਾਲੇ ਅਖੌਤੀ ਪੰਥਕ ਲੀਡਰ, ਗੁਰੂ ਦੀ ਗੋਲਕ ਨਾਲ ਭ੍ਰਿਸ਼ਟ ਹੋਏ ਸ਼੍ਰੋਮਣੀ ਕਮੇਟੀ ਦੇ ਮਸੰਦ, ਬਾਹਰਲੇ ਮੁਲਕਾਂ ਵਿਚਲੇ ਗੁਰਦੁਆਰਿਆਂ ਦੀਆਂ ਕਮੇਟੀਆਂ ਨੂੰ ਧੜੇਬੰਦੀਆਂ 'ਚ ਵੰਡਣ ਵਾਲੇ ਵੀ ਧੁੰਦ ਹੀ ਹਨ। ਇਨ੍ਹਾਂ ਧੁੰਦਾਂ ਤੋਂ ਛੁਟਕਾਰਾ ਇੱਕਲੇ ਨਗਰ ਕੀਰਤਨਾਂ ਤੇ ਪ੍ਰਭਾਤ ਫੇਰੀਆਂ ਅਤੇ ਨਿਰਾ 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ' ਸ਼ਬਦ ਪੜ੍ਹ ਕੇ ਹੀ ਨਹੀਂ ਹੋਣਾ, ਸਗੋਂ ਇੱਕਠੇ ਹੋ ਕੇ ਤੇ ਹਉਮੈ ਤਿਆਗ ਕੇ ਨਾਨਕ ਜੋਤ ਦੀ ਲਹਿਰ ਬਣਿਆਂ ਇਹ ਅਜੋਕੀ ਧੁੰਦ ਮਿਟਣੀ ਆ!

# ਮਿਟੀ ਧੁੰਧੁ ਜਗਿ ਚਾਨਣੁ ਹੋਆ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਬਾਣੀ ਪੜ੍ਹਦੇ-ਸੁਣਦੇ ਅਕਸਰ ਸਾਡੇ ਕੰਨ ਵਿਚ ਪੈਂਦਾ ਕਿ ਇਸ ਸੰਸਾਰ ਵਿਚ ਚੁਫੇਰੇ ਘੋਰ ਅੰਧਕਾਰ ਪਸਰਿਆ ਹੋਇਆ ਹੈ। ਅਥਾਹ ਰੋਸ਼ਨੀ ਹੋਣ ਦੇ ਬਾਵਜੂਦ ਇਸ ਵਿਚ ਕਿਸੇ ਪਾਸੇ ਕੁਝ ਨਜ਼ਰ ਨਹੀਂ ਆਉਂਦਾ। ਅੱਜ ਤੀਕ ਜੋ ਵੀ ਧਰਮ ਹੋਂਦ ਵਿਚ ਆਏ, ਉਹ ਆਪਣੇ ਸ਼ਰਧਾਲੂਆਂ ਲਈ ਇਹੀ ਸੰਦੇਸ਼ ਦਿੰਦੇ ਆਏ ਕਿ ਉਨ੍ਹਾਂ ਲਈ ਇਹ ਜੀਵਨ ਨਰਕ ਹੈ। ਉਹ ਦੱਸਦੇ ਹਨ ਕਿ ਇਸ ਨਰਕ ਤੋਂ ਮੁਕਤੀ ਪ੍ਰਾਪਤ ਕਰਨਾ ਹੀ ਮਨੁੱਖ ਦਾ ਅੰਤਿਮ ਉਦੇਸ਼ ਹੈ। ਉਨ੍ਹਾਂ ਅਨੁਸਾਰ ਮਨੁੱਖ ਦਾ ਭਲਾ ਇਸੇ ਵਿਚ ਹੈ ਕਿ ਉਹ ਇਸ ਨਰਕ ਰੂਪੀ ਸੰਸਾਰ ਵਿਚ ਆਵਾਗਮਨ ਤੋਂ ਮੁਕਤੀ ਹਾਸਲ ਕਰੇ। ਇਸੇ ਲਈ ਸਭ ਧਰਮ ਆਪਣੇ ਆਪਣੇ ਨਿਯਮਾਂ ਅਨੁਸਾਰ ਪੂਜਾ ਪਾਠ ਸਮੇਤ ਮੁਕਤੀ ਦੇ ਕਈ ਉਪਾਅ ਦੱਸਦੇ ਹਨ।

ਪਰ ਕੀ ਇਹ ਜਗਤ ਸੱਚੀ ਮੁੱਚੀ ਇਕ ਨਰਕ ਹੈ? ਕੀ ਇਹ ਅਸਲ ਵਿਚ ਹੀ ਹਨੇਰੇ ਦਾ ਘਰ ਹੈ? ਚਾਨਣ ਤਾਂ ਇੱਥੇ ਬਹੁਤ ਹੈ, ਫਿਰ ਹਨੇਰਾ ਕਿਸ ਪ੍ਰਕਾਰ ਦਾ ਹੋਇਆ? ਇਹ ਚਾਨਣ ਤੇ ਮੁਕਤੀ ਦਾ ਕੀ ਸਬੰਧ ਹੋਇਆ? ਕੀ ਮੁਕਤ ਹੋਣ ਨਾਲ ਰੋਸ਼ਨੀ ਵਧ ਜਾਵੇਗੀ? ਆਖਰ ਇਹ ਹਨੇਰੇ ਤੇ ਚਾਨਣ ਦਾ ਇਸ਼ਾਰਾ ਕਿਸ ਪਾਸੇ ਹੈ? ਸਾਡੇ ਮਨ ਵਿਚ ਇਸ ਤਰ੍ਹਾਂ ਦੇ ਵੱਖ ਵੱਖ ਸਵਾਲ ਉਠਦੇ ਹਨ, ਪਰ ਇਨ੍ਹਾਂ ਦਾ ਹੱਲ ਕਦੇ ਕਿਸੇ ਨਹੀਂ ਦੱਸਿਆ।

ਇਹ ਪ੍ਰਸ਼ਨ ਗੁਰਬਾਣੀ ਵਿਚ ਵੀ ਕਈ ਵਾਰ ਆਇਆ ਹੈ, ਜਿੱਥੇ ਗੁਰੂ ਸਾਹਿਬਾਨ ਨੇ ਇਸ ਨੂੰ ਐਨਾ ਨਿਰਾਸ਼ਾਵਾਦੀ ਰੌਂ ਵਿਚ ਨਹੀਂ ਲਿਆ। ਆਸਾ ਦੀ ਵਾਰ ਵਿਚ ਗੁਰੂ ਅੰਗਦ ਫੁਰਮਾਉਂਦੇ ਹਨ, ਹਨੇਰਾ ਇੰਨਾ ਸੰਘਣਾ ਹੈ ਕਿ ਹਜ਼ਾਰਾਂ ਸੂਰਜ ਤੇ ਚੰਦਰਮਾ ਹੋਣ 'ਤੇ ਵੀ ਹਟਣ ਵਾਲਾ ਨਹੀਂ। ਉਨ੍ਹਾਂ ਅਨੁਸਾਰ ਸੰਸਾਰਕ ਹਨੇਰਾ ਤਾਂ 'ਗੁਰ' ਦੀ ਸਿੱਖਿਆ ਨਾਲ ਹੀ ਦੂਰ ਹੋ ਸਕਦਾ ਹੈ। ਇਸ ਤੁਕ ਤੋਂ ਇੰਨਾ ਪਤਾ ਲਗਦਾ ਹੈ ਕਿ ਸੰਸਾਰ ਵਿਚ ਸੂਰਜ ਤੇ ਚੰਦਰਮਾ ਦੀ ਅਥਾਹ ਰੋਸ਼ਨੀ ਪੈਂਦੀ ਹੈ, ਪਰ ਤਾਂ ਵੀ ਇੱਥੇ ਘੋਰ ਹਨੇਰਾ ਹੈ। ਪਰ ਇਹ ਗੱਲ ਫਿਰ ਵੀ ਸਪਸ਼ਟ ਨਹੀਂ ਹੁੰਦੀ ਕਿ ਇਸ ਵਿਚ ਐਸੀ ਕਿਹੜੀ ਚੀਜ਼ ਹੈ, ਜੋ ਸੂਰਜ ਦੇ ਚਾਨਣ ਵਿਚ ਵੀ ਨਹੀਂ ਦਿਸਦੀ ਤੇ 'ਗੁਰ' ਦੀ ਸਿਖਿਆ ਨਾਲ ਦਿੱਸਣ ਲਗਦੀ ਹੈ? ਪਤਾ ਇਹ ਵੀ ਨਹੀਂ ਲਗਦਾ ਕਿ ਇਹ ਹਨੇਰਾ ਦੂਰ ਕਰਨ ਵਾਲਾ 'ਗੁਰ' ਕੀ ਹੈ, ਜੋ ਸਭ ਕੁਝ ਸਾਫ ਦਿਸਣ ਦੀ ਆਸ ਬੰਨ੍ਹਾਉਂਦਾ ਹੈ!

ਭਾਈ ਗੁਰਦਾਸ ਨੇ ਲਿਖਿਆ ਹੈ, "ਸਤਿਗੁਰ ਨਾਨਕ ਪਰਗਟਿਆ ਮਿਟੀ ਧੁੰਧੁ ਜਗ ਚਾਨਣ ਹੋਆ।" ਉਨ੍ਹਾਂ ਦੀ ਇਸ ਤੁਕ ਤੋਂ ਜਾਪਦਾ ਹੈ ਕਿ ਗੁਰੂ ਨਾਨਕ ਦੇ ਆਉਣ ਨਾਲ ਇੰਨਾ ਚਾਨਣ ਹੋਇਆ ਕਿ ਜੱਗ ਦਾ ਹਨੇਰਾ ਦੂਰ ਹੋ ਗਿਆ। ਇਸ ਗੱਲ ਤੋਂ ਬਹੁਤ ਸਾਰੇ ਸ਼ਰਧਾਲੂਆਂ ਨੇ ਲੱਖਣ ਲਾਇਆ ਕਿ ਗੁਰੂ ਨਾਨਕ ਇੰਨੇ ਤੇਜੱਸਵੀ ਮਹਾਂਪੁਰਸ਼ ਸਨ, ਜਿਨ੍ਹਾਂ ਦੇ ਪੈਦਾ ਹੋਣ ਨਾਲ ਹੀ ਪ੍ਰਕਾਸ਼ ਹੋ ਗਿਆ। ਕਈ ਕਥਾਕਾਰ ਤਾਂ ਇੱਥੋਂ ਤੀਕ ਕਹਿ ਜਾਂਦੇ ਹਨ ਕਿ ਉਨ੍ਹਾਂ ਦੇ ਜਨਮ ਸਮੇਂ ਰਾਤ ਨੂੰ ਸੱਚ ਮੁੱਚ ਦਾ ਉਜਾਲਾ ਫੈਲ ਗਿਆ ਸੀ। ਖੈਰ, ਇਹ ਗੱਲ ਤਾਂ ਮੱਕਾ ਘੁਮਾਉਣ ਵਾਲੀ ਮਿੱਥ ਵਾਂਗ ਬਿਲਕੁਲ ਹੀ ਮਿਥਿਹਾਸ ਲਗਦੀ ਹੈ, ਪਰ ਬਹੁਤੇ ਸੰਜੀਦਾ ਸਿੱਖ ਵਿਦਵਾਨ ਤੇ ਗਿਆਨੀ ਵੀ ਇਸ ਬਾਰੇ ਪੂਰੀ ਤਰ੍ਹਾਂ ਸਪਸ਼ਟ ਨਹੀਂ ਕਿ ਗੁਰੂ ਨਾਨਕ ਦੇ ਆਗਮਨ ਨਾਲ ਕਿਸ ਤਰ੍ਹਾਂ ਦੇ ਉਜਾਲੇ ਦਾ ਮੁੱਢ ਬੱਝਾ। ਜੇ ਪੁੱਛੋ ਤਾਂ ਕਹਿੰਦੇ ਹਨ, ਗੁਰੂ ਸਾਹਿਬ ਨੇ ਬਹੁਤ ਸਾਰੇ ਪਾਪੀਆਂ ਨੂੰ ਇਮਾਨਦਾਰੀ ਤੇ ਨੇਕ ਕਮਾਈ ਦੀ ਸਿੱਖਿਆ ਦੇ ਕੇ ਚੰਗੇ ਰਾਹ ਪਾਇਆ। ਜੇ ਉਨ੍ਹਾਂ ਨੂੰ ਹੋਰ ਜਾਣਕਾਰੀ ਦੇਣ ਲਈ ਆਖੋ ਤਾਂ ਕਹਿਣਗੇ ਕਿ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਪੁਰਾਣੇ ਨਿਰਾਰਥਕ ਰੀਤੀ ਰਿਵਾਜਾਂ ਨਾਲੋਂ ਤੋੜਿਆ ਤੇ ਇਮਾਨਦਾਰੀ ਵਾਲਾ ਜੀਵਨ ਬਤੀਤ ਕਰਨ ਦੀ ਮੱਤ ਦਿੱਤੀ। ਇੱਦਾਂ ਦੀਆਂ ਸਹੀ ਮੱਤਾਂ ਤਾਂ ਮਹਾਤਮਾ ਬੁੱਧ ਸਮੇਤ ਕਈ ਹੋਰ ਭਾਰਤੀ ਮਹਾਂਪੁਰਸ਼ਾਂ ਨੇ ਪਹਿਲਾਂ ਕਈ ਵਾਰ ਦਿੱਤੀਆਂ ਸਨ। ਫਿਰ ਗੁਰੂ ਨਾਨਕ ਨੇ ਅਜਿਹੀ ਕਿਹੜੀ ਨਿਵੇਕਲੀ ਮੱਤ ਦਿੱਤੀ, ਜਿਸ ਨਾਲ ਅੰਧਕਾਰਮਈ ਮੱਧਕਾਲੀ ਸਮਾਜ ਵਿਚ ਚਾਨਣ ਦਾ ਪ੍ਰਕਾਸ਼ ਹੋਇਆ?

ਇਹ ਪ੍ਰਸ਼ਨ ਸਿੱਖ ਮੱਤ ਦਾ ਬੁਨਿਆਦੀ ਨੁਕਤਾ ਹੈ। ਇਹ ਨੁਕਤਾ ਇਸ ਨੂੰ ਦੂਜੇ ਸਭ ਧਰਮਾਂ, ਮੱਤਾਂ ਤੇ ਵਿਚਾਰਧਾਰਾਵਾਂ ਤੋਂ ਵੱਖ ਕਰਦਾ ਹੈ। ਜੋ ਇਸ ਨੁਕਤੇ ਨੂੰ ਸਮਝ ਗਏ, ਉਹ ਸਿੱਖ ਹਨ ਤੇ ਜੋ ਨਹੀਂ ਸਮਝੇ ਉਹ ਸਿਧਾਂਤਕ ਤੌਰ 'ਤੇ ਸਿੱਖ ਨਹੀਂ ਹਨ, ਭਾਵੇਂ ਉਹ ਬਾਹਰੀ ਤੌਰ ਤੇ 'ਸਿੱਖ' ਅਖਵਾਉਂਦੇ ਹੋਣ ਜਾਂ 'ਸਿੱਖ ਧਰਮ' ਪ੍ਰਤੀ ਭਰਪੂਰ ਸ਼ਰਧਾ ਵੀ ਰੱਖਦੇ ਹੋਣ। ਗੱਲ ਇਕ ਖਾਸ ਕਿਸਮ ਦੇ ਬਾਣੇ ਤੇ ਇਕ ਦ੍ਰਿੜ ਵਿਸ਼ਵਾਸ ਦੀ ਨਹੀਂ ਹੈ, ਸਗੋਂ ਗੱਲ ਮਨੁੱਖੀ ਬੁੱਧੀ ਨੂੰ ਗੁਰੂ ਨਾਨਕ ਦੀ ਮੱਤ ਅਨੁਸਾਰ ਢਾਲਣ ਤੇ ਵਰਤਣ ਦੀ ਹੈ। ਗੁਰੂ ਸਾਹਿਬ ਨੇ ਆਪ ਲਿਖਿਆ ਹੈ ਕਿ ਜੇ ਹਿਰਦਾ ਕਸੁੱਧਾ ਹੋਵੇ ਭਾਵ ਮਨ ਹੀ ਲੀਹ 'ਤੇ ਨਾ ਹੋਵੇ ਤਾਂ ਬਾਹਰੀ ਭੇਖ ਤੇ ਵਿਹਾਰ ਕੋਈ ਅਰਥ ਨਹੀਂ ਰੱਖਦੇ।

ਪਰ ਤ੍ਰਾਸਦੀ ਇਹ ਹੈ ਕਿ ਕੋਈ ਸਿੱਖ ਵਿਦਵਾਨ ਜਾਂ ਪ੍ਰਚਾਰਕ ਨਹੀਂ ਦੱਸਦਾ ਕਿ ਸਿੱਖੀ ਦੀ ਇਹ ਚਾਨਣਮਈ ਲੀਹ ਕੀ ਹੈ, ਜੋ ਗੁਰੂ ਸਾਹਿਬ ਨੇ ਸਿੱਖਾਂ ਨੂੰ ਦੱਸੀ। ਜੇ ਵਿਦਵਾਨਾਂ ਨੂੰ ਪਤਾ ਹੁੰਦਾ ਤੇ ਉਨ੍ਹਾਂ ਨੇ ਸ਼ਰਧਾਲੂਆਂ ਨੂੰ ਦੱਸਿਆ ਹੁੰਦਾ ਤਾਂ ਅਜੋਕੇ ਸਿੱਖ ਸਿੱਖ-ਮੱਤ ਨੂੰ ਸਿੱਖ ਧਰਮ ਨਾ ਕਹਿੰਦੇ। ਧਰਮ ਕੋਈ ਵੀ ਹੋਵੇ, ਬੁੱਧੀ ਨੂੰ ਸੁੰਗੇੜ ਦਿੰਦਾ ਹੈ ਤੇ ਨਾਕਾਮ ਕਰ ਦਿੰਦਾ ਹੈ। ਧਰਮ ਨਾਲ ਪਰੰਪਰਾਵਾਂ, ਕਰਮ-ਕਾਂਡ ਤੇ ਕੁਰੀਤੀਆਂ ਜੁੜ ਜਾਂਦੀਆਂ ਹਨ। ਧਰਮ 'ਤੇ ਹਾਵੀ ਲੋਕਾਂ ਦਾ ਕਬਜ਼ਾ ਹੋ ਜਾਂਦਾ ਹੈ, ਜੋ ਇਸ ਨੂੰ ਆਪਣੇ ਅਨੁਸਾਰ ਚਲਾਉਂਦੇ ਹਨ। ਧਰਮ ਹੌਲੀ ਹੌਲੀ ਵਿਖਾਵੇ, ਪਖੰਡ ਤੇ ਸ਼ੋਸ਼ਣ ਦਾ ਕੇਂਦਰ ਬਣ ਜਾਂਦੇ ਹਨ। ਧਰਮ ਅਸਥਾਨ ਲੋਟੂ ਵਰਗ ਰਾਹੀਂ ਮਾਇਆ, ਵਸਤਰ, ਸੋਨਾ, ਚਾਂਦੀ ਤੇ ਹੀਰੇ ਜਵਾਹਰਾਤ ਇਕੱਤਰ ਕਰਨ ਦਾ ਜ਼ਰੀਆ ਬਣ ਜਾਂਦੇ ਹਨ। ਲੋਟੂ ਜਮਾਤਾਂ ਇਸ ਜਮਾਂ-ਪੂੰਜੀ ਨੂੰ ਹਜ਼ਮ ਕਰਨ ਲਈ ਸ਼ੋਸ਼ਤ ਵਰਗ ਨੂੰ ਅਗਿਆਨ ਵਿਚ ਪਾ ਕੇ ਸਹੀ ਸਿਧਾਂਤਾਂ ਤੋਂ ਦੂਰ ਰਖਦੇ ਹਨ। ਉਹ ਧਰਮ ਅਸਥਾਨਾਂ ਨੂੰ ਕਬਜ਼ੇ ਵਿਚ ਕਰਕੇ ਆਪਣੇ ਕੰਮ ਦੇ ਪ੍ਰਸਾਰ ਲਈ ਹੋਰ ਨਵੇਂ ਧਰਮ ਅਸਥਾਨ ਬਣਾਉਂਦੇ ਹਨ। ਪ੍ਰਚਾਰ ਦੇ ਨਾਂ 'ਤੇ ਦੁਕਾਨਦਾਰੀਆਂ ਕਾਇਮ ਕਰਦੇ ਹਨ ਤੇ ਸ਼ਰਧਾਲੂਆਂ ਨੂੰ ਗਿਆਨ ਤੋਂ ਦੂਰ ਰੱਖ ਕੇ ਮਾਇਆ ਬਟੋਰਦੇ ਹਨ। ਉਹ ਉਨ੍ਹਾਂ ਦੀ ਅੰਨ੍ਹੀ ਸ਼ਰਧਾ ਨੂੰ ਵੋਟ ਬੈਂਕਾਂ ਵਿਚ ਬਦਲ ਕੇ ਸਿਆਸੀ ਲਾਹਾ ਲੈਂਦੇ ਹਨ। ਧਰਮ ਨਾਲ ਜੁੜ ਕੇ ਸ਼ਰਧਾਲੂ ਤਰਕ ਤੇ ਵਿਵੇਕ ਤੋਂ ਟੁੱਟ ਜਾਂਦੇ ਹਨ, ਅੰਧਵਿਸ਼ਵਾਸ ਕਾਰਨ ਗਿਆਨ ਤੇ ਵਿਗਿਆਨ ਵਿਚ ਪੱਛੜ ਜਾਂਦੇ ਹਨ। ਉਹ ਕਿਸੇ ਵੀ ਸਵਾਲ ਦਾ ਕੋਈ ਤਰਕ-ਪੂਰਨ ਜਵਾਬ ਨਹੀਂ ਦੇ ਸਕਦੇ। ਉਨ੍ਹਾਂ ਦੇ ਹਰ ਜਵਾਬ ਦਾ ਤੋੜਾ ਰੱਬ ਦੀ ਮਰਜ਼ੀ ਤੋਂ ਸ਼ੁਰੂ ਹੋ ਕੇ ਰੱਬ ਦੀ ਮਰਜ਼ੀ 'ਤੇ ਹੀ ਟੁੱਟ ਜਾਂਦਾ ਹੈ। ਦੱਬੀ ਸੋਝੀ ਕਾਰਨ ਉਨ੍ਹਾਂ ਵਿਚ ਗੁਰੂ ਨਾਨਕ ਜਿਹੀ ਮੌਲਿਕ ਸੋਚ ਤੇ ਪ੍ਰਤਿਭਾ ਪੈਦਾ ਨਹੀਂ ਹੋ ਸਕਦੀ।

ਜੇ ਅਜੋਕੇ ਸਿੱਖਾਂ ਦੇ ਮਨਾਂ ਦੀ 'ਧੁੰਧ' ਨਾਨਕੀ ਗਿਆਨ ਨੇ ਮਿਟਾਈ ਹੁੰਦੀ ਤਾਂ ਉਹ ਗੁਰੂ ਦੀ ਦੇਹ ਨਾਲ ਨਾ ਜੁੜਦੇ, ਸਗੋਂ ਗੁਰੂ ਦੇ ਸ਼ਬਦ ਨਾਲ ਜੁੜਦੇ। ਫਿਰ ਕਿਸੇ ਨੂੰ 'ਗੁਰੂ ਮਾਨਿਓ ਗ੍ਰੰਥ' ਦਾ ਹੁਕਮ ਦੇਣ ਦੀ ਲੋੜ ਨਾ ਪੈਂਦੀ ਕਿ ਗਿਆਨਵਾਨ ਪੁਰਸ਼ ਲਈ ਤਾਂ ਇਸ ਤੋਂ ਅੱਗੇ ਮੰਨਣ ਲਈ ਕੁਝ ਰਹਿ ਹੀ ਨਹੀਂ ਜਾਂਦਾ। ਉਹ ਆਪਣੀ ਅਗਵਾਈ ਲਈ ਸੁਭਾਵਕ ਹੀ 'ਖੋਜ ਸ਼ਬਦ ਮਹਿ ਲੇਹ' ਉਤੇ ਅਮਲ ਕਰਦੇ। ਫਿਰ ਅਜੋਕੇ ਸਿੱਖ ਗੁਰਦੁਆਰਿਆਂ ਵਿਚ ਗ੍ਰੰਥ ਸਾਹਿਬ ਨੂੰ ਗੁਰਾਂ ਦੀ ਪਰਗਟ ਦੇਹ ਸਮਝ ਕੇ ਮੰਜੀਆਂ ਜਾਂ ਪੀੜ੍ਹੀਆਂ ਦੇ ਪਾਵੇ ਨਾ ਘੁੱਟਦੇ ਤੇ ਨਾ ਹੀ ਇਸ ਨੂੰ ਰੁਮਾਲੇ ਪਾ ਕੇ ਸਵਾਉਂਦੇ, ਵੱਖਰਾ ਕਮਰਾ ਦੇ ਕੇ ਗਰਮੀਆਂ ਵਿਚ ਪੱਖਾ ਤੇ ਸਰਦੀਆਂ ਵਿਚ ਹੀਟਰ ਵੀ ਨਾ ਲਾਉਂਦੇ। ਨਾ ਉਹ ਇਸ ਨੂੰ ਚੌਰ ਝੱਲ ਕੇ ਭੋਗ ਲਵਾਉਂਦੇ ਤੇ ਨਾ ਹੀ ਹੁਕਮਨਾਮਾ ਲੈ ਕੇ ਲੋਕਾਂ ਵਿਚ ਇਹ ਭਰਮ ਫੈਲਾਉਂਦੇ ਕਿ ਸਾਰੀ ਕਾਇਨਾਤ ਕੇਵਲ ਸਵੇਰ ਦੇ ਵਾਕ ਦੁਆਲੇ ਹੀ ਘੁੰਮਦੀ ਹੈ ਤੇ ਸਵੇਰ ਦਾ ਵਾਕ ਹੀ ਦਿਨ ਭਰ ਦਾ ਪੂਰਾ ਗ੍ਰੰਥ ਸਾਹਿਬ ਹੁੰਦਾ ਹੈ।

ਜੇ ਸਿੱਖ ਵਿਦਵਾਨਾਂ ਨੇ ਗੁਰੂ ਸਾਹਿਬ ਦੇ ਗਿਆਨ ਦੀ ਸਹੀ ਭਾਲ ਕੀਤੀ ਹੁੰਦੀ ਤਾਂ ਗੁਰਦੁਆਰੇ ਵੀ ਗਿਆਨ ਦੀ ਛਿੱਟ ਦਿੰਦੀਆਂ ਲਾਇਬ੍ਰੇਰੀਆਂ ਦਾ ਰੂਪ ਹੁੰਦੇ, ਜਿਥੇ ਗੁਰੂ ਗ੍ਰੰਥ ਸਾਹਿਬ ਸਮੇਤ ਕੁਦਰਤ ਤੇ ਕਰਤੇ ਸਬੰਧੀ ਸਾਰਾ ਸਾਹਿਤ ਸਭ ਨੂੰ ਖੁਲ੍ਹਾ ਉਪਲਭਦ ਹੁੰਦਾ। ਉਥੇ ਕਈ ਕਈ ਸੈਮੀਨਾਰ ਰੂਮ ਹੁੰਦੇ, ਜਿੱਥੇ ਸਾਧਾਂ ਦੇ ਦੀਵਾਨਾਂ ਦੀ ਥਾਂ ਕੁਦਰਤ ਦੇ ਵਿਖਮ ਵਿਸ਼ਿਆਂ 'ਤੇ ਵਿਦਵਾਨਾਂ ਦੇ ਵਿਚਾਰ ਵਟਾਂਦਰੇ ਹੁੰਦੇ। ਗਿਆਨ ਗੋਸ਼ਟੀਆਂ ਦੇ ਉਚੇ ਤੇ ਮਿਆਰੀ ਨਿਯਮ ਹੁੰਦੇ, ਜੋ ਹੁੱਲੜਬਾਜੀ ਨੂੰ ਠੱਲ੍ਹ ਪਾ ਕੇ ਹਰ ਗਿਆਨੀ ਨੂੰ ਵਿਚਾਰ ਸਾਂਝੇ ਕਰਨ ਦਾ ਪੂਰ ਪੂਰਾ ਮੌਕਾ ਦਿੰਦੇ। ਇਕੱਤਰ ਗਿਆਨੀਆਂ ਲਈ ਨਿਰੰਤਰ ਲੰਗਰ ਵੀ ਵਰਤਦਾ ਤਾਂ ਜੋ ਉਹ ਗਿਆਨ ਧਿਆਨ ਦੇ ਨਾਲ ਨਾਲ ਭੁੱਖ-ਨਿਵਾਰਨ ਵੀ ਕਰਦੇ ਰਹਿੰਦੇ। ਇਸ ਦੇ ਨਾਲ ਹੀ ਗੁਰਦੁਆਰਿਆਂ ਵਿਚ ਪ੍ਰਯੋਗਸ਼ਾਲਾਵਾਂ ਤੇ ਆਬਜ਼ਰਵੇਟਰੀਆਂ ਹੁੰਦੀਆਂ, ਜਿਥੇ ਉਘੇ ਭੂ-ਵਿਗਿਆਨੀ ਅਤੇ ਖਗੋਲ-ਸਾਸ਼ਤਰੀ ਪ੍ਰੀਖਣ ਕਰਦੇ ਤੇ ਆਪਣੇ ਸਿੱਟੇ ਸਾਂਝੇ ਕਰਦੇ। ਫਿਰ ਉਹ ਗੁਰੂ ਸਾਹਿਬ ਦੇ 'ਸੋ ਦਰ ਕੇਹਾ ਸੋ ਘਰ ਕੇਹਾ' ਵਾਲੇ ਪ੍ਰਸ਼ਨ ਦਾ ਉਤਰ ਖੋਜਦੇ, ਦੱਸਦੇ ਕਿ ਸ੍ਰਿਸ਼ਟੀ ਦੇ

(ਬਾਕੀ ਸਫਾ 24 'ਤੇ)

# ਨਾਨਕੁ ਸਾਇਰੁ ਏਵ ਕਹਤੁ ਹੈ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਸ੍ਰੀ ਗੁਰੂ ਨਾਨਕ ਦੇਵ ਦਾ 550ਵਾਂ ਪ੍ਰਕਾਸ਼ ਪੁਰਬ ਸਿੱਖ ਜਗਤ ਵਲੋਂ ਪਿਛਲੇ ਸਾਲ ਨਵੰਬਰ ਤੋਂ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਨਵੰਬਰ 2019 ਤਕ ਇਹ ਸਿਲਸਿਲਾ ਚੱਲਦਾ ਰਹਿਣਾ ਹੈ। ਹਰ ਮੁਲਕ 'ਚ ਵਸਦੀ ਨਾਨਕ ਨਾਮ ਲੇਵਾ ਸੰਗਤਾਂ ਲਈ ਇਹ ਸਾਲ ਗੁਰੂ ਨਾਨਕ ਸਾਹਿਬ ਦੇ ਜੀਵਨ ਨੂੰ ਸਮਰਪਿਤ ਹੈ। ਧਾਰਮਿਕ ਜਥੇਬੰਦੀਆਂ ਅਤੇ ਸਰਕਾਰਾਂ ਵੀ ਇਹ ਪੁਰਬ ਆਪਣੇ ਆਪਣੇ ਢੰਗ ਨਾਲ ਮਨਾ ਰਹੀਆਂ ਹਨ।

ਸ਼੍ਰੋਮਣੀ ਕਮੇਟੀ, ਜੋ ਸਿੱਖਾਂ ਦੀ ਮੁਖ ਧਾਰਮਿਕ ਜਮਾਤ ਕਹਾਉਂਦੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ, ਜੋ ਸਿਆਸੀ ਪਾਰਟੀ ਹੈ, ਇਨ੍ਹਾਂ ਸਮਾਗਮਾਂ ਨੂੰ ਆਪਣੇ ਮੁਫਾਦ ਲਈ ਵਰਤਣ ਤੋਂ ਗੁਰੇਜ ਨਹੀਂ ਕਰਨਗੀਆਂ ਤੇ ਆਪਣੀਆਂ ਹਿਲੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਪੂਰੀ ਤਾਕਤ ਵੀ ਲਾ ਦੇਣਗੀਆਂ। ਕੁਰਸੀਆਂ ਅਤੇ ਗੋਲਕਾਂ 'ਤੇ ਰਾਜ ਕਰਨ ਵਾਲੇ ਲੋਕ ਵੀ ਪੱਬਾਂ ਭਾਰ ਹੋ ਕੇ ਧਰਮੀ ਹੋਣ ਦੇ ਦਾਅਵੇ ਕਰਨਗੇ ਪਰ ਅੰਦਰਲੀ ਸ਼ਰਧਾ ਅਤੇ ਚਾਓ ਤੋਂ ਇਹ ਲੋਕ ਕੋਹਾਂ ਦੂਰ ਹੋਣਗੇ। ਸ਼ਰਧਾ ਅਤੇ ਚਾਓ ਤਾਂ ਸਿਰਫ ਧੁਰ ਅੰਦਰੋਂ ਗੁਰੂ ਨਾਲ ਜੁੜੀਆਂ ਹੋਈਆਂ ਸੰਗਤਾਂ ਦੇ ਚਿਹਰਿਆਂ ਤੋਂ ਹੀ ਦੇਖਣ ਨੂੰ ਮਿਲੇਗਾ।

ਗੁਰੂ ਨਾਨਕ ਦੇਵ ਜੀ ਦਾ ਪਾਵਨ ਜਨਮ ਅਸਥਾਨ ਰਾਇ ਭੋਇੰ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ), ਪੰਜਾ ਸਾਹਿਬ ਅਤੇ ਸੰਸਾਰਕ ਜੀਵਨ ਯਾਤਰਾ ਤੋਂ ਰੁਖਸਤ ਹੋਣ ਵਾਲਾ ਅਸਥਾਨ ਕਰਤਾਰਪੁਰ ਹੁਣ ਪਾਕਿਸਤਾਨ ਵਿਚ ਹਨ। ਪਿਛਲੇ ਸੱਤ ਦਹਾਕੇ ਤੋਂ ਸਿੱਖ ਜਗਤ ਅਰਦਾਸ ਕਰ ਰਿਹਾ ਹੈ ਕਿ ਹੇ ਸਤਿਗੁਰੂ ਜੀ! ਵਿਛੜੇ ਹੋਏ ਧਾਰਮਿਕ ਅਸਥਾਨਾਂ ਦੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਤੇ ਦੀਦਾਰ ਬਖ਼ਸ਼ੋ। ਗੁਰਬਾਣੀ ਦਾ ਫੁਰਮਾਨ ਹੈ, "ਬਿਰਥੀ ਕਦੀ ਨ ਹੋਵਈ ਜਨ ਕੀ ਅਰਦਾਸਿ।"

ਇਹ ਪਾਵਨ ਪੁਰਬ ਮੌਕੇ ਕਰਤਾਰਪੁਰ ਦੇ ਦਰਸ਼ਨਾਂ ਲਈ ਲਾਂਘਾ ਬਣਾਉਣ ਵਾਸਤੇ ਪਹਿਲ ਕਰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਵੱਡੀ ਫਰਾਖਦਿਲੀ ਦਾ ਸਬੂਤ ਦਿਤਾ, ਪਰ ਪਿਛਲੇ ਸਮੇਂ 'ਚ ਦੋਹਾਂ ਦੇਸ਼ਾਂ ਵਿਚਾਲੇ ਪੈਦਾ ਹੋਏ ਤਣਾਅ ਨੇ ਕਈ ਖਦਸ਼ੇ ਖੜ੍ਹੇ ਕਰ ਦਿੱਤੇ ਹਨ। ਬੇਵਸੀ ਨਾਲ ਹੀ ਸਹੀ, ਭਾਰਤ ਸਰਕਾਰ ਵੀ ਇਸ ਕੰਮ 'ਚ ਸਹਿਯੋਗ ਦੇ ਰਹੀ ਹੈ।

ਗੁਰੂ ਨਾਨਕ ਦੇਵ ਜੀ ਦੀ ਆਪਣੀ ਉਚਾਰੀ ਬਾਣੀ ਜਿਸ ਤਰ੍ਹਾਂ ਦਾ ਜੀਵਨ ਜਿਉਣ ਲਈ ਸਾਨੂੰ ਸੰਦੇਸ਼ ਦਿੰਦੀ ਹੈ, ਕੀ ਅਸੀਂ ਉਸ ਉਤੇ ਅਮਲ ਕਰ ਰਹੇ ਹਾਂ ਜਾਂ ਕਰਦੇ ਹਾਂ? ਆਓ, ਕੁਝ ਵਿਚਾਰ ਕਰੀਏ, ਨਾਨਕੁ ਸਾਇਰੁ ਏਵ ਕਹਤੁ ਹੈ।

ਨਿਕੜੇ ਨਾਨਕ ਨੇ ਸੰਸਾਰ ਦੇ ਜੀਵਾਂ ਨੂੰ ਸਹੀ ਮਾਰਗ ਦੇ ਪਾਂਧੀ ਬਣਾਉਣਾ ਸੀ, ਇਸ ਲਈ ਉਸ ਦੀ ਰੂਪ ਰੇਖਾ ਵੀ ਘੜੀ ਜਾ ਰਹੀ ਸੀ, ਪਰ ਮਾਤਾ-ਪਿਤਾ ਨੇ ਸੋਚਿਆ, ਨਾਨਕ ਹਾਣੀ ਬੱਚਿਆਂ ਨਾਲ ਖੇਡਦਾ ਨਹੀਂ, ਨਾ ਹੀ ਚੱਜ ਨਾਲ ਖਾਂਦਾ ਪੀਂਦਾ ਹੈ। ਵੈਦ ਬੁਲਾ ਲਿਆ। ਵੈਦ ਨੇ ਬਾਂਹ ਫੜ ਬਿਮਾਰੀ ਦਾ ਪਤਾ ਲਾਉਣਾ ਚਾਹਿਆ ਤਾਂ ਨਾਨਕ ਆਖਿਆ,

"ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥"

ਜਦ ਮੱਝਾਂ ਚਰਾਉਣ ਗਏ ਤਾਂ ਖੇਸੀ ਤਾਣ ਕੇ ਪੈ ਗਏ। ਮੱਝਾਂ ਨੇ ਜ਼ਿਮੀਂਦਾਰ ਦੀ ਖੇਤੀ ਉਜਾੜ ਛੱਡੀ। ਗੱਲ ਰਾਇ ਬੁਲਾਰ ਕੋਲ ਪਹੁੰਚੀ ਤਾਂ ਨਾਨਕ ਆਖਿਆ-ਖੇਤੀ ਤਾਂ ਹਰੀ ਭਰੀ ਹੈ, ਇਹ ਦੇਖ ਕੇ ਰਾਇ ਬੁਲਾਰ ਬਾਬੇ ਦਾ ਮੁਰੀਦ ਹੋਇਆ।

ਉਪਰੰਤ ਪਿਤਾ ਕਾਲੂ ਜੀ ਨੇ ਵੀਹ ਰੁਪਏ ਦੇ ਕੇ ਵਣਜ ਲਈ ਆਖਿਆ ਅਤੇ ਨਾਲ ਭਾਈ ਬਾਲੇ ਨੂੰ ਤੋਰਿਆ ਕਿ ਨਾਨਕ ਖਰਾ ਸੌਦਾ ਕਰਕੇ ਘਰ ਨੂੰ ਆਵੇ, ਕਿਤੇ ਕੋਈ ਗਲਤੀ ਨਾ ਕਰ ਬੈਠੇ। ਉਮਰ ਜੋ ਅਜੇ ਅੰਞਾਣੀ ਸੀ, ਪਰ ਗੁਰੂ ਬਾਬੇ ਨੇ ਉਹ ਖਰਾ ਸੌਦਾ ਕਰ ਦਿਖਾਇਆ, ਜੋ ਬਾ-ਕਮਾਲ ਸੀ। ਸੰਸਾਰ ਨੂੰ ਸੁਨੇਹਾ ਦਿੱਤਾ ਕਿ ਭੁੱਖੇ ਨੂੰ ਰੋਟੀ ਖੁਆਉਣ ਨਾਲੋਂ ਹੋਰ ਕੋਈ ਖਰਾ ਸੌਦਾ ਹੋ ਹੀ ਨਹੀਂ ਸਕਦਾ। ਸੋ ਬਾਬੇ ਨੇ ਵੀਹ ਰੁਪਈਆਂ ਦੀ ਰਸਦ ਦਾ ਲੰਗਰ ਜੋ ਉਸ ਵੇਲੇ ਸੰਤ ਮੰਡਲ ਨੂੰ ਛਕਾਇਆ, ਉਹ ਅਜੇ ਤਕ ਵੀ ਚੱਲ ਰਿਹਾ ਹੈ। ਜਦ ਤਕ ਇਹ ਸੰਸਾਰ ਰਹੇਗਾ, ਲੰਗਰ ਚੱਲਦਾ ਰਹੇਗਾ। ਇਹ ਖਰਾ ਸੌਦਾ ਹੋਇਆ ਦੇਖ ਪਿਤਾ ਕਾਲੂ ਜੀ ਨੇ ਧੀ ਨਾਨਕੀ ਨੂੰ ਆਖਿਆ ਕਿ ਨਾਨਕ ਦਾ ਚਿੱਤ ਕਿਸੇ ਕੰਮ ਵਿਚ ਨਹੀਂ ਲੱਗਦਾ ਤਾਂ ਭੈਣ ਨਾਨਕੀ ਤੇ ਭਾਈਆ ਜੈ ਰਾਮ ਨੇ ਆਖਿਆ, ਨਾਨਕ ਹੁਣ ਸਾਡੇ ਕੋਲ ਸੁਲਤਾਨਪੁਰ ਰਹੇਗਾ।

ਸੋ ਸੁਲਤਾਨਪੁਰ ਵਿਚ ਬਾਬੇ ਨਾਨਕ ਨੇ ਮੋਦੀਖਾਨੇ ਅੰਦਰ ਬੈਠ ਖੂਬ ਤੇਰਾ ਤੇਰਾ ਤੋਲਿਆ। ਜਿਥੇ ਉਨ੍ਹਾਂ ਢਿੱਡੋਂ ਭੁੱਖੇ ਗਰੀਬਾਂ ਨੂੰ ਰਸਦਾਂ ਵੰਡੀਆਂ, ਉਥੇ ਤੇਰਾ ਤੇਰਾ ਦਾ ਉਪਦੇਸ਼ ਕਰਕੇ ਮਾਲਕ ਦੀ ਮਹਿਮਾ ਵੀ ਕੀਤੀ। ਬਾਬੇ ਨਾਨਕ ਨੇ ਗ੍ਰਿਹਸਥ ਧਰਮ ਦਾ ਸਤਿਕਾਰ ਕੀਤਾ ਅਤੇ ਪਰਿਵਾਰਕ ਜੀਵਨ ਵਿਚ ਰਹਿੰਦਿਆਂ ਵੀ ਚਾਰ ਉਦਾਸੀਆਂ ਕਰਕੇ ਪਰਮਾਤਮਾ ਨਾਲੋਂ ਟੁੱਟੀ ਹੋਈ ਮਨੁੱਖਤਾ ਨੂੰ ਸਹੀ ਜੀਵਨ ਜਿਉਣ ਦਾ ਰਾਹ ਦਰਸਾਇਆ। ਉਨ੍ਹਾਂ ਨੇ ਪੰਡਿਤਾਂ, ਕਾਜ਼ੀਆਂ, ਮੁਲਾਣਿਆਂ ਤੇ ਸਿੱਧਾਂ ਨਾਲ ਵਿਚਾਰਾਂ ਕੀਤੀਆਂ ਅਤੇ ਉਨ੍ਹਾਂ ਨੂੰ ਵੀ ਸੱਚਾਈ ਦਾ ਮਾਰਗ ਦੱਸਿਆ, "ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ॥"

ਉਦਾਸੀਆਂ ਪਿਛੋਂ ਬਾਬੇ ਨਾਨਕ ਨੇ ਆਣ ਕਰਤਾਰਪੁਰ ਵਸਾਇਆ ਅਤੇ ਪਤਨੀ ਬੀਬੀ ਸੁਲੱਖਣੀ ਤੇ ਦੋਵੇਂ ਪੁੱਤਰ ਵੀ ਕੋਲੇ ਬੁਲਾ ਲਏ। ਗੁਰੂ ਨਾਨਕ ਪਾਤਸ਼ਾਹ ਨੇ ਇਥੇ ਆਪ ਖੇਤੀ ਕਰਕੇ ਗ੍ਰਿਹਸਥ ਜੀਵਨ ਨੂੰ ਹੋਰ ਉਚਿਆਈਆਂ ਦਿਤੀਆਂ ਅਤੇ ਹੱਥੀਂ ਕਿਰਤ ਕਰਨ ਦਾ ਉਤਮ ਉਪਦੇਸ਼ ਵੀ ਦਿਤਾ। ਕਰਤਾਰਪੁਰ ਸਾਹਿਬ ਵਿਚ ਬਾਬਾ ਜੀ ਨੇ ਜੀਵਨ ਦੇ ਪਿਛਲੇਰੇ ਸਮੇਂ ਦੇ ਅਠਾਰਾਂ ਸਾਲ ਜਾਂ ਕੁਝ ਹੋਰ ਸਮਾਂ ਪਰਿਵਾਰ ਵਿਚ ਰਹਿ ਕੇ ਹੀ ਬਤੀਤ ਕੀਤਾ। ਇਥੇ ਹੀ ਉਨ੍ਹਾਂ ਭਾਈ ਲਹਿਣੇ ਨੂੰ ਗੁਰੂ ਅੰਗਦ ਬਣਾਇਆ ਅਤੇ ਗੁਰਗੱਦੀ ਸੌਂਪੀ।

ਨਾਨਕੁ ਸਾਇਰੁ ਏਵ ਕਹਤੁ ਹੈ
ਸਚੇ ਪਰਵਦਗਾਰਾ॥

ਕਿਰਤ ਕਰਨ ਦੇ ਨਾਲ ਨਾਲ ਸਤਿਗੁਰਾਂ ਨੇ ਆਤਮਿਕ ਬੁਲੰਦੀਆਂ 'ਤੇ ਵਿਚਰਨ ਅਤੇ ਸਾਦਗੀ ਭਰੇ ਜੀਵਨ ਲਈ ਵੀ ਆਖਿਆ,

ਮਨੁ ਹਾਲੀ ਕਿਰਸਾਣੀ ਕਰਣੀ
ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥

ਵਿਰਲੇ ਰਹਿ ਕੇ ਜਾਂ ਮੰਗ ਕੇ ਖਾਣ ਵਾਲਿਆਂ ਨੂੰ ਵੀ ਸਮਝਾਇਆ,

ਮਖਟੂ ਹੋਇ ਕੈ ਕੰਨ ਪੜਾਏ॥
ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥

ਹੇ ਭਾਈ! ਕਿਰਤ ਕਰੋ ਅਤੇ ਵੰਡ ਕੇ ਛਕੋ,

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਧਰਮਾਂ ਦੇ ਕੱਟੜ ਆਗੂਆਂ ਅਤੇ ਠੇਕੇਦਾਰਾਂ ਨੂੰ ਲਲਕਾਰਿਆ,

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥

ਇਥੇ ਹੀ ਬਸ ਨਹੀਂ, ਉਨ੍ਹਾਂ ਨਕਲੀ, ਦੰਭੀਆਂ ਅਤੇ ਪਖੰਡੀਆਂ ਦੇ ਪਾਜ ਖੋਲ੍ਹਦਿਆਂ ਕਿਹਾ,

ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥

ਉਸ ਕਰਤਾ ਪੁਰਖ ਦੀ ਸਿਫਤਿ ਸਾਲਾਹ ਵਿਚ ਇਕਮਿਕ ਹੁੰਦਿਆਂ ਬਾਬੇ ਕਿਹਾ,

ਵਡਾ ਸਾਹਿਬੁ ਊਚਾ ਥਾਉ॥
ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥
---
ਸੁਣਿ ਵਡਾ ਆਖੈ ਸਭ ਕੋਇ॥
ਕੇਵਡੁ ਵਡਾ ਡੀਠਾ ਹੋਇ॥

ਨਾਨਕੁ ਸਾਇਰੁ ਏਵ ਕਹਤੁ ਹੈ॥ ਬਾਬਾ ਨਾਨਕ ਸ਼ਾਇਰ ਹਨ ਤੇ ਇਸ ਸ਼ਾਇਰੀ ਲਈ ਉਹ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਆਖਦੇ ਹਨ,

ਧੰਨ ਸੁ ਕਾਗਦੁ ਕਲਮ ਧੰਨੁ
ਧਨੁ ਭਾਂਡਾ ਧਨੁ ਮਸੁ॥
ਧਨੁ ਲੇਖਾਰੀ ਨਾਨਕਾ
ਜਿਨਿ ਨਾਮੁ ਲਿਖਾਇਆ ਸਚੁ॥

ਕਲਮ ਦੀ ਕੀਤੀ ਜਾ ਰਹੀ ਦੁਰਵਰਤੋਂ ਲਈ ਚਿਤਾਵਨੀ ਦਿੰਦਿਆਂ ਬਾਬੇ ਨੇ ਆਖਿਆ,

ਧ੍ਰਿਗੁ ਤਿਨਾ ਕਾ ਜੀਵਿਆ
ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥

ਗੁਰੂ ਨਾਨਕ ਦੇਵ ਜੀ ਨੇ ਔਰਤ ਜਾਤ 'ਤੇ ਹੋ ਰਹੇ ਜ਼ੁਲਮਾਂ ਖਿਲਾਫ ਵੀ ਆਵਾਜ਼ ਬੁਲੰਦ ਕੀਤੀ ਅਤੇ ਕਿਹਾ, ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਸਤਿਗੁਰੂ ਪਿਤਾ ਜੀ ਅਤੀ ਕੋਮਲ ਹਿਰਦੇ ਦੇ ਮਾਲਕ ਸਨ ਅਤੇ ਜਦ ਮਾਸੂਮਾਂ 'ਤੇ ਹੁੰਦੇ ਜ਼ੁਲਮ ਨੂੰ ਵੇਖ ਕੇ ਹਿਰਦਾ ਦ੍ਰਵਿਆ ਤਾਂ ਉਸ ਕਾਦਰ ਨੂੰ ਵੀ ਆਖ ਦਿਤਾ,

ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ॥

ਕਲਮ ਦੇ ਧਨੀ ਗੁਰੂ ਬਾਬਾ ਜਦੋਂ ਵਜਦ ਵਿਚ ਆਉਂਦੇ ਤਾਂ ਕਹਿ ਉਠਦੇ,

ਮੈ ਬਨਜਾਰਨਿ ਰਾਮ ਕੀ॥
ਤੇਰਾ ਨਾਮੁ ਵਖਰੁ ਵਾਪਾਰੁ ਜੀ॥

ਤੇ ਜਾਂ,

ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ
ਤੂੰ ਆਪੇ ਸਰਬ ਸਮਾਣਾ॥

ਕੁਝ ਗੱਲਾਂ ਧਿਆਨ ਗੋਚਰੇ। ਸਤਿਗੁਰਾਂ ਦੀ ਗੁਰਬਾਣੀ ਦਾ ਅਨਮੋਲ ਖਜਾਨਾ ਸਾਡੇ ਕੋਲ ਹੋਣ ਦੇ ਬਾਵਜੂਦ 550 ਸਾਲਾਂ ਮਗਰੋਂ ਵੀ ਅਸੀਂ ਉਥੇ ਦੇ ਉਥੇ ਹੀ ਖੜ੍ਹੇ ਹਾਂ, ਕਿਉਂਕਿ ਗੁਰਬਾਣੀ ਨੂੰ ਪੜ੍ਹਿਆ ਜਾਂ ਗਾਵਿਆ ਤਾਂ ਬਹੁਤ ਜਾ ਰਿਹਾ ਹੈ, ਪਰ ਇਸ 'ਤੇ ਵਿਚਾਰ ਨਹੀਂ ਕੀਤੀ ਗਈ। ਜੇ ਕੀਤੀ ਵੀ ਗਈ ਹੈ ਤਾਂ ਬਹੁਤ ਥੋੜ੍ਹੀ। ਅੱਜ ਸਿੱਖ ਕੌਮ ਵਿਚ ਸੁਚੱਜੀ ਲੀਡਰਸ਼ਿਪ ਦੀ ਘਾਟ ਹੈ। ਅਸੀਂ ਧਰਮੀ ਬਣ ਤਾਂ ਬੈਠੇ ਹਾਂ ਪਰ ਧਰਮ ਦੀ ਪਰਿਭਾਸ਼ਾ ਤੋਂ ਵਾਂਝੇ ਰਹਿ ਗਏ ਹਾਂ। ਅਸੀਂ ਗੁਰੂ ਦੇ ਸਿੱਖ ਜਾਂ ਸਿੰਘ ਤਾਂ ਨਹੀਂ ਬਣ ਸਕੇ, ਪਰ ਕੱਟੜਤਾ ਦੇ ਮੁਦੱਈ ਜ਼ਰੂਰ ਬਣ ਗਏ ਹਾਂ। ਦੇਸ਼-ਵਿਦੇਸ਼ ਵਿਚ ਆਲੀਸ਼ਾਨ ਗੁਰੂ ਘਰ ਵੀ ਬਣ ਚੁਕੇ ਹਨ ਅਤੇ ਧਰਮ ਦੇ ਝੰਡੇ ਵੀ ਲਹਿਰਾ ਰਹੇ ਹਨ, ਪਰ 'ਖਸਮਹੁ ਘੁਥੀਆ ਫਿਰਹਿ ਨਿਮਾਣੀਆ।' ਵਾਂਗ ਹਰ ਥਾਂ ਗੋਲਕ ਅਤੇ ਚੌਧਰ ਦਾ ਮਸਲਾ ਪ੍ਰਧਾਨ ਹੈ,

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥

ਅਸੀਂ ਸ਼ਬਦ ਗੁਰੂ ਨੂੰ ਸਮਰਪਤਿ ਹੋਣ ਦੀ ਥਾਂ ਆਪੋ-ਆਪਣੀ ਡਫਲੀ ਵਜਾ ਰਹੇ ਹਾਂ, ਸਗੋਂ ਸ਼ਬਦ ਗੁਰੂ ਦੀ ਆੜ ਵਿਚ ਆਪਣੇ ਰਾਜ ਭਾਗ ਸਥਾਪਤ ਕਰ ਰਹੇ ਹਾਂ। ਜਿਨ੍ਹਾਂ ਭਰਮ ਭੁਲੇਖਿਆਂ ਅਤੇ ਬੁਰਾਈਆਂ ਤੋਂ ਸਤਿਗੁਰਾਂ ਨੇ ਸਾਨੂੰ ਵਰਜਿਆ ਸੀ, ਉਹੀ ਸਭ ਕੁਝ ਹੁਣ ਡੇਰਿਆਂ ਵਿਚ ਬੈਠੇ ਵਿਹਲੜ ਸਾਧ ਸ਼ਰ੍ਹੇਆਮ ਕਰ ਰਹੇ ਹਨ।

ਆਓ, ਗੁਰੂ ਨੂੰ ਸਮਰਪਿਤ ਹੋ ਕੇ ਨਿਵੇਕਲੀ ਪਛਾਣ ਬਣਾ ਕੇ ਵਿਚਰੀਏ। ਜ਼ਰਾ ਕੁ ਹਉਂ ਅਤੇ ਹੰਕਾਰ ਤੋਂ ਪਰੇ ਹੋ ਕੇ ਤਾਂ ਦੇਖੀਏ, ਹਰ ਪਾਸੇ ਅਨੰਦ ਹੀ ਅਨੰਦ ਹੈ। ਫਿਰ ਦੇਖਣਾ, ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਮਨਾਉਣ ਵਿਚ ਕਿਵੇਂ ਖੁਸ਼ੀਆਂ ਮਿਲਦੀਆਂ ਹਨ।

ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ॥

ਬੇਨਤੀ ਹੈ, ਗੁਰੂ ਬਾਣੀ ਨੂੰ ਸਿਰਫ ਮੱਥਾ ਹੀ ਨਾ ਟੇਕੀਏ, ਜੋ ਗੁਰੂ ਕਹਿੰਦਾ ਹੈ, ਉਸ ਨੂੰ ਮੰਨੀਏ ਅਤੇ ਮਨੁੱਖਤਾ ਦੇ ਭਲੇ ਲਈ ਕੰਮ ਕਰੀਏ।

# ਭਾਈ ਲਹਿਣਾ ਤੋਂ ਗੁਰੂ ਅੰਗਦ ਦੇਵ ਜੀ ਦਾ ਸਫਰ

## ਗੁਰੂਤਾ-ਗੱਦੀ ਦਿਵਸ 'ਤੇ ਵਿਸ਼ੇਸ਼

ਡਾ. ਜਸਵਿੰਦਰ ਸਿੰਘ, ਸਿੰਗਾਪੁਰ
ਫੋਨ: +65-98951996

ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਕੀਤੀ ਅਤੇ ਇਸ ਨੂੰ ਅੱਗੇ ਤੋਰਨ ਲਈ ਗੁਰੂ ਅੰਗਦ ਦੇਵ ਨੇ ਅਹਿਮ ਭੂਮਿਕਾ ਨਿਭਾਈ। ਗੁਰੂ ਅੰਗਦ ਦੇਵ ਦਾ ਜਨਮ ਬਾਬਾ ਫੇਰੂਮਲ ਦੇ ਘਰ ਮੱਤੇ ਦੀ ਸਰਾਂ (ਜਿਲਾ ਮੁਕਤਸਰ) ਵਿਖੇ 31 ਮਾਰਚ 1504 ਈ: ਨੂੰ ਹੋਇਆ। ਉਨ੍ਹਾਂ ਦੇ ਬਚਪਨ ਦਾ ਨਾਂ 'ਲਹਿਣਾ' ਸੀ। ਸਿੱਖ ਧਰਮ ਦੀ ਸਦੀਵੀ ਹੋਂਦ ਬਰਕਰਾਰ ਰੱਖਣ ਲਈ ਬਾਬੇ ਨਾਨਕ ਨੇ ਆਪਣੀ ਦੂਰ-ਦ੍ਰਿਸ਼ਟੀ ਤੇ ਦਾਨਸ਼ਮੰਦੀ ਨਾਲ ਗੁਰੂ-ਚੇਲੇ ਦੀ ਰੀਤ ਚਲਾ ਕੇ ਭਾਈ ਲਹਿਣੇ ਨੂੰ ਦੂਜੇ ਗੁਰੂ ਅੰਗਦ ਦੇਵ ਦੇ ਰੂਪ ਵਿਚ ਸਥਾਪਤ ਕੀਤਾ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 62 ਸਲੋਕਾਂ ਦੇ ਰੂਪ ਵਿਚ ਮਿਲਦੀ ਹੈ।

ਅੰਗਦ ਦਾ ਸ਼ਾਬਦਿਕ ਅਰਥ ਹੈ: ਅੰਗ ਨੂੰ ਸ਼ੋਭਾ ਦੇਣ ਵਾਲਾ ਭੂਸ਼ਨ, ਭੁਜਬੰਦ, ਬਾਜੂਬੰਦ ਆਦਿ। ਟਰੰਪ ਦੇ ਸ਼ਬਦਾਂ ਵਿਚ ਸਭ ਕੁਝ ਖਿਲਰ-ਪੁਲਰ ਤੇ ਉਡ ਪੁਡ ਜਾਂਦਾ, ਜੇ ਗੁਰੂ ਨਾਨਕ ਆਪਣੀ ਥਾਂ ਗੁਰੂ ਅੰਗਦ ਨੂੰ ਨਾ ਬਿਠਾਲਦੇ। ਗੋਕਲ ਚੰਦ ਨਾਰੰਗ ਦਾ ਕਹਿਣਾ ਹੈ ਕਿ ਜੇ ਗੁਰੂ ਨਾਨਕ, ਗੁਰੂ ਅੰਗਦ ਦੇਵ ਨੂੰ ਗੁਰੂਤਾ-ਗੱਦੀ ਦੀ ਬਖ਼ਸ਼ਿਸ਼ ਨਾ ਕਰਦੇ ਤਾਂ ਅੱਜ ਸਿੱਖ ਧਰਮ ਦਾ ਨਾਂ-ਨਿਸ਼ਾਨ ਨਾ ਹੁੰਦਾ।

ਗੁਰੂ ਨਾਨਕ ਨੇ ਭਾਈ ਲਹਿਣਾ ਨੂੰ ਪੂਰੀ ਤਰ੍ਹਾਂ ਯੋਗ ਜਾਣ ਕੇ ਗੁਰੂ ਅੰਗਦ ਨਾਂ ਦੇ ਕੇ ਸਤੰਬਰ 1539 ਵਿਚ ਪ੍ਰਮੁੱਖ ਸਿੱਖਾਂ ਦੀ ਮੌਜੂਦਗੀ 'ਚ ਆਪਣੀ ਥਾਂ 'ਤੇ ਪ੍ਰਚਾਰ ਕਰਨ ਲਈ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ। ਗੁਰਗੱਦੀ ਦਾ ਸ਼ਾਬਦਿਕ ਅਰਥ ਹੈ, ਗੁਰੂ ਦਾ ਤਖ਼ਤ। ਬਾਬੇ ਨਾਨਕ ਨੇ ਭਾਈ ਲਹਿਣਾ ਨੂੰ ਮੱਥਾ ਟੇਕਿਆ ਤੇ ਬਾਕੀ ਸੰਗਤਾਂ ਨੂੰ ਮੱਥਾ ਟੇਕਣ ਲਈ ਕਿਹਾ। ਉਨ੍ਹਾਂ ਭਾਈ ਲਹਿਣੇ ਨੂੰ ਤਖ਼ਤ 'ਤੇ ਬਿਠਾ ਕੇ ਸੰਗਤਾਂ ਸਾਹਮਣੇ ਬਾਣੀ ਦੀ ਪੋਥੀ ਸੌਂਪ ਕੇ ਐਲਾਨ ਕੀਤਾ, ਮੇਰੀ ਜਗ੍ਹਾ ਹੁਣ ਗੁਰੂ, ਗੁਰੂ ਅੰਗਦ ਦੇਵ ਨੂੰ ਸਮਝਣਾ। ਇਨ੍ਹਾਂ ਦਾ ਦਰਸ਼ਨ ਮੇਰਾ ਦਰਸ਼ਨ, ਇਨ੍ਹਾਂ ਦਾ ਬਚਨ ਹੀ ਮੇਰਾ ਬਚਨ ਹੋਵੇਗਾ। ਗੁਰੂ ਨਾਨਕ ਨੇ ਮਾਰੂ ਸੋਹਲੇ 'ਚ ਕਿਹਾ ਹੈ ਕਿ ਤਖ਼ਤ 'ਤੇ ਉਹੀ ਬੈਠਦਾ ਹੈ, ਜੋ ਉਸ ਦੇ ਲਾਇਕ ਹੁੰਦਾ ਹੈ। ਜਿਸ ਨੇ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਆਦਿ ਵਿਕਾਰਾਂ ਨੂੰ ਮੁਕਾ ਲਿਆ ਹੋਵੇ, ਉਹਨੂੰ ਹੀ ਤਖ਼ਤ ਹਾਸਲ ਹੁੰਦਾ ਹੈ।

ਤਖਤਿ ਬਹੈ ਤਖਤੈ ਕੀ ਲਾਇਕ॥
(ਗੁਰੂ ਗ੍ਰੰਥ ਸਾਹਿਬ, ਪੰਨਾ 1039)

ਇਸ ਤਰ੍ਹਾਂ ਗੁਰੂ ਨਾਨਕ ਨੇ ਭਾਈ ਲਹਿਣੇ ਨੂੰ ਆਪਣੇ ਹੱਥੀਂ ਗੱਦੀ ਨਸ਼ੀਨ ਕੀਤਾ। ਪਰਚੀਆਂ ਭਾਈ ਸੇਵਾ ਦਾਸ ਅਨੁਸਾਰ 'ਆਪ ਹੋਤੇ ਗੁਰਾਈ ਕੈ ਤਖਤ ਉਪਰ ਬੈਠਾਇਆ।' ਭਾਈ ਗੁਰਦਾਸ ਆਪਣੀ ਪਹਿਲੀ ਵਾਰ (ਪਉੜੀ 45) ਵਿਚ ਗੁਰ-ਗੱਦੀ ਦੀ ਪਰੰਪਰਾ ਨੂੰ ਇਵੇਂ ਦਰਸਾਉਂਦੇ ਹਨ,

ਥਾਪਿਆ ਲਹਿਣਾ ਜੀਵਦੇ
ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇਕੈ
ਸਤਿਗੁਰ ਨਾਨਕ ਰੂਪ ਵਟਾਇਆ।
ਲਖਿ ਨ ਕੋਈ ਸਕਈ
ਆਚਰਜੇ ਆਚਰਜ ਦਿਖਾਇਆ।
ਕਾਇਆ ਪਲਟਿ ਸਰੂਪ ਬਣਾਇਆ॥

ਗੁਰਗੱਦੀ ਪਿਛੋਂ ਗੁਰੂ ਅੰਗਦ ਦੇਵ ਦਾ ਜੱਸ ਸੱਤਾਂ ਦੀਪਾਂ 'ਚ ਫੈਲ ਗਿਆ। ਭਾਈ ਲਹਿਣਾ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਪਰਸ ਕੇ 'ਜਗਤ ਗੁਰੂ' ਬਣ ਗਏ। ਭੱਟ ਕਲਸਹਾਰ ਦਾ ਬਚਨ ਹੈ,

ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ॥
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥
(ਗੁਰੂ ਗ੍ਰੰਥ ਸਾਹਿਬ, ਪੰਨਾ 1391)

ਜਨਮਸਾਖੀ ਮਿਹਰਬਾਨ ਵਿਚ ਅੰਕਿਤ ਹੈ, "ਤਬ ਗੁਰੂ ਅੰਗਦ ਕਉ ਸ਼ਬਦ ਦੀ ਥਾਪਨਾ ਦੇ ਕੇ ਸੰਮਤ 1596, ਅੱਸੂ ਵਦੀ ਦਸਮੀ ਕਉ ਆਪ ਸਚਖੰਡ ਸਿਧਾਰੇ॥ ਸਭ ਸੰਗਤਾਂ ਅਤੇ ਗੁਰੂ ਅੰਗਦ ਦੇ ਕਰਤਾਰਪੁਰ ਵਿਖੇ ਗੁਰੂ ਪੁੱਤਰਾਂ ਦੇ ਸਖਤ ਵਿਰੋਧ ਕਾਰਨ ਖਡੂਰ ਸਾਹਿਬ ਨੂੰ ਆਪਣਾ ਟਿਕਾਣਾ ਬਣਾਇਆ।"

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥ (ਗੁਰੂ ਗ੍ਰੰਥ ਸਾਹਿਬ, ਪੰਨਾ 967)

ਗੁਰੂ ਅੰਗਦ ਦੇਵ ਨੇ ਸਿੱਖ ਮੱਤ ਨੂੰ ਸ੍ਰੀ ਚੰਦ ਵਲੋਂ ਚਲਾਏ ਉਦਾਸੀ ਮੱਤ ਦੇ ਪ੍ਰਭਾਵ ਤੋਂ ਬਚਾਇਆ। ਪਹਿਲੇ ਪਾਤਸ਼ਾਹ ਦੇ ਬਖ਼ਸ਼ੇ ਗੁਰਮਤਿ ਮਾਰਗ ਦਾ ਬਹੁਤ ਸੁਚੱਜੇ ਢੰਗ ਨਾਲ ਪਸਾਰ ਕੀਤਾ। ਗੁਰੂ ਅੰਗਦ ਦੇਵ ਨੇ ਦੀਨ-ਦੁਖੀਆਂ ਦੀ ਸੇਵਾ, ਲੰਗਰ ਦੀ ਮਰਿਆਦਾ ਅਤੇ ਗੁਰਮੁਖੀ ਲਿਪੀ ਦਾ ਪ੍ਰਚਾਰ ਅਤੇ ਬਾਲ-ਬੋਧ ਤਿਆਰ ਕਰ ਕੇ ਬੱਚਿਆਂ ਵਿਚ ਵੰਡਿਆ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰਮੁਖੀ ਲਿਪੀ ਤੋਂ ਭਾਵ ਜੋ ਵਾਕ ਗੁਰਮੁਖਾਂ ਨੇ ਲਿਖੇ, ਜਿਸ ਕਾਰਨ ਇਸ ਦਾ ਨਾਉਂ 'ਗੁਰਮੁਖੀ' ਪ੍ਰਸਿੱਧ ਹੋਇਆ। ਗੁਰੂ ਨਾਨਕ ਨਾਲ ਸਬੰਧਿਤ ਪ੍ਰਸੰਗ ਨੂੰ ਸਾਂਭਣ ਲਈ ਜਨਮਸਾਖੀ ਪਰੰਪਰਾ ਸ਼ੁਰੂ ਹੋਈ। ਗੁਰਬਾਣੀ ਕੀਰਤਨ, ਸੰਗਤ, ਲੰਗਰ-ਪੰਗਤ ਦੀ ਜੁਗਤ ਦਾ ਪ੍ਰਚਾਰ ਕਰਕੇ ਮਾਨਵਵਾਦੀ ਫਲਸਫੇ ਨੂੰ ਉਤਸ਼ਾਹਿਤ ਕੀਤਾ ਅਤੇ ਉਚ-ਨੀਚ ਦਾ ਭੇਦ-ਭਾਵ ਖਤਮ ਕਰਨ ਲਈ ਯਤਨਸ਼ੀਲ ਹੋਏ। ਗੁਰਬਾਣੀ ਗਵਾਹ ਹੈ ਕਿ ਗੁਰੂ ਅੰਗਦ ਦੇਵ ਆਪ ਗੁਰ ਸ਼ਬਦ ਦਾ ਲੰਗਰ ਵਰਤਾਇਆ ਕਰਦੇ ਸਨ। ਭਾਈ ਸੱਤਾ ਤੇ ਬਲਵੰਡ ਰਾਮਕਲੀ ਕੀ ਵਾਰ ਵਿਚ ਜ਼ਿਕਰ ਇਉਂ ਹੈ,

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥ (ਪੰਨਾ 967)

ਬਾਬੇ ਨਾਨਕ ਨੇ 20 ਰੁਪਏ ਦਾ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਲੰਗਰ ਦੀ ਪ੍ਰਥਾ ਅਰੰਭ ਕਰ ਦਿੱਤਾ ਸੀ। ਗੁਰੂ ਅੰਗਦ ਦੇਵ ਨੇ ਖਡੂਰ ਸਾਹਿਬ ਪਹੁੰਚ ਕੇ ਲੰਗਰ ਦੀ ਪ੍ਰਥਾ ਦਾ ਵਿਕਾਸ ਕੀਤਾ, ਜਿਸ ਵਿਚ ਗੁਰੂ ਜੀ ਦੇ ਮਹਿਲ ਮਾਤਾ ਖੀਵੀ ਨੇ ਵਡਮੁੱਲਾ ਯੋਗਦਾਨ ਪਾਇਆ। ਲੰਗਰ ਦੀ ਇਹ ਪ੍ਰਥਾ ਅੱਜ ਵੀ ਉਸੇ ਰੂਪ ਵਿਚ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਦੀ ਸਰਪ੍ਰਸਤੀ ਹੇਠ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ।

ਸਮਾਜ ਨੂੰ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਕਰਨ ਲਈ ਖੇਡਾਂ ਅਤੇ ਮੱਲਾਂ ਦੇ ਅਖਾੜਿਆਂ ਦਾ ਵਿਕਾਸ ਕੀਤਾ। ਗੁਰੂ ਜੀ ਵਲੋਂ ਪੈਦਾ ਕੀਤੀ ਗਈ ਨਰੋਈ ਦੇਹ ਵਿਚੋਂ ਹੀ ਇੱਕ ਵਿਲੱਖਣ ਸੱਭਿਆਚਾਰ ਪੈਦਾ ਹੋਇਆ, ਜੋ ਖਾਲਸਾ ਫੌਜ ਦੇ ਵਿਲੱਖਣ ਕਾਰਨਾਮਿਆਂ ਦਾ ਆਧਾਰ ਬਣਿਆ।

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ॥
(ਪੰਨਾ 1280)

ਗੁਰਿਆਈ ਦੀ ਜ਼ਿੰਮੇਵਾਰੀ ਦਾ ਮੰਤਵ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਨਿਖਾਰਨਾ, ਪ੍ਰਚਾਰਨਾ, ਮਨੁੱਖੀ ਭਾਈਚਾਰੇ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਜਾਰੀ ਕਰਨਾ, ਇਸੇ ਹੀ ਵਿਚਾਰਧਾਰਾ ਨੂੰ ਮਿਲਗੋਭਾ ਹੋਣ ਤੋਂ ਬਚਾਉਣਾ ਆਦਿ ਸੀ। ਗੁਰੂ ਅੰਗਦ ਦੇਵ ਨੇ ਆਪਣੇ ਜੀਵਨ ਦੇ ਲਗਭਗ ਤੇਰਾਂ ਸਾਲ (ਸਤੰਬਰ 1539-1552) ਦੇ ਗੁਰਿਆਈ ਕਾਲ ਸਮੇਂ ਹਰੇਕ ਉਪਦੇਸ਼ ਅਤੇ ਹਰੇਕ ਕਾਰਜ ਵਿਚ ਇਨ੍ਹਾਂ ਗੱਲਾਂ ਨੂੰ ਸਾਹਮਣੇ ਰੱਖਿਆ।

# ਮਿਟੀ ਧੁੰਧੁ ਜਗਿ ਚਾਨਣੁ ਹੋਆ

(ਪਿਛਲੇ ਸਫੇ ਦੀ ਬਾਕੀ)

ਕਰਤਾਰ ਦਾ ਕਾਰਖਾਨਾ ਕਿਸੇ ਸਾਫ ਸੁਥਰੀ ਸੁੱਚਮ ਵਾਲੀ ਥਾਂ 'ਤੇ ਨਹੀਂ ਹੁੰਦਾ, ਜਿੱਥੇ ਬੈਠ ਕੇ ਸ਼ਰਧਾਲੂ ਉਸ ਨੂੰ ਪੂਜਦੇ ਹਨ। ਇਹ ਕਿਸੇ ਅੰਮ੍ਰਿਤ ਕੁੰਡ ਵਿਚ ਨਹੀਂ ਹੁੰਦਾ, ਜਿੱਥੇ ਟੁੱਭੀ ਲਾ ਕੇ ਭਗਤ-ਜਨ ਉਸ ਨੂੰ ਮਿਲਣ ਦੀ ਆਸ ਰੱਖਦੇ ਹਨ ਕਿਉਂਕਿ ਸਾਫ ਸਫਾਈ ਵਾਲੀ ਥਾਂ ਤਾਂ ਜੀਵ ਪੈਦਾ ਹੀ ਨਹੀਂ ਹੁੰਦਾ। ਉਸ ਦੀ ਵਰਕਸ਼ਾਪ ਤਾਂ ਹਮੇਸ਼ਾ 'ਗੰਦੀ' ਕਹੀ ਜਾਣ ਵਾਲੀ ਐਸੀ ਥਾਂ 'ਤੇ ਹੁੰਦੀ ਹੈ, ਜਿਸ ਨੂੰ ਵੇਖਦਿਆਂ ਹੀ ਅਜੋਕਾ ਸਫਾਈ ਪਸੰਦ ਸ਼ਰਧਾਲੂ ਡਿਟੋਲ ਦੇ ਘੋਲ ਵਿਚ ਇਸ਼ਨਾਨ ਕਰਨਾ ਚਾਹੇ। ਇਹ ਥਾਂ ਗੰਦੇ ਪਾਣੀ ਦਾ ਛੱਪੜ, ਰੂੜੀ ਦਾ ਢੇਰ, ਅੰਤੜੀਆਂ ਦਾ ਮਲ, ਜਾਨਵਰਾਂ ਦੇ ਕੀੜੇ ਪਏ ਜਖਮ, ਗਲ੍ਹੇ-ਸੜੇ ਫਲ ਤੇ ਜੀਵ ਜੰਤੂਆਂ ਦੇ ਗਰਭਆਸਿਆਂ ਜਿਹੀ ਕੋਈ ਵੀ ਬਦਬੂਦਾਰ ਸੜਿਹਾਂਦ ਵਾਲੀ ਥਾਂ ਹੋ ਸਕਦੀ ਹੈ, ਜਿੱਥੇ ਜੀਵਨ ਦੀ ਸਿਰਜਣਾ ਹੁੰਦੀ ਹੈ। ਅਜਿਹੇ ਗਿਆਨ ਨਾਲ ਅਜੋਕੇ ਸਿੱਖਾਂ ਨੂੰ ਇਹ ਵੀ ਪਤਾ ਲੱਗ ਜਾਂਦਾ ਕਿ 'ਜਤ ਪਹਾਰਾ ਧੀਰਜ ਸੁਨਿਆਰ' ਵਾਲੀ ਪੌੜੀ ਦਾ ਕੀ ਅਰਥ ਹੈ ਤੇ 'ਸਚ ਖੰਡ' ਕਿਸ ਦਿਸ਼ਾ ਵਿਚ ਹੈ?

ਇਹ ਸਭ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਸਿੱਖ ਵਿਦਵਾਨ ਧਿਆਨ ਦੇਣ ਕਿ 'ਸਿੱਖੀ' ਕੀ ਹੈ ਤੇ ਇਸ ਦਾ ਗਿਆਨ ਨਾਲ ਕੀ ਸਬੰਧ ਹੈ? ਉਹ ਇਹ ਵੀ ਦੱਸਣ ਕਿ ਸਿੱਖੀ ਸਿਧਾਂਤ ਮੁੱਖ ਤੌਰ 'ਤੇ ਕਿਹੜੀ ਬਾਣੀ ਵਿਚ ਦਰਜ ਹੈ ਤਾਂ ਜੋ ਹਰ ਜਿਗਿਆਸੂ ਇਸ ਤੱਕ ਪਹੁੰਚ ਕਰ ਸਕੇ। ਇਨ੍ਹਾਂ ਮੁਢਲੇ ਕਾਰਜਾਂ ਨੂੰ ਭੁਲਾ ਕੇ 'ਮਿਟੀ ਧੁੰਧੁ ਜਗਿ ਚਾਨਣੁ ਹੋਇਆ' ਦਾ ਹੋਕਾ ਦੇਣ ਦਾ ਕੋਈ ਲਾਭ ਨਹੀਂ।


## ਪੁਸਤਕ ਪੜਚੋਲ

**Book: An Uncommon Road (How Canadian Sikhs struggled out of the fringes and into the main stream)**
**Author Gian Singh Sandhu**
**Printed in Canada, 2018**

## ਸਿੱਖਾਂ ਦੇ ਕੈਨੇਡਾ ਵਿਚ ਸੰਘਰਸ਼ ਦੀ ਦਾਸਤਾਨ ਪੁਸਤਕ

# ਐਨ ਅਨਕਾਮਨ ਰੋਡ

ਇਸ ਪੁਸਤਕ ਦਾ ਰੀਵੀਊ ਕਰਨ ਲੱਗਿਆਂ ਇਸ ਦਾ ਕੇਂਦਰੀ ਸਰੋਕਾਰ ਮੈਨੂੰ ਸਿੱਖ ਸੰਘਰਸ਼ ਦੇ ਕੈਨੇਡੀਅਨ ਚੈਪਟਰ ਵਾਂਗ ਲੱਗਾ ਹੈ ਕਿ ਇਸ ਵਿਚ ਪਰਵਾਸ ਕਰ ਗਏ ਕੈਨੇਡੀਅਨ ਸਿੱਖਾਂ ਦੀ ਸਮਾਜਕਤਾ ਅਤੇ ਉਨ੍ਹਾਂ ਦੇ ਇਤਿਹਾਸ ਤੇ ਉਨ੍ਹਾਂ ਦੀਆਂ ਸੰਸਥਾਵਾਂ ਨੂੰ ਆਧਾਰ ਬਣਾ ਲਿਆ ਗਿਆ ਹੈ। 237 ਸਫਿਆਂ ਵਿਚ ਸਜਾਏ ਹੋਏ ਦਸਾਂ ਚੈਪਟਰਾਂ ਵਿਚ ਫੈਲੀ ਸ. ਗਿਆਨ ਸਿੰਘ ਸੰਧੂ ਦੀ ਇਹ ਪੁਸਤਕ ਉਨ੍ਹਾਂ ਦੀ ਜ਼ਿੰਦਗੀ ਦੇ ਹਵਾਲੇ ਨਾਲ ਅਜਿਹੇ ਸੰਘਰਸ਼ ਦੀ ਦਾਸਤਾਨ ਹੋ ਗਈ ਹੈ, ਜੋ ਸਿੱਖਾਂ ਨੂੰ ਕੈਨੇਡਾ ਵਿਚ ਰੋਜ਼ੀ ਰੋਟੀ ਨਾਲ ਜੁੜੀ ਹੋਈ ਬੇਗਾਨੀ-ਧਰਤੀ ਨੂੰ ਆਪਣੀ-ਧਰਤੀ ਬਣਾਉਣ ਲਈ ਲਗਾਤਾਰ ਸਿਦਕ ਤੇ ਸਿਰੜ ਨਾਲ ਲੜਨਾ ਪਿਆ ਹੈ। ਇਸ ਨੂੰ ਲੇਖਕ ਨੇ ਕੈਨੇਡੀਅਨ ਪ੍ਰਸੰਗ ਵਿਚ ਹਾਸ਼ੀਆ-ਭਾਈਚਾਰੇ



**ਡਾ. ਬਲਕਾਰ ਸਿੰਘ ਪਟਿਆਲਾ**
**ਡਾਇਰੈਕਟਰ ਵਿਸ਼ਵ ਪੰਜਾਬੀ ਸੈਂਟਰ, ਪਟਿਆਲਾ।**
**ਫੋਨ: +91-93163-01328**

ਤੋਂ ਮੁੱਖ ਧਾਰਾ ਵਾਲਾ ਭਾਈਚਾਰਾ ਹੋ ਸਕਣ ਦੀ ਲੜਾਈ ਵਾਂਗ ਲਿਆ ਹੈ।

ਕਿਸੇ ਵੀ ਦੇਸ਼ ਨਾਲ ਜੁੜੇ ਵਾਸੀਆਂ ਤੇ ਪਰਵਾਸੀਆਂ ਦੀ ਲੜਾਈ ਦੀਆਂ ਜਿੰਨੀਆਂ ਪਰਤਾਂ ਸਾਹਮਣੇ ਆ ਚੁਕੀਆਂ ਹਨ, ਉਨ੍ਹਾਂ ਵਿਚ ਸੁਜੱਗ ਵਿਉਂਤ (visionary planning) ਨਾਲ ਵਿੱਢੇ ਗਏ ਸਿੱਖ ਸੰਘਰਸ਼ ਨਾਲ ਜੁੜੇ ਬਹੁਤ ਸਾਰੇ ਰੰਗ ਇਸ ਕਰਕੇ ਨੁਮਾਇਆ ਹੋ ਗਏ ਹਨ ਕਿ ਦਰਪੇਸ਼ ਦੁਸ਼ਵਾਰੀਆਂ ਵਿਚ ਗੁਰੂ ਨੂੰ ਅੰਗ ਸੰਗ ਰੱਖ ਕੇ ਕੈਨੇਡੀਅਨ ਸਿੱਖ ਸੰਘਰਸ਼ ਕਰਦੇ ਰਹੇ ਹਨ। ਮਾਨਵ ਨੂੰ ਨਾਬਰੀ ਦਾ ਕੁਦਰਤੀ ਜਜ਼ਬਾ ਇਲਾਹੀ ਦਾਤ ਵਾਂਗ ਮਿਲਿਆ ਹੋਇਆ ਤਾਂ ਹੈ, ਪਰ ਸਿੱਖ ਧਰਮ ਦੀ ਆਮਦ ਤੋਂ ਪਹਿਲਾਂ ਕਿਸੇ ਵੀ ਧਰਮ ਨੇ ਇਸ ਵਜੂਦ ਸਮੋਈ ਮਾਨਵ ਨਾਬਰੀ ਦੀ ਸੰਭਾਵਨਾ ਨੂੰ ਸਿੱਖ ਧਰਮ ਵਾਂਗ ਨਹੀਂ ਸੀ ਵਰਤਿਆ। ਇਸ 'ਤੇ ਪਹਿਰਾ ਦੇ ਸਕਣ ਦੀ ਮਾਨਸਿਕਤਾ ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਸਿੱਖਾਂ ਦੇ ਲਹੂ ਵਿਚ ਉਤਾਰੀ ਗਈ ਸੀ, ਉਸੇ ਦੇ ਇਰਦ-ਗਿਰਦ ਉਸਰੀ ਹੋਈ ਇਹ ਪੁਸਤਕ ਆਪਣੇ ਆਪ ਵਰਗੀ ਆਪ ਹੋ ਗਈ ਹੈ।

ਇਹ ਤਾਂ ਸਭ ਨੂੰ ਪਤਾ ਲੱਗ ਗਿਆ ਹੈ ਕਿ ਸਿੱਖੀ ਅਤੇ ਸੰਘਰਸ਼ ਸਦਾ ਕਰਿੰਘੜੀ ਪਾ ਕੇ ਤੁਰਦੇ ਰਹੇ ਹਨ ਅਤੇ ਸਿੱਖਾਂ ਬਾਰੇ ਇਹ ਮੁਹਾਵਰਾ ਆਮ ਹੀ ਵਰਤਿਆ ਜਾਂਦਾ ਰਿਹਾ ਹੈ, "ਕਾਬਲ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ।" ਅਸਲ ਵਿਚ ਸਿੱਖਾਂ ਨੂੰ ਮੁੱਢ ਤੋਂ ਹੀ ਅੰਦਰੋਂ ਬਹੁਗਿਣਤੀ ਦੇ ਧਰਮ ਨਾਲ ਲੜਨਾ ਪਿਆ ਹੈ ਅਤੇ ਬਾਹਰੋਂ ਹਾਕਮ ਦੇ ਧਰਮ ਨਾਲ ਸੰਘਰਸ਼ ਕਰਨਾ ਪਿਆ ਹੈ।

ਕੈਨੇਡਾ ਵਿਚ ਇਸ ਦੀ ਸ਼ੁਰੂਆਤ ਗਦਰ ਲਹਿਰ ਨਾਲ ਹੋ ਗਈ ਸੀ ਅਤੇ ਇਸੇ ਦੀ ਨਿਰੰਤਰਤਾ ਵਿਚ ਜਦੋਂ ਵਰਲਡ ਸਿੱਖ ਆਰਗੇਨਾਈਜੇਸ਼ਨ (ਇਸ ਤੋਂ ਪਿਛੋਂ ਵਸਿਕ) ਦੀ ਅਗਵਾਈ ਵਿਚ ਸਿੱਖ ਸੰਘਰਸ਼ ਨੂੰ ਚਲਾਇਆ ਗਿਆ ਤਾਂ ਉਸ ਵਿਚ ਲੇਖਕ ਵੱਲੋਂ ਨਿਭਾਈ ਗਈ ਭੂਮਿਕਾ ਦੇ ਇਰਦ ਗਿਰਦ ਉਸਰੀ ਇਸ ਪੁਸਤਕ ਦੀਆਂ ਚੂਲਾਂ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਕਿਸੇ ਵੀ ਲਹਿਰ ਵਿਚ ਵਿਅਕਤੀ ਦੀ ਭੂਮਿਕਾ ਇਸ ਤਰ੍ਹਾਂ ਲਹਿਰ ਵਰਗੀ ਨਹੀਂ ਲੱਗਦੀ, ਜਿਸ ਤਰ੍ਹਾਂ ਲੇਖਕ ਦੀ ਭੂਮਿਕਾ ਇਸ ਪੁਸਤਕ ਦੇ ਹਵਾਲੇ ਨਾਲ ਚੱਲਦੀ ਫਿਰਦੀ 'ਵਸਿਕ' ਵਰਗੀ ਲੱਗਦੀ ਲੱਗ ਸਕਦੀ ਹੈ। ਵਾਧਾ ਇਹ ਕਿ ਅਜਿਹਾ ਕਿਸੇ ਮੰਤਵ ਨਾਲ ਜਾਂ ਮਿਥ ਕੇ ਕੀਤਾ ਗਿਆ ਨਜ਼ਰ ਨਹੀਂ ਆਉਂਦਾ। ਕਾਰਨ ਇਹ ਕਿ ਸੁਣਾਈ ਜਾ ਰਹੀ ਦਾਸਤਾਨ ਵਿਚ ਲੇਖਕ ਸੂਤਰਧਾਰ ਜਾਂ ਨਾਇਕ ਵਜੋਂ ਸ਼ਾਮਲ ਹੋਣ ਦੀ ਥਾਂ ਸੰਸਥਾਈ ਸੇਵਕ ਵਾਂਗ ਟੈਕਸਟ ਵਿਚ ਰਮ ਗਿਆ ਕਿਹਾ ਜਾ ਸਕਦਾ ਹੈ।


ਸਿਆਣਿਆਂ ਦਾ ਇਹ ਸੱਚ ਸਾਂਝਾ ਹੋ ਚੁਕਾ ਹੈ ਕਿ ਕਹਿਣ ਨੂੰ ਹਰ ਬੰਦੇ ਕੋਲ ਇਕ ਸੁਪਨਾ ਅਤੇ ਉਸ ਸੁਪਨੇ ਨਾਲ ਜੁੜੀ ਕੋਈ ਨਾ ਕੋਈ ਕਹਾਣੀ ਜ਼ਰੂਰ ਹੁੰਦੀ ਹੈ। ਜਿਨ੍ਹਾਂ ਬੰਦਿਆਂ 'ਚ ਇਹ ਕੁਦਰਤੀ ਜਜ਼ਬਾ ਕਿਸੇ ਵੀ ਕਾਰਨ ਦਫਨ ਹੋ ਜਾਂਦਾ ਹੈ, ਉਨ੍ਹਾਂ ਨੂੰ ਜ਼ਿੰਦਗੀ ਕਬਰਾਂ ਦੇ ਮਜੌਰ ਵਾਂਗ ਜਿਉਣੀ ਪੈ ਜਾਂਦੀ ਹੈ। ਇਸ ਮਜੌਰੀਕਰਨ ਦੀਆਂ ਪਰਤਾਂ ਆਮ ਤੌਰ 'ਤੇ ਲਾਲਚ, ਈਰਖਾ ਅਤੇ ਝੋਰੇ ਵਿਚ ਪ੍ਰਗਟ ਹੁੰਦੀਆਂ ਰਹਿੰਦੀਆਂ ਹਨ। ਲੇਖਕ ਨੂੰ ਵਧਾਈ ਦੇਣੀ ਬਣਦੀ ਹੈ ਕਿ ਉਸ ਨੇ ਜਿਵੇਂ ਜੀਵਿਆ, ਉਸ ਨੂੰ ਦਿਆਨਤਦਾਰੀ ਨਾਲ ਉਵੇਂ ਹੀ ਰਿਕਾਰਡ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਜਿਹਾ ਕਰਦਿਆਂ ਇਕ ਗੁਰਸਿੱਖ ਵਾਂਗ ਜੋ ਲੈਣਯੋਗ ਸੀ, ਉਹ ਲੈ ਲਿਆ ਅਤੇ ਜੋ ਛੱਡਣਯੋਗ ਸੀ, ਉਹ ਛੱਡ ਦਿਤਾ। ਗੁਰੂ ਭਰੋਸੇ ਵਾਲਿਆਂ ਨਾਲ ਜੁੜੇ ਸਿੱਖ ਵਰਤਾਰੇ ਇਸੇ ਤਰ੍ਹਾਂ ਪ੍ਰਚੰਡਿਤ ਹੁੰਦੇ ਵੀ ਰਹੇ ਹਨ ਅਤੇ ਹੁੰਦੇ ਵੀ ਰਹਿਣੇ ਹਨ।

1970 ਤੋਂ 2018 ਤੱਕ ਪੰਜ ਦਹਾਕਿਆਂ ਦੇ ਬਿਖੜੇ ਪੈਂਡਿਆਂ ਦੇ ਸਿੱਖ ਸਫਰ ਨਾਲ ਜੁੜੇ ਹੋਏ ਬਹੁਤ ਸਾਰੇ ਸੁਖਾਵੇਂ ਤੇ ਅਣਸੁਖਾਵੇਂ ਪਾਸਾਰਾਂ ਨੂੰ ਖੋਲ੍ਹਣ ਵਾਸਤੇ ਇਹ ਪੁਸਤਕ ਚਾਬੀ ਵਾਂਗ ਕੰਮ ਆ ਸਕਦੀ ਹੈ। ਇਨ੍ਹਾਂ ਪਾਸਾਰਾਂ ਦੇ ਹਵਾਲੇ ਨਾਲ ਵਿਸ਼ਵ ਵਿਚ ਪਰਵੇਸ਼ ਕਰ ਰਹੇ ਸਿੱਖ ਪਰਵਾਸ ਨੂੰ ਬਹੁ-ਸਭਿਆਚਾਰਕ ਪ੍ਰਸੰਗ ਵਿਚ ਸਮਝਣਾ ਅਤੇ ਸਮਝਾਉਣਾ ਨਿਰਸੰਦੇਹ ਸੌਖਾ ਹੋ ਸਕਦਾ ਹੈ। ਹੱਡਬੀਤੀਆਂ ਦੇ ਹਵਾਲੇ ਨਾਲ ਪੁਸਤਕ ਦਾ ਹਿੱਸਾ ਹੋ ਗਏ ਸਿਆਸਤਦਾਨ, ਅਫਸਰਸ਼ਾਹੀ ਅਤੇ ਡੇਰੇਦਾਰੀ ਵੱਲੋਂ ਪੈਦਾ ਕੀਤੀਆਂ ਗਈਆਂ ਦੁਸ਼ਵਾਰੀਆਂ, ਇਸ ਪੁਸਤਕ ਰਾਹੀਂ ਸਿੱਖ ਸੰਘਰਸ਼ ਦੇ ਕੈਨੇਡੀਅਨ ਚੈਪਟਰ ਦਾ ਹਿੱਸਾ ਹੋ ਗਈਆਂ ਹਨ। ਭਾਵ ਉਹ ਸਾਰੇ ਕਾਰਨ ਕਿਸੇ ਨਾ ਕਿਸੇ ਰੂਪ ਵਿਚ ਪੁਸਤਕ ਦਾ ਹਿੱਸਾ ਹੋ ਗਏ ਹਨ, ਜੋ ਬਹੁ-ਸਭਿਆਚਾਰਕ ਪ੍ਰਸੰਗ ਵਿਚ ਸਿੱਖ ਦ੍ਰਿਸ਼ਟੀ ਤੋਂ ਸਿਹਤਮੰਦ ਸਮਾਜ ਦੀ ਉਸਾਰੀ ਲਈ ਲੋੜੀਂਦੇ ਸੰਤੁਲਨ, ਪਾਰਦਰਸ਼ਤਾ ਅਤੇ ਇਮਾਨਦਾਰੀ ਦਾ ਬਿਰਦ ਪਾਲਣ ਨਾਲ ਜੁੜੇ ਰਹੇ ਹਨ।

ਲੇਖਕ ਵਾਲੀ ਸਿੱਖ ਚੇਤਨਾ ਦਾ ਮਾਲਕ ਸਾਰਾ ਸਿੱਖ ਭਾਈਚਾਰਾ ਬੇਸ਼ੱਕ ਨਹੀਂ ਹੈ ਅਤੇ ਇਸ ਕਮਜ਼ੋਰੀ ਨੂੰ ਢਕਣ ਦੀ ਸਿਆਸਤ ਹੀ ਸਿੱਖੀ ਸਮਝੀ ਜਾਣ ਲੱਗ ਪਈ ਹੈ। ਇਸੇ ਕਰਕੇ ਸਿੱਖਾਂ ਵਿਚ ਵਾਹਦ ਸਿੱਖ ਹੋਣ ਦਾ ਭਰਮ ਪਾਲਣ ਤੋਂ ਕਿਸੇ ਵੀ ਸਿੱਖ ਨੂੰ ਨਹੀਂ ਰੋਕਿਆ ਜਾ ਸਕਦਾ। ਇਸੇ ਵਿਚੋਂ ਪਹਿਲਾਂ ਇਤਿਹਾਸ ਨੂੰ ਬਾਣੀ ਦੀ ਰੋਸ਼ਨੀ ਵਿਚ ਸਮਝਣ ਦੀ ਥਾਂ, ਬਾਣੀ ਨੂੰ ਇਤਿਹਾਸ ਦੀ ਰੋਸ਼ਨੀ ਵਿਚ ਸਮਝਣ ਦੇ ਲੋਰ ਵਿਚ ਸਿੱਖ ਸਿਆਸਤ ਤੱਕ ਪਹੁੰਚ ਗਏ ਹਾਂ। ਇਸ ਕਿਸਮ ਦੀ ਸਿਆਸਤ ਦੀ ਖਹਿ ਵਿਚੋਂ ਜਿਹੋ ਜਿਹਾ ਸਿੱਖ-ਨੈਰੇਟਿਵ ਅੰਗੜਾਈਆਂ ਲੈਣ ਦੀ ਕੋਸ਼ਿਸ਼ ਕਰਦਾ ਆ ਰਿਹਾ ਹੈ, ਉਸ ਵੱਲ ਵੀ ਹੱਡਬੀਤੀ ਸ਼ੈਲੀ ਵਿਚ ਇਸ ਪੁਸਤਕ ਰਾਹੀਂ ਇਸ਼ਾਰੇ ਹੋ ਗਏ ਹਨ। ਇਸੇ ਲਈ ਇਹ ਪੁਸਤਕ ਮੇਰੇ ਨਜ਼ਦੀਕ ਸਿੱਖ ਸੰਘਰਸ਼ ਦੇ ਕੈਨੇਡੀਅਨ ਚੈਪਟਰ ਨੂੰ ਸਮਝਣ ਵਾਸਤੇ ਅਹਿਮ ਦਸਤਾਵੇਜ਼ ਹੋ ਗਈ ਹੈ। ਵਾਧਾ ਇਹ ਕਿ ਇਹ ਪੁਸਤਕ ਵਿਅਕਤੀ ਕੇਂਦਰਤ ਹੋਣ ਦੇ ਬਾਵਜੂਦ ਖੁਲ੍ਹੀ ਪਹੁੰਚ (Open ended) ਵਾਲੀ ਹੋ ਗਈ ਹੈ। ਇਸ ਦੀ ਪ੍ਰੋੜ੍ਹਤਾ ਲੇਖਕ ਦੇ ਆਪਣੇ ਸ਼ਬਦਾਂ ਵਿਚ ਹੋ ਜਾਂਦੀ ਹੈ, ਜਦੋਂ ਉਹ ਵਾਪਸ ਪੰਜਾਬ ਜਾ ਕੇ ਆਪਣੇ ਹੀ ਘਰ ਆਪਣੀ ਹੀ ਅਲਮਾਰੀ ਨੂੰ ਖੋਲ੍ਹਦਾ ਹੈ ਤਾਂ ਸ਼ਰਾਬੀ ਗਿਆਨ, ਪੰਥਕ ਗਿਆਨ, ਵਪਾਰੀ ਗਿਆਨ, ਸਮਾਜ ਸੇਵੀ ਗਿਆਨ ਅਤੇ ਲੇਖਕ ਗਿਆਨ-ਇਨ੍ਹਾਂ ਸਭ ਪਰਤਾਂ ਵਿਚੋਂ ਨਿਕਲ ਕੇ ਇਕਹਿਰੇ ਸਿੱਖ ਨੈਰੇਟਿਵ ਵਾਂਗ ਸਾਹਮਣੇ ਆ ਜਾਂਦਾ ਹੈ। ਨਿੱਜ ਦੇ ਹਵਾਲਿਆਂ ਨਾਲ ਸਮਕਾਲ ਦੀ ਸੁਰ ਫੜਨ ਦੀਆਂ ਅਜਿਹੀਆਂ ਕੋਸ਼ਿਸ਼ਾਂ ਇਸ ਪੁਸਤਕ ਦਾ ਹਾਸਲ ਹੋ ਗਈਆਂ ਹਨ।

ਸਿੱਖ ਪਰਵਾਸ ਬੇਸ਼ੱਕ ਮਜ਼ਦੂਰੀ ਕਰਨ ਵਾਲਿਆਂ ਤੋਂ ਸ਼ੁਰੂ ਹੋਇਆ ਸੀ, ਪਰ ਲੇਖਕ ਉਨ੍ਹਾਂ ਸਿੱਖ ਪਰਵਾਸੀਆਂ ਵਿਚੋਂ ਹੈ, ਜੋ ਮਜ਼ਦੂਰੀ ਨਹੀਂ, ਨੌਕਰੀ ਕਰਨ ਦੇ ਇਰਾਦੇ ਨਾਲ ਪਰਵਾਸ ਦਾ ਹਿੱਸਾ ਹੋਏ ਸਨ ਅਤੇ ਇਸ ਤੋਂ ਅੱਗੇ ਵਧ ਕੇ ਸਬੰਧਤ ਦੇਸ਼ ਦੀ ਮੁੱਖ ਧਾਰਾ ਦਾ ਹਿੱਸਾ ਹੋ ਸਕਣ ਦੀ ਰੀਝ ਵੀ ਸੁਤੰਤਰ ਸਿੱਖ ਸੋਚ ਵਾਂਗ ਪਾਲ ਰਹੇ ਸਨ।

ਸਿੱਖ ਪਗੜੀ ਦੁਆਲੇ ਉਸਰਦੀ ਕੈਨੇਡੀਅਨ ਸਿਆਸਤ ਦਾ ਜ਼ਿਕਰ ਕਰਦਿਆਂ ਅਤੇ ਦਰਪੇਸ਼ ਨਫਰਤੀ ਵਰਤਾਰਿਆਂ ਨਾਲ ਪੈਦਾ ਹੋ ਰਹੇ ਗੁੱਸੇ ਅਤੇ ਉਦਾਸੀ ਨਾਲ ਜੂਝਦਿਆਂ ਸਿੱਖ ਚੇਤਨਾ ਦੇ ਪ੍ਰਤੀਨਿਧੀਆਂ ਨੇ ਕੈਨੇਡੀਅਨ ਕਾਨੂੰਨ ਨੂੰ ਨਾਲ ਲੈ ਕੇ ਵਿਧਾਨਕ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਵਾਸਤੇ 'ਵਸਿਕ' ਬਣਾਈ ਸੀ। ਉਸ ਵੇਲੇ ਗੁਰਦੁਆਰੇ ਭਾਈਚਾਰਕ ਕੇਂਦਰ ਹੋਣ ਦੇ ਬਾਵਜੂਦ ਹਰ ਕਿਸਮ ਦੇ ਸਿਆਸੀ ਦਖਲ ਦਾ ਸ਼ਿਕਾਰ ਹੋ ਰਹੇ ਸਨ। ਇਸੇ ਵਿਚਕਾਰ 'ਵਸਿਕ' ਨੂੰ ਸਿੱਖ ਭਾਈਚਾਰੇ ਦੀ ਮਾਨਸਿਕਤਾ ਵਿਚ ਟਿਕਾਉਣ ਲਈ ਲੜੇ ਗਏ ਸੰਘਰਸ਼ ਨਾਲ ਜੁੜੀ ਹੋਈ ਹੈ, ਇਹ ਪੁਸਤਕ। 'ਵਸਿਕ' ਸਿੱਖ ਸਮੱਸਿਆਵਾਂ ਨਾਲ ਜੁੜੀ ਹੋਈ ਹੋਣ ਕਰਕੇ ਇਸ ਨੂੰ ਸਿਆਸੀ ਦਖਲ ਤੋਂ ਨਹੀਂ ਸੀ ਬਚਾਇਆ ਜਾ ਸਕਦਾ ਕਿਉਂਕਿ ਸਮੱਸਿਆਵਾਂ ਕੈਨੇਡੀਅਨ ਸਿਆਸਤ ਨਾਲ ਖਾਸ




*(ਖੱਬੇ) ਪੁਸਤਕ ਦਾ ਮੁਖੜਾ ਅਤੇ (ਸੱਜੇ) ਲੇਖਕ ਗਿਆਨ ਸਿੰਘ ਸੰਧੂ*

ਕਰਕੇ ਅਤੇ ਭਾਰਤੀ ਸਿਆਸਤ ਨਾਲ ਆਮ ਕਰਕੇ ਸਿੱਧੀਆਂ ਜੁੜੀਆਂ ਹੋਈਆਂ ਸਨ। ਇਸ ਹਾਲਤ ਵਿਚ ਸਿੱਖ ਪਰਵਾਸੀਆਂ ਨੂੰ ਕੈਨੇਡੀਅਨ ਸਮਝ ਕੇ ਦੇਸ਼ ਦੇ ਕਾਨੂੰਨ ਮੁਤਾਬਿਕ ਮਸਲੇ ਹੱਲ ਕੀਤੇ ਜਾਣ ਵੱਲ ਸੇਧਿਤ ਹੋਣ ਕਰਕੇ 'ਵਸਿਕ' ਨੂੰ ਪਹਿਲਾਂ ਗੁਰਦੁਆਰਿਆਂ ਵਿਚੋਂ ਬਾਹਰ ਨਿਕਲਣਾ ਪਿਆ ਅਤੇ ਫਿਰ ਹੌਲੀ ਹੌਲੀ ਮੁੱਖ ਧਾਰਾ ਦੀ ਸਿਆਸਤ ਵੱਲੋਂ ਧੱਕੀਦੀ ਧਕਾਉਂਦੀ ਸਿਆਸੀ ਵਿਧੀਆਂ ਨੂੰ ਅਪਨਾਉਂਦੀ ਰਹੀ। ਲੇਖਕ, ਇਸ ਵਹਿਣ ਵਿਚ ਵਹਿਣ ਤੋਂ ਬਚਦਾ ਬਚਾਉਂਦਾ ਜਿਹੋ ਜਿਹਾ ਹੋ ਗਿਆ ਸੀ, ਉਸੇ ਨੂੰ ਇਸ ਪੁਸਤਕ ਦੀ ਹੱਡ-ਬੀਤੀ ਪਰਤ ਕਿਹਾ ਜਾ ਰਿਹਾ ਹੈ। ਇਸ ਦਾ ਅਰੰਭ ਗੁਰਦੁਆਰੇ ਵਿਚ ਜਾਸੂਸ (130) ਤੋਂ ਹੁੰਦਾ ਹੈ ਅਤੇ ਇਹੀ ਬਰਾਸਤਾ ਏਜੰਸੀਆਂ ਭਾਰਤ ਸਰਕਾਰ ਤੱਕ ਪਹੁੰਚ ਜਾਂਦਾ ਹੈ। ਸਰਕਾਰਾਂ ਦੀ ਨੌਕਰੀ ਕਰਨ ਵਾਲਿਆਂ ਨੂੰ ਜਿਹੋ ਜਿਹੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਹੀ ਪੈਂਦੀਆਂ ਹਨ, ਉਸ ਨੂੰ ਇਸ ਪੁਸਤਕ ਵਿਚ ਦਸ ਨੁਕਤਿਆਂ ਰਾਹੀਂ ਦਿਤਾ ਹੋਇਆ ਹੈ (131)। ਇਹੀ ਸੰਘਰਸ਼ ਲੇਖਕ ਮੁਤਾਬਿਕ 'ਵਸਿਕ' ਨੂੰ ਲੜਨਾ ਪੈ ਰਿਹਾ ਸੀ।

'ਵਸਿਕ' ਬੇਸ਼ੱਕ ਲੜੇ ਜਾ ਰਹੇ ਸੰਘਰਸ਼ ਦੀ ਇਕੱਲੀ ਪ੍ਰਤੀਨਿਧ ਨਹੀਂ ਸੀ ਅਤੇ ਹੋਰ ਵੀ ਸਿੱਖ ਜਥੇਬੰਦੀਆਂ ਸਾਹਮਣੇ ਆਉਂਦੀਆਂ ਰਹੀਆਂ ਸਨ। ਅਜਿਹੇ ਹਾਲਾਤ ਪੰਜਾਬ ਵਿਚ ਵੀ ਸਨ ਅਤੇ ਇਸ ਦੀ ਕੀਮਤ ਵੀ ਬਹੁਤੀ ਉਥੇ ਹੀ ਦੇਣੀ ਪਈ ਸੀ। ਅਜਿਹੇ ਹਾਲਾਤ ਵਿਚ ਕੁਹਾੜੀ ਅਤੇ ਕੁਹਾੜੀ ਦੇ ਦਸਤੇ ਦੀ ਸਿਆਸਤ ਵਾਂਗ ਸਬੰਧ ਬਣਿਆ ਰਹਿੰਦਾ ਹੈ। ਅਜਿਹੀਆਂ ਘੜੀਆਂ ਘੜਾਈਆਂ ਬੇੜੀਆਂ ਸੰਘਰਸ਼ ਨਾਲ ਜੁੜੇ ਸਿੱਖਾਂ ਦੇ ਪੈਰਾਂ ਵਿਚ ਲੋੜ ਅਤੇ ਹਾਲਾਤ ਮੁਤਾਬਿਕ ਫਿਟ ਕਰ ਲਈਆਂ ਜਾਂਦੀਆ ਸਨ। ਇਸ ਦੇ ਪਰਤ ਦਰ ਪਰਤ ਵੇਰਵੇ ਇਸ ਪੁਸਤਕ ਦਾ ਹਿੱਸਾ ਹੋ ਗਏ ਹਨ।

ਬਿਖੜੇ ਹਾਲਾਤ ਵਿਚ ਕੈਨੇਡੀਅਨ ਸਿੱਖ, ਆਰਥਕ ਖੁਸ਼ਹਾਲੀ (ਖਾਲਸਾ ਕਰੈਡਿਟ ਯੂਨੀਅਨ-134) ਵੱਲ ਵਧਦੇ ਵੀ ਰਹੇ ਸਨ ਅਤੇ ਸਿਆਸਤ (ਜਹਾਜ ਹਾਦਸਾ-137) ਦਾ ਸ਼ਿਕਾਰ ਵੀ ਹੁੰਦੇ ਰਹੇ ਸਨ। ਇਸ ਨਾਲ ਸਿੱਖਾਂ ਦੇ ਗਲ ਪਾਈ ਗਈ ਹਿੰਸਾ ਦੀ ਖਾਲਿਸਤਾਨੀ ਸਿਆਸਤ ਕਿਸੇ ਨਾ ਕਿਸੇ ਬਹਾਨੇ ਉਸ ਵੇਲੇ ਜਿਵੇਂ ਮਘ ਰਹੀ ਸੀ, ਉਵੇਂ ਹੀ ਇਸ ਵੇਲੇ ਧੁਖ ਰਹੀ ਹੈ (138)। ਇਸ ਵਿਚ ਲੇਖਕ ਦੀ ਭੂਮਿਕਾ ਨੂੰ ਪੁਸਤਕ ਦੇ ਪੰਨਾ 140-41 'ਤੇ ਦਰਜ ਕਮਿਸ਼ਨ ਸਾਹਮਣੇ ਦਿੱਤੇ ਬਿਆਨ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ।

ਪ੍ਰਾਪਤ ਹਵਾਲਿਆਂ ਦੇ ਆਸਰੇ ਨਾਲ ਕਿਹਾ ਜਾ ਸਕਦਾ ਹੈ ਕਿ ਲੇਖਕ ਨੂੰ ਸਪਸ਼ਟਤਾ ਹੈ ਕਿ ਸਿੱਖੀ ਦਾ ਅਤਿਵਾਦ ਨਾਲ ਕੋਈ ਸਬੰਧ ਨਹੀਂ ਹੈ (Sikh religion and cultural traditions fere antithetical to violence-140). ਇਸ ਨਾਲ ਅਸਹਿਮਤੀ ਵਾਲਿਆਂ ਦੀ ਅਸਲ ਵਿਚ ਪੁਸਤਕ ਨੂੰ ਸਿੱਧਿਆਂ ਪੜ੍ਹੇ ਬਿਨਾ ਪੁਸਤਕ ਵਿਚ ਉਣੀਆਂ ਹੋਈਆਂ ਬਾਰੀਕੀਆਂ ਨੂੰ ਸੰਖੇਪ ਕਰਨਾ ਸੌਖਾ ਨਹੀਂ ਹੁੰਦਾ। ਸਿੱਖਾਂ ਦੇ ਆਲੇ-ਦੁਆਲੇ ਪਸਰੀ ਸਿਆਸਤ ਨੇ ਹਾਲਾਤ ਅਜਿਹੇ ਕਰ ਦਿੱਤੇ ਸਨ ਕਿ ਕਿਸੇ ਵੀ ਬਹਾਨੇ, ਕਿਸੇ ਵੀ ਸਿੱਖ ਨੂੰ ਖਬਰੀ ਗਰਦਾਨਿਆ ਜਾ ਸਕਦਾ ਸੀ (148)। ਇਸ ਨਾਲ ਪੱਗ ਅਤੇ ਦਾਹੜੀ ਵਾਲਿਆਂ ਨੂੰ ਬੇਲੋੜੀ ਪੁੱਛ ਗਿੱਛ ਨਾਲ ਜੂਝਣਾ ਪੈ ਰਿਹਾ ਸੀ। ਇਸ ਨਾਲ ਵੱਡਾ ਨੁਕਸਾਨ ਇਹ ਹੋਇਆ ਕਿ ਇਸਲਾਮੀ ਅਤਿਵਾਦ ਨਾਲ ਸਿੱਖਾਂ ਨੂੰ ਨੱਥੀ ਕਰ ਦਿੱਤਾ ਗਿਆ ਅਤੇ ਹੋਰਨਾਂ ਦੀਆਂ ਕੀਤੀਆਂ ਸਿੱਖਾਂ ਨੂੰ ਭੁਗਤਣੀਆਂ ਪੈ ਗਈਆਂ (149)। ਇਸ ਨਾਲ ਸਿੱਖਾਂ ਦੀ ਦਿਆਨਤਦਾਰੀ ਅਤੇ ਮਿਹਨਤ ਖੂਹ ਖਾਤੇ ਪੈਂਦੀ ਰਹੀ।

ਸਾਕਾ ਨੀਲਾ ਤਾਰਾ ਨਾਲ ਜ਼ਖਮੀ ਹੋਈ ਸਿੱਖ ਮਾਨਸਿਕਤਾ ਵਿਚ ਖਾਲਿਸਤਾਨ ਕਿਵੇਂ ਟਿਕ ਗਿਆ, ਇਸ ਨੂੰ ਪੁਸਤਕ ਵਿਚ ਜਿਸ ਤਰ੍ਹਾਂ ਦੱਸਿਆ ਗਿਆ ਹੈ, ਉਸ ਨਾਲ ਸਹਿਮਤ ਨਾ ਹੋ ਕੇ ਵੀ ਅਜਿਹੀਆਂ ਪਰਤਾਂ ਬਾਰੇ ਜਾਣ ਸਕਦੇ ਹਾਂ, ਜੋ ਸਿਆਸਤਦਾਨਾਂ ਨੇ ਬੁਰੀ ਤਰ੍ਹਾਂ ਉਲਝਾ ਦਿੱਤੀਆਂ ਹੋਈਆਂ ਸਨ (152-54, 158)। ਇਸ ਨਾਲ ਜੁੜੀਆਂ ਹੋਈਆਂ ਭਾਰਤ ਸਰਕਾਰ ਦੀਆਂ ਕਾਲੀਆਂ ਸੂਚੀਆਂ (157) ਦਾ ਪ੍ਰਸੰਗ ਉਸਾਰ ਵੀ ਕੀਤਾ ਹੋਇਆ ਹੈ। ਅਜਿਹੀ ਸਥਿਤੀ ਵਿਚ ਲੇਖਕ ਵੱਲੋਂ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਨੂੰ ਕੈਨੇਡੀਅਨ ਕਾਨੂੰਨ ਮੁਤਾਬਿਕ ਲੜਨ ਦੀ ਜਿਸ ਤਰ੍ਹਾਂ ਪੈਰਵਾਈ ਕੀਤੀ ਗਈ ਸੀ, ਉਹ ਆਪਣੇ ਆਪ ਵਿਚ ਨਵੀਂ ਸ਼ੁਰੂਆਤ ਕਹੀ ਜਾ ਸਕਦੀ ਹੈ (159)। ਇਹ ਸ਼ੁਰੂਆਤ ਲੇਖਕ ਨੇ ਸੋਚ ਸਮਝ ਕੇ ਪ੍ਰਾਪਤ ਨਾਲ ਨਿਭਦਿਆਂ ਕੀਤੀ ਸੀ (165)। ਆਪ ਅੰਮ੍ਰਿਤਧਾਰੀ ਹੋਣ ਦੇ ਬਾਵਜੂਦ ਲੇਖਕ ਉਨ੍ਹਾਂ ਸਭ ਨੂੰ ਨਾਲ ਲੈ ਕੇ ਤੁਰਦਾ ਹੈ, ਜੋ ਸਿੱਖ ਕਹਾਉਣਾ ਚਾਹੁੰਦੇ ਹਨ ਜਾਂ ਸਿੱਖ ਰਹਿਣਾ ਚਾਹੁੰਦੇ ਹਨ (195)। ਪਰਵਾਸ ਵਿਚ ਇਸ ਪਹੁੰਚ ਦੀ ਬਹੁਤ ਲੋੜ ਹੈ।

ਕੈਨੇਡੀਅਨ ਚਾਰਟਰ ਦੇ ਹਵਾਲੇ ਨਾਲ ਜਿਸ ਤਰ੍ਹਾਂ ਲੇਖਕ ਨੇ ਸਿੱਖ ਸੰਘਰਸ਼ ਦੀ ਗੱਲ ਕੀਤੀ ਹੈ, ਉਸ 'ਤੇ ਅੱਜ ਵੀ ਪਹਿਰਾ ਦਿੱਤੇ ਜਾਣ ਦੀ ਲੋੜ ਹੈ, ਕਿਉਂਕਿ ਕੈਨੇਡੀਅਨ ਚਾਰਟਰ ਅਤੇ ਸਿੱਖੀ ਦੀ ਵੱਡੀ ਸਾਂਝ ਨੂੰ ਲੇਖਕ ਨੇ ਸਾਹਮਣੇ ਲੈ ਆਂਦਾ ਹੈ (197-99)। ਅਜਿਹੀ ਜਾਗੀ ਹੋਈ ਸੋਚ ਨਾਲ ਕਿਸੇ ਵੀ ਕਿਸਮ ਦੀ ਸਿਆਸਤ ਦਾ ਸਹਿਮਤ ਹੋਣਾ ਬੇਸ਼ੱਕ ਮੁਸ਼ਕਿਲ ਹੈ। ਸਿੱਖ ਸਿਆਸਤ ਤਾਂ ਪੁਸਤਕ ਸਭਿਆਚਾਰ ਤੋਂ ਕੋਰੀ ਹੋਣ ਕਰਕੇ ਜਿਹੋ ਜਿਹੇ ਸ਼ਿਕੰਜਿਆਂ ਵਿਚ ਕਸੀਂਦੀ ਤੁਰੀ ਜਾ ਰਹੀ ਹੈ, ਉਸ ਹਾਲਤ ਵਿਚ ਕੌਣ ਕਿਸ ਨੂੰ ਸਮਝਾਵੇ ਕਿ ਇਸ ਪੁਸਤਕ ਨੂੰ ਲੈ ਕੇ ਸੰਵਾਦ ਛੇੜੇ ਜਾਣ ਦੀ ਲੋੜ ਹੈ। ਪੁਸਤਕ ਰਾਹੀਂ ਸਾਹਮਣੇ ਆ ਰਹੀਆਂ ਚੇਤਨਾ ਪਰਤਾਂ ਨਾਲ ਪੈਰ ਮੇਚ ਕੇ ਨਹੀਂ ਤੁਰਾਂਗੇ ਤਾਂ ਅੰਦਰੋਂ ਤੇ ਬਾਹਰੋਂ ਹੋਣ ਵਾਲੇ ਨੁਕਸਾਨ ਤੋਂ ਆਪਣੇ ਆਪ ਨੂੰ ਵੀ ਨਹੀਂ ਬਚਾ ਸਕਾਂਗੇ। ਅਜਿਹੇ ਸਵਾਲਾਂ ਬਾਰੇ ਸਾਂਝੀ ਸਮਝ ਬਣਾਉਣ ਦੀ ਲੋੜ ਵੱਲ ਇਸ ਪੁਸਤਕ ਰਾਹੀਂ ਜੋ ਕਦਮ ਪੁੱਟਿਆ ਗਿਆ ਹੈ, ਉਸ ਵਾਸਤੇ ਲੇਖਕ ਵਧਾਈ ਦਾ ਪਾਤਰ ਹੈ।

## ਕਾਵਿ-ਜਗਤ

### ਬਾਬਾ ਗਯਾ ਪਹੁੰਚਿਆ

ਤੁਰ ਪਏ ਫਿਰ ਬਨਾਰਸੋਂ ਪਾਏ ਗਯਾ ਨੂੰ ਚਾਲੇ।
ਨਾਮੁ ਜਪਦੇ ਤੇ ਜਪਾਂਦੇ, ਮਰਦਾਨਾ ਸੀ ਨਾਲੇ।

ਗਯਾ ਸ਼ਹਿਰ ਵਸਿਆ, ਫਲਗੂ ਨਦੀ ਦੇ ਕੰਢੇ।
ਵਹਿਮਾਂ ਭਰਮਾਂ ਵਾਲੇ ਖੂਬ ਚੱਲਦੇ ਸਨ ਫੰਦੇ।

ਰਲ ਕੇ ਚਤੁਰ ਪੰਡਿਤਾਂ ਪਾਏ ਪੁੱਠੇ ਰਾਹ ਸਾਰੇ।
ਬੈਸਾਖੀ ਨੂੰ ਦਾਨ ਕਰੀਏ ਤਰਦੇ ਪਿੱਤਰ ਸਾਰੇ।

ਸੱਤ ਜਨਮਾਂ ਦਾ ਉਧਾਰ ਜੇ ਇੱਥੇ ਚੌਲ ਚੜ੍ਹਾਓ।
ਜਗਾ ਕੇ ਦੀਵੇ ਤੇਲ ਦੇ ਇੰਜ ਰਾਹ ਰੁਸ਼ਨਾਓ।

ਦੇਖ ਨਜ਼ਾਰਾ ਬਾਬੇ ਤਾਂ ਇਹਦੇ ਮਖੌਲ ਉਡਾਏ।
ਹੋਸ਼ ਉਡੇ ਪੁਜਾਰੀਆਂ ਚੱਲ ਬਹਿਸ ਨੂੰ ਆਏ।

ਪੁਜਾਰੀ ਕਹਿੰਦੇ,
ਉਧਾਰ ਕਰੀਏ ਦੋਜ਼ਖੀਂ ਸਵਰਗ ਸਿਧਾਈਏ।
ਪਾਰ ਉਤਾਰਾ ਕਰੀਏ ਨਾ ਐਵੇਂ ਰੌਲਾ ਪਾਈਏ।

ਬਾਬੇ ਕਰੇ ਸਵਾਲ,
ਪਿੰਡਾ ਮਰ ਗਏ ਦਾ ਰਹਿੰਦਾ ਧਰਤੀ 'ਤੇ ਭੁੰਜੇ।
ਫਿਰ ਨਾ ਲੋੜੇ ਕੁੱਝ ਕਿਉਂ ਪਖੰਡ ਤੁਹਾਨੂੰ ਸੁੱਝੇ?

ਨਾ ਉਹਨੂੰ ਭੁੱਖ ਤ੍ਰੇਹ, ਨਾ ਦੁੱਖ ਸੁੱਖ ਹੀ ਭੁੰਚੇ।
ਖਾਣਾ ਜੋ ਪਰਸ ਰਹੇ ਕਿੰਜ ਪਿੱਤਰਾਂ ਨੂੰ ਪਹੁੰਚੇ?

ਨਾ ਕੋਈ ਸੀ ਜਵਾਬ ਪੁਜਾਰੀ ਪੈ ਗਏ ਛਿੱਥੇ।
ਤਰਕ ਨਾਲ ਸਮਝਾਏ ਪਰ ਰੰਗ ਹੋ ਗਏ ਫਿੱਕੇ।
ਵੰਡ ਕੇ ਚਾਨਣ ਇੱਥੇ ਗੁਰੂ ਜੀ ਤੁਰ ਪਏ ਅੱਗੇ।
ਤਾਰ ਕੇ ਮਾਲਦਾ ਸੰਗ ਆਪ ਕਾਮਰੂਪ ਜਾ ਸਜੇ।

*-ਸੇਵਾ ਸਿੰਘ ਨੂਰਪੁਰੀ*

### ਸੂਲਾਂ ਫੁੱਲਾਂ ਦੀਆਂ ਰੱਖਿਅਕ

ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ
ਫੁੱਲ ਕੁਮਲਾ ਜਰਦ ਹੋਇਆ
ਟਹਿਕਦਾ ਸੀ ਜੋ ਹੁਣੇ-ਹੁਣੇ
ਖੁਸ਼ਬੂਆਂ ਸੀ ਬਿਖੇਰ ਰਿਹਾ
ਹਰ ਰਾਹ ਜਾਂਦਾ ਰਾਹੀ
ਮੁਗਧ ਹੋ ਹਸ਼-ਹਸ਼ ਸੀ ਹੋ ਰਿਹਾ।

ਜਿਸ ਨਹੀਂ ਸੀ ਲਾਇਆ ਬੂਟਾ
ਉਸ ਨੂੰ ਕਿਉਂ ਦੁੱਖ ਸੀ ਹੋ ਰਿਹਾ
ਜਿਸ ਵੱਢ ਦਿਤੀਆਂ ਜੜ੍ਹਾਂ ਥੱਲਿਓਂ
ਰਹਿਣ ਦਿਤਾ ਹਵਾ 'ਚ ਉਡਦਾ
ਫੁੱਲ ਖਿੜਿਆ ਕੁਮਲਾ ਗਿਆ
ਹੋ ਗਈਆਂ ਜਰਦ ਪੱਤੀਆਂ।

ਸੂਲਾਂ ਵੀ ਜੋ ਸੀ ਰਾਖੀ ਕਰਦੀਆਂ
ਖੂੰਡੀਆਂ ਖੁਸ਼ਕ ਨਜ਼ਰ ਆਈਆਂ
ਗੋਡੇ ਟੇਕ ਜੋ ਵਿਕ ਗਏ ਸੰਤਰੀ
ਦਿਖਾ ਦਿਤੀ ਅਕ੍ਰਿਤਘਣਤਾ
ਵਧਣਾ ਫੁਲਣਾ ਜੜ੍ਹ ਵੱਢੀ
ਬੁੱਕਲ ਦੇ ਚੋਰਾਂ ਵਾਂਗ
ਫੁੱਲ ਸਿਰ ਲੁੜਕ ਗਿਆ
ਪੱਤੀਆਂ ਭੁਰ ਗਈਆਂ
ਸੂਲਾਂ ਜੋ ਸੀ ਸੁਰੱਖਿਆ ਲਈ
ਬਣ ਤੀਲਾ ਤੀਲਾ ਖਿੰਡ ਗਈਆਂ।

*-ਦਰਸ਼ਨਪਾਲ ਦੋਸਾਂਝ*

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-5

# ਬਜਰੰਗ ਦਲ ਦੀ ਬੁਰਛਾਗਰਦੀ

### ਹਿੰਦੂਤਵੀ ਲਸ਼ਕਰ



ਧੀਰੇਂਦਰ ਕੁਮਾਰ ਝਾਅ

**ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਦੌਰਾਨ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਇਸੇ ਤਰ੍ਹਾਂ ਆਰ. ਐਸ. ਐਸ. ਸੰਸਾਰ ਦੀ ਸਭ ਤੋਂ ਵੱਡੀ ਵਾਲੰਟੀਅਰ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਜ਼ਿੰਮੇਵਾਰ ਸੰਗਠਨਾਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਇਸ ਕਿਸ਼ਤ ਵਿਚ ਬਜਰੰਗ ਦਲ ਦੇ ਕਾਰਿਆਂ ਬਾਰੇ ਕੁਝ ਹੋਰ ਖੁਲਾਸੇ ਕੀਤੇ ਗਏ ਹਨ। -ਸੰਪਾਦਕ**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਵਿਸ਼ਵ ਹਿੰਦੂ ਪ੍ਰੀਸ਼ਦ ਦੀ ਵੈਬਸਾਈਟ ਬਜਰੰਗ ਦਲ ਨੂੰ ਹਿੰਦੂ ਸਮਾਜ ਦਾ 'ਸੁਰੱਖਿਆ ਘੇਰਾ' ਆਖਦੀ ਹੈ; ਹਾਲਾਂਕਿ ਇਸ ਜਥੇਬੰਦੀ ਦੀਆਂ ਸਰਗਰਮੀਆਂ ਨਾਲ ਤਾਂ ਇਸ ਤੋਂ ਉਲਟ ਸਾਬਤ ਹੁੰਦਾ ਹੈ। ਅਰਾਜਕ ਬਣਤਰ ਅਤੇ ਅਨੁਸ਼ਾਸਨਹੀਣ ਬਿਰਤੀ ਵਾਲੀ ਇਹ ਜਥੇਬੰਦੀ ਸੰਘ ਪਰਿਵਾਰ ਦਾ ਇੱਲਤੀ ਬੱਚਾ ਹੈ।

ਬਜਰੰਗ ਦਲ ਦੀ ਸਥਾਪਨਾ ਤੋਂ 15 ਸਾਲ ਬਾਅਦ 1999 ਵਿਚ ਇਸ ਦੇ ਕਾਰਕੁਨਾਂ ਦੀ ਟੋਲੀ, ਜਿਸ ਦੀ ਅਗਵਾਈ ਰਵਿੰਦਰ ਕੁਮਾਰ ਪਾਲ ਉਰਫ ਦਾਰਾ ਸਿੰਘ ਕਰ ਰਿਹਾ ਸੀ, ਨੇ ਆਸਟਰੇਲੀਆ ਦੇ ਮਿਸ਼ਨਰੀ ਗ੍ਰਾਹਮ ਸਟੇਨਜ਼ ਅਤੇ ਉਸ ਦੇ ਬੱਚਿਆਂ ਨੂੰ ਜਿਉਂਦੇ ਸਾੜ ਦਿੱਤਾ। ਸਟੇਨਜ਼ 30 ਸਾਲਾਂ ਤੋਂ ਉੜੀਸਾ ਦੇ ਕੋਹੜੀ ਮਰੀਜ਼ਾਂ ਵਿਚ ਕੰਮ ਕਰ ਰਿਹਾ ਸੀ। ਜਦੋਂ ਸਿਆਲ ਵਿਚ ਜਨਵਰੀ ਦੀ ਉਸ ਰਾਤ ਉਨ੍ਹਾਂ ਦੀ ਹੱਤਿਆ ਕੀਤੀ ਗਈ, ਉਹ ਅਤੇ ਉਸ ਦੇ ਦੋ ਨਿੱਕੇ-ਨਿੱਕੇ ਪੁੱਤਰ ਕਿਓਨਝਾਰ ਜਿਲੇ ਦੇ ਪਿੰਡ ਮਨੋਹਰਪੁਰ ਵਿਚ ਆਪਣੀ ਕਾਰ ਵਿਚ ਸੌਂ ਰਹੇ ਸਨ। ਇਕ ਹਜੂਮ ਨੇ ਕਾਰ ਉਪਰ ਪੈਟਰੋਲ ਛਿੜਕਿਆ ਅਤੇ ਅੱਗ ਲਾ ਦਿੱਤੀ। ਸਟੇਨਜ਼ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਭੀੜ ਨੇ ਉਸ ਨੂੰ ਕਾਰ 'ਚੋਂ ਨਿਕਲਣ ਨਾ ਦਿੱਤਾ ਅਤੇ ਤਿੰਨੇ ਪਿਉ-ਪੁੱਤਰ ਅੱਗ ਵਿਚ ਸੜ ਕੇ ਸੁਆਹ ਹੋ ਗਏ।

ਛੇਤੀ ਹੀ ਪਤਾ ਲੱਗ ਗਿਆ ਕਿ ਇਹ ਕਾਂਡ ਬਜਰੰਗ ਦਲ ਵਾਲਿਆਂ ਦਾ ਕਾਰਾ ਹੈ। ਉੜੀਸਾ ਦੇ ਡੀ.ਜੀ.ਪੀ. ਬੀ. ਬੀ. ਪਾਂਡਾ ਦੀ ਜਾਂਚ ਨੇ ਇਸ ਉਪਰ ਸਰਕਾਰੀ ਮੋਹਰ ਲਾ ਦਿੱਤੀ। ਉਸ ਨੇ ਕਿਹਾ, 'ਇਸ ਹਮਲੇ ਵਿਚ ਬਜਰੰਗ ਦਲ ਦਾ ਹੱਥ ਹੈ।' (ਮਈ 2019 ਵਿਚ ਲੋਕ ਸਭਾ ਚੋਣਾਂ ਵਿਚ ਜਿੱਤ ਕੇ ਪਾਰਲੀਮੈਂਟ ਵਿਚ ਪਹੁੰਚਿਆ ਅਖੌਤੀ ਫਕੀਰ ਪ੍ਰਤਾਪ ਚੰਦਰ ਸਾਰੰਗੀ ਉਦੋਂ ਬਜਰੰਗ ਦਲ ਦੀ ਉੜੀਸਾ ਇਕਾਈ ਦਾ ਮੁਖੀ ਸੀ, ਉਸ ਦੇ ਹੱਥ ਇਨ੍ਹਾਂ ਕਤਲਾਂ ਦੇ ਲਹੂ ਨਾਲ ਰੰਗੇ ਹੋਏ ਹਨ। -ਅਨੁਵਾਦਕ)। ਪੜਤਾਲ ਕਰਨ 'ਤੇ ਖੁਲਾਸਾ ਹੋਇਆ ਕਿ 2 ਜਨਵਰੀ 1999 ਦੀ ਰਾਤ ਸਥਾਨਕ ਆਗੂ ਦਾਰਾ ਸਿੰਘ ਨੇ ਭੀੜ ਦੀ ਅਗਵਾਈ ਕੀਤੀ। 2003 ਵਿਚ ਅਦਾਲਤ ਨੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ, ਜੋ 2005 ਵਿਚ ਉੜੀਸਾ ਹਾਈਕੋਰਟ ਨੇ ਉਮਰ ਕੈਦ ਵਿਚ ਬਦਲ ਦਿੱਤੀ। 2011 ਵਿਚ ਸੁਪਰੀਮ ਕੋਰਟ ਨੇ ਹਾਈਕੋਰਟ ਦਾ ਫੈਸਲਾ ਬਰਕਰਾਰ ਰੱਖਿਆ।

ਇਹ ਸੋਚ ਕੇ ਕਿ ਹੁਣ ਤਾਂ ਕੇਂਦਰ ਵਿਚ ਸੰਘ ਦਾ ਹੀ ਸਿਆਸੀ ਵਿੰਗ ਭਾਜਪਾ ਸੱਤਾ ਵਿਚ ਹੈ, ਬਜਰੰਗ ਦਲ ਨੇ ਆਪਣਾ ਤਾਂਡਵ ਨਾਚ ਹੋਰ ਵੀ ਹੌਸਲੇ ਨਾਲ ਜਾਰੀ ਰੱਖਿਆ। ਇਸ ਦੇ ਕਾਰਿੰਦਿਆਂ ਨੇ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਗਿਰਜਾ ਘਰਾਂ, ਪਾਦਰੀਆਂ ਅਤੇ ਇਸਾਈ ਸਾਧਵੀਆਂ 'ਤੇ ਹਮਲੇ ਕੀਤੇ। ਸਭ ਤੋਂ ਵੱਧ ਦਿਲ ਕੰਬਾਊ ਸਰਗਰਮੀਆਂ ਗੁਜਰਾਤ ਵਿਚ ਹੋਈਆਂ, ਜਿਥੇ ਇਹ ਸਾਇਦ ਸਭ ਤੋਂ ਵੱਧ ਮਜ਼ਬੂਤ ਹੈ। ਜਦੋਂ 2002 ਵਿਚ ਰਾਜ ਦੇ ਬਹੁਤ ਸਾਰੇ ਹਿੱਸਿਆਂ ਵਿਚ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ, ਇਸ ਫਿਰਕੂ ਹਿੰਸਾ ਵਿਚ ਇਸ ਦਾ ਵੱਡਾ ਹੱਥ ਸੀ। ਗੁਜਰਾਤ ਦੇ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਰਲ ਕੇ ਬਜਰੰਗ ਦਲ ਭੀੜਾਂ ਨੂੰ ਜਥੇਬੰਦ ਕਰਨ ਅਤੇ ਕਤਲੋ-ਗਾਰਤ ਲਈ ਉਕਸਾਉਣ ਵਿਚ ਸਭ ਤੋਂ ਵੱਧ ਸਰਗਰਮ ਦੇਖਿਆ ਗਿਆ।

ਬਜਰੰਗ ਦਲ ਦਾ ਕਾਰਿੰਦਾ ਬਾਬੂ ਬਜਰੰਗੀ ਆਪਣੇ ਘਿਨਾਉਣੇ ਕਾਰਿਆਂ ਬਾਰੇ ਕੈਮਰੇ ਅੱਗੇ ਸ਼ਰੇਆਮ ਸ਼ੇਖੀ ਮਾਰਦਾ ਹੈ ਕਿ ਉਸ ਨੇ 28 ਫਰਵਰੀ 2002 ਨੂੰ ਸਥਾਨਕ ਇਲਾਕੇ ਦੇ ਲੋਕਾਂ ਨੂੰ ਹਥਿਆਰ ਵੰਡੇ ਅਤੇ ਮੁਸਲਿਮ ਬਹੁਗਿਣਤੀ ਇਲਾਕੇ ਨਰੋਦਾ ਪਾਟੀਆ 'ਤੇ ਹਮਲਾ ਕੀਤਾ। ਉਨ੍ਹਾਂ ਨੂੰ ਜਿੰਨੇ ਵੀ ਮੁਸਲਮਾਨ ਮਿਲੇ, ਸਭ ਨੂੰ ਕੋਹ-ਕੋਹ ਕੇ ਮਾਰ ਦਿੱਤਾ। ਉਨ੍ਹਾਂ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਦਿੱਤੀ ਸੂਚੀ ਅਨੁਸਾਰ ਮੁਸਲਮਾਨਾਂ ਦੀਆਂ ਦੁਕਾਨਾਂ ਨੂੰ ਅੱਗ ਲਾਈ।

ਜੇ 2002 ਵਿਚ ਬਜਰੰਗ ਦਲ ਨੇ ਕਤਲੇਆਮ ਲਈ ਆਦਮੀ ਅਤੇ ਆਦਮਖੋਰ ਹਜੂਮ ਮੁਹੱਈਆ ਕੀਤੇ ਤਾਂ ਬਾਅਦ ਵਾਲੇ ਸਾਲਾਂ ਵਿਚ ਉਹ ਸਮਾਜ ਦੇ ਵੱਖ-ਵੱਖ ਫਿਰਕਿਆਂ ਵਿਚ ਵੰਡੀਆਂ ਪੈਦਾ ਕਰਨ ਦੇ ਸੰਘ ਪਰਿਵਾਰ ਦੇ ਏਜੰਡੇ ਨੂੰ ਨੇਪਰੇ ਚਾੜ੍ਹਨ ਦੇ ਕਾਰਜ ਵਿਚ ਵੀ ਪੂਰੀ ਤਨਦੇਹੀ ਤੇ ਸਰਗਰਮੀ ਨਾਲ ਜੁਟਿਆ ਹੋਇਆ ਹੈ। ਗੁਜਰਾਤ ਵਿਚ ਇਸ ਨੇ ਮੁਸਲਮਾਨਾਂ ਜਾਂ ਕਿਸੇ ਹੋਰ ਜਾਤ ਦੇ ਲੜਕਿਆਂ ਨਾਲ ਵਿਆਹ ਕਰਾਉਣ ਵਾਲੀਆਂ ਹਿੰਦੂ ਲੜਕੀਆਂ ਨੂੰ ਇਸ 'ਫੰਦੇ' ਵਿਚੋਂ ਕੱਢਣ ਲਈ ਧਰਮ ਯੁੱਧ ਛੇੜ ਦਿੱਤਾ। 2007 ਵਿਚ ਬਜਰੰਗ ਦਲ ਦੇ ਛਾਪੇ ਗਏ ਕਿਤਾਬਚੇ ਵਿਚ ਕਿਹਾ ਗਿਆ ਕਿ ਪ੍ਰੇਮ ਵਿਆਹ ਹਿੰਦੂ ਰਵਾਇਤਾਂ ਦੇ ਖਿਲਾਫ ਹਨ, ਇਸ ਕਰਕੇ ਹਿੰਦੂ ਲੜਕੀ ਨੂੰ ਇਸ ਸਾਜ਼ਿਸ਼ ਦੇ ਜਾਲ ਵਿਚੋਂ ਮੁਕਤ ਕਰਾਉਣਾ 100 ਗਊਆਂ ਬਚਾਉਣ ਦੇ ਬਰਾਬਰ ਹੈ।

ਬਜਰੰਗ ਦਲ ਅਤੇ ਸੰਘ ਦੇ ਹੋਰ ਲਸ਼ਕਰਾਂ ਦੀਆਂ ਕਾਰਵਾਈਆਂ ਨੇ ਮਾਹੌਲ ਇਸ ਕਦਰ ਜ਼ਹਿਰੀਲਾ ਬਣਾ ਦਿੱਤਾ ਕਿ ਬਹੁਤ ਸਾਰੇ ਸ਼ਹਿਰਾਂ ਵਿਚ ਮੁਸਲਮਾਨਾਂ ਨੇ ਆਪਣੀ ਸੁਰੱਖਿਆ ਲਈ ਇਕੱਠੇ ਹੋ ਕੇ ਰਹਿਣਾ ਸ਼ੁਰੂ ਕਰ ਦਿੱਤਾ। ਇਸ ਨਾਲ ਰਾਜ ਵਿਚ ਵੱਡੇ ਪੱਧਰ 'ਤੇ ਵੱਖਰੀਆਂ ਬਸਤੀਆਂ ਹੋਂਦ ਵਿਚ ਆ ਗਈਆਂ। ਦਰਅਸਲ, ਹੁਣ ਤਾਂ ਗੁਜਰਾਤ ਦੇ ਬਹੁਤ ਸਾਰੇ ਵੱਡੇ ਸ਼ਹਿਰਾਂ



*ਆਸਟਰੇਲੀਆ ਦੇ ਮਿਸ਼ਨਰੀ ਗ੍ਰਾਹਮ ਸਟੇਨਜ਼ ਦੀ ਆਪਣੀ ਪਤਨੀ ਅਤੇ ਬੱਚਿਆਂ ਨਾਲ ਤਸਵੀਰ। ਬਜਰੰਗ ਦਲ ਦੇ ਹਮਲਾਵਰਾਂ ਨੇ ਉਸ ਅਤੇ ਉਸ ਦੇ ਦੋਹਾਂ ਪੁੱਤਰਾਂ ਨੂੰ ਜਿਉਂਦਿਆਂ ਸਾੜ ਦਿੱਤਾ ਸੀ।*

ਵਿਚ ਵੱਡੀ ਮੁਸਲਿਮ ਆਬਾਦੀ ਵਾਲੇ ਅਲੱਗ-ਥਲੱਗ ਖੇਤਰ ਬਣੇ ਹੋਏ ਹਨ, ਜਿਨ੍ਹਾਂ ਨੂੰ ਸਥਾਨਕ ਲੋਕ ਮਿਨੀ ਪਾਕਿਸਤਾਨ ਕਹਿੰਦੇ ਹਨ। ਇਸ ਸ਼ਬਦ ਦਾ ਜਨਤਕ ਇਸਤੇਮਾਲ ਦਰਸਾਉਂਦਾ ਹੈ ਕਿ ਉਥੇ ਰਹਿਣ ਵਾਲੇ ਸਾਰੇ ਉਨ੍ਹਾਂ ਲਈ ਦੁਸ਼ਮਣ ਹਨ। ਇਨ੍ਹਾਂ ਦੁਆਲੇ ਉਸਾਰੀਆਂ ਕੰਧਾਂ ਇਨ੍ਹਾਂ ਨੂੰ ਬਾਕੀ ਅਬਾਦੀ ਤੋਂ ਅਲਹਿਦਾ ਕਰਦੀਆਂ ਹਨ, ਜੋ ਹਰ ਫਿਰਕੂ ਫਸਾਦ ਪਿਛੋਂ ਹੋਰ ਉਚੀਆਂ ਹੋ ਜਾਂਦੀਆਂ ਹਨ। ਅਮੀਰ ਖੇਤਰਾਂ ਵਿਚ ਵੀ ਮੁਸਲਮਾਨਾਂ ਨੂੰ ਜਾਇਦਾਦ ਖਰੀਦਣ ਦੀ ਆਗਿਆ ਨਹੀਂ।


2004 ਵਿਚ 'ਫਰੰਟ ਲਾਈਨ' ਰਸਾਲੇ ਵਿਚ ਛਪੀ ਰਿਪੋਰਟ ਦੱਸਦੀ ਹੈ, "ਜਦੋਂ ਮੁਸਲਮਾਨਾਂ ਨੇ ਪਾਲਦੀ ਵਿਚ ਫਲੈਟ ਖਰੀਦੇ, ਜੋ ਅਹਿਮਦਾਬਾਦ ਦਾ ਕਾਰੋਬਾਰੀ ਖੇਤਰ ਹੈ ਤਾਂ ਬਜਰੰਗ ਦਲ ਦੇ ਕਾਰਕੁਨਾਂ ਨੇ ਇਮਾਰਤ ਢਾਹ ਦਿੱਤੀ ਅਤੇ ਬੰਬ ਸੁੱਟ ਕੇ ਲਿਫਟ ਉਡਾ ਦਿੱਤੀ, ਅਤੇ ਉਨ੍ਹਾਂ ਮੁਸਲਮਾਨ ਮਾਲਕਾਂ ਨੂੰ ਉਹ ਫਲੈਟ ਕੌਡੀਆਂ ਦੇ ਭਾਅ ਵੇਚਣ ਲਈ ਮਜਬੂਰ ਕਰ ਦਿੱਤਾ। ਅਹਿਮਦਾਬਾਦ ਸ਼ਹਿਰ ਦੇ ਗੇਟਬੰਦ ਇਲਾਕਿਆਂ ਵਿਚ ਬਜਰੰਗ ਦਲ ਨੇ ਉਨ੍ਹਾਂ ਵਪਾਰੀਆਂ 'ਤੇ ਹਮਲੇ ਕੀਤੇ, ਜਿਨ੍ਹਾਂ ਨੇ ਮੁਸਲਮਾਨਾਂ ਨੂੰ ਜਾਇਦਾਦ ਵੇਚੀ ਸੀ।"

2002 ਦੀ ਫਿਰਕੂ ਹਿੰਸਾ ਪਿਛੋਂ ਸਹਿਮੇ ਹੋਏ ਮੁਸਲਮਾਨਾਂ ਵਲੋਂ ਆਪਣੀਆਂ ਅਲਹਿਦਾ ਬਸਤੀਆਂ ਬਣਾਉਣ ਦਾ ਸਿਲਸਿਲਾ ਪੇਂਡੂ ਖੇਤਰਾਂ ਵਿਚ ਵੀ ਸ਼ੁਰੂ ਹੋ ਗਿਆ। ਰਿਪੋਰਟ ਦੱਸਦੀ ਹੈ, 'ਬਹੁਤ ਸਾਰੇ ਸ਼ਰਨਾਰਥੀਆਂ ਲਈ ਆਪਣੇ ਘਰਾਂ ਨੂੰ ਪਰਤ ਕੇ ਉਥੇ ਮੁੜ ਵਸਣਾ ਸੰਭਵ ਨਹੀਂ। ਉਹ ਨਾਲ ਲੱਗਦੇ ਕਸਬਿਆਂ ਅਤੇ ਪਿੰਡਾਂ, ਜਿਥੇ ਮੁਸਲਿਮ ਆਬਾਦੀ ਵਧੇਰੇ ਹੈ, ਵਿਚ ਜਾ ਕੇ ਵਸੇਬਾ ਕਰਨ ਨੂੰ ਤਰਜੀਹ ਦੇ ਰਹੇ ਹਨ। ਉਹ ਮਹਿਸੂਸ ਕਰਦੇ ਹਨ ਕਿ ਅਲਹਿਦਾ ਰਹਿਣ ਕਾਰਨ ਉਹ ਸੌਖਾ ਨਿਸ਼ਾਨਾ ਬਣ ਸਕਦੇ ਹਨ। ਪਿੰਡਾਂ ਵਿਚ ਵਸਦੇ ਮੁਸਲਮਾਨਾਂ ਦਾ ਪਿੱਛਾ ਕਰਕੇ ਉਨ੍ਹਾਂ ਨੂੰ ਉਥੋਂ ਕੱਢਣ ਤੋਂ ਬਾਅਦ ਬਜਰੰਗ ਦਲ ਦੀਆਂ ਸਥਾਨਕ ਇਕਾਈਆਂ ਨੇ ਹੰਕਾਰ ਨਾਲ ਉਥੇ 'ਮੁਸਲਿਮ ਮੁਕਤ' ਇਲਾਕੇ ਦੇ ਬੈਨਰ ਲਾ ਦਿੱਤੇ।

ਫਿਰ ਬਜਰੰਗ ਦਲ ਬਾਬਤ ਜੋ ਸਭ ਤੋਂ ਖਤਰਨਾਕ ਸਬੂਤ ਸਾਹਮਣੇ ਆਉਣੇ ਸ਼ੁਰੂ ਹੋਏ, ਉਹ ਸਨ ਇਸ ਦਾ ਕੌਮਾਂਤਰੀ ਦਹਿਸ਼ਤਵਾਦੀ ਗੁੱਟਾਂ ਦੀ ਤਰਜ਼ 'ਤੇ ਹਜੂਮੀ ਹਿੰਸਾ ਤੋਂ ਗੁਪਤ ਦਹਿਸ਼ਤਵਾਦੀ ਮੁਹਿੰਮ ਵੱਲ ਕੱਟਿਆ ਮੋੜਾ। ਇਹ ਸਭ ਤੋਂ ਪਹਿਲਾਂ ਅਪਰੈਲ 2006 ਵਿਚ ਮਹਾਰਾਸ਼ਟਰ ਵਿਚ ਨਾਂਦੇੜ ਵਿਚ ਸਾਹਮਣੇ ਆਇਆ, ਜਿਥੇ ਇਸ ਦੇ ਦੋ ਕਾਰਿੰਦੇ ਆਰ. ਐਸ. ਐਸ. ਦੇ ਕਾਰਿੰਦੇ ਲਕਸ਼ਮਣ ਰਾਜ ਕੋਂਡਵਾਰ ਦੇ ਘਰ ਵਿਸਫੋਟਕ ਸਮਾਨ ਬਣਾਉਂਦੇ ਮਾਰੇ ਗਏ। ਇਸੇ ਤਰ੍ਹਾਂ ਮਹਾਰਾਸ਼ਟਰ ਦੇ ਹੋਰ ਕਸਬਿਆਂ ਪਰਭਾਨੀ, ਜਾਲਨਾ ਅਤੇ ਪੂਰਨਾ ਤੋਂ ਵੀ ਬੰਬ ਕਾਂਡਾਂ ਦੀਆਂ ਰਿਪੋਰਟਾਂ ਆਈਆਂ। ਜਾਂਚ ਤੋਂ ਪਤਾ ਲੱਗਾ ਕਿ ਇਹ ਆਮ ਜੁਰਮ ਨਹੀਂ ਸਨ। ਇਹ ਬਜਰੰਗ ਦਲ ਦੀ ਵੱਡੀ ਸਾਜ਼ਿਸ਼ ਵੱਲ ਸੰਕੇਤ ਕਰਦੇ ਸਨ, ਜਿਥੇ ਘੱਟ ਗਿਣਤੀ ਫਿਰਕੇ ਦੇ ਲੋਕਾਂ ਦੇ ਭੇਸ ਵਿਚ ਬੰਬ ਤਿਆਰ ਕੀਤੇ ਜਾਂਦੇ ਸਨ ਤਾਂ ਜੋ ਮਸਜਿਦਾਂ 'ਤੇ ਹਮਲੇ ਕੀਤੇ ਜਾਣ ਅਤੇ ਇਸ ਦਹਿਸ਼ਤਗਰਦੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਵੇ ਕਿ ਇਹ ਮੁਸਲਮਾਨਾਂ ਵਲੋਂ ਅੰਜਾਮ ਦਿੱਤੇ ਗਏ ਹਨ। ਅਗਲੀ ਛਾਣਬੀਣ ਤੋਂ ਪਤਾ ਲੱਗਾ ਕਿ ਮਹਾਰਾਸ਼ਟਰ ਦੇ ਵੱਖ-ਵੱਖ ਹਿੱਸਿਆਂ ਤੋਂ ਬਜਰੰਗ ਦਲ ਦੇ ਤਿੰਨ ਦਰਜਨ ਕਾਰਿੰਦਿਆਂ ਨੂੰ ਪੂਨੇ ਵਿਚ ਸਿਖਲਾਈ ਦਿੱਤੀ ਗਈ ਸੀ, ਜਦਕਿ ਸੌ ਦੇ ਕਰੀਬ ਹੋਰ ਮੈਂਬਰਾਂ ਨੂੰ ਨਾਗਪੁਰ ਵਿਚ ਹਥਿਆਰ ਚਲਾਉਣ ਅਤੇ ਬੰਬ ਬਣਾਉਣ ਦੀ ਸਿਖਲਾਈ ਦਿੱਤੀ ਗਈ। ਇਹ ਭੇਤ ਵੀ ਖੁੱਲ੍ਹਿਆ ਕਿ ਬਜਰੰਗ ਦਲ ਦੇ ਇਨ੍ਹਾਂ ਕਾਰਕੁਨਾਂ ਨੂੰ ਸਿਖਲਾਈ ਦੇਣ ਵਾਲੇ ਲੋਕਾਂ ਵਿਚ ਫੌਜ ਅਤੇ ਖੁਫੀਆ ਏਜੰਸੀਆਂ ਦੇ ਰਿਟਾਇਰ ਹੋਏ ਅਧਿਕਾਰੀ ਵੀ ਸ਼ਾਮਲ ਸਨ।

ਦੋ ਸਾਲ ਬਾਅਦ 24 ਅਗਸਤ 2008 ਨੂੰ ਇਕ ਹੋਰ ਅਜਿਹੀ ਘਟਨਾ ਕਾਨਪੁਰ ਵਿਖੇ ਵਾਪਰੀ ਜਿਥੇ ਬਜਰੰਗ ਦਲ ਦੇ ਦੋ ਕਾਰਿੰਦੇ ਰਾਜੀਵ ਮਿਸ਼ਰਾ ਅਤੇ ਭੁਪਿੰਦਰ ਸਿੰਘ ਵਿਸਫੋਟਕ ਸਮੱਗਰੀ ਨਾਲ ਬੰਬ ਬਣਾਉਂਦੇ ਮਾਰੇ ਗਏ। ਕਾਨਪੁਰ ਰੇਂਜ ਦੇ ਪੁਲਿਸ ਦੇ ਆਈ. ਜੀ. ਨੇ ਜਾਂਚ ਪਿਛੋਂ ਪੱਤਰਕਾਰਾਂ ਨੂੰ ਦੱਸਿਆ ਕਿ ਉਤਰ ਪ੍ਰਦੇਸ਼ ਦੀ ਸਪੈਸ਼ਲ ਟਾਸਕ ਫੋਰਸ ਨੇ 'ਬੰਬ ਕਾਂਡਾਂ ਨੂੰ ਅੰਜਾਮ ਦੇਣ ਦੀ ਵਿਆਪਕ ਯੋਜਨਾ' ਨਾਕਾਮ ਬਣਾ ਦਿੱਤੀ ਹੈ। ਪੁਲਿਸ ਨੇ 3 ਕਿਲੋ ਲੈੱਡ ਆਕਸਾਈਡ, 500 ਗਰਾਮ ਲਾਲ ਲੈੱਡ, ਇਕ ਕਿੱਲੋਗ੍ਰਾਮ ਪੋਟਾਸ਼ੀਅਮ ਨਾਈਟਰੇਟ, 11 ਦੇਸੀ ਗਰਨੇਡ, ਬਹੁਤ ਸਾਰੇ ਬੰਬਾਂ ਦੇ ਪਿੰਨ, ਟਾਈਮਰ ਅਤੇ ਬਹੁਤ ਸਾਰੀਆਂ ਬੈਟਰੀਆਂ ਧਮਾਕੇ ਵਾਲੀ ਥਾਂ ਤੋਂ ਬਰਾਮਦ ਕੀਤੀਆਂ। ਦੇਸੀ ਹੈਂਡ ਗਰਨੇਡ ਆਕਾਰ ਅਤੇ ਸ਼ਕਲ ਪੱਖੋਂ ਫੌਜ ਵਲੋਂ ਵਰਤੇ ਜਾਣ ਵਾਲੇ ਗਰਨੇਡਾਂ ਨਾਲ ਮਿਲਦੇ ਜੁਲਦੇ ਸਨ। ਇਸ ਵਾਰਦਾਤ ਸਬੰਧੀ ਮਾਰੇ ਛਾਪਿਆਂ ਦੌਰਾਨ ਪੁਲਿਸ ਨੂੰ ਡਾਇਰੀ ਅਤੇ ਹੱਥ ਨਾਲ ਬਣਾਏ ਉਤਰ ਪ੍ਰਦੇਸ਼ ਦੇ ਮੁਸਲਿਮ ਆਬਾਦੀ ਵਾਲੇ ਫਿਰੋਜ਼ਾਬਾਦ ਦੇ ਨਕਸ਼ੇ ਮਿਲੇ। ਨਕਸ਼ਿਆਂ 'ਤੇ ਘੱਟੋ-ਘੱਟ ਪੰਜ ਥਾਂਵਾਂ ਦੀ ਨਿਸ਼ਾਨਦੇਹੀ ਕੀਤੀ ਹੋਈ ਸੀ ਕਿ ਇਹ ਖੇਤਰ ਉਨ੍ਹਾਂ ਦੇ ਨਿਸ਼ਾਨੇ 'ਤੇ ਹੋਣਗੇ।

2008 ਵਿਚ ਜਦ ਉੜੀਸਾ ਦੇ ਕੰਧਮਾਲ ਵਿਚ ਇਸਾਈਆਂ ਵਿਰੁਧ ਦੰਗੇ ਹੋਏ ਤਾਂ ਬਜਰੰਗ ਦਲ ਇਕ ਵਾਰ ਫੇਰ ਚਰਚਾ ਵਿਚ ਆਇਆ। ਇਸ 'ਤੇ ਇਸ ਫਿਰਕੂ ਹਿੰਸਾ ਵਿਚ ਸ਼ਾਮਲ ਹੋਣ ਦੇ ਦੋਸ਼ ਲੱਗੇ, ਇਸ ਤੋਂ ਥੋੜ੍ਹੇ ਚਿਰ ਬਾਅਦ ਕਥਿਤ ਤੌਰ 'ਤੇ ਮਾਓਵਾਦੀਆਂ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਵਾਮੀ ਲਕਸ਼ਮਣੰਦਾ ਸਰਸਵਤੀ ਅਤੇ ਉਸ ਦੇ ਚਾਰ ਹਮਾਇਤੀਆਂ ਦਾ ਕਤਲ ਕਰ ਦਿੱਤਾ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਦੀ ਮੌਤ ਦੇ ਤੁਰੰਤ ਪਿਛੋਂ ਹਿੰਸਾ ਵਿੱਢ ਦਿੱਤੀ ਗਈ। ਸਰਕਾਰੀ ਅੰਕੜਿਆਂ ਅਨੁਸਾਰ 38 ਮੌਤਾਂ ਹੋਈਆਂ ਪਰ ਗੈਰਸਰਕਾਰੀ ਅੰਦਾਜ਼ਿਆਂ ਮੁਤਾਬਿਕ ਮੌਤਾਂ ਦੀ ਗਿਣਤੀ 93 ਸੀ। ਇਸ ਤੋਂ ਇਲਾਵਾ ਇਸਾਈ ਕਬੀਲਿਆਂ ਅਤੇ ਚਰਚਾਂ 'ਤੇ ਵੀ ਹਮਲੇ ਕੀਤੇ ਗਏ। ਨਤੀਜੇ ਵਜੋਂ 50,000 ਤੋਂ ਵੱਧ ਲੋਕ ਉਥੋਂ



*ਹੁਣ ਕੇਂਦਰ ਸਰਕਾਰ ਦਾ ਮੰਤਰੀ ਪ੍ਰਤਾਪ ਚੰਦਰ ਸਾਰੰਗੀ ਜੋ ਗ੍ਰਾਹਮ ਸਟੇਨਜ਼ ਕਾਂਡ ਵੇਲੇ ਬਜਰੰਗ ਦਲ ਦੀ ਉੜੀਸਾ ਇਕਾਈ ਦਾ ਮੁਖੀ ਸੀ।*

ਉਜੜ ਕੇ ਕਿਤੇ ਹੋਰ ਥਾਂ ਜਾਣ ਲਈ ਮਜਬੂਰ ਹੋ ਗਏ।

ਬੰਬ ਕਾਂਡਾਂ ਅਤੇ ਕੰਧਮਾਲ ਦੰਗਿਆਂ ਵਿਚ ਬਜਰੰਗ ਦਲ ਦੀ ਭੂਮਿਕਾ ਜ਼ਾਹਰ ਹੋਣ ਕਾਰਨ ਵੱਖ-ਵੱਖ ਹਿੱਸਿਆਂ ਵਿਚ ਇਸ ਜਥੇਬੰਦੀ 'ਤੇ ਪਾਬੰਦੀ ਦੀ ਮੰਗ ਉਠੀ। ਕੌਮੀ ਸੁਰੱਖਿਆ ਸਲਾਹਕਾਰ ਐਮ. ਕੇ. ਨਰਾਇਣਨ ਨੇ ਇਸ ਵਿਚਾਰ ਦਾ ਇਹ ਕਹਿੰਦਿਆਂ ਵਿਰੋਧ ਕੀਤਾ ਕਿ ਇਹ ਪਾਬੰਦੀ ਬਹੁਤੀ ਦੇਰ ਟਿਕਣ ਵਾਲੀ ਨਹੀਂ। ਉਸ ਨੇ ਸਲਾਹ ਦਿੱਤੀ, ਇਸ ਦੀ ਥਾਂ ਸਾਨੂੰ ਹਾਸਲ ਸੂਚਨਾ ਦੇ ਆਧਾਰ 'ਤੇ ਬਜਰੰਗ ਦਲ ਦੇ ਕਾਰਿੰਦਿਆਂ ਨੂੰ ਵੱਡੀ ਤਾਦਾਦ ਵਿਚ ਗ੍ਰਿਫਤਾਰ ਕਰ ਲੈਣਾ ਚਾਹੀਦਾ ਹੈ। ਤੁਸੀਂ ਇਸ 'ਤੇ ਪਾਬੰਦੀ ਤਾਂ ਲਾ ਦਿਓਗੇ, ਪਰ ਉਸ ਨੇ ਦਲੀਲ ਦਿੱਤੀ ਕਿ ਪੂਰੀ ਤਿਆਰੀ ਬਿਨਾ ਕਿਸੇ ਜਥੇਬੰਦੀ 'ਤੇ ਪਾਬੰਦੀ ਨਹੀਂ ਲਾਈ ਜਾ ਸਕਦੀ। ਇਸ ਦੀ ਥਾਂ ਇਸ ਨਾਲ ਸਖਤੀ ਨਾਲ ਨਜਿੱਠਿਆ ਜਾਵੇ, ਕਿਉਂਕਿ ਪਾਬੰਦੀ ਲਾਉਣ 'ਤੇ ਬਹੁਤੇ ਨਵੇਂ ਨਾਂਵਾਂ ਹੇਠ ਉਸੇ ਮਨੋਰਥ ਵਾਲੀਆਂ ਕਈ ਹੋਰ ਜਥੇਬੰਦੀਆਂ ਬਣਾ ਲਈਆਂ ਜਾਂਦੀਆਂ ਹਨ।

---

ਨਰਾਇਣਨ ਦੀ ਗੱਲ ਠੀਕ ਸੀ। ਬਜਰੰਗ ਦਲ ਜ਼ਿਆਦਾਤਰ ਗਲੀਆਂ ਵਿਚ ਧੌਂਸ ਜਮਾਉਣ ਵਾਲੇ ਕੱਚਘਰੜ ਗੁੰਡਿਆਂ ਦਾ ਜਮਘਟਾ ਹੋਣ ਕਾਰਨ ਇਸ 'ਤੇ ਪਾਬੰਦੀ ਲਾ ਕੇ ਇਸ ਨੂੰ ਨਕੇਲ ਨਹੀਂ ਸੀ ਪਾਈ ਜਾ ਸਕਦੀ। ਇਸ ਨਾਲ ਪ੍ਰਭਾਵਸ਼ਾਲੀ ਤਰੀਕੇ ਨਾਲ ਨਜਿੱਠਣ ਲਈ ਪੱਕੇ ਇਰਾਦੇ ਵਾਲੀ ਯੋਜਨਾ ਦਰਕਾਰ ਹੈ, ਪਰ ਹੁਣ ਤਕ ਕਿਸੇ ਵੀ ਸਰਕਾਰ ਨੇ ਅਜਿਹੀ ਦ੍ਰਿੜ ਇੱਛਾ ਸ਼ਕਤੀ ਨਹੀਂ ਦਿਖਾਈ।

ਦੰਗੇ-ਫਸਾਦ ਅਤੇ ਦਹਿਸ਼ਤੀ ਸਰਗਰਮੀਆਂ ਹੀ ਬਜਰੰਗ ਦਲ ਦੀ ਇਕੋ-ਇਕ ਮੁਹਾਰਤ ਨਹੀਂ। ਇਹ ਲੋਕ ਵੱਖ-ਵੱਖ ਕਲਾਕਾਰਾਂ, ਲਿਖਾਰੀਆਂ ਅਤੇ ਉਨ੍ਹਾਂ ਹੋਰ ਹਿੱਸਿਆਂ ਖਿਲਾਫ, ਸਭਿਆਚਾਰ ਦੇ ਨਾਂ 'ਤੇ ਆਪਣੀ ਗੁੰਡਾਗਰਦੀ ਚਲਾਉਂਦੇ ਰਹੇ ਹਨ, ਜਿਨ੍ਹਾਂ ਨੂੰ ਉਹ ਹਿੰਦੂ ਰਵਾਇਤਾਂ ਅਤੇ ਸਭਿਆਚਾਰ ਛੱਡ ਕੇ ਕੁਰਾਹੇ ਪਏ ਸਮਝਦੇ ਹਨ।

ਮੁੱਢ ਵਿਚ ਉਨ੍ਹਾਂ ਦੇ ਨਿਸ਼ਾਨੇ 'ਤੇ ਕਲਾਕਾਰ ਸਨ, ਜੋ ਉਨ੍ਹਾਂ ਦੀ ਪਰਿਭਾਸ਼ਾ ਦੇ ਫਿੱਟ ਨਹੀਂ ਆਉਂਦੇ ਸਨ। 1996 ਵਿਚ ਚਿਤਰਕਾਰ ਐਮ. ਐਫ. ਹੁਸੈਨ 'ਤੇ ਉਸ ਦੀ 1976 ਵਿਚ ਬਣਾਈ ਸਰਸਵਤੀ ਦੀ ਪੇਂਟਿੰਗ ਕਾਰਨ ਹਮਲਾ ਕੀਤਾ ਗਿਆ, ਜੋ ਅਰਧ ਨਗਨ ਹਾਲਤ ਵਿਚ ਚਿਤਰੀ ਗਈ ਸੀ। ਇਸ ਪਿਛੋਂ ਅਜਿਹੇ ਹਮਲੇ ਆਮ ਹੋ ਗਏ। ਕਈ ਸਾਲ ਹੁਸੈਨ ਕਾਨੂੰਨੀ ਹਿਫਾਜ਼ਤ ਦੀ ਇੰਤਜ਼ਾਰ ਕਰਦਾ ਰਿਹਾ, ਜਦੋਂ ਇਹ ਨਾ ਮਿਲੀ ਤਾਂ ਉਹ ਆਪਣੇ ਵਤਨ ਭਾਰਤ ਨੂੰ ਅਲਵਿਦਾ ਕਹਿ ਕੇ ਪਰਦੇਸ ਚਲਿਆ ਗਿਆ।

ਬਜਰੰਗ ਦਲ ਨੇ ਉਨ੍ਹਾਂ ਹਿੰਦੂ ਕਲਾਕਾਰਾਂ ਨੂੰ ਵੀ ਨਿਸ਼ਾਨਾ ਬਣਾਇਆ, ਜਿਨ੍ਹਾਂ ਨੇ ਬਜਰੰਗ ਦਲੀਆਂ ਅਨੁਸਾਰ ਹਿੰਦੂ ਦੇਵੀ ਦੇਵਤਿਆਂ ਨੂੰ 'ਅਨੈਤਿਕ' ਰੂਪ ਵਿਚ ਪੇਸ਼ ਕੀਤਾ ਸੀ। ਜਨਵਰੀ 2004 ਵਿਚ ਇਸੇ ਗਰੁਪ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਰਤ ਵਿਚ 'ਗਾਰਡਨ ਆਰਟ ਗੈਲਰੀ' 'ਤੇ ਧਾਵਾ ਬੋਲ ਕੇ ਪੇਂਟਿੰਗਾਂ ਦੀ ਭੰਨ-ਤੋੜ ਕੀਤੀ ਗਈ, ਜਿਨ੍ਹਾਂ ਵਿਚ 'ਹੁਸੈਨ' ਦੀਆਂ ਬਣਾਈਆਂ ਬਹੁਤ ਸਾਰੀਆਂ ਕੈਨਵਸ ਪੇਂਟਿੰਗ ਤੋਂ ਇਲਾਵਾ ਕੇ. ਐਚ. ਆਰਾ, ਐਨ. ਐਸ. ਬੇਂਦਰੇ ਅਤੇ ਚਿਤਰੋਵਾਨੂ ਮਜੂਮਦਾਰ ਦੇ ਚਿੱਤਰ ਸ਼ਾਮਲ ਸਨ। 2007 ਵਿਚ ਇਸ ਨੇ ਆਪਣੇ ਹਮਲੇ ਦਾ ਨਿਸ਼ਾਨਾ ਐਮ. ਐਸ. ਯੂਨੀਵਰਸਿਟੀ ਵਡੋਦਰਾ ਦੇ ਕਲਾ ਵਿਭਾਗ ਨੂੰ ਬਣਾਇਆ, ਦੋਸ਼ ਇਹ ਲਾਇਆ ਕਿ ਇਕ ਵਿਦਿਆਰਥੀ ਨੇ ਧਾਰਮਿਕ ਥੀਮ ਦੀ ਵਰਤੋਂ ਕਰਕੇ ਅਸ਼ਲੀਲ ਤਸਵੀਰਾਂ ਬਣਾਈਆਂ ਸਨ।

ਬਜਰੰਗ ਦਲ ਨੇ ਉਨ੍ਹਾਂ ਨਾਟਕਾਂ ਅਤੇ ਫਿਲਮਾਂ ਖਿਲਾਫ ਵੀ ਮੁਹਿੰਮ ਵਿੱਢੀ ਹੋਈ ਹੈ, ਜੋ ਉਨ੍ਹਾਂ ਦੀ ਹਿੰਦੂ ਸਭਿਆਚਾਰ ਦੀ ਧਾਰਨਾ ਮੁਤਾਬਿਕ ਨਹੀਂ। 2004 ਵਿਚ ਨਾਟਕ 'ਪੋਂਗਾ ਪੰਡਿਤ' ਨੂੰ ਬਜਰੰਗ ਦਲ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ, ਕਿਉਂਕਿ ਉਸ ਵਿਚ ਦਲਿਤਾਂ ਦੀ ਦੁਰਦਸ਼ਾ ਨੂੰ ਭੰਡਿਆ ਗਿਆ ਸੀ। ਉਨ੍ਹਾਂ ਨੇ ਦੀਪਾ ਮਹਿਤਾ ਦੀ ਫਿਲਮ 'ਵਾਟਰ' ਦੇ ਸੈੱਟ ਦੀ ਵੀ ਭੰਨ ਤੋੜ ਕੀਤੀ, ਜਿਸ ਵਿਚ ਵਿਧਵਾਵਾਂ ਦੀ ਦੁਰਦਸ਼ਾ ਪੇਸ਼ ਕੀਤੀ ਗਈ ਸੀ। ਇਸ ਤੋਂ ਪਹਿਲਾਂ ਉਸ ਦੀ ਇਕ ਹੋਰ ਮਸ਼ਹੂਰ ਫਿਲਮ 'ਫਾਇਰ' ਤੋਂ ਵੀ ਬਜਰੰਗ ਦਲ ਵਾਲੇ ਲੋਹੇ ਲਾਖੇ ਸਨ, ਜਿਸ ਦਾ ਵਿਸ਼ਾ ਸਮਲਿੰਗੀ ਔਰਤਾਂ ਦੇ ਪ੍ਰੇਮ-ਸਬੰਧਾਂ ਦੀ ਕਹਾਣੀ ਸੀ।

ਵੈਲਨਟਾਈਨ ਡੇਅ ਜਸ਼ਨ ਬਜਰੰਗ ਦਲ ਜਿਹੀਆਂ ਜਥੇਬੰਦੀਆਂ ਲਈ ਸੌਖਾ ਨਿਸ਼ਾਨਾ ਹਨ। ਪਾਰਕਾਂ ਵਿਚ ਟਹਿਲਦੇ, ਇਕ ਦੂਜੇ ਨੂੰ ਗੁਲਾਬ ਦੇ ਫੁੱਲ ਭੇਟ ਕਰਦੇ ਅਤੇ ਚਾਕਲੇਟ ਜਾਂ ਹੋਰ ਤੋਹਫੇ ਦਿੰਦੇ ਔਰਤਾਂ ਤੇ ਮਰਦਾਂ ਨੂੰ ਦੇਖ ਕੇ ਇਸ ਦੇ ਕਾਰਿੰਦੇ ਭੜਕ ਜਾਂਦੇ ਹਨ ਅਤੇ ਹਰ ਸਾਲ ਵੱਡੀ

*(ਬਾਕੀ ਅਗਲੇ ਸਫੇ 'ਤੇ)*

(ਪਿਛਲੇ ਸਫੇ ਦੀ ਬਾਕੀ)

ਤਾਦਾਦ ਵਿਚ ਇਕੱਠੇ ਹੋ ਕੇ ਅਜਿਹੇ ਸਮਾਗਮਾਂ 'ਤੇ ਹਮਲੇ ਕਰਕੇ ਹੁੜਦੰਗ ਮਚਾਉਂਦੇ ਹਨ। ਉਹ ਨੌਜਵਾਨ ਜੋੜਿਆਂ ਨੂੰ ਤੰਗ ਪ੍ਰੇਸ਼ਾਨ ਕਰਦੇ, ਉਨ੍ਹਾਂ ਦੇ ਚਿਹਰਿਆਂ 'ਤੇ ਕਾਲਖ ਮਲ ਦਿੰਦੇ ਹਨ ਅਤੇ ਉਨ੍ਹਾਂ ਨੂੰ ਵਿਆਹ ਦੀਆਂ ਰਸਮਾਂ ਕਰਨ ਜਾਂ ਰੱਖੜੀ ਬੰਨ੍ਹਣ ਲਈ ਮਜਬੂਰ ਕਰਦੇ ਹਨ। ਕਈ ਵਾਰ ਤਾਂ ਉਨ੍ਹਾਂ ਦੀ ਕੁੱਟਮਾਰ ਵੀ ਕਰ ਦਿੰਦੇ ਹਨ।

2014 ਵਿਚ ਕੇਂਦਰ ਵਿਚ ਭਾਜਪਾ ਦੇ ਸੱਤਾ ਵਿਚ ਆਉਣ ਪਿਛੋਂ ਇਉਂ ਜਾਪਦਾ ਹੈ ਕਿ ਬਜਰੰਗ ਦਲ ਵਿਚ ਨਵੀਂ ਰੂਹ ਫੂਕੀ ਗਈ ਅਤੇ ਇਸ ਦੀ ਹਿੰਸਾ ਦਾ ਸਿਲਸਿਲਾ ਇਕ ਵਾਰ ਫਿਰ ਅਖਬਾਰਾਂ ਦੀਆਂ ਸੁਰਖੀਆਂ ਬਣਨਾ ਸ਼ੁਰੂ ਹੋ ਗਿਆ। ਇਸ ਨੇ ਆਪਣਾ ਧਿਆਨ ਧਰਮ ਬਦਲੀ ਅਤੇ ਗਊ ਮਾਸ ਖਾਣ 'ਤੇ ਪਾਬੰਦੀ ਲਾਗੂ ਕਰਵਾਉਣ 'ਤੇ ਕੇਂਦਰਤ ਕਰ ਲਿਆ।

ਦਸੰਬਰ 2014 ਵਿਚ ਨਰਿੰਦਰ ਮੋਦੀ ਦੇ ਸੱਤਾ ਵਿਚ ਆਉਣ ਦੇ ਥੋੜ੍ਹੇ ਮਹੀਨੇ ਬਾਅਦ ਹੀ ਬਜਰੰਗ ਦਲ ਨੇ ਯੂ. ਪੀ. ਦੇ ਸ਼ਹਿਰ ਆਗਰਾ ਵਿਚ ਸਮਾਗਮ ਕਰਕੇ 300 ਮੁਸਲਮਾਨਾਂ ਦੀ ਹਿੰਦੂ ਧਰਮ ਵਿਚ 'ਸਵੈ ਇੱਛਾ ਨਾਲ' ਮੁੜ ਵਾਪਸੀ ਕਰਵਾਈ, ਪਰ ਛੇਤੀ ਹੀ ਸੱਚਾਈ ਸਾਹਮਣੇ ਆ ਗਈ। ਜਿਨ੍ਹਾਂ ਜ਼ਿਆਦਾਤਰ ਮੁਸਲਮਾਨਾਂ ਨੇ ਇਨ੍ਹਾਂ ਦੇ ਫੁਰਮਾਨ ਦੀ ਪਾਲਣਾ ਕੀਤੀ, ਉਹ ਨਿਹਾਇਤ ਗਰੀਬ ਸਨ ਅਤੇ ਆਗਰਾ ਦੇ ਬਾਹਰ ਝੁੱਗੀਆਂ ਝੋਪੜੀਆਂ ਵਿਚ ਰਹਿੰਦੇ ਸਨ। ਉਹ ਬੰਗਲਾ ਦੇਸ਼ ਤੋਂ ਉਜੜ ਕੇ ਆਏ ਪਰਵਾਸੀ ਸਨ ਅਤੇ ਉਨ੍ਹਾਂ ਕੋਲ ਰਾਸ਼ਨ ਕਾਰਡ ਵੀ ਨਹੀਂ ਸਨ। ਉਨ੍ਹਾਂ ਵਿਚੋਂ ਕੁਝ ਨੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਨੂੰ ਗੁੰਮਰਾਹ ਕਰਕੇ ਬੀ. ਪੀ. ਐਲ. ਕਾਰਡਾਂ ਦੀ ਰਜਿਸਟਰੇਸ਼ਨ ਕਰਵਾਉਣ ਦੇ ਬਹਾਨੇ ਬਜਰੰਗ ਦਲ ਦੇ ਧਰਮ ਬਦਲੀ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਲਿਆਂਦਾ ਗਿਆ। ਬਾਕੀਆਂ ਨੇ ਕਿਹਾ ਕਿ ਉਨ੍ਹਾਂ ਨੇ ਹਿੰਦੂਤਵੀ ਗਰੋਹਾਂ ਦੀ ਹਿੰਸਾ ਦੇ ਡਰੋਂ ਧਰਮ ਬਦਲ ਲਿਆ ਹੈ।

ਅਜਿਹੀਆਂ ਜਬਰੀ ਧਰਮ ਬਦਲੀਆਂ, ਜਿਨ੍ਹਾਂ ਨੂੰ ਬਜਰੰਗ ਦਲ ਅਤੇ ਹੋਰ ਹਿੰਦੂਤਵੀ ਤਾਕਤਾਂ 'ਘਰ ਵਾਪਸੀ' ਕਹਿੰਦੇ ਹਨ, ਪ੍ਰਧਾਨ ਮੰਤਰੀ ਮੋਦੀ ਦੀ ਖਾਮੋਸ਼ੀ ਦੀ ਹੱਲਾਸ਼ੇਰੀ ਨਾਲ ਆਮ ਗੱਲ ਹੋ ਗਈ। 29 ਜਨਵਰੀ 2016 ਨੂੰ ਬਜਰੰਗ ਦਲ ਦੇ ਕਾਰਿੰਦਿਆਂ ਨੇ ਅਵਦੇਸ਼ ਕੁਮਾਰ ਨਾਂ ਦੇ ਇਕ ਬੰਦੇ ਨੂੰ ਉਤਰ ਪ੍ਰਦੇਸ਼ ਦੇ ਜ਼ਿਲਾ ਜਲਾਓਂ ਵਿਚ ਛਿੱਤਰਾਂ ਦਾ ਹਾਰ ਪਾ ਕੇ, ਮੂੰਹ ਕਾਲਾ ਕਰਕੇ ਅਤੇ ਗਧੇ 'ਤੇ ਬਿਠਾ ਕੇ ਗਲੀਆਂ ਵਿਚ ਉਸ ਦਾ ਜਲੂਸ ਕੱਢਿਆ। ਪੁਲਿਸ ਅਨੁਸਾਰ ਬਜਰੰਗ ਦਲ ਨੂੰ ਯਕੀਨ ਸੀ ਕਿ ਚਾਰ ਹਿੰਦੂਆਂ ਦਾ ਧਰਮ ਬਦਲ ਕੇ ਇਸਾਈ ਧਰਮ ਅਪਨਾਉਣ 'ਚ ਉਸ ਦਾ ਹੱਥ ਸੀ। ਪੁਲਿਸ ਨੇ ਬਾਅਦ ਵਿਚ ਬਜਰੰਗ ਦਲ ਦੇ 100-150 ਕਾਰਿੰਦਿਆਂ ਖਿਲਾਫ ਰਿਪੋਰਟ ਦਰਜ ਕੀਤੀ ਅਤੇ ਕੁਝ ਨੂੰ ਗ੍ਰਿਫਤਾਰ ਵੀ ਕੀਤਾ। ਉਂਜ ਅਜਿਹੇ ਕੇਸਾਂ ਦਾ ਇਥੇ ਹੀ ਭੋਗ ਪੈ ਜਾਂਦਾ ਹੈ।



*ਕੰਧਮਾਲ ਦੰਗਿਆਂ ਦੌਰਾਨ ਹੋਈ ਤਬਾਹੀ, ਜਿਸ ਵਿਚ ਬਜਰੰਗ ਦਲ ਦਾ ਵੱਡਾ ਹੱਥ ਸੀ*

'ਗਊ ਮਾਸ ਖਾਣ 'ਤੇ ਮੁਕੰਮਲ ਪਾਬੰਦੀ' ਆਰ. ਐਸ. ਐਸ. ਦਾ ਪੁਰਾਣਾ ਏਜੰਡਾ ਹੈ। ਮੋਦੀ ਦੇ ਪ੍ਰਧਾਨ ਮੰਤਰੀ ਬਣਨ ਪਿਛੋਂ ਬਜਰੰਗ ਦਲ ਨੇ ਹਿੰਸਾ ਦਾ ਕਹਿਰ ਢਾਹੁਣ ਦਾ ਇਸ ਨੂੰ ਇਕ ਹੋਰ ਬਹਾਨਾ ਬਣਾ ਲਿਆ। ਇਸ ਨੇ 2015 ਵਿਚ ਜੰਮੂ ਵਿਚ ਮੁਜਾਹਰਾ ਕਰਕੇ ਮੰਗ ਕੀਤੀ ਕਿ ਜੰਮੂ ਕਸ਼ਮੀਰ ਵਿਚ ਗਊ ਜਾਤੀ ਦੇ ਪਸ਼ੂਆਂ ਨੂੰ ਮਾਰਨ ਅਤੇ ਖਰੀਦੋ-ਫਰੋਖਤ ਕਰਨ 'ਤੇ ਮੁਕੰਮਲ ਪਾਬੰਦੀ ਲਾਈ ਜਾਵੇ ਅਤੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ।

28 ਸਤੰਬਰ 2015 ਨੂੰ ਮੁਹੰਮਦ ਅਖਲਾਕ ਨੂੰ ਦਾਦਰੀ (ਉਤਰ ਪ੍ਰਦੇਸ਼) ਵਿਚ ਇਸ ਅਫਵਾਹ ਦੇ ਆਧਾਰ 'ਤੇ ਹਿੰਦੂ ਹਜੂਮ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਕਿ ਉਹ ਅਤੇ ਉਸ ਦਾ ਪਰਿਵਾਰ ਗਊ ਹੱਤਿਆ ਕਰਕੇ ਉਸ ਦਾ ਮਾਸ ਖਾ ਰਿਹਾ ਹੈ। ਬਜਰੰਗ ਦਲ ਨੇ ਕਾਤਲਾਂ ਦਾ ਸਾਥ ਦਿੱਤਾ, ਇਹ ਜੁਰਮ ਕਰਨ ਵਾਲਿਆਂ ਨੂੰ ਤੁਰੰਤ ਕਾਨੂੰਨੀ ਮਦਦ ਦਿੱਤੀ। ਬਜਰੰਗ ਦਲ ਦੇ ਬੁਲਾਰੇ ਬਲਰਾਜ ਡੂੰਗਰ ਨੇ ਤਾਂ ਇਹ ਚਿਤਾਵਨੀ ਵੀ ਦਿੱਤੀ ਕਿ ਜੇ ਗਊ ਮਾਸ ਖਾਣ 'ਤੇ ਮੁਕੰਮਲ ਪਾਬੰਦੀ ਨਾ ਲਾਈ ਤਾਂ ਉਤਰ ਪ੍ਰਦੇਸ਼ ਵਿਚ ਇਕ ਹੋਰ 1857 ਵਾਪਰ ਜਾਵੇਗਾ।

ਬਜਰੰਗ ਦਲ ਨੇ ਆਪਣੀ ਬੁਰਛਾਗਰਦ ਨੀਤੀ ਪੂਰੀ ਦ੍ਰਿੜਤਾ ਨਾਲ ਜਾਰੀ ਰੱਖੀ। 15 ਮਾਰਚ 2016 ਨੂੰ ਪੁਲਿਸ ਨੇ ਮੇਵਾੜ ਯੂਨੀਵਰਸਿਟੀ ਚਿਤੌੜਗੜ੍ਹ (ਰਾਜਸਥਾਨ) ਵਿਚ ਚਾਰ ਕਸ਼ਮੀਰੀ ਮੁਸਲਿਮ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ 'ਤੇ ਬਜਰੰਗ ਦਲ ਦੇ ਕਾਰਿੰਦਿਆਂ ਨੇ ਹੋਸਟਲ ਦੇ ਕਮਰੇ ਵਿਚ ਗਊ ਦਾ ਮਾਸ ਪਕਾਉਣ ਦੇ ਦੋਸ਼ ਲਾਏ ਸਨ। ਬਾਅਦ ਵਿਚ ਪਤਾ ਲੱਗਾ ਕਿ ਇਹ ਗਊ ਦਾ ਮਾਸ ਨਹੀਂ ਸੀ। ਜਦ ਉਨ੍ਹਾਂ ਦੀ ਗ੍ਰਿਫਤਾਰੀ ਦੀਆਂ ਖਬਰਾਂ ਕੌਮੀ ਪੱਧਰ ਦੀਆਂ ਸੁਰਖੀਆਂ ਬਣਨ ਲੱਗੀਆਂ ਤਾਂ ਪੁਲਿਸ ਨੇ ਇਹ ਸਫਾਈ ਦਿੱਤੀ: ਉਨ੍ਹਾਂ ਨੇ ਤਾਂ ਕਸ਼ਮੀਰੀ ਨੌਜਵਾਨਾਂ ਨੂੰ ਬਜਰੰਗ ਦਲੀਆਂ ਤੋਂ ਬਚਾਉਣ ਲਈ ਹਿਰਾਸਤ ਵਿਚ ਲਿਆ ਸੀ!

ਜ਼ਾਹਰ ਹੈ ਕਿ ਦੰਗੇ-ਫਸਾਦਾਂ, ਬੰਬ ਕਾਂਡਾਂ ਤੋਂ ਲੈ ਕੇ ਹਜੂਮੀ ਹਮਲਿਆਂ ਤਕ ਹਰ ਹਿੰਸਕ ਵਾਰਦਾਤ ਪਿੱਛੇ ਬਜਰੰਗ ਦਲ ਦੇ ਕਾਰਿੰਦਿਆਂ ਦਾ ਹੱਥ ਰਿਹਾ ਹੈ। ਇਨ੍ਹਾਂ ਨੂੰ ਤਾਂ ਜੱਗ ਦਿਖਾਵੇ ਲਈ ਵੀ ਆਪਣੀ ਚੰਗੀ ਦਿੱਖ ਬਣਾਈ ਰੱਖਣ ਦੀ ਲੋੜ ਮਹਿਸੂਸ ਨਹੀਂ ਹੁੰਦੀ। ਮੰਗਲੌਰ ਵਿਚ ਤਾਂ ਇਹ ਇਸ ਸਭ ਕਾਸੇ ਨਾਲ ਅਭੇਦ ਹੋ ਕੇ 'ਕਾਰੋਬਾਰੀਆਂ' ਵਜੋਂ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਦੇ ਦੇਖੇ ਜਾ ਸਕਦੇ ਹਨ। ਇਸ ਦਾ ਸਿਹਰਾ ਸ਼ਰਨ ਪੰਪਵੈਲ ਦੀ ਮੁਸਲਿਮ ਕਾਰੋਬਾਰੀਆਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਕੇ ਅਤੇ ਪੁਲਿਸ ਦੀ ਡਿਗ ਰਹੀ ਸਾਖ ਦਾ ਲਾਹਾ ਲੈ ਕੇ ਬਜਰੰਗ ਦਲ ਦੇ ਲਸ਼ਕਰਾਂ ਰਾਹੀਂ ਸੁਰੱਖਿਆ ਮੁਹੱਈਆ ਕਰਾਉਣ ਦੀ ਮੁਹਾਰਤ ਨੂੰ ਜਾਂਦਾ ਹੈ। ਰੁਜ਼ਗਾਰ ਦੇ ਮੌਕੇ ਨਾ ਹੋਣ ਕਾਰਨ ਹੈਰਾਨੀ ਦੀ ਗੱਲ ਨਹੀਂ, ਜੇ ਹਿੰਦੂਤਵ ਦੀ ਸਰਮਾਏਦਾਰੀ ਵੱਡੀ ਤਾਦਾਦ ਵਿਚ ਨੌਜਵਾਨਾਂ ਨੂੰ ਇਸ ਕਦਰ ਧੂਹ ਪਾਉਂਦੀ ਹੈ।

(ਚਲਦਾ)

---

**ਯਾਦਾਂ ਦੀ ਪਟਾਰੀ**

# ਉਹ ਵੀ ਦਿਨ ਸਨ

ਗੁਰਭਜਨ ਗਿੱਲ

ਲਾਇਲਪੁਰ ਖਾਲਸਾ ਕਾਲਜ, ਜਲੰਧਰ ਮੇਰੇ ਸੁਪਨਿਆਂ 'ਚ ਬਹੁਤ ਆਉਂਦਾ ਹੈ। ਮੇਰੇ ਬਚਪਨ ਵੇਲੇ ਮੇਰੇ ਦੋਵੇਂ ਵੱਡੇ ਭਰਾ ਜਸਵੰਤ ਸਿੰਘ ਗਿੱਲ ਤੇ ਮਗਰੋਂ ਸੁਖਵੰਤ ਸਿੰਘ ਗਿੱਲ ਇਸੇ ਕਾਲਜ 'ਚ ਐਮ. ਏ. ਕਰਨ ਆਏ ਸਨ।

ਵੱਡੇ ਭਾ ਜੀ ਨਾਲ ਏਥੇ ਹੀ ਡਾ. ਐਸ. ਪੀ. ਸਿੰਘ, ਸੁਰਿੰਦਰ ਗਿੱਲ, ਭਾ ਜੀ ਬਰਜਿੰਦਰ ਸਿੰਘ, ਰਜਿੰਦਰ ਸਿੰਘ ਚੀਮਾ, ਅਮਰਜੀਤ ਚੰਦਨ ਅੱਗੜ ਪਿੱਛੜ ਪੜ੍ਹਦੇ ਸਨ। ਉਦੋਂ ਹੀ ਪ੍ਰੇਮ ਗੋਰਖੀ ਏਥੇ ਕਾਲਜ 'ਚ ਕਰਮਚਾਰੀ ਸੀ। ਨਵਾਂ ਨਵਾਂ ਲਿਖਣ ਦੇ ਰਾਹ ਤੁਰਿਆ। ਪ੍ਰੋ. ਨਿਰੰਜਨ ਸਿੰਘ ਢੇਸੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਸਨ। ਪੂਰੇ ਸੂਹੇ।

ਮੈਂ 1971 'ਚ ਲੁਧਿਆਣੇ ਪੜ੍ਹਨ ਆ ਗਿਆ ਭਾ ਜੀ ਕੋਲ, ਜੀ. ਜੀ. ਐਨ. ਖਾਲਸਾ ਕਾਲਜ ਵਿਚ। ਉਦੋਂ ਜਲੰਧਰ 'ਚ ਬਾਈਪਾਸ ਨਹੀਂ ਸੀ ਹੁੰਦਾ। ਬੱਸ ਅੱਡਾ ਵੱਡੇ ਡਾਕਖਾਨੇ ਦੇ ਗਵਾਂਢ 'ਚ ਸੀ। ਬਟਾਲਿਓਂ ਸਤਲੁਜ ਟਰਾਂਸਪੋਰਟ ਦੀ ਬੱਸ ਲੈਣੀ ਤੇ ਜਲੰਧਰ ਦਸ ਮਿੰਟ ਦੇ ਠਹਿਰਾਅ ਬਾਅਦ ਲੁਧਿਆਣੇ ਤੁਰ ਪੈਣਾ।

ਫਾਟਕ ਦੋ ਪੈਂਦੇ ਸਨ, ਇੱਕ ਡੀ. ਏ. ਵੀ. ਕਾਲਜ ਕੋਲ ਤੇ ਦੂਜਾ ਲਾਇਲਪੁਰ ਖਾਲਸਾ ਕਾਲਜ ਕੋਲ। ਲੋਹੀਆਂ ਵੱਲ ਜਾਂਦੀ ਗੱਡੀ ਵਾਲੇ ਮੁੰਡਿਆਂ ਤਾਂ ਲਾਇਲਪੁਰ ਖਾਲਸਾ ਕਾਲਜ ਨੇੜੇ ਰੋਕ ਠਹਿਰਾਅ (Halt) ਵੀ ਪ੍ਰਵਾਨ ਕਰਵਾ ਲਿਆ ਸੀ।

ਸਾਡੀ ਬੱਸ ਜਦੋਂ ਵੀ ਲਾਇਲਪੁਰ ਖਾਲਸਾ ਕਾਲਜ ਦੇ ਗੇਟ ਅੱਗਿਉਂ ਲੰਘਦੀ ਤਾਂ ਬੜੀ ਹਸਰਤ ਨਾਲ ਅੰਦਰ ਝਾਕਦਾ। ਗਰਾਊਂਡ 'ਚ ਹਾਕੀ ਖੇਡਦੇ ਮੁੰਡਿਆਂ 'ਚੋਂ ਕਿੰਨੇ ਅਜੀਤਪਾਲ, ਪਰਗਟ, ਗੁਰਮੇਲ ਤੇ ਦਰਜਨਾਂ ਉਲੰਪੀਅਨ ਇਸ ਮਿੱਟੀ ਨੇ ਘੜੇ। ਪ੍ਰੋ. ਇੰਦਰਜੀਤ ਨੇ ਕਿੰਨਿਆਂ ਦੇ ਝੱਬਾਂ 'ਚ ਭੰਗੜਾ ਉਗਾਇਆ। ਕਿੰਨੇ ਮਲਕੀਤ ਗੋਲਡਨ ਸਟਾਰ ਬਣੇ।

ਕਿੰਨੇ ਲਿਖਾਰੀ ਇਥੇ ਪੜ੍ਹ ਕੇ ਸੁਰਿੰਦਰ ਗਿੱਲ, ਅਮਰਜੀਤ ਚੰਦਨ, ਆਤਮਜੀਤ, ਕਸ਼ਮੀਰ ਕਾਦਰ ਤੇ ਰਵਿੰਦਰ ਸਹਿਰਾਅ ਬਣੇ। ਸੁੱਖੀ ਬਾਠ ਵਰਗੇ ਦਾਨਵੀਰ, ਡਾ. ਐਸ. ਪੀ. ਸਿੰਘ ਵਰਗੇ ਵਾਈਸ ਚਾਂਸਲਰ, ਬਰਜਿੰਦਰ ਸਿੰਘ ਹਮਦਰਦ ਵਰਗੇ ਸੰਪਾਦਕ, ਰਜਿੰਦਰ ਸਿੰਘ ਚੀਮਾ ਵਰਗੇ ਸਿਰਮੌਰ ਵਕੀਲ।

ਪਰ ਮੇਰਾ ਚਾਅ ਪੂਰਾ ਨਾ ਹੋ ਸਕਿਆ ਏਥੇ ਪੜ੍ਹਨ ਦਾ।

ਮੈਂ ਕਾਲਾ ਅਫਗਾਨਾ ਵਿਚ ਪੜ੍ਹਦਿਆਂ ਇੱਕ ਵਾਰ ਕਵਿਤਾ ਮੁਕਾਬਲੇ 'ਚ ਭਾਗ ਲੈਣ ਆਇਆ ਸਾਂ, 1970 'ਚ, ਪਰ ਮੁਕਾਬਲਾ ਮੁਲਤਵੀ ਹੋ ਗਿਆ, ਉਸੇ ਸਵੇਰ ਕਿਸੇ ਵਿਦਿਆਰਥੀ ਨਾਲ ਵਾਪਰੇ ਕਿਸੇ ਹਾਦਸੇ ਕਾਰਨ।

ਸਾਲ ਸ਼ਾਇਦ 1981 ਸੀ ਜਾਂ 82 ਇਹ ਤਾਂ ਪੱਕਾ ਪਤਾ ਨਹੀਂ, ਪਰ ਏਨਾ ਜ਼ਰੂਰ ਪਤਾ ਹੈ ਕਿ ਜਦ ਲਾਇਲਪੁਰ ਖਾਲਸਾ ਕਾਲਜ ਤੋਂ ਕਵੀ ਦਰਬਾਰ ਲਈ ਸੱਦਾ ਪੱਤਰ ਮਿਲਿਆ ਤਾਂ ਖੁਸ਼ੀ 'ਚ ਮੈਂ ਸਾਰੀ ਰਾਤ ਸੌਂ ਨਾ ਸਕਿਆ। ਪਲਸੇਟੇ ਮਾਰ ਕੇ ਰਾਤ ਲੰਘਾਈ। ਸਵੇਰੇ ਜਗਰਾਉਂ ਤੋਂ ਬੱਸ ਲੈ ਕੇ ਜਲੰਧਰ ਪੁੱਜਾ ਤਾਂ ਪ੍ਰਿੰਸੀਪਲ ਸਾਹਿਬ ਦੇ ਕਮਰੇ 'ਚ ਚਾਹ ਪੀਂਦਿਆਂ ਆਪਣੀ ਜ਼ਬਾਨ ਦੇ ਵੱਡੇ ਕਵੀਆਂ ਨੂੰ ਮਿਲਿਆ।



ਰਵਿੰਦਰ ਸਹਿਰਾਅ ਉਦੋਂ ਇਸ ਕਾਲਜ 'ਚ ਐਮ. ਏ. ਕਰਦਾ ਸੀ। ਉਸ ਨੇ ਪਿਛਲੇ ਦਿਨੀਂ ਉਸ ਕਵੀ ਦਰਬਾਰ ਦੀ ਤਸਵੀਰ ਸਾਂਝੀ ਕੀਤੀ ਤਾਂ ਬਹੁਤ ਚੰਗਾ ਚੰਗਾ ਲੱਗਿਆ। ਤਸਵੀਰ 'ਚ ਸਿਰਮੌਰ ਪੰਜਾਬੀ ਕਵੀ ਸੰਤ ਰਾਮ ਉਦਾਸੀ, ਪਾਸ਼, ਵਰਿਆਮ ਸਿੰਘ ਸੰਧੂ, ਸੁਰਿੰਦਰ ਗਿੱਲ, ਫਤਹਿਜੀਤ, ਸੁਰਜੀਤ ਪਾਤਰ, ਦਰਸ਼ਨ ਖਟਕੜ ਤੇ ਰਵਿੰਦਰ ਸਹਿਰਾਅ ਦੇ ਨਾਲ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਮੋਹਨ ਸਿੰਘ ਜੌਹਲ, ਪ੍ਰੋ. ਨਿਰੰਜਨ ਸਿੰਘ ਢੇਸੀ, ਪ੍ਰੋ. ਨਰਜੀਤ ਸਿੰਘ ਖਹਿਰਾ, ਪ੍ਰੋ. ਜਸਪਾਲ ਸਿੰਘ ਰੰਧਾਵਾ, ਹਰਜਿੰਦਰ ਸਿੰਘ ਅਟਵਾਲ, ਪ੍ਰੋ. ਨਿਰਮਲ ਸਿੰਘ ਤੇ ਪ੍ਰੋ. ਹਰਬੰਸ ਸਿੰਘ ਬੋਲੀਨਾ ਖੜ੍ਹੇ ਹਨ। ਇਹ ਤਸਵੀਰ ਵੇਖਦਿਆਂ ਹੁਣ ਵੀ ਰੂਹ ਨਸ਼ਿਆ ਜਾਂਦੀ ਹੈ।

ਕਿੰਨੇ ਸੱਜਣ ਕਾਫਲੇ 'ਚੋਂ ਨਿੱਖੜ ਗਏ ਨੇ, ਸੰਤ ਰਾਮ ਉਦਾਸੀ ਤੇ ਪਾਸ਼ ਵਰਗੇ। ਮੋਹਨ ਸਿੰਘ ਜੌਹਲ ਵਰਗੇ। ਕਿੰਨੇ ਸੱਜਣ ਐਸੇ ਨਿੱਖੜੇ ਕਿ ਮੁੜ ਕਦੇ ਨਹੀਂ ਮਿਲੇ।

ਇਹ ਤਸਵੀਰ ਜਦੋਂ ਵਰਿਆਮ ਸਿੰਘ ਸੰਧੂ ਨੇ ਆਪਣੇ ਫੇਸਬੁੱਕ ਖਾਤੇ 'ਚ ਵਰਤੀ ਤਾਂ ਮੁੜ ਚੇਤੇ ਆਈ। ਰਵਿੰਦਰ ਸਹਿਰਾਅ ਕੋਲ ਅਸਲੀ ਤਸਵੀਰ ਹੈ, ਜੋ ਜਲੰਧਰ ਵਾਲੇ ਪ੍ਰੈਸ ਫੋਟੋਗਰਾਫਰ ਪਿਆਰੇ ਲਾਲ ਨੇ ਖਿੱਚੀ ਸੀ।

ਯਾਦਾਂ ਕਿਵੇਂ ਸ਼ਕਤੀ ਬਣਦੀਆਂ ਨੇ, ਇਸ ਤਸਵੀਰ ਨੇ ਦੱਸਿਆ।

---

# ਬਰਾਬਰੀ

ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

ਹੜ੍ਹ ਦੇ ਪਾਣੀ ਨੇ ਵੇਖਦਿਆਂ-ਵੇਖਦਿਆਂ ਹੀ ਸਭ ਕੁਝ ਆਪਣੀ ਲਪੇਟ ਵਿਚ ਲੈ ਲਿਆ। ਫੱਤੂ ਨੇ ਸ਼ੂਕਦੇ ਆ ਰਹੇ ਪਾਣੀ ਦੀ ਅਵਾਜ਼ ਸੁਣ ਕੇ ਛੇਤੀ ਨਾਲ ਪਰਿਵਾਰ ਨੂੰ ਛੱਤ ਤੋਂ ਉਤਾਰ ਉਚੀ ਥਾਂ ਵੱਲ ਭੱਜਣ ਲਈ ਕਿਹਾ। ਆਪ ਉਹ ਚੁਬਾਰਿਆਂ ਵਿਚ ਸੁੱਤੇ ਸਰਦਾਰ ਦੇ ਪਰਿਵਾਰ ਨੂੰ ਜਗਾਉਣ ਲਈ ਭੱਜ ਉਠਿਆ। ਉਹ ਜਾਣਦਾ ਸੀ ਕਿ ਏ. ਸੀ. ਦੀ ਅਵਾਜ਼ ਵਿਚ ਬੰਦ ਦਰਵਾਜਿਆਂ ਵਿਚੋਂ ਕੁਝ ਵੀ ਪਤਾ ਨਹੀਂ ਲੱਗਣਾ। ਫੱਤੂ ਨੇ ਅਵਾਜ਼ਾਂ ਮਾਰ-ਮਾਰ ਅਤੇ ਗੇਟ ਖੜਕਾ ਕੇ ਸਰਦਾਰ ਨੂੰ ਮਸਾਂ ਉਠਾਇਆ। ਥੱਲੇ ਪਾਣੀ ਨਾਲ ਭਰਿਆ ਘਰ ਵੇਖ ਸਭ ਦੇ ਹੋਸ਼ ਉਡ ਗਏ। ਸਭ ਜਾਨ ਬਚਾਉਣ ਲਈ ਫੱਤੂ ਨਾਲ ਤੁਰ ਪਏ। ਸਰਦਾਰ ਦੀ ਕੁੜੀ ਨੇ ਛੋਟੀ-ਛੋਟੀ ਸਮਾਨ ਇਕੱਠਾ ਕਰ ਬਿਸਤਰੇ ਵਾਲੀ ਚਾਦਰ 'ਚ ਬੰਨ੍ਹ ਗਠੜੀ ਸਿਰ 'ਤੇ ਰੱਖ ਲਈ।

ਫੱਤੂ ਦੀ ਘਰਵਾਲੀ ਨੇ ਜੋ ਕੁਝ ਹੱਥ ਆਇਆ, ਇਕੱਠਾ ਕਰ ਗਠੜੀਆਂ ਬਣਾ ਬੱਚਿਆਂ ਦੇ ਸਿਰ 'ਤੇ ਚੁਕਾ ਦਿੱਤੀਆਂ। ਸਭ ਵਾਹੋ ਦਾਹੀ ਪਾਣੀ ਨਾਲ ਘੁਲਦੇ ਸੜਕ ਤੱਕ ਅੱਪੜੇ। ਸੇਮ ਨਾਲੇ ਦਾ ਪੁਲ ਹੋਣ ਕਰਕੇ ਸੜਕ ਦਾ ਇਹ ਹਿੱਸਾ ਉਚਾ ਸੀ। ਬਾਕੀ ਸੜਕ ਪਾਣੀ 'ਚ ਡੁੱਬ ਗਈ ਸੀ।

ਕੁਝ ਸਮੇਂ ਬਾਅਦ ਹੀ ਫੱਤੂ ਦਾ ਇੱਕ ਕਮਰੇ ਦਾ ਕੱਚਾ ਘਰ ਬਿਨਾ ਕੋਈ ਸ਼ੋਰ ਕੀਤਿਆਂ ਪਾਣੀ ਵਿਚ ਸਮਾ ਗਿਆ, ਉਸ ਵਾਂਗ ਹੀ ਫੱਤੂ ਸਬਰ ਕਰ ਬੈਠ ਗਿਆ। ਦੂਜੇ ਪਾਸੇ ਸਰਦਾਰ ਦੀ ਕੋਠੀ ਕੁਝ ਦੇਰ ਤਾਂ ਅੜੀ, ਫਿਰ ਦਹਾੜਦੀ ਹੋਈ ਧਰਤੀ 'ਤੇ ਵਿਛਣ ਲੱਗੀ। ਜਦੋਂ ਕੋਠੀ ਦਾ ਕੋਈ ਹਿੱਸਾ ਜ਼ਮੀਨ 'ਤੇ ਡਿੱਗਦਾ, ਉਸ ਦੀ ਦਹਾੜ ਵਾਂਗ ਹੀ ਸਰਦਾਰ ਦੀ ਧਾਹ ਨਿਕਲਦੀ, 'ਹਾਏ ਮੇਰੀ ਲੱਖਾਂ ਦੀ ਕੋਠੀ ਤੇ ਸਮਾਨ!'

ਖਾਣ ਪੀਣ ਲਈ ਕਿਸੇ ਕੋਲ ਕੁਝ ਵੀ ਨਹੀਂ ਸੀ। ਫੱਤੂ ਨੇ ਹਿੰਮਤ ਕਰ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰ ਲਿਆ, ਪਰ ਸਰਦਾਰ ਜੀ ਉਸੇ ਤਰ੍ਹਾਂ ਪਿਆਸੇ ਬੈਠੇ ਸਨ। ਇੱਕ ਤਾਂ ਆਮ ਪਾਣੀ, ਦੂਜਾ ਫੱਤੂ ਦੇ ਬਰਤਨ ਵਿਚ। ਉਹ ਕਿਵੇਂ ਪੀਂਦੇ! ਉਹ ਤਾਂ ਬੋਤਲਬੰਦ ਪਾਣੀ ਪੀਣ ਦੇ ਆਦੀ ਸਨ। ਫੱਤੂ ਇਸ ਪਰਿਵਾਰ ਨਾਲ ਕਾਫੀ ਸਮੇਂ ਤੋਂ ਠੇਕੇ 'ਤੇ ਰਲਦਾ ਆ ਰਿਹਾ ਸੀ। ਸਰਦਾਰ ਦਾ ਪਰਿਵਾਰ ਸੀ ਤਾਂ ਅਜ਼ਬ ਅਤੇ ਰੁੱਖੇ ਸੁਭਾਅ ਦਾ, ਪਰ ਪੈਸੇ ਟਕੇ ਵੇਲੇ ਸਿਰ ਮਿਲ ਜਾਂਦੇ ਸਨ। ਦੂਜਾ, ਫੱਤੂ ਆਜ਼ਾਦੀ ਨਾਲ ਕੰਮ ਕਰਦਾ ਰਹਿੰਦਾ। ਸਰਦਾਰ ਆਪ ਤਾਂ ਖੇਤ ਕਦੇ ਹੀ ਗੇੜਾ ਮਾਰਦਾ ਸੀ। ਮੁੰਡਾ ਚੰਡੀਗੜ੍ਹ ਪੜ੍ਹਦਾ ਸੀ ਅਤੇ ਕੁੜੀ ਨਾਲ ਦੇ ਸ਼ਹਿਰ। ਇਸ ਕਰਕੇ ਕੰਮ ਵੱਲੋਂ ਬਹੁਤੀ ਹੀਲ ਹੁਜਤ ਨਹੀਂ ਸੀ।

ਵੈਸੇ ਸਰਦਾਰ ਦਾ ਸੁਭਾਅ ਗਰੀਬਾਂ ਪ੍ਰਤੀ ਬਹੁਤ ਮਾੜਾ ਅਤੇ ਨਫਰਤ ਭਰਿਆ ਸੀ। ਇੱਕ ਦਿਨ ਫੱਤੂ ਦੀ ਕੁੜੀ ਦੇ ਗੇਟ ਤੋਂ ਅਵਾਜ਼ਾਂ ਮਾਰਨ 'ਤੇ ਜਦੋਂ ਕੋਈ ਬਾਹਰ ਨਾ ਆਇਆ ਤੇ ਅੰਦਰ ਰਸੋਈ ਤੱਕ ਚਲੀ ਗਈ ਤਾਂ ਸਰਦਾਰਨੀ ਨੇ ਫੱਤੂ ਅਤੇ ਕੁੜੀ ਦੀ ਉਹ ਲਾਹ ਪਾਹ ਕੀਤੀ ਕਿ ਰਹੇ ਰੱਬ ਦਾ ਨਾਂ! ਉਸ ਦਿਨ ਦੋਹਾਂ ਜੀਆਂ ਨੇ ਕੁੜੀ ਦੇ ਸਾਹਮਣੇ ਬਣੀ ਰੋਟੀ ਵੀ ਨਾ ਖਾਧੀ।

ਹੰਝੂ ਕੇਰਦਿਆਂ ਰਾਤ ਤੋਂ ਸਵੇਰ ਅਤੇ ਸ਼ਾਮ ਪੈ ਗਈ। ਕੁਝ ਵੀ ਖਾਣ ਨੂੰ ਨਾ ਮਿਲਣ ਕਰਕੇ ਸਭ ਦਾ ਬੁਰਾ ਹਾਲ ਸੀ। ਵੱਡੇ ਤਾਂ ਸਬਰ ਕਰ ਬੈਠੇ ਸਨ, ਪਰ ਬੱਚਿਆਂ ਦੀਆਂ ਅੱਖਾਂ ਵਿਚ ਪਾਣੀ ਭਰਿਆ ਹੋਇਆ ਸੀ। ਪਿੰਡ ਵੱਲੋਂ ਲੰਗਰ ਲੈ ਕੇ ਆਏ ਬੰਦਿਆਂ ਦੀਆਂ ਅਵਾਜ਼ਾਂ ਆਈਆਂ। ਫੱਤੂ ਛਾਤੀ ਤੱਕ ਪਾਣੀ ਦੀ ਮਾਰ ਝੱਲਦਾ ਉਧਰ ਤੁਰ ਪਿਆ ਅਤੇ ਸਿਰ 'ਤੇ ਲੰਗਰ ਵਾਲੀ ਪੋਟਲੀ ਚੁੱਕੀ ਆ ਗਿਆ। ਫੱਤੂ ਨੇ ਸਰਦਾਰ ਨੂੰ ਰੋਟੀ ਬਾਰੇ ਪੁਛਿਆ, ਪਰ ਸਭ ਜੀਆਂ ਨੇ ਮੂੰਹ ਦੂਜੇ ਪਾਸੇ ਕਰ ਲਿਆ। ਫੱਤੂ ਤੇ ਉਸ ਦੇ ਟੱਬਰ ਨੇ ਕੁਝ ਖਾ, ਬਾਕੀ ਸਾਂਭ ਕੇ ਰੱਖ ਲਿਆ। ਰਾਤ ਹੋ ਗਈ ਫੱਤੂ ਨੇ ਸਰਦਾਰ ਨੂੰ ਸਬਰ ਕਰ ਪੈ ਜਾਣ ਲਈ ਕਿਹਾ।

"ਫੱਤੂ ਤੂੰ ਤਾਂ ਕਮਲਾ, ਰੋੜਾਂ-ਬਜਰੀ 'ਤੇ ਕਿਵੇਂ ਪਿਆ ਜਾਊ!" ਸਰਦਾਰ ਨੇ ਖਿਝ ਕੇ ਕਿਹਾ। ਗਠੜੀ ਬਾਰੇ ਪੁੱਛਣ 'ਤੇ ਸਰਦਾਰਨੀ ਨੇ ਦੱਸਿਆ ਕਿ ਉਹ ਤਾਂ ਕੀਮਤੀ ਸਮਾਨ, ਲੈਪਟਾਪ ਅਤੇ ਮੋਬਾਈਲ ਵਗੈਰਾ ਸਨ। ਫੱਤੂ ਦੀ ਘਰਵਾਲੀ ਨੇ ਆਪਣੇ ਨਾਲ ਲਿਆਂਦੇ ਨਵੇਂ ਬਿਸਤਰੇ ਉਨ੍ਹਾਂ ਨੂੰ ਦਿੱਤੇ। ਮਨ ਮਾਰ ਉਹ ਧਰਤੀ 'ਤੇ ਵਿਛਾ ਕੇ ਪੈ ਗਏ, ਫੱਤੂ ਹੋਰੀਂ ਵੀ ਦਰੀਆਂ, ਚਾਦਰਾਂ ਵਿਛਾ ਸੜਕ 'ਤੇ ਟੇਢੇ ਹੋ ਗਏ।

ਅੱਧੀ ਰਾਤ ਨੂੰ ਸਰਦਾਰਨੀ ਦੀਆਂ ਅਵਾਜ਼ਾਂ ਨੇ ਫੱਤੂ ਨੂੰ ਜਗਾਇਆ। ਸਰਦਾਰ ਦੀ ਹਾਲਤ ਵਿਗੜ ਗਈ ਸੀ। ਮੂੰਹ ਸੁੱਕਣ ਕਾਰਨ ਜੀਭ ਤਾਲੂ ਨਾਲ ਚਿਪਕ ਰਹੀ ਸੀ ਅਤੇ ਸਾਹ ਲੈਣ ਵਿਚ ਤਕਲੀਫ ਹੋ ਰਹੀ ਸੀ। 'ਪਾਣੀ, ਪਾਣੀ!' ਸਰਦਾਰ ਦੇ ਮੂੰਹੋਂ ਮਸਾਂ ਨਿਕਲਿਆ।

"ਫੱਤੂ ਪਾਣੀ ਲੈ ਕੇ ਆ।" ਸਰਦਾਰਨੀ ਨੇ ਘਾਬਰ ਕੇ ਕਿਹਾ।

"ਪਰ ਸਰਦਾਰ ਜੀ...।" ਫੱਤੂ ਦੇ ਮੂੰਹੋਂ ਅਗਲੀ ਗੱਲ ਨਹੀਂ ਸੀ ਨਿਕਲ ਰਹੀ।

"ਜਾਨ ਨਾਲੋਂ ਕੁੱਝ ਚੰਗਾ ਨਹੀਂ।" ਸਰਦਾਰਨੀ ਨੇ ਛੇਤੀ ਕਰਨ ਲਈ ਕਿਹਾ।

ਸਰਦਾਰ ਦੇ ਮੂੰਹ ਵਿਚ ਪਾਣੀ ਪਾਇਆ ਤਾਂ ਸੌਖਾ ਸਾਹ ਆਇਆ, ਪਰ ਖਾਲੀ ਪੇਟ ਪਾਣੀ ਪੀਣ ਨਾਲ ਅੰਦਰ ਕੜਵੱਲ ਪੈਣ ਲੱਗੇ।

"ਫੱਤੂ ਜੇ ਕੁਝ ਬਚਿਆ ਖਾਣ ਨੂੰ ਤਾਂ ਜਲਦੀ ਲਿਆ।" ਸਰਦਾਰ ਨੇ ਨੀਂਵਾਂ ਹੁੰਦਿਆਂ ਕਿਹਾ। ਪਹਿਲਾਂ ਸਰਦਾਰ ਅਤੇ ਫਿਰ ਮਾਂ-ਧੀ ਨੇ ਰੋਟੀ ਖਾਧੀ ਤੇ ਪਾਣੀ ਪੀਤਾ। ਸਰਦਾਰ ਨੇ ਉਠ ਕੇ ਫੱਤੂ ਨੂੰ ਜੱਫੀ ਵਿਚ ਲੈ ਲਿਆ ਤੇ ਰੋਣ ਲੱਗ ਪਿਆ, "ਵੀਰ ਤੇਰੇ ਕਰਕੇ ਜਾਨ ਬਚ ਗਈ, ਨਹੀਂ ਤਾਂ ਸੁੱਕੀ ਆਕੜ ਨੇ ਅੱਜ...!"

ਅਗਲੇ ਦਿਨ ਕੁਝ ਗੁਰੂ ਪਿਆਰੇ ਪਾਣੀ ਨੂੰ ਚੀਰਦੇ ਲੰਗਰ ਲੈ ਕੇ ਉਨ੍ਹਾਂ ਕੋਲ ਆਏ। ਫੱਤੂ ਨੇ ਸਰਦਾਰ ਨੂੰ ਪਹਿਲਾਂ ਪਵਾਉਣ ਲਈ ਅਵਾਜ਼ ਮਾਰੀ। "ਨਹੀਂ ਵੀਰ ਮੇਰਿਆ! ਇਹ ਗੁਰੂ ਕਾ ਲੰਗਰ ਹੈ, ਇਸ ਵਿਚ ਉਚ-ਨੀਚ ਨਹੀਂ ਹੁੰਦੀ। ਆ, ਸਭ ਇੱਕ ਪੰਗਤ ਵਿਚ ਬੈਠ ਕੇ ਛਕੀਏ। ਕੁਦਰਤ ਨੇ ਮੈਨੂੰ ਕਿੰਨਾ ਵੱਡਾ ਸਬਕ ਦਿੱਤਾ। ਉਸ ਪਰਮਾਤਮਾ ਅੱਗੇ ਸਾਡੀ ਔਕਾਤ ਹੀ ਕੀ ਹੈ? ਕੁਦਰਤ ਨੇ ਅੱਜ ਕੱਚੇ ਕੋਠੇ ਤੇ ਪੱਕੀ ਕੋਠੀ ਵਿਚ ਬਰਾਬਰੀ ਲਿਆ ਦਿੱਤੀ ਸੀ।

ਕਹਾਣੀ

# ਭਾਰੀ ਗੰਨ

***ਕਿਸਾਨ ਦੀ ਜ਼ਿੰਦਗੀ ਚੰਗੀ ਭਲੀ ਚੱਲਦੀ ਸੀ ਕਿ ਹਰੇ ਇਨਕਲਾਬ ਨੇ ਉਸ ਦੀ ਗੱਡੀ ਲੀਹੋਂ ਲਾਹ ਦਿੱਤੀ। ਟਿਊਬਵੈਲ ਲੱਗ ਗਏ, ਟਰੈਕਟਰ ਆ ਗਏ, ਲੱਗਾ ਹੁਣ ਤਾਂ ਬੱਲੇ ਬੱਲੇ ਹੋ ਗਈ, ਪਰ ਇਹ ਟਰੈਕਟਰ ਹੀ ਉਸ ਦੀ ਜਾਨ ਦਾ ਖੌ ਬਣ ਗਏ। ਟਰੈਕਟਰ ਦੀਆਂ ਕਿਸ਼ਤਾਂ ਮੋੜ ਨਾ ਹੋਈਆਂ। ਜਮੀਨਾਂ ਗਹਿਣੇ ਪੈ ਗਈਆਂ ਤੇ ਫਿਰ ਵਿਕ ਗਈਆਂ। ਜੱਟ ਨੂੰ ਮਜਦੂਰੀ ਕਰਨੀ ਪਈ। ਸਭ ਕੁਝ ਰੁਲ-ਖੁਲ ਗਿਆ। ਇਹੋ ਵਾਰਤਾ ਹੈ, ਇਸ ਕਹਾਣੀ ਦੀ। -ਸੰਪਾਦਕ***

**ਕਰਮ ਸਿੰਘ ਮਾਨ**
**ਫੋਨ: 559-261-5024**

ਮਿਹਰ ਮੰਜੇ 'ਤੇ ਪਿਆ ਸਾਰੀ ਰਾਤ ਉਸਲਵੱਟੇ ਲੈਂਦਾ ਰਿਹਾ। ਕੰਮ ਕਰਦਿਆਂ ਪੈਂਦਾ ਰੌਲਾ-ਰੱਪਾ, ਹਥੌੜੀ ਦੀ ਠੱਕ ਠੱਕ ਤੇ ਟੁਟਦੀਆਂ ਇੱਟਾਂ ਦੀਆਂ ਕਿੰਕਰਾਂ ਉਸ ਦੇ ਮਨ ਦੇ ਵਿਹੜੇ ਵਿਚ ਦੂਰ ਦੂਰ ਤੱਕ ਡਿੱਗ ਰਹੀਆਂ ਸਨ, ਜ਼ਿਹਨ ਵਿਚ ਖੁਭੀਆਂ ਕਿੰਕਰਾਂ ਦੀ ਪੀੜ ਉਹ ਸਾਰੀ ਰਾਤ ਝਲਦਾ ਰਿਹਾ ਸੀ। ਸਾਰੀ ਝਾਕੀ ਅਰਧ ਸੁੱਤੇ ਦੀਆਂ ਅੱਖਾਂ ਸਾਹਮਣੇ ਜਗਦੀ-ਬੁਝਦੀ ਰਹੀ ਸੀ। ਉਹ ਖੇਸ ਵਿਚ ਮੂੰਹ-ਸਿਰ ਲਪੇਟੀ ਪਿਆ ਰਿਹਾ।

"ਗੋਡੇ ਜਿੱਡਾ ਦਿਨ ਚੜ੍ਹ ਗਿਐ, ਉਠ ਕੰਮ 'ਤੇ ਨ੍ਹੀਂ ਜਾਣਾ? ਉਡੀਕੀ ਜਾਂਦੇ ਹੋਣੇ ਦੁੱਧ ਨੂੰ ਉਹ।" ਚੰਦ ਕੌਰ ਮਿਹਰ ਦਾ ਮੋਢਾ ਝੰਜੋੜਦੀ ਬੋਲੀ।

"ਜਾਣਾ ਨ੍ਹੀਂ। ਸ਼ਰਮ ਆਉਂਦੀ ਆ।" ਮਿਹਰ ਨੇ ਪਾਸਾ ਵੱਟ ਕੇ ਮੂੰਹ ਦੂਜੇ ਪਾਸੇ ਨੂੰ ਕਰ ਲਿਆ।

"ਚਲਿਆ ਜਾਹ, ਪਿਉ ਆਲੇ ਮੁਰੱਬੇ 'ਚ ਟਰੈਕਟਰ ਲੈ ਕੇ ਫਿਰ। ਸ਼ਰਮ ਆਉਂਦੀਂ ਆ, ਇਹਨੂੰ! ਉਦੋਂ ਨ੍ਹੀਂ ਸ਼ਰਮ ਆਉਂਦੀ, ਜਦੋਂ ਨੰਬਰਦਾਰ ਸੁਰਮੁਖ ਸਿੰਘ ਦੀ ਨੂੰਹ ਰਾਤ ਬਰਾਤੇ ਲੋਕਾਂ ਦੇ ਪਸੂਆਂ ਦਾ ਗੋਹਾ ਚੁੱਕ ਕੇ ਪਾਥੀਆਂ ਪੱਥ ਕੇ ਟੱਬਰ ਦਾ ਬੱਬਰ ਭਰਦੀ ਆ।" ਚੰਦ ਕੁਰ ਹਿਰਖ ਨਾਲ ਬੋਲਦੀ ਸਿਰ 'ਤੇ ਲਈ ਘਸਮੈਲੀ ਚੁੰਨੀ ਨਾਲ ਹੰਝੂ ਪੂੰਝਣ ਲੱਗ ਪਈ।

ਅਜੇ ਤਾਂ ਤਿੰਨ ਦਿਨ ਵੀ ਨਹੀਂ ਸੀ ਹੋਏ ਇਸ ਗੱਲ ਨੂੰ, ਜਦੋਂ ਸ਼ਰੀਕਣੀ ਨਸੀਬੋ ਦੀ ਮਾਰੀ ਬੋਲੀ ਚੰਦ ਕੁਰ ਨੂੰ ਲਹੂ-ਲੁਹਾਣ ਕਰ ਗਈ ਸੀ, "ਪਤਾ ਨ੍ਹੀਂ ਲੋਕ ਕਿਮੇਂ ਲੋਕਾਂ ਦਾ ਗੋਹਾ ਚੁੱਕ ਕੇ ਪਾਥੀਆਂ ਪੱਥ ਲੈਂਦੇ ਆ। ਇੱਕ ਪੰਜ ਰੁਪਈਏ ਨੂੰ ਕੀ, ਭਾਵੇਂ ਸੌ ਨੂੰ ਕਿਉਂ ਨਾ ਵਿਕੇ। ਮੈਂ ਤਾਂ ਕਦੇ ਘਰ ਦਾ ਗੋਹਾ ਵੀ ਚੁੱਕ ਕੇ ਨ੍ਹੀਂ ਵੇਖਿਆ। ਭਈਆ ਰਾਣੀ, ਜਾਣੇ ਜਾਂ ਨਾ ਜਾਣੇ।"

ਚੰਦ ਕੁਰ ਸ਼ਰੀਕੇ ਵਿਆਹ ਵਿਚ ਗਈ ਸੀ, ਜਿੱਥੇ ਮਹਿੰਗਾਈ ਬਾਰੇ ਗੱਲ ਚਲਦੀ ਗੋਹੇ ਦੀਆਂ ਪਾਥੀਆਂ ਤੱਕ ਆ ਪੁੱਜੀ ਸੀ। ਚੰਦ ਕੁਰ ਚੁੱਪ ਕਰਕੇ ਉਥੋਂ ਤੁਰ ਆਈ, ਕਿੰਨਾ ਹੀ ਚਿਰ ਉਹ ਘਰ ਆ ਕੇ ਭੁੱਬਾਂ ਮਾਰ ਕੇ ਰੋਈ ਸੀ।

ਮਿਹਰ ਉਠਿਆ। ਹੱਥ-ਮੂੰਹ ਧੋਤਾ, ਕੁਰਲੀ ਕੀਤੀ। ਦੋ ਕਿੱਲੋ ਦੁੱਧ ਨਾਲ ਭਰਿਆ ਡੋਲੂ ਸਾਈਕਲ ਦੇ ਹੈਂਡਲ ਨਾਲ ਲਟਕਾਇਆ। ਉਹ ਚੰਦ ਕੁਰ ਦੇ ਹੰਝੂ ਅੱਖਾਂ 'ਚ ਲਟਕਾਈ ਅਣਚਾਹੇ ਮਨ ਨਾਲ ਕੰਮ ਲਈ ਤੁਰ ਪਿਆ।

"ਚਾਹ ਦੀ ਘੁੱਟ ਤਾਂ ਪੀ ਜਾਹ।" ਚੰਦ ਕੁਰ ਨੇ ਪਿੱਛੋਂ ਹਾਕ ਮਾਰੀ।

ਮਿਹਰ ਨੇ ਨਾ ਕੋਈ ਉਤਰ ਦਿੱਤਾ ਅਤੇ ਨਾ ਪਿੱਛੇ ਵੱਲ ਸਿਰ ਘੁੰਮਾਇਆ।

"ਮਿਰਚ!" ਇਹ ਕਹਿੰਦੀ ਚੰਦ ਕੁਰ ਅੰਦਰ ਚਲੀ ਗਈ।

ਰਾਜ ਚਰਨਜੀਤ ਠੇਕੇਦਾਰ ਕੁਲਵੰਤ ਸਿੰਘ ਦੀ ਕੋਠੀ ਠੇਕੇ 'ਤੇ ਪਾ ਰਿਹਾ ਸੀ। ਉਹ ਅਤੇ ਚਾਰ ਹੋਰ ਮਜ਼ਦੂਰ-ਸੁਰਜੂ, ਭੂਰਾ, ਸੈਦਾ ਅਤੇ ਗਿੰਦਰ ਪਹਿਲਾਂ ਹੀ ਆਏ ਬੈਠੇ ਸਨ। ਉਹ ਮਿਹਰ ਨੂੰ ਉਡੀਕ ਰਹੇ ਸਨ। ਮਿਹਰ ਨੇ ਦੁੱਧ ਲਿਆਉਣਾ ਸੀ ਤੇ ਉਸ ਦੇ ਆਏ ਤੋਂ ਹੀ ਚਾਹ ਬਣਨੀ ਸੀ।

ਮਿਹਰ ਨੇ ਸਾਈਕਲ ਕੰਧ ਨਾਲ ਖੜ੍ਹਾ ਕੀਤਾ, ਡੋਲੂ ਲਾਹ ਕੇ ਕਿੱਲੀ 'ਤੇ ਟੰਗਿਆ, ਕਿਸੇ ਨਾਲ ਕੋਈ ਗੱਲ ਨਾ ਕੀਤੀ, ਚੁੱਪ ਚਾਪ ਵਿਹੜੇ ਵਿਚ ਸੀਮੈਂਟ ਨਾਲ ਲਿਬੜਿਆ ਬੱਠਲ ਧੋਣ ਲੱਗਾ। ਭੂਰੇ ਨੇ ਪਹਿਲਾਂ ਹੀ ਉਬਲ ਕੇ ਕਮਲੀ ਹੋਈ ਚਾਹ ਵਿਚ ਦੁੱਧ ਪਾ ਕੇ ਸਭ ਨੂੰ ਹਾਕ ਮਾਰ ਦਿੱਤੀ। ਸਾਰੇ ਚੁੱਲੇ ਦੁਆਲੇ ਬੈਠ ਗਏ। ਮਿਹਰ ਗਲਾਸ ਲੈ ਕੇ ਇੱਟਾਂ ਦੀ ਥੜ੍ਹੀ 'ਤੇ ਜਾ ਬੈਠਾ।

"ਉਰੇ ਆ ਜਾ ਸਾਡੇ ਕੋਲ, ਅੱਡ ਈ ਰਹਿਣੈਂ?" ਗਿੰਦਰ ਨੇ ਹਾਕ ਮਾਰੀ। ਮਿਹਰ ਚੁੱਪ-ਚਾਪ ਉਥੇ ਹੀ ਬੈਠਾ ਰਿਹਾ।

"ਪੀਉ ਚਾਹ ਕੰਡੇਦਾਰ!" ਗਿੰਦਰ ਹੱਥ ਵਿਚ ਫੜੇ ਗਲਾਸ ਨੂੰ ਹਿਲਾਉਣ ਲੱਗਾ।

"ਸਾਥੀਆ, ਦੁੱਧ ਪੂਰਾ ਸੰਘਣਾ। ਚਾਹ ਬੁੱਲ੍ਹਾਂ ਨਾਲੋਂ ਨ੍ਹੀਂ ਲੈਂਦੀ?" ਭੂਰਾ ਬੋਲਿਆ।

"ਹੂੰਅ! ਠੁਣਠੁਣ! ਰਲਾ ਦਿੰਦਾ ਹੋਊ ਯੂਰੀਆ, ਗਰੀਸ ਜਾਂ ਕੋਈ ਹੋਰ ਨਿੱਕ ਸੁੱਕ ਦੁੱਧ ਵਿਚ।" ਸੁਰਜੂ ਨੇ ਮੋਢੇ ਛੰਡ ਕੇ ਨੱਕ ਚੜ੍ਹਾਇਆ। ਸੁਰਜੂ ਨੇ ਜੇ ਕਿਸੇ ਨੂੰ ਘਟੀਆ ਕਹਿਣਾ ਹੁੰਦਾ ਜਾਂ ਕਿਸੇ 'ਤੇ ਚੋਟ ਕਰਨੀ ਹੁੰਦੀ, ਉਹ ਇਹੋ ਸ਼ਬਦ ਵਰਤਦਾ। ਹੁਣ ਇਹ ਸ਼ਬਦ ਸੁਰਜੂ ਦੇ ਨਾਂ ਨਾਲ ਜੁੜ ਗਿਆ ਸੀ। "ਦੱਸ ਕੀ ਰਲਾਉਂਦਾ, ਤੇਰਾ ਭਣੋਈਆ? ਹੋਰ ਲੁਆ ਲੋ ਕਿਸੇ ਦੇ ਘਰੋਂ।" ਮਿਹਰ ਨੇ ਹੱਥ ਵਿਚ ਫੜਿਆ ਬੱਠਲ ਪਟਕਾ ਕੇ ਧਰਤੀ 'ਤੇ ਮਾਰਿਆ।

"ਕੀ ਕਹਿਨਾਂ ਤੂੰ?" ਸੁਰਜੂ ਵੀ ਸੁਣ ਕੇ ਖੜ੍ਹਾ ਹੋ ਗਿਆ।

"ਛੇੜ'ਤੀ ਸਿੰਗੜੀ! ਲਾ ਠੂੰਹੇ ਦੀ ਪੂਛ ਨੂੰ ਹੱਥ।" ਸੈਦੇ ਨੇ ਗੱਲ ਨੂੰ ਤੂਲ ਦੇਣੀ ਚਾਹੀ।

"ਸਾਥੀਉ, ਜੇ ਕਹੀਏ, ਸੁਣ ਵੀ ਲਈਏ। ਜ਼ਰ ਵੀ ਲਈਏ। ਸਾਥੀਉ ਹਾਸੇ ਦੀ ਗੱਲ ਦਾ ਗੁੱਸਾ ਨ੍ਹੀਂ ਕਰੀਦਾ।"

ਭੂਰੇ ਸਾਥੀ ਦੀ ਇਸ ਗੱਲ ਨਾਲ ਮਿਹਰ ਤੇ ਸੁਰਜੂ ਦੇ ਕੱਸੇ ਤੇਵਰ ਢਿੱਲੇ ਨਾ ਹੋਏ।

"ਲੈ ਮੇਰੀ ਗੱਲ ਸੁਣ ਲੌ। ਲੋਕ ਕਹਿੰਦੇ ਹੁੰਦੇ ਆ, ਟਰੈਕਟਰ ਆ'ਗੇ ਤਰਖਾਣ ਮਰਨਗੇ ਭੁੱਖੇ। ਵੇਖ'ਲਾ ਸ਼ਹਿਰ ਜਾ ਕੇ ਕਾਰਖਾਨੇ ਲਾ ਕੇ ਬਹਿ'ਗੇ। ਆਹ ਲੋਹਾ ਕੁੱਟਦੇ ਮੇਰੇ ਚਾਚੇ ਲੁਹਾਰਾਂ ਨੇ ਵਰਕਸ਼ਾਪਾਂ ਬਣਾ ਲਈਆਂ। ਆਹ ਤਾਏ ਹਰਨਾਮ ਕਿਆਂ ਦਰਜੀਆਂ ਨੇ ਸ਼ਹਿਰ ਜਾ ਕੇ, ਸੂਟ ਜੇ ਬਣਾ ਕੇ ਦਿੱਲੀ ਲੁੱਟ'ਲੀ। ਸਭ ਫੰਨੇ ਖਾਂ ਬਣ'ਗੇ। ਜੋ ਚੱਜ ਦਾ ਕੰਮ ਧੰਦੇ ਸਿੱਖ ਲੂ, ਉਹੀ ਚੱਜ ਦੀ ਰੋਟੀ ਖਾਊ। ਨਹੀਂ ਤਾਂ ਫਿਰੂ ਸਾਡੇ ਵਾਂਗੂੰ ਜਬਕਦਾ।" ਭੂਰੇ ਨੇ ਗੱਲ ਦਾ ਰੁੱਖ ਬਦਲ ਦਿੱਤਾ।

"ਉਏ ਸਾਥੀਆ, ਮੈਂ ਕੀ ਕਰੂੰ ਸ਼ਹਿਰ ਜਾ ਕੇ? ਸਾਡਾ ਜੁਤੀਆਂ ਦਾ ਧੰਦਾ ਤਾਂ ਪਹਿਲਾਂ ਹੀ ਮਾਰ'ਤਾ ਬਾਟਾ-ਸ਼ਾਟਾ ਮਾਰਕਾ ਦੇ ਮਾਲ ਨੇ। ਹੁਣ ਇਨ੍ਹਾਂ ਨੂੰ ਠੋਕੂ ਚੀਨ ਤੇ ਹੋਰ ਦੇਸ਼ਾਂ ਦਾ ਵਧੀਆ ਤੇ ਸਸਤਾ ਮਾਲ। ਸ਼ਹਿਰ ਦੇ ਸਟੋਰ ਤੋਂ ਪਿੰਡ ਉਗਰ ਬਾਣੀਏ ਦੀ ਹੱਟੀ ਤੱਕ ਮਿਲਦੀ ਚੱਪਲ, ਗੁਰਗਾਬੀ, ਤਿਲੇਦਾਰ ਜੁੱਤੀ। ਹੋਰ ਸਭ ਕੁਝ।" ਸੈਦੇ ਨੇ ਆਪਣਾ ਦੁੱਖ ਰੋਇਆ।

"ਸਾਥੀਓ, ਨਮੀਆਂ ਗੁੱਡੀਆਂ, ਨਮੇ ਪਟੋਲੇ। ਮਾਂਜ ਦੇਣਗੀਆਂ ਕੂਕਿਆਂ ਦੇ ਡੋਲ ਆਂਗੂੰ ਬਾਹਰਲੀਆਂ ਕੰਪਨੀਆਂ ਸਾਡੇ ਵਪਾਰ ਤੇ ਕੰਮ ਧੰਦਿਆਂ ਨੂੰ। ਹੱਟੀ-ਭੱਠੀ, ਛੋਟੇ-ਮੋਟੇ ਵਣਜ-ਵਪਾਰ ਕੰਮ ਧੰਦੇ ਸਭ ਬੰਦ। ਬਣ ਜਾਣਗੇ ਸਭ ਮਜਦੂਰ। ਫਿਰ ਝੂੱਲੂ ਲਾਲ ਫਲੇਰਾ।" ਭੂਰੇ ਨੇ ਸੈਦੇ ਦੀ ਗੱਲ ਪੂਰੀ ਕੀਤੀ।

"ਗੱਲ ਹੈ ਸੱਚੀ, ਝੂਠ ਨ੍ਹੀਂ ਰੱਤੀ। ਕੰਪਨੀ ਬਦੇਸ਼ੀ। ਸਰਮਾਇਆ ਬਦੇਸ਼ੀ। ਮਾਲ ਦੇਸੀ, ਮੋਹਰ ਬਦੇਸ਼ੀ। ਦੇਸੀ ਗਊ, ਬਦੇਸ਼ੀ ਵੱਛੇ। ਤੀਮੀ ਦੇਸੀ, ਜੰਮੂ ਪੁੱਤ ਬਦੇਸ਼ੀ। ਲੀਡਰ ਦੇਸੀ, ਸੋਚ ਬਦੇਸੀ। ਠੈਂਗਣ ਈ ਝੂੱਲੂ, ਲਾਲ ਫਲੇਰਾ, ਸਾਥੀਆ ਤੇਰਾ।" ਗਿੰਦਰ ਕਾਵਿਕ ਲਹਿਜੇ ਵਿਚ ਕਿੰਨਾ ਕੁਝ ਸਹਿਜ ਭਾਅ ਹੀ ਕਹਿ ਗਿਆ।

"ਸੁਰਜੂ ਤੋਂ ਪਿੰਡ ਬਾਰਾਂ ਫੁੱਟ ਬੋਰ ਟੱਟੀ ਤਾਂ ਪੁੱਟ ਨ੍ਹੀਂ ਹੁੰਦੀ। ਇੱਕ ਲੱਖ ਤੋਂ ਘੱਟ ਤਾਂ ਬੋਰ ਕਰਨ ਵਾਲੇ ਬੋਕੇ ਨ੍ਹੀਂ ਆਉਂਦੀ। ਸ਼ਹਿਰ ਜਾ ਕੇ ਕੀ ਕਰਲੂ ਇਹ?" ਸੈਦੇ ਨੇ ਵਾਰੀ ਲਈ।

"ਤੈਂ, ਤੂੰ ਰੰਗਰੇਟੇ ਗੁਰੂ ਕੇ ਬੇਟੇ?

"ਮੈਂ ਇੱਥੇ ਈ ਚੰਗਾਂ। ਡਿੱਗੀ-ਢਹੀ ਦਾ ਯਾਰ ਮੁਕੰਦਾ, ਆਪਾਂ ਨੂੰ ਚਰਨੀ ਈ ਚੰਗਾ। ਘਾਹੀ ਦੇ ਪੁੱਤ ਨੇ ਘਾਹ ਈ ਖੋਤਣਾ। ਮਿਲੀ ਜਾਂਦਾ ਖੋਤਣ ਨੂੰ।"

ਇਹ ਗੱਲਾਂ ਸ਼ਾਇਦ ਸਾਰੇ ਮਾਹੌਲ ਨੂੰ ਖੁਸ਼ਗਵਾਰ ਕਰਨ ਲਈ ਹੀ ਕਰ ਰਹੇ ਸਨ, ਪਰ ਮਿਹਰ ਦਾ ਦਿਲ ਬਹਿੰਦਾ ਜਾ ਰਿਹਾ ਸੀ।

"ਰਾਠ! ਠੁਣ ਠੁਣ! ਨਾ ਸ਼ਹਿਰ ਦਾ, ਨਾ ਪਿੰਡ ਦਾ। ਰਹਿ ਗਿਆ ਜ਼ਰਦੇ ਦੀ ਪੁੜੀ ਚੱਬਣ ਜੋਗਾ।" ਸੁਰਜੂ ਨੇ ਘ੍ਰਿਣਾ ਉਗਲੀ।

ਸੁਰਜੂ ਦੇ ਕਹੇ ਸ਼ਬਦ 'ਰਾਠ' ਅਤੇ 'ਠੁਣ ਠੁਣ' ਮਿਹਰ ਦੇ ਨਿਰਣੇ ਕਾਲਜੇ ਪਾਣੀ ਵਾਂਗ ਲੜ ਗਏ। ਉਸ ਨੇ ਕਹਿਣ ਲਈ ਅੰਦਰੋਂ ਉਠੇ ਸ਼ਬਦਾਂ ਨੂੰ ਆਪਣੇ ਬੁੱਲ੍ਹਾਂ ਤੋਂ ਬਾਹਰ ਨਾ ਆਉਣ ਦਿੱਤਾ।

"ਉਠੋ ਛੇਤੀ ਕਰੋ। ਗੱਲੀਂ ਡਹਿ'ਪੇ। ਉਠੋ ਬਈ ਵਿਹੜੇ ਆਲਿਓ। ਆਉ ਬਈ ਸਾਰੇ।" ਆਖ ਮਿਸਤਰੀ ਨੇ ਕਰੰਡੀ ਤੇ ਗਰਮਾਲਾ ਚੁੱਕ ਲਿਆ।

"ਸਾਥੀਆ, ਹੇਠਲੀ ਉਤੇ ਹੋਗੀ। ਹੁਣ ਤਾਂ 'ਢਹੇ ਕੌਲੇ ਜੱਟਾਂ ਸਰਦਾਰਾਂ ਦੇ, ਪੱਕੇ ਘਰ ਵਿਹੜੇ ਆਲਿਆਂ ਦੇ।' ਬਦਲ ਗਿਆ ਯੁੱਗ ਹੁਣ ਤਾਂ। ਉਹ ਵੇਲੇ ਗਏ ਜਦੋਂ ਵਿਹੜੇ ਆਲਿਆਂ ਦੇ ਖੁੱਲ੍ਹੇ ਵਿਹੜੇ 'ਚ ਕੁੱਤੇ ਮੂਤਦੇ ਸੀ। ਜਿਹੜਾ ਕੰਮ ਕਰੂ, ਉਨ੍ਹਾਂ ਦੇ ਈ ਪੈਣਗੇ ਪੱਕੇ। ਪੈਸੇ ਨਾਲ ਇੱਜਤ, ਸਰਦਾਰੀ ਅਤੇ ਸਾਕ ਸਕੀਰੀ। ਪੈਸੇ ਨਾਲ ਈ ਚੌਧਰ।"

'ਢਹੇ ਕੌਲੇ ਜੱਟਾਂ ਸਰਦਾਰਾਂ ਦੇ' ਸ਼ਬਦ ਸੁਣ ਕੇ ਮਿਹਰ ਨੇ ਫੱਟੜ ਸੱਪ ਵਾਂਗੂੰ ਜ਼ਹਿਰ ਘੋਲਣਾ ਹੀ ਸੀ। ਇਹ ਘਰ ਮਿਹਰ ਦੇ ਪਿਉ ਸੁਰਮੁਖ ਦਾ ਹੁੰਦਾ ਸੀ, ਜੋ ਢਾਹ ਕੇ ਠੇਕੇਦਾਰ ਕੁਲਵੰਤ ਸਿੰਘ ਕੋਠੀ ਪਾ ਰਿਹਾ ਸੀ। ਸੁਰਮੁਖ ਸਿੰਘ ਨੂੰ ਵੇਚਣਾ ਪਿਆ ਸੀ।

ਇੰਨੇ ਚਿਰ ਵਿਚ ਲੈਂਟਰ ਪਾਉਣ ਲਈ ਮਸ਼ੀਨ ਆ ਗਈ। ਸਾਰੇ ਉਠ ਕੇ ਮਸ਼ੀਨ ਨੂੰ ਧੱਕ ਕੇ ਥਾਂ ਸਿਰ ਲਾਉਣ ਲੱਗੇ।

"ਕਿੰਨਾ ਸੌਖਾ ਹੋ ਗਿਆ ਕੰਮ। ਬਰੇਤੀ, ਸੀਮੈਂਟ, ਪਾਣੀ ਪਾਉ। ਇਨ੍ਹੇ ਗੁੰਨ ਕੇ ਤਿੰਨ ਮੇਲ ਦੇ ਕੜਾਹ ਵਰਗਾ ਮਸਾਲਾ ਬਣਾ ਦੇਣਾ। ਬੱਸ ਲਿਫਟ ਨਾਲ ਭਰੇ ਟੱਬ ਮਿਸਤਰੀ ਕੋਲ ਜਾ ਡਿੱਗਣੇ ਨੇ। ਨਹੀਂ ਤਾਂ ਬੱਠਲਾਂ ਨਾਲ ਢੋਂਦੇ ਈ ਮਰ ਜਾਂਦੇ।" ਸਾਰੇ ਹੈਰਾਨ ਸਨ।

"ਕਹਿੰਦੇ ਪਾਥੀਆਂ ਪੱਥਣ ਵਾਲੀ ਮਸ਼ੀਨ



ਆ'ਗੀ। ਮਸ਼ੀਨ ਤਾਂ ਮਿਲਜੂ ਸਟੋਰਾਂ 'ਚੋਂ, ਗੋਹਾ ਕਿੱਥੋਂ ਮਿਲੂ? ਲੋਕ ਤਾਂ ਰਾਤ ਬਰਾਤੇ ਰਾਹਾਂ 'ਚ ਡਿੱਗੇ ਫੋਸ ਵੀ ਚੱਕ ਲਿਆਉਂਦੇ ਆ ਦੂਜਿਆਂ ਦੇ ਡੰਗਰਾਂ ਦੇ।" ਸੁਰਜੂ ਨੇ ਧੌਣ ਅਕੜਾ ਕੇ ਕਿਹਾ।

ਸੁਰਜੂ ਦੇ ਇਹ ਬੋਲ ਮਿਹਰ ਲਈ ਤਾਂ ਚੰਦ ਕੁਰ ਨੂੰ ਨਸੀਬ ਕੌਰ ਦੀ ਮਾਰੀ ਬੋਲੀ ਤੋਂ ਘੱਟ ਨਹੀਂ ਸਨ। ਸੁਣਨ ਸਾਰ ਹੀ ਚੰਦ ਕੁਰ ਉਸ ਦੀਆਂ ਅੱਖਾਂ ਸਾਹਮਣੇ ਆ ਖੜ੍ਹੀ।

"ਸੁੱਥਣ 'ਚੋਂ।" ਉਸ ਦੇ ਅੰਦਰੋਂ ਸ਼ਬਦਾਂ ਦੇ ਜਵਾਲਾਮੁਖੀ ਵਾਂਗ ਵਿਸਫੋਟ ਦੀ ਧਮਕ ਤੇ ਗਰਜ ਨਾਲ ਮਿਸਤਰੀ ਤੱਕ ਸਾਰੇ ਕੰਬ ਗਏ। ਅਜੇ ਵੀ ਸ਼ੁਕਰ ਸੀ ਸ਼ਬਦ 'ਤੇਰੀ' ਲਾਵੇ ਦੀ ਹੇਠਲੀ ਪਰਤ ਵਾਂਗ ਬੁੱਲ੍ਹਾਂ ਤੋਂ ਬਾਹਰ ਆਉਣ ਤੋਂ ਪਹਿਲਾਂ ਅੰਦਰੇ ਹੀ ਰਹਿ ਗਿਆ।

"ਕਿਮੇ ਚਾਂਮਲੀ ਆ, ਸਾਰੇ ਵੱਗ 'ਚੋਂ ਚਰ ਕੇ ਆਈ ਢਾਂਡੀ ਆਂਗੂੰ।" ਉਸ ਦੇ ਮੂੰਹੋਂ ਬਹੁਤ ਹੀ ਨੀਵੀਂ ਅਵਾਜ਼ 'ਚ ਸਹਿਜ ਸੁਭਾ ਨਿਕਲਿਆ ਵਾਕ ਸ਼ਾਇਦ ਹੀ ਕਿਸੇ ਦੇ ਕੰਨੀਂ ਪਿਆ ਹੋਵੇ।

"ਬਚਿਓ ਬਾਰੂਦ ਨੂੰ ਤੀਲੀ ਲਾਉਣ ਤੋਂ।" ਮਿਸਤਰੀ ਨੇ ਬਹੁਤ ਹੀ ਧੀਮੀ ਸੁਰ 'ਚ ਕਿਹਾ।

"ਸਾਥੀਆ! ਲਗਦਾ ਅੱਜ ਤਾਂ ਅੜ'ਗੀ ਗੁੱਸੇ ਦੀ ਸੂਈ ਡੇਂਜਰ ਜੋਨ 'ਚ। ਘਰੋਂ ਈ ਹੋਇਆ ਲਗਦੈ ਇਨ੍ਹੂੰ ਕੁਝ।" ਭੂਰਾ ਆਪਣੇ ਆਪ ਨੂੰ ਮੁਖਾਤਬ ਹੋਇਆ।

ਮਿਹਰ ਉਠਿਆ। ਬਰੇਤੀ ਛਾਣ ਕੇ ਵਿਚ ਸੀਮੈਂਟ ਰਲਾਉਣ ਲੱਗ ਪਿਆ। ਸੁਰਜੂ ਉਠਿਆ, ਪਾਣੀ ਦੇ ਭਰੇ ਕੜਾਹੇ ਵਿਚੋਂ ਬਾਲਟੀ ਨਾਲ ਪਾਣੀ ਪਾ ਕੇ ਚੰਗੀ ਤਰ੍ਹਾਂ ਵਾਢ ਦੇ ਕੇ ਮਤਰਾਲ ਵਰਗਾ ਮਸਾਲਾ ਬਣਾ ਦਿੱਤਾ। ਭੂਰਾ ਪਾਣੀ ਦੇ ਭਰੇ ਕੜਾਹੇ ਵਿਚ ਇੱਟਾਂ ਤਰ ਕਰਨ ਲੱਗਾ।

ਮਿਹਰ ਨੇ ਅੱਡੀਆਂ ਤੋਂ ਬੈਠੀ, ਤਲਿਆਂ ਤੋਂ ਘਸੀ ਪੈਰੀਂ ਫਿੜ-ਫਿੜ ਕਰਕੇ ਨਿਕਲਦੀ ਜੁੱਤੀ ਲਾਹ ਕੇ ਪਾਸੇ ਰੱਖ ਦਿੱਤੀ। ਬੋਰੀ ਦਾ ਪੱਲਾ ਪਾੜ ਕੇ ਸਲੀਪਰ ਜਿਹੇ ਬਣਾਏ ਪੈਰੀਂ ਪਾ ਕੇ ਉਤੋਂ ਸਣ ਦੀ ਰੱਸੀ ਨਾਲ ਬੰਨ ਲਏ।

ਸੁਰਜੂ ਨੇ ਮਸਾਲੇ ਦੀ ਮਤਰਾਲ ਨਾਲ ਪੂਰਾ ਨੱਪ ਕੇ ਬੱਠਲ ਭਰ ਦਿੱਤਾ ਅਤੇ ਆਪ ਪਾਸੇ ਨੂੰ ਟਲ ਗਿਆ। ਮਿਹਰ ਨੇ ਪੂਰੇ ਗੁੱਸੇ ਨਾਲ ਬੱਠਲ ਚੁੱਕਣ ਲਈ ਪੂਰਾ ਤਾਣ ਲਾਇਆ, ਪਰ ਮੁਸ਼ਕਿਲ ਨਾਲ ਹੀ ਬੱਠਲ ਹਿੱਕ ਤੱਕ ਆਇਆ। ਮਸਾਲੇ ਦੀ ਮਤਰਾਲ ਉਸ ਦੇ ਗਲਾਮੇ ਵਿਚ ਪੈ ਗਈ। ਭੂਰੇ ਨੇ ਭੱਜ ਕੇ ਬੱਠਲ ਚੁਕਾ ਦਿੱਤਾ।

"ਠੀਕ ਠੀਕ ਪਾਇਆ ਕਰ ਸੁਰਜੂ। ਬੱਠਲ ਭਾਰਾ। ਰਾਠ ਦੀ ਧੌਣ ਈ ਮੁੱਚ ਚੱਲੀ ਸੀ। ਮਸਾਲਾ ਡੁੱਲ੍ਹ ਕੇ ਗਲਾਮੇ 'ਚ ਪੈ ਗਿਆ। ਵੱਢ'ਦੂ ਸੀਮੈਂਟ।" ਭੂਰਾ ਬੋਲਿਆ।

"ਠੁਣਠੁਣ! ਇਹ ਮੁਫਤ ਕੰਮ ਨ੍ਹੀਂ ਕਰਦਾ। ਆਪਣੇ ਬਰਾਬਰ ਦੇ ਪੈਸੇ ਲੈਂਦਾ।" ਸੁਰਜੂ ਨੇ ਪੂਰੀ ਘ੍ਰਿਣਾ ਵਿਖਾਈ।

"ਤੂੰ ਤਾਂ ਦਾਰੇ ਭਲਵਾਨ ਨਾਲ ਘੁਲਦਾ ਰਿਹੈਂ? ਠੁਣਠੁਣ ਤੇ ਸਾਥੀਆ ਉਦੋਂ ਤੁਸੀਂ ਕਹਿੰਦੇ ਹੁੰਦੇ ਸੀ, ਅਸੀਂ ਸੋਡੇ ਅਰਗੇ ਨ੍ਹੀਂ। ਸਾਡੀ ਚੁੱਲ੍ਹੇ-ਚੌਕੇ ਤੇ ਭਾਂਡੇ ਦੀ ਸਾਂਝ ਆ ਮਿਹਰ ਹੋਰਾਂ ਨਾਲ। ਹੁਣ ਬੱਠਲ ਦੀ ਸਾਂਝ ਪਾਉਣ ਵੇਲੇ ਚਲੂਣੇ ਲੜਦੇ ਨੇ...।" ਇਹ ਗੱਲ ਗਿੰਦਰ ਹੀ ਕਹਿ ਸਕਦਾ ਸੀ।

ਮਿਸਤਰੀ ਨੇ ਸੁਰਜੂ ਨੂੰ ਇੱਥੋਂ ਹਟਾ ਕੇ ਸੈਦੇ ਨਾਲ ਇੱਟਾਂ ਢੋਣ ਲਾ ਦਿੱਤਾ। ਮਿਹਰ ਬਰੇਤੀ ਛਾਣ ਕੇ ਵਿਚ ਸੀਮੈਂਟ ਦੇ ਬੱਠਲ ਰਲਾਉਂਦਾ ਰਿਹਾ। ਗਿੰਦਰ ਤੇ ਭੂਰਾ ਬਾਕੀ ਸਾਰੇ ਕੰਮ ਕਰਦੇ ਰਹੇ।

ਠੇਕੇਦਾਰ ਕਿਰਪਾਲ ਸਿੰਘ ਕੋਠੇ ਤੋਂ ਪੌੜੀਆਂ ਉਤਰ ਕੇ ਸਿੱਧਾ ਮਿਸਤਰੀ ਕੋਲ ਆ ਗਿਆ। ਮੁੱਛਾਂ ਨੂੰ ਵਟ ਚਾੜ੍ਹਦਾ ਬੋਲਿਆ, "ਮਿਸਤਰੀ ਖਿੱਚ ਆਪਦੀ ਲੇਬਰ ਨੂੰ। ਕੱਲ ਨੂੰ ਹਰ ਹਾਲ 'ਚ ਲੈਂਟਰ ਪੈ ਜਾਣਾ ਚਾਹੀਦੈ। ਦੋ ਕਿੱਲੋ ਭੇਜ ਦਿਨਾਂ ਭੁੱਕੀ ਦੇ। ਕਰ'ਦੀਂ ਟੈਟ ਮੁੰਡਿਆਂ ਨੂੰ?"

"ਫਿਰ ਤਾਂ...! ਉਤਰ ਆਇਐ ਜਹਾਜ ਸਰਦਾਰ ਜੀ?" ਸੁਰਜੂ ਦੀ ਗੱਲ ਸੁਣ ਕੇ ਠੇਕੇਦਾਰ ਕਿਰਪਾਲ ਸਿੰਘ ਹੱਸ ਪਿਆ।

"ਜਹਾਜ ਦਾ ਕੀ ਹੈ, ਉਤਰਦਾ ਹੀ ਰਹਿੰਦੈ। ਭਰੀ ਟ੍ਰੇਨ ਦੀ ਗੱਲ ਕਰ। ਵਜੀਰ ਦੀ ਫੁੱਲ ਕਿਰਪਾ ਸਰਦਾਰ 'ਤੇ।" ਸਾਥੀ ਭੂਰੇ ਦੇ ਕਹੇ ਸ਼ਬਦ ਸੁਣ ਕੇ ਉਸ ਨੇ ਧੌਣ ਅਕੜਾ ਲਈ।

"ਦੇ ਦਿੰਦਾ ਚਾਰ ਬੁੱਕ ਮਿਸਤਰੀ ਨੂੰ ਸਾਰਿਆਂ ਨੂੰ ਅਮਲੀ ਬਣਾਉਣ ਲਈ ਲੁਟੇਰਾ। ਡਾਕੂ! ਚੱਬਾਂ ਪਿੰਜਣੀਆਂ ਰੁੱਗ ਭਰ ਕੇ, ਸਾਲੇ ਮੇਰੇ ਦੀਆਂ।" ਗਿੰਦਰ ਅੰਦਰੇ-ਅੰਦਰ ਰਿਝਿਆ। ਰਿੱਝਣ ਦਾ ਕਾਰਨ ਵੀ ਸੀ। ਇੱਕ ਤਾਂ ਉਹ ਨਜ਼ੂਲ ਦੀ ਜਮੀਨ ਦੱਬੀ ਬੈਠਾ ਸੀ। ਦੂਜਾ ਗਿੰਦਰ ਦੀ ਕਮਲੀ ਭਰਜਾਈ, ਜੋ ਟੋਬੇ 'ਚ ਡੁੱਬ ਕੇ ਮਰ ਗਈ ਸੀ, ਉਨ੍ਹਾਂ ਨੇ ਇਨ੍ਹਾਂ ਨੂੰ ਝੂਠੇ ਕਤਲ ਦੇ ਕੇਸ ਵਿਚ ਫਸਾਉਣ ਦੀ ਕਸਰ ਨਹੀਂ ਸੀ ਛੱਡੀ।

"ਸਰਦਾਰ ਜੀ। ਤੁਸੀਂ ਫਿਕਰ ਨਾ ਕਰੋ। ਤੁਹਾਡੇ ਨਾਲੋਂ ਮੈਨੂੰ ਵੱਧ ਫਿਕਰ ਆ।" ਮਿਸਤਰੀ ਨੇ ਬੜੀ ਹਲੀਮੀ ਨਾਲ ਕਿਹਾ।

ਠੇਕੇਦਾਰ ਕਿਰਪਾਲ ਉਥੇ ਖੜ੍ਹਾ ਹੀ ਵਿਸ਼ੇਸ਼ ਅੰਦਾਜ਼ ਵਿਚ ਸ਼ਬਦ ਪੀਹ ਕੇ ਮਿਹਰ ਨੂੰ ਬੋਲਿਆ, "ਰਾਠਾ! ਕੀ ਹਾਲ ਐ? ਕਿਮੇ ਊਂਦਾ ਜਾ ਫਿਰਦੈਂ। ਬਰੇਤੀ 'ਚ ਸੀਮੈਂਟ ਹਿਸਾਬ ਨਾਲ ਪਾਈਂ। ਖਿਆਲ ਰੱਖੀਂ। ਗਿਣਤੀ ਨਾ ਭੁੱਲ'ਜੀਂ ਕਿਤੇ। ਤੇਰਾ ਈ ਘਰ ਐ। ਆਪਣੀ ਈ ਕੋਠੀ ਸਮਝ।"

ਠੇਕੇਦਾਰ ਕਿਰਪਾਲ ਦੇ ਇਹ ਸ਼ਬਦ ਸੁਣ ਕੇ ਪਹਿਲਾਂ ਤਾਂ ਮਿਹਰ ਦੇ ਹੱਥ ਕੰਬ ਗਏ ਤੇ ਸਿਰ ਸ਼ਰਮ ਨਾਲ ਝੁਕ ਗਿਆ, ਪਰ ਅਗਲੇ ਪਲ ਇੱਕ ਦਮ ਉਸ ਦੇ ਮਨ ਅੰਦਰ ਤੁਫਾਨ ਮੱਚ ਗਿਆ।

'ਲੇਬਰ! ਆਬਦੀ ਕੋਠੀ! ਰਾਠ!' ਸ਼ਰੀਕ ਦੇ ਬੋਲੇ ਇਹ ਸ਼ਬਦ ਡੰਗ ਗਏ ਮਿਹਰ ਨੂੰ, ਸੀਨਾ ਚੀਰ ਗਏ। ਕਿਸੇ ਵੇਲੇ ਉਸ ਦੇ ਅਲਬੇਲੇ ਸੁਭਾ ਕਰਕੇ ਉਸ ਦੇ ਦੋਸਤ ਉਸ ਨੂੰ ਰਾਠ ਕਹਿ ਦਿੰਦੇ ਸਨ, ਪਿਆਰ ਵਜੋਂ। ਪਰ ਹੁਣ ਤਾਂ ਰਾਠ ਸ਼ਬਦ ਕਹਿ ਕੇ ਸਾਰੇ ਉਸ ਦੀ ਗਰੀਬੀ ਦਾ ਚੋਭ ਲਾਉਂਦੇ ਸਨ। ਕੁਲਵੰਤ ਦਾ ਕਿਹਾ 'ਰਾਠ' ਸ਼ਬਦ ਉਸ ਨੂੰ ਸਾੜ ਗਿਆ। ਉਹ ਰੇਤਾ ਰਲਾਉਂਦਾ ਉਠ ਕੇ ਖੜ੍ਹਾ ਹੋ ਗਿਆ। ਉਥੇ ਪਈ ਸੱਬਲ ਨੂੰ ਚੁੱਕ ਕੇ ਲੋਹਾ ਜਿਹਾ ਕੁੱਟਣ ਲੱਗ ਪਿਆ। ਉਸ ਦੇ ਮਨ 'ਚ ਆਇਆ ਕਿ ਉਹ ਕਿਰਪਾਲ ਦੀ ਕੰਗਰੋੜ ਭੰਨ ਦੇਵੇ ਤੇ ਕੁੱਟ ਕੁੱਟ ਕੇ ਲੱਤਾਂ ਚੂਰ ਕਰ ਦੇਵੇ। ਮਨ ਦੇ ਲਾਵੇ ਦਾ ਸੇਕ ਉਸ ਦੀਆਂ ਲਾਲ ਗੇਰੂ ਅੱਖਾਂ 'ਚ ਪਰਤੱਖ ਝਲਕਦਾ ਸੀ।

"ਮਿਹਰ ਸਿਆਂ, ਨਿਉਂ 'ਚ ਪਈਆਂ ਪੁਰਾਣੀਆਂ ਇੱਟਾਂ ਨੂੰ ਦੁਰਮਟ ਨਾਲ ਕੁੱਟ ਦੇਹ। ਬਾਕੀ ਕੰਮ ਗਿੰਦਰ ਤੇ ਭੂਰਾ ਕਰ ਲੈਣਗੇ।" ਮਿਸਤਰੀ ਨੇ ਮੌਕਾ ਤਾੜ ਕੇ ਕਿਹਾ।

ਮਿਹਰ ਦੁਰਮਟ ਚੁੱਕ ਨੀਂਹ 'ਚ ਵੜ੍ਹ ਗਿਆ।

"ਰਾਠਾ! ਦੱਬ ਕੇ ਮਾਰੀਂ ਦੁਰਮਟ। ਰਾਠ ਸਾਹਿਬ, ਪੋਲੀ ਕੁੱਟੀ ਨਿਉਂ ਦਬ ਜਾਂਦੀ ਐ। ਆਪਣੀ ਕੋਠੀ ਈ ਸਮਝ, ਇਹ।"

ਜਦ ਨੂੰ ਮਿਹਰ ਨੇ ਸਿਰ ਚੁੱਕ ਕੇ ਉਪਰ ਵੇਖਿਆ, ਕਿਰਪਾਲ ਸਿੰਘ ਪੌੜੀਆਂ ਚੜ੍ਹ ਕੇ ਚੁਬਾਰੇ ਵਿਚ ਚਲਾ ਗਿਆ ਸੀ। ਮਿਹਰ ਦਾ ਤਣਿਆ ਮੁੱਕਾ ਤਣਿਆ ਹੀ ਰਹਿ ਗਿਆ।

ਨੀਂਹ ਵਾਲੀ ਥਾਂ 'ਤੇ ਉਨ੍ਹਾਂ ਦੀ ਖੁਰਲੀ ਹੁੰਦੀ ਸੀ, ਜਿਸ ਵਿਚ ਕਿਲਿਆਂ ਨਾਲ ਸੱਜਰ ਸੂਈਆਂ ਹਥਣੀਆਂ ਵਰਗੀਆਂ ਦੋ ਮੱਝਾਂ ਬੱਝੀਆਂ ਰਹਿੰਦੀਆਂ। ਉਸ ਨੂੰ ਮਾਂ ਦੀ ਅਵਾਜ਼ ਆਈ, "ਮੇਰੂ, ਵੱਡਾ ਗਲਾਸ ਚੁੱਕ ਲਿਆ। ਕੱਚਾ ਦੁੱਧ ਪੀ ਜਾ ਆ ਕੇ। ਦੁੱਧ-ਘਿਉ ਨਾਲ ਈ ਸਰੀਰ 'ਚ ਜੋਰ ਭਰਦਾ। ਸਰੀਰ ਗੱਠੀਦਾ।"

"ਦੁੱਧ ਕਿੱਥੇ ਮਾਂ? ਤੇਰੀ ਨੂੰਹ ਤਾਂ ਸਾਰਾ ਦੁੱਧ ਡੇਰੀ 'ਚ ਪਾ ਕੇ ਘਰ ਤੋਰਦੀ ਆ। ਦੁੱਧ ਮੈਨੂੰ ਤਾਂ ਕੀ, ਤੇਰੇ ਪੋਤੇ ਨੂੰ ਵੀ ਘੁੱਟ ਨ੍ਹੀਂ ਮਿਲਦਾ।" ਉਸ ਨੇ ਸਿਰ ਉਪਰ ਚੁੱਕ ਕੇ ਹਉਕਾ ਭਰਿਆ।

ਮਿਹਰ ਨੇ ਮੁੜ ਮਰੇ ਜਿਹੇ ਹੱਥਾਂ ਨਾਲ ਦੁਰਮਟ ਚੁੱਕਿਆ ਅਤੇ ਰੁਕ ਗਿਆ। "ਮਾਰ ਪੁੱਤ। ਰੁਕ ਨਾ। ਕਿਉਂ ਦਿਲ ਛੋਟਾ ਕਰਦੈਂ।" ਉਸ ਨੂੰ ਨਿਉਂ ਵਿਚ ਪਏ ਬਾਪੂ ਦੀ ਅਵਾਜ਼ ਆਈ।

"ਕੁੱਟ ਨ੍ਹੀਂ ਹੁੰਦੀ ਬਾਪੂ ਤੇਰੀ ਹਿੱਕ। ਵਜਦਾ ਨ੍ਹੀਂ ਦੁਰਮਟ ਤੇਰੀ ਹਿੱਕ 'ਤੇ। ਕੰਧ ਨ੍ਹੀਂ ਚਿਣਾਈ ਜਾਣੀ ਬਾਪੂ, ਤੇਰੇ ਮਿਹਰ ਤੋਂ। ਬਾਪੂ ਤੇਰੀ ਹਿੱਕ 'ਤੇ ਭਰ ਭਰ ਪਾਏ ਨ੍ਹੀਂ ਜਾਣੇ ਬੱਠਲ।" ਉਹ ਇੱਕ ਦਮ ਨਿਉਂ 'ਚੋਂ ਬਾਹਰ ਨਿਕਲ ਕੇ ਵਿਹੜੇ ਵਿਚ ਪਈਆਂ ਪਿੱਲੀਆਂ ਇੱਟਾਂ ਦੀ ਰੋੜੀ ਬਣਾਉਣ ਲੱਗਾ। ਇੰਨੇ ਜ਼ੋਰ ਦੀ ਹਥੌੜੀ ਮਾਰਦਾ, ਇੱਟਾਂ ਦੀਆਂ ਕੰਕਰਾਂ ਦੂਰ ਦੂਰ ਤੱਕ ਵਿਹੜੇ ਵਿਚ ਖਿਲਰ ਜਾਂਦੀਆਂ। ਬਾਹਰ ਕੀ ਹੋ ਰਿਹਾ ਹੈ, ਉਸ ਨੂੰ ਕੁਝ ਵੀ ਦਿਸਦਾ-ਸੁਣਦਾ ਨਹੀਂ ਸੀ। ਸੁਣਦੀਆਂ ਸਨ, ਅੰਦਰ ਦੀਆਂ ਅਵਾਜ਼ਾਂ। ਪੀੜ ਉਸ ਦੇ ਜ਼ਿਹਨ 'ਚ ਖੁੱਭੀਆਂ ਕੰਕਰਾਂ ਦੀ।

ਪਹਿਲੀ ਕੰਕਰ ਜੋ ਜ਼ਿਹਨ 'ਚ ਖੁੱਭੀ ਪਈ ਸੀ, ਉਸ ਦੀ ਪੀੜ ਨਾਲ ਉਹ ਕਰਾਹ ਉਠਿਆ। ਉਸ ਨੇ ਹੱਥ ਵਿਚ ਫੜੀ ਇੱਟ ਕੁੱਟ ਕੁਟ ਕੇ ਲਾਲ ਮਿਰਚ ਵਾਂਗ ਪੀਹ ਦਿੱਤੀ।

ਮਿਹਰ ਸੱਤਵੀਂ ਜਮਾਤ 'ਚੋਂ ਪੜ੍ਹਨੋਂ ਹਟ ਗਿਆ। ਅਕਤੂਬਰ ਦਾ ਮਹੀਨਾ ਸੀ ਉਦੋਂ। ਉਹ ਦੋ ਹਫਤੇ ਸਕੂਲ ਨਾ ਗਿਆ। ਪੰਦਰਵੇਂ ਦਿਨ ਉਹ ਡਰਦਾ ਡਰਦਾ ਸਕੂਲ ਗਿਆ। ਮਾਸਟਰ ਸਰਨ ਦਾਸ ਉਸ ਨੂੰ ਸੂਈ ਕੁੱਤੀ ਵਾਂਗ ਟੁੱਟ ਕੇ ਪੈ ਗਿਆ। ਗੈਰ ਹਾਜਰ ਹੋਣ ਦਾ ਕਾਰਨ ਵੀ ਨਾ ਪੁੱਛਿਆ।

"ਇੰਨੇ ਦਿਨ ਬੈਠਾ ਰਿਹਾ ਮਾਂ ਦੀ ਬੁੱਕਲ ਵਿਚ। ਕੁੱਤੀ ਦਾ ਪੁੱਤ। ਸੂਰ ਦਾ ਤੁਖਮ।" ਗੁੱਸੇ ਵਿਚ ਅੱਗ ਬਬੂਲੇ ਹੋਏ ਮਾਸਟਰ ਨੇ ਉਸ ਦੇ ਦੋ ਤਿੰਨ ਘਸੁੰਨ ਤੇ ਚਾਰ ਥੱਪੜ ਵੀ ਜੜ ਦਿੱਤੇ। ਬਸਤਾ ਕਲਾਸ ਰੂਮ ਤੋਂ ਬਾਹਰ ਸੁੱਟ ਦਿੱਤਾ।

ਉਹ ਰੋਂਦਾ ਰੋਂਦਾ ਸਾਈਕਲ ਸਟੈਂਡ ਵਿਚ ਆ ਗਿਆ। ਉਸ ਨੇ ਜਮੈਟਰੀ ਬਾਕਸ ਵਿਚੋਂ ਦੋ ਟੰਗੀ ਪਰਕਾਰ ਕੱਢੀ। ਥਾਂ ਥਾਂ ਤੋਂ ਸਾਈਕਲ ਦੀਆਂ ਟਿਊਬਾਂ ਪੰਚਰ ਕਰ ਦਿੱਤੀਆਂ। ਉਹ ਸਾਰਾ ਦਿਨ ਇੱਧਰ ਉਧਰ ਘੁੰਮਦਾ ਰਿਹਾ। ਸ਼ਾਮ ਨੂੰ ਉਹ ਮਾਸਟਰ ਦੇ ਰਾਹ ਵਿਚ ਰਾਹ ਨਾਲ ਜਾਂਦੇ ਕੱਸੀ ਦੇ ਖਾਲ ਵਿਚ ਲੁਕ ਕੇ ਬੈਠ ਗਿਆ। ਮਾਸਟਰ ਨੂੰ ਵੇਖ ਕੇ ਛਾਲ ਮਾਰ ਕੇ ਰਾਹ ਵਿਚ ਆ ਗਿਆ। ਰਾਮ ਸਰਨ ਦਾਸ ਦੇ ਪਿੱਛੇ ਬੈਠੇ ਡਰਾਇੰਗ ਮਾਸਟਰ ਚਰਨ ਸਿੰਘ ਨੇ ਉਸ ਦੇ ਹੱਥੋਂ ਸੋਟੀ ਫੜ ਲਈ।

'ਮਾਂ ਦੀ ਗਾਲ੍ਹ ਕਿਉਂ ਕੱਢੀ ਇਨ੍ਹੇ?' ਆਖ ਸਰਨਾ ਕੰਬਣ ਲੱਗ ਪਿਆ।

"ਚੱਲ ਕਰਦੇ ਆਂ ਸਾਰੀ ਗੱਲ ਸਕੂਲ ਜਾ ਕੇ।"

ਮਾਸਟਰ ਚਰਨ ਦੇ ਕਹਿਣ 'ਤੇ ਮਿਹਰ ਸਮੇਤ ਸਾਰੇ ਵਾਪਸ ਸਕੂਲ ਆ ਗਏ। ਸਕੂਲ ਵਿਚ ਪੰਚਾਇਤ ਤੇ ਪਿੰਡ ਦੇ ਸਿਆਣੇ ਲੋਕ ਅਤੇ ਤਮਾਸ਼ਬੀਨ ਇਕੱਠੇ ਹੋ ਗਏ। ਕਈਆਂ ਨੇ ਮਿਹਰ ਨੂੰ ਪੁਲਿਸ ਦੇ ਹਵਾਲੇ ਕਰਨ ਦਾ ਸੁਝਾ ਦਿੱਤਾ। ਸਕੂਲ ਵਿਚ ਅਗਲੀ ਸਵੇਰ ਮੁੜ ਇਕੱਠ ਹੋਇਆ।

"ਮਾਸਟਰ ਜੀ ਮੁਆਫ ਕਰ ਦਿਉ। ਬੱਚਾ।" ਬਾਪੂ ਸਰਮੁੱਖ ਸਿੰਘ ਚਾਰ ਪੰਚਾਂ ਨੂੰ ਆਪਣੇ ਨਾਲ ਲੈ ਗਿਆ। ਪੰਚਾਇਤ ਦੇ ਇਕੱਠ ਵਿਚ ਮੁਆਫੀ ਮੰਗੀ।

"ਮਾਸਟਰ ਦਾ ਵੀ ਕਸੂਰ ਆ। ਉਨ੍ਹੇਂ ਕਿਉਂ ਕੱਢੀ ਮਾਂ ਦੀ ਗਾਲ੍ਹ? ਅਸਲੀ ਗੱਲ ਤਾਂ ਇਹ ਆ ਮਾਸਟਰ ਇਸ 'ਤੇ ਟੂਸ਼ਨ ਰੱਖਣ ਲਈ ਦਬਾ ਪਾਉਂਦਾ?" ਸਰਪੰਚ ਨੇ ਬੱਚੇ ਦਾ ਪੱਖ ਰੱਖਿਆ।

***(ਬਾਕੀ ਅਗਲੇ ਸਫੇ 'ਤੇ)***

"ਚੱਲੋ ਮਾਸਟਰ ਦਾ ਕਸੂਰ ਵੀ ਹੋਵੇ। ਮਾਸਟਰ ਦਾ ਸਿਰ ਤਾਂ ਨ੍ਹੀਂ ਪਾੜਨਾ! ਸਾਨੂੰ ਦਸਦਾ ਸਾਰੀ ਗੱਲ। ਤੁਸੀਂ ਦੱਸ ਦਿੰਦੇ। ਹੁਣ ਇਸ ਲਈ ਇਸ ਸਕੂਲ ਵਿਚ ਕੋਈ ਥਾਂ ਨ੍ਹੀਂ। ਬਸ ਸਰਟੀਫਿਕੇਟ ਲੈ ਜੋ ਕਟਾ ਕੇ।" ਹੈਡਮਾਸਟਰ ਦਾ ਦੋ ਟੁੱਕ ਫੈਸਲਾ ਸੀ। ਮਿਹਰ ਮੁੜ ਕੇ ਸਕੂਲ ਨ੍ਹੀਂ ਗਿਆ। ਘਰ ਦਿਆਂ ਨੇ ਕਿਸੇ ਹੋਰ ਸਕੂਲ ਵਿਚ ਦਾਖਲ ਕਰਾਉਣਾ ਚਾਹਿਆ, ਪਰ ਉਹ ਨਾ ਮੰਨਿਆ। ਪਿਉ ਦੀ ਝਾੜ-ਝੰਬ, ਕੁੱਟ ਮਾਰ, ਫਿਟਕਾਰ, ਮਾਂ ਦੀ ਘੂਰ, ਲਾਡ-ਪਿਆਰ, ਕੋਈ ਵੀ ਗੱਲ ਕਾਰਗਰ ਸਾਬਤ ਨਾ ਹੋਈ। ਨਾ ਹੀ ਦੋਸਤਾਂ-ਮਿੱਤਰਾਂ ਦਾ ਦੋਸਤੀ ਦਾ ਵਾਸਤਾ।

"ਪਿਉ ਵਰਗਾ ਜ਼ਿੱਦੀ ਆ। ਨਹੀਂ ਜਾਣਾ ਤਾਂ ਨਾ ਜਾਹ। ਇਦ੍ਹੇ ਕਰਮਾਂ 'ਚ ਚਾਰ ਅੱਖਰ ਲਿਖਣ ਲੱਗੀ ਵਿਹੂ ਮਾਤਾ ਪਤਾ ਨ੍ਹੀਂ ਕਿੱਥੇ ਮਰ'ਗੀ?" ਮਾਂ ਰਾਮ ਕੌਰ ਨੇ ਬਾਪੂ ਸੁਰਮੁਖ ਸਿੰਘ ਨੂੰ ਸਮਝਾ ਲਿਆ ਸੀ। ਉਸ ਨੇ ਸੱਤਵੀਂ ਜਮਾਤ ਵਿਚੋਂ ਹਟ ਕੇ ਬਾਪੂ ਸੁਰਮੁਖ ਸਿੰਘ ਨਾਲ ਖੇਤੀ ਦੇ ਕੰਮ ਵਿਚ ਪੈ ਕੇ ਚੰਗਾ ਕੰਮ ਰੋੜ ਲਿਆ।

ਉਨ੍ਹਾਂ ਮਾਰੂ ਜ਼ਮੀਨ ਵਿਚ ਬੋਰ ਕਰਕੇ ਪਾਣੀ ਲਾਉਣ ਲਈ ਇੰਜਣ ਧਰ ਦਿੱਤਾ ਸੀ। ਜ਼ਮੀਨ ਸੇਂਜੂ ਹੋ ਗਈ। ਨਵੇਂ ਬੀਜ ਤੇ ਰਸਾਇਣਕ ਖਾਦਾਂ ਦੀ ਵਰਤੋਂ ਹੋਣ ਲੱਗ ਪਈ। ਫਸਲਾਂ ਦੇ ਸਰਕਾਰੀ ਭਾਅ ਬੱਝ ਗਏ। ਉਹ ਦੋ ਸਾਲ ਵਿਚ ਹੀ ਪੈਰਾਂ ਸਿਰ ਹੋ ਗਏ। ਜਿਸ ਦਿਨ ਉਹ ਡੀ. ਟੀ. 14 ਹਾਰਸ ਪਾਵਰ ਦਾ ਟਰੈਕਟਰ ਬੈਂਕ ਤੋਂ ਕਰਜਾ ਲੈ ਕੇ ਘਰੇ ਲਿਆਏ, ਬੇਬੇ ਰਾਮ ਕੌਰ ਬੂਹੇ ਅੱਗੇ ਤੇਲ ਚੋਅ ਕੇ ਚੁੰਨੀ ਨਾਲ ਲਾਈਟਾਂ ਪੂੰਝਣ ਲੱਗ ਪਈ। ਇਹ ਵੇਖ ਕੇ ਬਾਪੂ ਨੇ ਕਿਹਾ ਸੀ, "ਰਾਮ ਕੁਰੇ, ਇਉਂ ਮੂੰਹ ਪੂੰਝੀ ਜਾਨੀ ਆ ਜਿਵੇਂ ਨਵਾਂ ਪੁੱਤ ਆਇਆ ਹੁੰਦਾ।"

"ਹੋਰ ਕਿਤੇ ਨਹੀਂ। ਦੋ ਪੁੱਤ ਹੋ'ਗੇ ਤੇਰੇ ਕਮਾਈ ਕਰਨ ਨੂੰ।"

ਸੀ ਵੀ ਸੱਚੀ ਗੱਲ। ਦੋ ਸਾਲ ਵਿਚ ਉਨ੍ਹਾਂ ਟਰੈਕਟਰ ਦੀਆਂ ਕਿਸ਼ਤਾਂ ਮੋੜ ਕੇ ਸਾਰਾ ਸੰਦ ਸੱਪਾ ਬਣਾ ਲਿਆ। ਉਹ ਵੱਧ ਜਮੀਨ ਠੇਕੇ 'ਤੇ ਲੈ ਲੈਂਦੇ। ਮਿਹਰ ਜਮੀਨ ਕਿਰਾਏ 'ਤੇ ਵਾਹ ਆਉਂਦਾ। ਕਿਰਾਏ 'ਤੇ ਲੋਕਾਂ ਦੀ ਫਸਲ ਮੰਡੀ ਵਿਚ ਢੋ ਦਿੰਦਾ, ਪਰ ਇਸ ਤੋਂ ਪਿੱਛੋਂ ਪੈ ਗਿਆ ਬੈਕ ਗੇਅਰ।

ਸਰੀਕਾਂ ਦੀ ਰੀਸ, ਆੜ੍ਹਤੀਏ ਦੀ ਹੱਲਾਸ਼ੇਰੀ ਅਤੇ ਏਜੰਸੀ ਦੇ ਸੇਲਜ਼ਮੈਨ ਦੇ ਝਾਂਸੇ ਵਿਚ ਆ ਕੇ ਉਨ੍ਹਾਂ ਪੰਜਾਹ ਹਾਰਸ ਪਾਵਰ ਦਾ ਟਰੈਕਟਰ ਕੀ ਲਿਆਂਦਾ, ਬੱਸ ਮੱਝ ਵੇਚ ਕੇ ਘੋੜੀ ਖਰੀਦ ਕੇ ਕਰਜਾ ਚੜ੍ਹਾ ਲਿਆ। ਘੋੜੀ ਕਿੱਲੇ 'ਤੇ ਬੰਨੀ ਚੱਬੀ ਗਈ ਫਸਲ ਤੇ ਲਿੱਦ ਕਰ ਕੇ ਲਾਈ ਗਈ ਕਰਜੇ ਦੇ ਢੇਰ।

ਖੇਤੀ 'ਤੇ ਆਉਣ ਵਾਲੇ ਖਰਚੇ ਚਾਰ ਰੁਪਈਏ ਵਧਦੇ, ਭਾਅ ਇੱਕ ਰੁਪਈਆ ਵਧਦਾ। ਹਰ ਚੀਜ ਮਹਿੰਗੀ। ਖੇਤੀ ਘਾਟੇ ਵਿਚ ਜਾਣ ਲੱਗੀ। ਹਰ ਛੇ ਮਹੀਨੇ ਪਿਛੋਂ ਢਾਈ ਰੁਪਈਏ ਸੈਂਕੜਾ ਮਹੀਨੇ ਦਾ ਵਿਆਜ ਅਤੇ ਫਸਲ ਵਿਚ ਪਿਆ ਘਾਟਾ ਜੋੜ ਕੇ ਨਵਾਂ ਪਰਨੋਟ ਲਿਖਿਆ ਜਾਂਦਾ। ਕਰਜਾ ਲਾਹੁਣ ਲਈ ਜਿੰਨੀ ਵੱਧ ਜਮੀਨ ਉਹ ਠੇਕੇ 'ਤੇ ਲੈਂਦੇ, ਉਨਾ ਵੱਧ ਘਾਟਾ ਪੈਂਦਾ। ਫਸਲ ਵਿਚ ਘਾਟੇ ਦੇ ਨਾਲ ਜਮੀਨ ਦਾ ਠੇਕਾ ਸਿਰ ਟੁੱਟਣ ਲੱਗਾ।

ਇੱਕ ਸਾਲ ਸੌਣੀ ਦੀ ਫਸਲ ਹੜ੍ਹਾਂ ਨਾਲ ਹੜ੍ਹ ਗਈ ਤੇ ਹਾੜੀ ਦੀ ਫਸਲ 'ਤੇ ਗੜੇ ਪੈ ਗਏ। ਸੁਰਮੁਖ ਸਿੰਘ ਦੀ ਤਕਦੀਰ 'ਤੇ ਅਜਿਹੀ ਗੜ੍ਹੇਮਾਰ ਹੋਈ, ਜਿਸ ਦਾ ਝੰਬਿਆ ਉਹ ਮੁੜ ਕੇ ਨਾ ਉਠਿਆ।

"ਸੁਰਮੁਖ ਸਿੰਆਂ ਤੇਰੇ 'ਕੱਲੇ ਦਾ ਇਹੀ ਹਾਲ ਨ੍ਹੀਂ, ਸਾਰੇ ਲੋਕਾਂ ਦਾ ਈ ਆ। ਜੱਟ ਰੱਬ ਦਾ ਝੰਬਿਆ ਨ੍ਹੀਂ ਲੋਟ ਆਉਂਦਾ। ਬਥੇਰੇ, ਕੁੱਤੇ-ਬਿੱਲੇ ਨੇ ਜਿਉਂਦੇ ਦਾ ਮਾਸ ਵੱਢ ਕੇ ਚੂੰਡਣ ਨੂੰ।" ਸੱਜਣ ਸਿੰਘ ਪਰਨੋਟ 'ਤੇ ਗਵਾਹੀ ਪਾਉਂਦਾ ਬੋਲਿਆ ਸੀ।

ਪਹਿਲੀ ਵਾਰ ਜਦੋਂ ਬਾਪੂ ਨੇ ਪਰਨੋਟ 'ਤੇ ਅੰਗੂਠਾ ਲਾਇਆ, ਉਸ ਨੂੰ ਲੱਗਾ ਜਿਵੇਂ ਸਿਆਹੀ ਪਰਨੋਟ ਤੋਂ ਉਠ ਕੇ ਉਸ ਦੇ ਮੱਥੇ 'ਤੇ ਆ ਚਿਪਕੀ ਹੋਵੇ। ਫਿਰ ਬਾਪੂ ਦੀ ਪਰਨੋਟ 'ਤੇ ਅੰਗੂਠਾ ਲਾਉਣ ਦੀ ਝਿਜਕ ਚੁੱਕੀ ਗਈ। ਸਾਰੀ ਜਮੀਨ ਆੜ੍ਹਤੀਏ ਕੋਲ ਪਰਨੋਟ 'ਤੇ ਗਹਿਣੇ ਹੋ ਗਈ। ਬਾਹਰ ਪਤਾ ਨਾ ਲੱਗੇ, ਬਾਪੂ ਠੇਕੇ 'ਤੇ ਵਾਹੁੰਦਾ ਰਿਹਾ; ਪਰ ਕਿੰਨਾ ਚਿਰ ਦਾਈ ਤੋਂ ਪੇਟ ਲੁਕ ਸਕਦਾ ਸੀ?

ਅਸ਼ਟਾਮ 'ਤੇ ਚੜ੍ਹ ਕੇ ਸਾਰੀ ਜਮੀਨ ਦੀ ਗਹਿਣੇ ਦੀ ਰਜਿਸਟਰੀ ਹੋ ਗਈ। ਅਸਮਾਨ 'ਚੋਂ ਡਿੱਗ ਕੇ ਖਜੂਰ 'ਤੇ ਲਟਕਦੇ ਬਾਪੂ ਨੂੰ ਅਜੇ ਵੀ ਧਰਤੀ 'ਤੇ ਪੈਰ ਟਿਕਣ ਦੀ ਆਸ ਸੀ।

ਮਿਹਰ ਦਾ ਵਿਆਹ ਵੀ ਕਰਨਾ ਸੀ ਤੇ ਕੁੜੀ ਬੀਬੋ ਦਾ ਵਿਆਹ ਵੀ ਸਹੁਰਿਆਂ ਦੀ ਮੰਗ 'ਤੇ ਕਰਨਾ ਪਿਆ। ਕਰਜੇ ਦੇ ਵੱਡੇ ਵਗਦੇ ਦਰਿਆ ਵਿਚ ਦੋ ਵੱਡੇ ਨਾਲੇ ਹੋਰ ਆ ਪਏ। ਕਰਜੇ ਦੇ ਦਰਿਆ ਦੇ ਵਹਿਣ ਨੂੰ ਠੱਲ ਪਾਉਣ ਲਈ ਜਮੀਨ ਬੈਅ ਕਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ। ਬੇਬੇ ਰਾਮ ਕੌਰ ਤਾਂ ਇਸ ਨਿਘਰਦੀ ਹਾਲਤ ਦੇ ਸਦਮੇ ਕਾਰਨ ਸਮੇ ਤੋਂ ਪਹਿਲਾਂ ਹੀ ਸਦੀਵੀ ਵਿਛੋੜਾ ਦੇ ਗਈ।

ਹਰ ਸਾਲ ਦੋ ਕਿੱਲੇ ਬੈਅ ਹੋ ਜਾਂਦੇ। ਸਾਰੀ ਜਮੀਨ ਬੈਅ ਹੋਣ ਨੂੰ ਤਿੰਨ ਸਾਲ ਵੀ ਨਾ ਲੱਗੇ। ਜਮੀਨ ਵਿਕ ਗਈ ਤੇ ਨਾਲ ਹੀ ਵਿਕ ਗਈ ਬਾਪੂ ਦੀ ਸਰਦਾਰੀ, ਇੱਜਤ, ਰੁਤਬਾ, ਹਉਮੈ, ਅਣਖ, ਗੈਰਤ-ਸਭ ਕੁਝ।

ਕਰਜਾ ਅਜੇ ਵੀ ਬਾਕੀ ਸੀ। ਸਰਕਾਰੀ ਕਰਜਾ ਉਗਰਾਹੁਣ ਵਾਲੀ ਪੁਲਿਸ ਦੀਆਂ ਹੱਥਕੜੀਆਂ ਤੋਂ ਲੁਕਦਾ ਫਿਰਦਾ ਬਾਪੂ ਇਕ ਦਿਨ ਹੱਥ ਆ ਗਿਆ। ਉਹ ਤਿੰਨ ਦਿਨ ਜੇਲ੍ਹ ਵਿਚ ਰਿਹਾ। ਇਹ ਘਰ ਮਾਸਟਰ ਕੁਲਵੰਤ ਨੂੰ ਗਹਿਣੇ ਧਰ ਕੇ ਬਾਪੂ ਨੂੰ ਛਡਾ ਕੇ ਲਿਆਏ ਸਨ।

ਚਾਰ ਸਾਲ ਪਹਿਲਾਂ ਇਸੇ ਮਹੀਨੇ, ਇਸੇ ਦਿਨ ਇਸੇ ਘਰ ਦੀ ਕੁਰਕੀ ਦੇ ਨੋਟਿਸ ਆ ਗਏ ਸਨ। ਇਹ ਘਰ ਕੁਲਵੰਤ ਸਿੰਘ ਨੇ ਆਪਣੇ ਨਾਂ ਕੁਰਕ ਕਰਾ ਲਿਆ। ਉਸ ਨੇ ਕਿਹਾ, ਮੇਰੇ ਪੈਸੇ ਦੇ ਦਿਉ, ਘਰ ਵਾਪਸ ਲੈ ਲਉ। ਪਰ ਪੈਸੇ ਹੁੰਦੇ ਕੁਰਕੀ ਕਿਉਂ ਹੁੰਦੀ? ਹਥਿਆ ਲਿਆ ਸੀ ਉਸ ਨੇ ਘਰ। ਬਾਪੂ ਇਹ ਝੱਲ ਨਾ ਸਕਿਆ।

ਮਿੱਟੀ ਸਰਕਾਰੇ ਦਰਬਾਰੇ ਰੁਲਣ ਨ੍ਹੀਂ ਦੇਣੀ। ਸ਼ਾਇਦ ਇਹ ਕੁਲਵੰਤ ਸਿੰਘ ਦੀ ਕੁਟਲ-ਨੀਤੀ ਸੀ। ਪੋਸਟ ਮਾਰਟਮ ਤੋਂ ਬਿਨਾ ਹੀ ਸਸਕਾਰ ਕਰ ਦਿੱਤਾ। ਯੂਨੀਅਨਾਂ ਨੇ ਭੋਗ 'ਤੇ ਹੰਝੂ ਤਾਂ ਬਥੇਰੇ ਵਹਾਏ, ਪਰ ਨੌਂ ਪੂਰਬੀਏ ਬਾਰਾਂ ਚੁੱਲ੍ਹਿਆਂ ਦਾ ਸਰਕਾਰ 'ਤੇ ਕੀ ਅਸਰ ਪੈ ਸਕਦਾ ਸੀ? ਵੈਸੇ ਵੀ ਖੁਦਕਸ਼ੀ ਸਾਬਤ ਕਰਨ ਲਈ ਫਾਈਲ ਦਾ ਪੇਟ ਭਰਨਾ ਵੀ ਪੈਣਾ ਸੀ। ਆਖਰ ਮਿਹਰ ਤਿੰਨ ਮਰਲੇ ਦੇ ਰੂੜੀ ਵਾਲੇ ਪਲਾਟ ਵਿਚ ਰੜੇ ਮੈਦਾਨ ਇੱਕ ਕਮਰਾ ਤੇ ਇਕ ਛਤੜਾ ਪਾ ਕੇ ਆ ਬੈਠਾ।

ਕੋਠੀ ਦੇ ਪਿਛਵਾੜੇ ਵਿਹੜੇ ਵਿਚੋਂ ਚਿੱਟਾ ਦੁਰਗੰਧ ਭਰਿਆ ਧੂੰਆਂ ਉਠਿਆ। ਸ਼ਾਇਦ ਇਹ ਲੱਕੜ ਦੇ ਟੁਕੜੇ ਤੇ ਰਬੜ ਦੇ ਪੱਚਰ ਸੜ ਰਹੇ ਸਨ। ਛੇਤੀ ਹੀ ਸੱਪ ਦੀ ਜੀਭ ਵਾਂਗ ਲਾਟਾਂ ਨਿਕਲਣ ਲੱਗੀਆਂ। ਮਚਦੀ ਅੱਗ ਦੀ ਤੜ-ਤੜ ਵਿਚ ਉਸ ਨੂੰ ਬੇਬੇ ਦਿਸੀ-ਚੁੱਪ ਚਾਪ, ਜਿਵੇਂ ਜੀਭ ਠਾਕੀ ਗਈ ਹੋਵੇ।

ਉਹ ਇੱਟਾਂ ਕੁੱਟਦਾ ਇਕ ਦਮ ਖੜ੍ਹਾ ਹੋ ਗਿਆ। ਉਸ ਨੇ ਆਪਣੀਆਂ ਅੱਖਾਂ ਅੱਗਿਉਂ ਮੁੜਕਾ ਛੰਡਿਆ। ਲੈਂਟਰ ਲਈ ਸਰੀਆ ਕੱਟਦੇ ਮਿਸਤਰੀ ਕੋਲ ਆ ਗਿਆ। ਰੈਂਚ ਵਿਚ ਸਰੀਆ ਫਸਾ ਕੇ ਸਿੱਧਾ ਕਰਨ ਲੱਗਾ। ਉਸ ਤੋਂ ਸਰੀਆ ਸਿੱਧਾ ਨਹੀਂ ਸੀ ਹੋ ਰਿਹਾ।

"ਅੱਗ ਵਿਚ ਪਾਏ ਬਿਨਾ ਸਰੀਆ ਸਿੱਧਾ ਨ੍ਹੀਂ ਹੁੰਦਾ। ਕੁੱਟੇ ਬਿਨਾ ਡੰਗ ਨ੍ਹੀਂ ਨਿਕਲਦਾ।" ਕੰਧ ਦੀ ਨਿਉਂ 'ਚ ਦੱਬਿਆ ਬਾਪੂ ਬੋਲਿਆ।

"ਡਰਪੋਕ! ਤੂੰ ਕਿਉਂ ਨਾ ਕੀਤਾ ਸਰੀਆ ਗਰਮ। ਕਿਉਂ ਨਾ ਡੰਗ ਕੱਢਿਆ? ਕਿਉਂ ਨਾ ਦੱਸਿਆ ਸਾਨੂੰ ਡੰਗ ਕੱਢਣਾ, ਛੱਡ ਗਿਆ ਸਾਨੂੰ।" ਉਸ ਨੇ ਉਥੋਂ ਭੱਜ ਜਾਣਾ ਚਾਹਿਆ। ਆਪਣੇ ਘਰ ਦੇ ਮਲਬੇ ਤੋਂ ਦੂਰ। ਸਭ ਤੋਂ ਦੂਰ। ਉਸ ਲਈ ਖੜ੍ਹਨਾ ਮੁਹਾਲ ਹੋ ਗਿਆ।

"ਹੱਡ ਭੰਨਣੀ ਜੀ ਹੋਈ ਲਗਦੀ ਆ। ਦੁਆਈ ਲੈ ਕੇ ਆ ਜਾਨਾਂ।" ਕਹਿ ਕੇ ਉਹ ਚਲਿਆ ਗਿਆ। ਜਾਣ ਸਾਰ ਮੰਜੀ 'ਤੇ ਪੈ ਗਿਆ। ਚੰਦ ਕੁਰ ਪਾਣੀ ਦਾ ਗਲਾਸ ਭਰ ਕੇ ਲਿਆਈ। ਉਸ ਦੀਆਂ ਗੇਰੂ ਰੰਗੀਆਂ ਹੋਈਆਂ ਅੱਖਾਂ ਦੀ ਖੌਫਨਾਕ ਤੱਕਣੀ ਵੇਖ ਕੇ ਘਬਰਾ ਗਈ।

ਦੁਪਹਿਰ ਪਿੱਛੋਂ ਮਿਹਰ ਕੰਮ 'ਤੇ ਨਾ ਆਇਆ, ਪਰ ਮਿਹਰ ਦਾ ਮੁੰਡਾ ਦੁੱਧ ਵਾਲਾ ਖਾਲੀ ਡੋਲੂ ਲੈਣ ਆ ਗਿਆ।

ਮਿਸਤਰੀ ਨੇ ਸੌ ਸੌ ਦੇ ਵੀਹ ਨੋਟ ਮੁੰਡੇ ਦੀ ਜੇਬ 'ਚ ਪਾ ਕੇ ਉਸ ਨੂੰ ਕਿਹਾ, "ਆਹ ਪੈਸੇ ਆਪਣੇ ਪਿਉ ਨੂੰ ਫੜਾ ਕੇ ਆ। ਉਸ ਨੂੰ ਦੱਸਦੀਂ ਤੇਰਾ ਦੋਸਤ ਆਇਆ ਸੀ, ਮੇਜਰ ਸਿੰਘ ਕਨੇਡਾ ਤੋਂ। ਇਹ ਪੈਸੇ ਤੇਰੀ ਮਦਦ ਲਈ ਉਹ ਦੇ ਕੇ ਗਿਆ।"

ਵੀਹ ਮਿੰਟ ਬਾਅਦ ਮੁੰਡਾ ਉਸੇ ਤਰ੍ਹਾਂ ਈ ਵਾਪਸ ਆ ਗਿਆ। ਉਸ ਨੇ ਵੀਹ ਦੇ ਵੀਹ ਨੋਟ ਵਾਪਸ ਲਿਆ ਕੇ ਮਿਸਤਰੀ ਨੂੰ ਫੜ੍ਹਾ ਦਿੱਤੇ।

"ਓ ਕਿਹੜੀ ਬਿੱਲੀ ਨੇ ਰਾਹ ਕੱਟ'ਤਾ। ਬਾਰ 'ਤੇ ਆਈ ਲੱਛਮੀ ਨੂੰ ਧੱਕੇ ਮਾਰਦਾ। ਹਾਂ ਦਸ ਗੱਲ ਕੀ ਹੋਈ? ਕੀ ਕਹਿੰਦੈ ਤੇਰਾ ਪਿਉ?" ਮਿਸਤਰੀ ਬੋਲਿਆ।

ਬਾਪੂ ਕਹਿੰਦਾ ਸੀ, "ਸਾਨੂੰ ਨ੍ਹੀਂ ਲੋੜ ਕਿਸੇ ਦੇ ਨੋਟਾਂ ਦੀ। ਵੱਡਾ ਪੈਸੇ ਵਾਲਾ ਹੋਊ ਤਾਂ ਆਪਣੇ ਘਰੇ ਰਹੇ। ਪੈਸਿਆਂ ਨਾਲ ਆਫਰਿਆ, ਐਥੇ ਵੰਡ ਦੇ। ਹੈਗੇ ਆ ਏਨ੍ਹਾਂ 'ਚ ਵਾਲੇ। ਲੈ ਲੈਣਗੇ ਹੱਸ ਕੇ।"

"ਵਾਹ ਉਇ ਰਾਠਾ! ਰੱਸੀ ਤਾਂ ਸੜ'ਗੀ ਪਰ ਵੱਟ ਨ੍ਹੀਂ ਗਿਆ।" ਮਿਸਤਰੀ ਨੇ ਉਦਾਸ ਹੁੰਦਿਆਂ ਕਿਹਾ।

"ਸਾਥੀਆ, ਜੇ ਮੇਜਰ ਨੇ ਮਦਦ ਕਰਨੀ ਸੀ ਤਾਂ ਜਾਂਦਾ ਸਿੱਧਾ ਉਦ੍ਹੇ ਘਰੇ। ਅਫਸੋਸ ਕਰ ਜਾਂਦਾ ਉਦੇ ਪਿਉ ਦਾ। ਘਰੇ ਜਾ ਕੇ ਦੇ ਆਉਂਦਾ। ਲੈ ਲੈਣੇ ਸੀ ਉਨ੍ਹੇ। ਉਨ੍ਹੇ ਤਾਂ ਸੋਚਿਆ ਨ੍ਹੀਂ, ਤੂੰ ਈ ਸੋਚ ਲੈਂਦਾ। ਸਾਡੇ ਸਾਹਮਣੇ ਨਾ ਦਿੰਦਾ ਮੁੰਡੇ ਨੂੰ।" ਸਾਥੀ ਭੂਰੇ ਨੇ ਉਦਾਸ ਹੁੰਦਿਆਂ ਕਿਹਾ।

"ਭੁੱਖਾ ਮਰਦਾ। ਘਰੇ ਖਾਣ ਨੂੰ ਦਾਣੇ ਨ੍ਹੀਂ। ਜੁਆਕਾਂ ਦੇ ਪੈਰਾਂ 'ਚ ਜੁੱਤੀ ਨ੍ਹੀਂ। ਘਰ ਦੀਆਂ ਕੰਧਾਂ ਖੁਰੀਆਂ ਪਈਆਂ। ਬਾਰ ਦੇ ਤਖਤੇ ਟੁੱਟੇ ਪਏ ਆ। ਵਿਹੜੇ 'ਚ ਕੁੱਤੇ ਮੂਤਦੇ ਆ। ਘਰ ਤਾਂ ਰੱਖਿਆ ਨ੍ਹੀਂ ਗਿਆ ਮਲੰਗਾਂ ਤੋਂ?" ਸੁਰਜੂ ਅਬਾ-ਤਬਾ ਬੋਲੀ ਜਾ ਰਿਹਾ ਸੀ।

"ਸੁਰਜੂ ਚਮਚਾ। ਜੂਠੀ ਪਲੇਟ ਚੱਟ। ਸੈਦਾ ਖੱਸੀ। ਸਾਥੀ ਤੂੰ ਕੜਾਹ ਕਰਦਾ ਗੱਲਾਂ ਦਾ ਕੜਾਹ ਕਰਨ ਜੋਗਾ ਈ ਬਣਿਆ ਕਾਲਜ ਜਾ ਕੇ। ਡੱਕਾ ਕਰਨ ਜੋਗਾ ਨ੍ਹੀਂ। ਰਾਠ ਬੀ ਬਸ ਕਚੀਚੀ ਵੱਟਣ ਜੋਗਾ। ਕਰੇ ਕਣ। ਚੁੱਕੇ ਫਣ। ਵੱਢ ਦਿਆਂ ਗਾਟਾ। ਫੌੜੀਆਂ 'ਤੇ ਤੁਰੇ ਮੇਰਾ ਸਾਲਾ।" ਗਿੰਦਰ ਨੇ ਗੁੱਸੇ ਦਾ ਇਜ਼ਹਾਰ ਕੀਤਾ।

ਮਿਹਰ ਕੰਮ 'ਤੇ ਨਾ ਆਇਆ। ਮੁੰਡਾ ਮਿਸਤਰੀ ਨੂੰ ਦੱਸ ਗਿਆ, ਹੋਰ ਬੰਦਾ ਰੱਖ ਲਏ। ਬਾਪੂ ਨੇ ਦਿਹਾੜੀ 'ਤੇ ਕੰਮ ਨ੍ਹੀਂ ਕਰਨਾ ਤੇਰੇ ਨਾਲ।

ਪੰਡਿਤ ਸਰੂਪ ਰਾਮ ਵੈਦ ਦੀ ਮੌਤ ਪਿਛੋਂ ਪਰਿਵਾਰ ਦਾ ਕੋਈ ਕਮਾਊ ਮੈਂਬਰ ਨਾ ਰਿਹਾ। ਤਾਪ-ਖੰਘ ਦੀਆਂ ਪੁੜੀਆਂ ਵੇਚਣ ਤੇ ਜਜਮਾਨੀ-ਪੁਰੋਹਿਤੀ ਤੋਂ ਹੋਣ ਵਾਲੀ ਸਾਰੀ ਆਮਦਨ ਬੰਦ ਹੋ ਗਈ। ਜਿਹੜੇ ਦੋ-ਚਾਰ ਕਿੱਲੇ ਪਿਤਾ-ਪੁਰਖੀ ਮਿਲੇ ਸਨ, ਉਹ ਦੋਵੇਂ ਕੁੜੀਆਂ ਦੇ ਵਿਆਹ ਵਿਚ ਬੈਅ ਹੋ ਗਏ। ਮੁੰਡਾ ਜਗਦੀਸ਼ ਰਾਮ ਨੌਵੀਂ ਜਮਾਤ 'ਚੋਂ ਹਟ ਕੇ ਸ਼ਹਿਰ ਮਥਰਾ ਦਾਸ ਅਰੋੜੇ ਦੇ ਕਲਾਥ ਹਾਊਸ 'ਤੇ ਥਾਨ ਇਕੱਠੇ ਕਰਦਾ ਹੌਲੀ ਹੌਲੀ ਸੇਲਜ਼ਮੈਨ ਬਣ ਗਿਆ। ਉਹ ਸਾਰਾ ਦਿਨ ਉਥੇ ਕੰਮ ਕਰਕੇ ਰਾਤ ਨੂੰ ਸਾਈਕਲ 'ਤੇ ਪਿੰਡ ਆ ਜਾਂਦਾ।

"ਅਰੋੜੇ ਦੇ ਘਰੇ ਡੰਗਰ ਪਸੂ ਵਿਤੇ ਨਿੱਕਾ ਮੋਟਾ ਕੰਮ ਕਰਨ ਲਈ ਬੰਦੇ ਦੀ ਲੋੜ ਆ। ਉਹ ਮੈਨੂੰ ਕਹਿੰਦੇ ਨੇ, ਕੋਈ ਆਪਦਾ ਜਾਣੂ ਬੰਦਾ ਲਿਆ ਕੰਮ ਵਾਸਤੇ। ਤੂੰ ਚਲਿਆ ਚੱਲ ਉਥੇ। ਸਹਿਰ 'ਚ ਕੀਹਨੂੰ ਪਤਾ ਕੌਣ ਐ ਤੇ ਕੀ ਕੰਮ ਕਰਦਾ? ਘਰੋਂ ਸਿੱਧਾ ਉਸ ਦੇ ਘਰ ਤੇ ਉਥੋਂ ਸ਼ਾਮ ਨੂੰ ਆਪਣੇ ਘਰ। ਇਰਾਦਾ ਕੋਈ ਮਾੜਾ ਨ੍ਹੀਂ, ਮੈਂ ਵੀ ਤਾਂ ਕਰਦਾ ਈ ਆਂ ਉਥੇ ਕੰਮ।"

"ਤੇਰੀ ਗੱਲ ਹੋਰ ਐ। ਤੈਨੂੰ ਕੀ ਫਰਕ ਪੈਂਦਾ ਬਾਣੀਆਂ ਬਕਾਲਾਂ 'ਚ ਕੰਮ ਕਰਨ ਨਾਲ?" ਜਗਦੀਸ਼ ਇਹ ਸੁਣ ਕੇ ਚੁੱਪ ਕਰ ਜਾਂਦਾ।

ਅੱਜ ਜਗਦੀਸ਼ ਨੇ ਉਸ ਦੇ ਘਰ ਜਾ ਕੇ ਆਪਣਾ ਇਰਾਦਾ ਦੱਸ ਦਿੱਤਾ।

ਮਿਹਰ ਨੇ ਆਪਣੀ ਪਤਨੀ ਚੰਦ ਕੌਰ ਕੋਲ ਝੂਠ ਬੋਲਿਆ ਕਿ ਉਸ ਨੇ ਦੁਨਾਲੀ ਬੰਦੂਕ ਲੈ ਕੇ ਦੁਕਾਨ 'ਤੇ ਬੈਠ ਕੇ ਰਾਖੀ ਈ ਕਰਨੀ ਐ। ਬੱਸ ਬੈਂਕ ਵਿਚ ਕੈਸ਼ ਜਮਾ ਕਰਵਾਉਣ ਸਮੇਂ ਸੇਠ ਨਾਲ ਕਾਰ 'ਤੇ ਬਹਿ ਕੇ ਚਲੇ ਜਾਣਾ ਹੈ, ਨਹੀਂ ਤਾਂ ਟੌਰ੍ਹ ਨਾਲ ਗੰਨ ਫੜ੍ਹ ਕੇ ਬੈਠੇ ਹੀ ਰਹਿਣਾ ਹੈ।

ਚੰਦ ਕੁਰ ਭਰੇ ਮਨ ਨਾਲ ਮਿਹਰ ਦੇ ਸ਼ਹਿਰ ਜਾ ਕੇ ਕੰਮ ਕਰਨ ਲਈ ਰਜ਼ਾਮੰਦ ਤਾਂ ਹੋ ਗਈ, ਪਰ ਉਹ ਸਮਝਦੀ ਤਾਂ ਸੀ ਸਾਰੀ ਗੱਲ ਕਿ 'ਬੰਦੂਕ ਚਲਾਉਣਾ ਇੱਕ ਪਾਸੇ, ਇਸ ਨੇ ਬੰਦੂਕ ਫੜ੍ਹ ਕੇ ਵੀ ਨ੍ਹੀਂ ਵੇਖੀ।' ਪੁਰਾਣੇ ਦਿਨਾਂ ਨੂੰ ਯਾਦ ਕਰ ਕੇ ਉਸ ਦਾ ਚਿਹਰਾ ਇਕਦਮ ਉਤਰ ਗਿਆ।

ਜਗਦੀਸ਼ ਨੇ ਉਸ ਦੇ ਸਾਈਕਲ ਦਾ ਫਟਿਆ ਟਾਇਰ ਗੰਢਾ ਦਿੱਤਾ। ਉਸ ਲਈ ਰਬੜ ਦੀ ਗੁਰਗਾਬੀ ਖਰੀਦ ਲਿਆਇਆ। ਅਗਲੇ ਦਿਨ ਉਸ ਨਾਲ ਕੰਮ 'ਤੇ ਚਲਾ ਗਿਆ।

ਪੰਡਿਤ ਜਗਦੀਸ਼ ਮਿਹਰ ਨੂੰ ਬਜਾਜ ਮਥਰਾ ਦਾਸ ਅਰੋੜੇ ਦੇ ਘਰ ਛੱਡ ਆਇਆ। ਘਰ ਦੀ ਮਾਲਕਣ ਘਰੇ ਨਹੀਂ ਸੀ। ਬਹਾਦਰ (ਗੋਰਖਾ ਨੌਕਰ) ਨੇ ਜੋ ਕੰਮ ਕਰਨਾ ਸੀ, ਉਹ ਸਮਝਾ ਦਿੱਤਾ। ਹਰੇ ਪੱਠਿਆਂ ਦੀ ਟਾਲ ਭਾਵੇਂ ਘਰ ਤੋਂ ਦੋ ਫਰਲਾਂਗ ਸੀ, ਪਰ ਰਾਹ ਦਾਣਾ ਮੰਡੀ ਵਿਚ ਦੀ ਜਾਂਦਾ ਸੀ, ਜਿੱਥੇ ਕਈ ਵਾਰ ਉਹ ਪਿਆਰਾ ਲਾਲ ਆੜ੍ਹਤੀਏ ਦੇ ਫੜ 'ਚ ਕਣਕ ਦੀਆਂ ਟਰਾਲੀਆਂ ਢੇਰੀ ਕਰਕੇ ਗਿਆ ਸੀ, ਪਰ ਉਸ ਨੂੰ ਤਾਂ ਕਿੰਨੇ ਈ ਸਾਲ ਬੀਤ ਗਏ ਸਨ। ਅੱਜ ਐਤਵਾਰ ਸੀ, ਹਾੜੀ ਦਾ ਸੀਜਨ ਲੰਘ ਗਿਆ ਸੀ, ਮੰਡੀ ਵਿਚ ਸੁੰਨਸਾਨ ਸੀ। ਇਸ ਗੱਲ ਨਾਲ ਉਸ ਦਾ ਤੇਜੀ ਨਾਲ ਧੱਕ ਧੱਕ ਕਰਦਾ ਦਿਲ ਟਿਕਾਣੇ ਆਇਆ। ਬਹਾਦਰ ਉਸ ਨੂੰ ਹਰੇ ਪੱਠਿਆਂ ਦੀ ਟਾਲ 'ਤੇ ਛੱਡ ਆਇਆ। ਉਸ ਨੇ ਹਰੇ ਚਾਰੇ ਦੀ ਭਰੀ ਲਈ। ਸਾਈਕਲ ਦੇ ਕੈਰੀਅਰ 'ਤੇ ਰੱਖੀ ਅਤੇ ਪੱਗ ਨਾਲ ਮੂੰਹ ਢਕ ਲਿਆ।

'ਚਲ ਬਈ ਘੁੱਦੂ, ਲੱਦ ਗਧੀ 'ਤੇ ਪੱਠੇ।' ਸਾਈਕਲ ਦੇ ਕੈਰੀਅਰ 'ਤੇ ਹੱਥ ਫੇਰ ਕੇ ਉਹ ਖੁੱਲ੍ਹ ਕੇ ਹੱਸਿਆ। ਸਾਈਕਲ 'ਤੇ ਸਵਾਰ ਹੋ ਕੇ ਘਰ ਨੂੰ ਚੱਲ ਪਿਆ। 'ਆਖਰ ਕਿੰਨਾ ਕੁ ਚਿਰ ਚੱਲੂਗਾ, ਇਹ?' ਉਸ ਨੇ ਆਪਣੇ ਆਪ ਨੂੰ ਸਵਾਲ ਕੀਤਾ। ਇਸ ਤਰ੍ਹਾਂ ਸੋਚਦੇ ਦਾ ਉਸ ਦਾ ਦਿਮਾਗ ਸੌਂ ਹੀ ਚਲਿਆ ਸੀ।

ਉਸ ਨੇ ਪੱਠੇ ਕੁਤਰੇ। ਹਰੇ ਵਿਚ ਤੂੜੀ ਰਲਾ ਕੇ ਟੋਕਰੀ ਟੋਕਰੀ ਦੋਹਾਂ ਮੱਝਾਂ ਦੀ ਖੁਰਲੀ ਵਿਚ ਪਾ ਦਿੱਤੀ। ਜਦ ਮੱਝਾਂ ਪੱਠੇ ਖਾ ਹਟੀਆਂ, ਉਨ੍ਹਾਂ ਨੂੰ ਨੁਹਾਇਆ। ਫੌੜ੍ਹੇ ਨਾਲ ਗੋਹਾ ਹਟਾਇਆ ਅਤੇ ਬੱਠਲ ਭਰ ਕੇ ਪਾਥੀਆਂ ਪੱਥਣ ਲਈ ਪਿਛਲੇ ਵਿਹੜੇ 'ਚ ਸੁੱਟ ਦਿੱਤਾ। ਉਹ ਸਾਰਾ ਕੰਮ ਨੀਵੀਂ ਪਾ ਕੇ ਕਰੀ ਗਿਆ।

ਗੋਹਾ ਸੁੱਟਦੇ ਮਿਹਰ ਦੇ ਕੰਨਾਂ 'ਚ ਉਸ ਦੇ ਪਾਲੀ ਘੁੱਦੂ ਦੀ ਅਵਾਜ ਆਈ, "ਚਾਚਾ, ਅੱਜ ਤਾਂ ਮੈਂ ਇਹ ਗੋਹਾ ਸਿਟ'ਤਾ ਕੱਲ ਨੂੰ ਗੋਹੇ-ਕੂੜੇ ਆਲੀ ਤੋਂ ਸੁਟਾ ਲੀਂ। ਇਹ ਮੇਰਾ ਕੰਮ ਨ੍ਹੀਂ। ਮੈਂ ਨਹੀਂ ਕੱਲ ਨੂੰ ਕਰਨਾ। ਮੈਨੂੰ ਸ਼ਰਮ ਆਉਂਦੀ ਆ। ਲੋਕ ਵੇਖ ਕੇ ਕੀ ਕਹਿਣਗੇ?" ਉਹ ਅੱਖਾਂ ਭਰ ਆਇਆ। ਉਸ ਦੇ ਅੰਦਰੋਂ ਇਕ ਹੌਕਾ ਬਾਹਰ ਨਿਕਲਿਆ। ਉਸ ਦਾ ਜੀਅ ਕੱਚਾ ਹੋਣ ਲੱਗ ਪਿਆ।

ਦੇਸੀ ਰੇਹ ਪਾਉਣ ਸਮੇਂ ਸੜੇ ਗੋਹੇ ਦੀ ਗੈਸ ਦੀ ਦੁਰਗੰਧ ਉਸ ਦੇ ਸਿਰ ਨੂੰ ਕਦੇ ਨਹੀਂ ਸੀ ਚੜ੍ਹੀ। ਉਸ ਗੈਸ ਨਾਲ ਤਾਂ ਉਸ ਦੀ ਰੂਹ ਨਸ਼ਿਆਉਂਦੀ। ਰੇਹ ਦੇ ਭਾਰੇ ਟੋਕਰਿਆਂ ਦਾ ਭਾਰ ਉਸ ਨੂੰ ਭਾਰ ਨਾ ਲਗਦਾ। ਉਸ ਨੂੰ ਇਸ ਦੁਰਗੰਧ ਵਿਚੋਂ ਬੂਰ ਪੈ ਕੇ ਦੋਧਿਆਂ 'ਤੇ ਆਈ ਮੱਕੀ ਦੀ ਖੁਸ਼ਬੋ ਆਉਂਦੀ। ਕੱਚੇ ਦੋਧਿਆਂ ਦੇ ਰਸ ਨਾਲ ਉਸ ਦਾ ਮੂੰਹ ਭਰ ਜਾਂਦਾ।

ਮਿਸਤਰੀ ਨਾਲ ਕੰਮ ਕਰਦੇ ਅਨੁਸੂਚਿਤ ਜਾਤਾਂ ਤੇ ਪਛੜੀਆਂ ਜਾਤਾਂ ਦੇ ਕਾਮੇ ਉਸ ਨੂੰ ਲਾਗੀ ਹੀ ਲਗਦੇ, ਆਪਣੇ ਨਾਲੋਂ ਘਟੀਆ। ਉਨ੍ਹਾਂ ਨਾਲ ਕੰਮ ਕਰਕੇ ਉਸ ਦੇ ਅੰਦਰ ਡੰਗ ਵਜਦਾ। ਉਨ੍ਹਾਂ ਦੀਆਂ ਗੁੱਝੀਆਂ, ਮਸ਼ਕਰੀਆਂ, ਟਕੋਰਾਂ ਆਦਿ ਉਸ ਦਾ ਸੀਨਾ ਸਾੜੀ ਰਖਦੀਆਂ। ਮਸਾਲੇ ਦੀ ਮਤਰਾਲ ਦੇ ਭਾਰ ਨਾਲ ਉਸ ਦੀ ਧੌਣ ਦੱਬੀ ਰਹਿੰਦੀ। ਐਪਰ ਜਦੋਂ ਉਹ ਬੱਠਲ ਛੱਤ 'ਤੇ ਜਾ ਡਿਗਦਾ, ਉਸ ਨਾਲ ਕੰਧਾਂ ਲਿੱਪੀਆਂ ਜਾਂਦੀਆਂ ਜਾਂ ਫਰਸ਼ 'ਤੇ ਪੈਂਦਾ, ਉਸ ਨੂੰ ਕੁਝ ਕਰਨ ਦੀ ਤਸੱਲੀ ਹੁੰਦੀ। ਕਿਤੇ ਨਾ ਕਿਤੇ ਕੁਝ ਕਰਨ ਦਾ ਨਸ਼ਾ ਜਿਹਾ ਚੜ੍ਹ ਜਾਂਦਾ। ਪਲ ਭਰ ਲਈ ਉਸ ਨੂੰ ਕੁਝ ਸਕੂਨ ਮਿਲਦਾ।

ਇਹ ਕੰਮ ਸਰੀਰਕ ਤੌਰ 'ਤੇ ਤਾਂ ਬਹੁਤ ਹੀ ਸੌਖਾ ਸੀ, ਪਰ ਇਸ ਨਾਲ ਦੁਪਹਿਰ ਤੋਂ ਪਹਿਲਾਂ ਹੀ ਉਹ ਨਿੱਸਲ ਹੋ ਗਿਆ। ਉਸ ਨੂੰ ਇੰਜ ਲੱਗਾ ਜਿਵੇਂ ਬੁਖਾਰ ਚੜ੍ਹ ਗਿਆ ਹੋਵੇ। ਉਹ ਪਸੂਆਂ ਵਾਲੇ ਵਿਹੜੇ ਵਿਚ ਬਾਣ ਦੀ ਮੰਜੀ 'ਤੇ ਧੁੱਪ ਵਿਚ ਹੀ ਪਿਆ ਰਿਹਾ। ਬਹਾਦਰ ਨੇ ਆ ਕੇ ਉਸ ਦੀ ਮੰਜੀ ਛਾਂਵੇਂ ਕਰਾਈ ਤੇ ਉਸ ਨੂੰ ਚਾਹ ਦਾ ਇਕ ਕੱਪ ਤੇ ਦੋ ਬਿਸਕੁਟ ਦੇ ਗਿਆ। ਉਸ ਬੜੀ ਔਖ ਨਾਲ ਚਾਹ ਦੇ ਦੋ ਘੁੱਟ ਅੰਦਰ ਕੀਤੇ ਤੇ ਬਿਸਕੁਟ ਉਸ ਦੇ ਸੰਘ ਵਿਚ ਅੜ੍ਹ ਗਏ। ਉਸ ਨੂੰ ਲੱਗਾ, ਜਿਵੇਂ ਉਹ ਕੁਨੀਨ ਦੀ ਗੋਲੀ ਨਿਗਲ ਰਿਹਾ ਹੋਵੇ।

ਸ਼ਾਮ ਨੂੰ ਮੱਝ ਦੀ ਧਾਰ ਹਰ ਰੋਜ ਚੰਦ ਕੌਰ ਹੀ ਕੱਢਦੀ ਸੀ। ਉਸ ਨੂੰ ਤਾਂ ਕਿਤੇ ਅੜ੍ਹੇ-ਥੁੜ੍ਹੇ ਹੀ ਧਾਰ ਕੱਢਣੀ ਪੈਂਦੀ ਸੀ। ਹੁਣ ਉਹ ਧਾਰ ਕਢਦਾ ਪਾਣੀ ਨਾਲ ਥਣ ਧੋਂਦਾ ਚੰਦ ਕੌਰ ਨਾਲ ਗੱਲਾਂ ਕਰਨ ਲੱਗ ਪਿਆ, "ਤੂੰ ਹੀ ਚੋਅ ਲਿਆ ਕਰ। ਤੇਰੇ ਥਾਪੀ ਦੇਣ ਨਾਲ ਪੈਰ ਗੱਡ ਕੇ ਖੜ੍ਹ ਜਾਂਦੀ ਆ। ਤੁਪਕਾ ਤੁਪਕਾ ਲਾਹ ਦਿੰਦੀ ਆ। ਹੁਣ ਸਾਲੀ ਖੁਰ ਜਿਆ ਮਾਰੀ ਜਾਂਦੀ ਆ ਜਿਵੇਂ ਮੱਖ ਲੜਦੀ ਹੋਵੇ।" ਧਾਰ ਚੋ ਕੇ ਖੜ੍ਹਨ ਲੱਗੇ ਦਾ ਸਿਰ ਚਕਰਾਉਣ ਲੱਗਾ। ਉਹ ਸੰਭਲਿਆ। ਉਸ ਨੇ ਦੁੱਧ ਦੀ ਬਾਲਟੀ ਬਹਾਦਰ ਨੂੰ ਫੜਾ ਦਿੱਤੀ।

ਸੂਰਜ ਛੁਪ ਗਿਆ ਸੀ। ਉਸ ਨੇ ਚੋਰ ਅੱਖ ਨਾਲ ਮਾਲਕਣ ਵੱਲ ਵੇਖਿਆ। ਉਸ ਨੂੰ ਪਛਾਣਨ ਵਿਚ ਦੇਰ ਨਾ ਲੱਗੀ। ਉਸ ਨੂੰ ਵੇਖ ਕੇ ਉਹ ਕੰਬ ਗਿਆ। ਮਿਹਰ ਨੇ ਸਾਈਕਲ ਚੁੱਕਿਆ ਅਤੇ ਘਰ ਦੇ ਬਾਹਰ ਨਿੱਕਲ ਕੇ ਬੀਹੀ ਵਿਚ ਖੜ੍ਹ ਕੇ ਸਾਈਕਲ ਦੀ ਲੱਥੀ ਚੇਨ ਚੜ੍ਹਾਉਣ ਲੱਗਾ।

"ਕੱਲ ਨੂੰ ਸਦੇਹਾਂ ਆ'ਜੀਂ ਭਾਈ।" ਉਸ ਨੇ ਪਿੱਛੋਂ ਆਉਂਦੀ ਅਵਾਜ਼ ਸੁਣੀ।

"ਹੈਂ ਕੁੜੇ ਇਦ੍ਹਾ ਮੁੜੰਗਾ ਤਾ ਮੇਰੂ ਅਰਗਾ। ਹੈਂ ਇਹ ਕੀ?" ਇਹ ਵੇਖ ਕੇ ਉਹ ਹੈਰਾਨ ਰਹਿ ਗਈ। ਪਾਕਿਸਤਾਨ ਤੋਂ ਉਜੜ ਕੇ ਆਉਣ ਦਾ ਸਮਾਂ ਇੱਕ ਦਮ ਉਸ ਦੇ ਮਨ ਦੀ ਸਕਰੀਨ 'ਤੇ ਫਲੈਸ਼ ਕਰ ਗਿਆ।

"ਬਹਾਦਰ, ਜਦੋਂ ਪਾਕਿਸਤਾਨੋਂ ਉਜੜ ਕੇ ਆਏ ਸੀ, ਸੁਰਮੁਖ ਸਿੰਘ ਦੇ ਘਰੇ ਅਸੀਂ ਚਾਹ ਪਾਣੀ ਪੀਂਦੇ। ਪਹਿਲਾਂ ਖੋਤੀ 'ਤੇ ਗਾਜਰਾਂ ਲੱਦ ਕੇ ਇਸ ਪਿੰਡ ਵੇਚਣ ਜਾਂਦੇ। ਇਸੇ ਘਰੇ ਦੁਪਹਿਰ ਵੇਲੇ ਖੋਤੀ ਨੂੰ ਬੰਨ ਕੇ ਪੱਠੇ ਪਾਉਂਦੇ। ਅਗਲੇ ਦਿਨ ਦਾਣਿਆਂ ਦੀ ਖੁਰਜੀ ਭਰ ਕੇ ਸ਼ਹਿਰ ਲੈ ਆਉਂਦੇ। ਫਿਰ ਸਾਈਕਲ 'ਤੇ ਚੜ੍ਹ ਕੇ ਕੱਪੜਾ ਵੇਚਿਆ। ਉਜੜ ਕੇ ਆਏ ਸੀ। ਰੋਟੀ ਤਾਂ ਕਿਤੋਂ ਖਾਣੀ ਸੀ? ਕੋਈ ਮੰਗਵੀਂ ਕਿੰਨੇ ਦਿਨ ਦਿੰਦਾ?" ਉਹ ਆਪ ਮੁਹਾਰੇ ਬੋਲੀ ਜਾ ਰਹੀ ਸੀ।

ਬੀਹੀ ਵਿਚ ਸਾਈਕਲ ਦੀ ਚੇਨ ਚੜ੍ਹਾਉਂਦੇ ਮਿਹਰ ਦੇ ਕੰਨਾਂ ਵਿਚ ਇਹ ਬੋਲ ਪਏ। ਮਿਹਰ ਮੁੜ ਕੇ ਪਿੱਛੇ ਵੱਲ ਨਾ ਝਾਕਿਆ। ਉਹ ਸਾਈਕਲ ਦੀ ਕਾਠੀ ਦੇ ਬਰਾਬਰ ਝੁਕ ਕੇ ਤੇਜੀ ਨਾਲ ਤੁਰਨ ਲੱਗਾ। ਸਾਈਕਲ 'ਤੇ ਚੜ੍ਹਨ ਲੱਗੇ ਦਾ ਸਾਈਕਲ ਇਕ ਘਰ ਦੀ ਬੀਹੀ 'ਚ ਬਣੀ ਥੇੜ੍ਹੀ ਨਾਲ ਟਕਰਾ ਹੀ ਚੱਲਿਆ ਸੀ, ਮਸੀਂ ਬਚਿਆ।

ਉਹ ਬਹੁਤ ਹੀ ਤੇਜੀ ਨਾਲ ਪੈਡਲ ਮਾਰ ਰਿਹਾ ਸੀ। ਉਹ ਜਾ ਪਿੰਡ ਨੂੰ ਰਿਹਾ ਸੀ, ਪਰ ਪਿੰਡ ਦਿਸਦਾ ਨਹੀਂ ਸੀ। ਜਾ ਘਰ ਨੂੰ ਰਿਹਾ ਸੀ, ਪਰ ਘਰ ਉਸ ਨੂੰ ਦਿਸਦਾ ਨਹੀਂ ਸੀ। ਉਹ ਆਪਣੀ ਪਤਨੀ ਅਤੇ ਪੁੱਤ ਕੋਲ ਨੂੰ ਜਾ ਰਿਹਾ ਸੀ, ਪਰ ਹੁਣ ਉਹ ਸਾਰੇ ਉਸ ਦੀ ਸਿਮ੍ਰਤੀ 'ਚੋਂ ਮਿਟ ਗਏ ਸਨ। ਉਸ ਦੇ ਸੁੰਨ ਹੋਏ ਦਿਮਾਗ 'ਚ ਭੁਚਾਲ ਆ ਗਿਆ। ਉਹ ਰੇਤਲੇ ਰਾਹ ਦੇ ਟਿਬਿਆਂ ਨੂੰ ਚੀਰਦਾ ਜਾ ਰਿਹਾ ਸੀ। ਉਸ ਨੇ ਨਹਿਰ ਦੇ ਕਿਨਾਰੇ ਲੱਗੇ ਪੰਪ ਕੋਲ ਸਾਈਕਲ ਸੁੱਟ ਦਿੱਤਾ, ਸਟੈਂਡ ਵੀ ਨਾ ਲਾਇਆ। ਉਸ ਦੀ ਪੱਗ ਦਾ ਖੁੱਲ੍ਹਿਆ ਲੜ ਅਗਲੇ ਚੱਕੇ ਦੇ ਗਜਾਂ ਵਿਚ ਫਸ ਗਿਆ। ਲੱਤ ਸਾਈਕਲ ਦੇ ਫਰੇਮ 'ਚ ਫਸ ਗਈ। ਉਹ ਉਲਝ ਕੇ ਡਿੱਗ ਪਿਆ। ਉਸ ਦੇ ਕੰਨਾਂ ਵਿਚ ਮੁੰਡੇ ਦੀ ਦਰਦ ਨਾਲ ਚੀਕਦੇ ਦੀ ਲੇਰ ਸੁਣੀ, ਜਦੋਂ ਉਸ ਦਾ ਪੈਰ ਅਗਲੇ ਚੱਕੇ ਦੇ ਗਜਾਂ 'ਚ ਅੜ੍ਹ ਗਿਆ ਸੀ। ਉਹ ਦੁੱਖ ਨਾਲ ਚੀਕਾਂ ਮਾਰਦੇ ਨੂੰ ਚੁੱਕੀ ਹਸਪਤਾਲ ਵਿਚ ਸਾਰੀ ਰਾਤ ਖੜ੍ਹਾ ਰਿਹਾ।

ਮਿਹਰ ਨੇ ਸਾਈਕਲ ਦੇ ਹੈਂਡਲ ਵਿਚ ਫਸੀ ਪੱਗ ਕੱਢੀ। ਪੰਪ ਤੋਂ ਪਾਣੀ ਦਾ ਘੁੱਟ ਪੀਤਾ। ਅੱਖਾਂ 'ਚ ਪਾਣੀ ਦੇ ਛਿੱਟੇ ਮਾਰੇ। ਸਾਈਕਲ ਚੁੱਕ ਕੇ ਵੇਖਿਆ। ਮੂਹਰਲੀ ਟਿਊਬ ਟਾਇਰ ਨੂੰ ਪਾੜ ਕੇ ਬਾਹਰ ਨਿੱਕਲ ਆਈ ਸੀ। ਕਿਸੇ ਵੀ ਪਲ ਉਸ ਦਾ ਭੜਾਕਾ ਪੈ ਸਕਦਾ ਸੀ। ਉਸ ਨੇ ਬਾਲ ਢਿੱਲਾ ਕਰਕੇ ਥੋੜੀ ਕੁ ਹਵਾ ਬਾਹਰ ਕੱਢੀ। ਉਹ ਸਾਈਕਲ ਰੋੜ੍ਹ ਕੇ ਤੁਰਨ ਲੱਗਾ।

"ਬੜਾ ਵਧੀਆ ਨਿਆਣਾ ਪਾਇਆ। ਨਿਉਲੀ ਜਿੰਦਾ ਈ ਜੜ'ਤਾ, ਪੱਟੂਆ।" ਉਹ ਸਾਈਕਲ ਦੀ ਕਾਠੀ ਨੂੰ ਥਾਪੀ ਦੇਣ ਲੱਗਾ।

"ਵੇਖ ਲਾ ਸਾਲੇ ਨੰਗ ਰੋੜੇ। ਸਾਈਕਲ 'ਤੇ ਡੱਗੀ ਲਾ ਕੇ ਕਿੱਡੀ ਵੱਡੀ ਦੁਕਾਨ ਪਾਈ ਬੈਠੇ ਆ। ਟੱਲੀ ਵਾਂਗ ਖੜਕਦੀ ਆ ਰੋੜੀ।" ਉਸ ਨੂੰ ਪਿੱਛਿਓਂ ਆਉਂਦੀ ਅਵਾਜ਼ ਚੰਗੀ ਲੱਗੀ। "ਸਾਲੇ ਨੰਗ ਰੋੜੇ। ਸਾਈਕਲ 'ਤੇ ਡੱਗੀ ਲਾ ਕੇ ਕਿੱਡੀ ਵੱਡੀ ਹੱਟੀ ਪਾਈ ਬੈਠੇ ਆ ਲੀੜੇ ਦੀ। ਗਾਜਰਾਂ ਵੇਚਦੀ ਸ਼ਾਹਣੀ ਬਣੀ ਬੈਠੀ ਆ ਹੁਣ ਤਾਂ। ਗਾਜਰ ਪਾਕ ਵਰਗੀ ਪਈ ਆ ਅਜੇ ਵੀ।" ਹੁਣ ਉਸ ਨੂੰ ਉਹਦੀ ਆਪਣੇ ਕੰਨਾਂ 'ਚ ਪਈ ਅਵਾਜ਼ ਚੰਗੀ ਲੱਗੀ।

ਰਾਹ ਵਿਚ ਸਕੂਲ ਕੋਲ ਦੀ ਲੰਘਦੇ ਦੇ ਉਸ ਦੇ ਰਾਮ ਚਰਨ ਦਾਸ ਬੁੱਚੜ ਅਧਿਆਪਕ ਚੇਤੇ ਆਇਆ। ਉਸ ਨੂੰ ਯਾਦ ਕਰਕੇ ਉਸ ਨੇ ਸਕੂਲ ਵੱਲ ਮੂੰਹ ਕਰਕੇ ਥੁੱਕਿਆ।

ਸੁਰਜੂ ਦੀ ਭੈਣ ਸੀਤੋ ਵੀ ਉਸ ਨੂੰ ਚੇਤੇ ਆਈ, ਜਿਸ ਨੇ ਉਸ ਨੂੰ ਕਬੱਡੀ ਖੇਡਦੇ ਵੇਖਿਆ ਸੀ ਤੇ ਆਪਣੀ ਸਹੇਲੀ ਨੂੰ ਕਿਹਾ ਸੀ, "ਕੁੜੇ ਪੱਟਾਂ ਵਿਚ ਕਿੰਨਾ ਜ਼ੋਰ ਆ ਟੁੱਟ ਪੈਣੇ ਦੇ।" ਇਹ ਗੱਲ ਉਸ ਨੇ ਆਪ ਸੁਣੀ ਸੀ ਅਤੇ ਸੀਤੋ ਦੇ ਪਿਆਰ ਦਾ ਮਿੰਨਾ ਮਿੰਨਾ ਸੇਕ ਉਸ ਦੀ ਸਿਮ੍ਰਤੀ ਵਿਚ ਵਸ ਗਿਆ ਸੀ। ਇਹ ਸੋਚ ਕੇ ਉਸ ਨੂੰ ਸੁਰਜੂ ਵੀ ਚੰਗਾ ਲੱਗਾ।

ਉਹ ਹਨੇਰੇ ਹੋਏ ਘਰ ਪਹੁੰਚਿਆ। ਤੀਜ ਦਾ ਚੰਨ ਚੜ੍ਹਨ ਨੂੰ ਸੀ। ਸਾਰਾ ਪਰਿਵਾਰ ਉਸ ਨੂੰ ਉਡੀਕ ਰਿਹਾ ਸੀ। ਕਿਸੇ ਨੇ ਵੀ ਬੁਰਕੀ ਮੂੰਹ 'ਚ ਨਹੀਂ ਸੀ ਪਾਈ।

"ਬੜਾ ਕੁਵੇਲਾ ਕਰ'ਤਾ। ਗੰਨ, ਕਿੱਥੇ ਰੱਖ ਆਇਐਂ?" ਘਰ 'ਚ ਪੈਰ ਧਰਦੇ ਨੂੰ ਵੇਖ ਕੇ ਚੰਦ ਕੁਰ ਮੁਸਕਰਾਈ।

ਉਸ ਨੇ ਸਾਈਕਲ ਸਟੈਂਡ 'ਤੇ ਲਾਇਆ। ਪਿੱਛੋਂ ਮੁੰਡੇ ਨੇ ਭੱਜ ਕੇ ਲੱਕ ਦੁਆਲੇ ਬਾਹਾਂ ਵਗਲ ਲਈਆਂ।

"ਬਾਪੂ! ਬਾਪੂ!! ਠੂਹ ਭਾਰੀ ਠੂਹ ਚੁੱਕ'ਲੀ ਸੀ?"

"ਹਾਂ, ਭਾਰੀ ਸੀ। ਸਾਲੀ ਦਾ ਮੂੰਹ ਹੀ ਉਲਟੇ ਪਾਸੇ ਨੂੰ ਹੋ ਗਿਆ ਸੀ! ਹੁਣ ਨ੍ਹੀਂ ਭਾਰੀ ਲੱਗਣੀ।" ਇਹ ਕਹਿੰਦੇ ਉਸ ਨੇ ਮੁੰਡੇ ਨੂੰ ਚੁੱਕ ਕੇ ਹਿੱਕ ਨਾਲ ਲਾ ਲਿਆ।

# ਇੱਕ ਸੀ ਪ੍ਰਿਥੂ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਿਛਲੇ ਹਫਤੇ ਅਸੀਂ ਅਫਲਾਤੂਨ ਉਰਫ ਫਲਾਤੂ ਉਰਫ ਪਲੈਟੋ ਦੀਆਂ ਅੰਗਲੀਆਂ-ਸੰਗਲੀਆਂ ਫਰੋਲਣ ਦਾ ਇਕਰਾਰ ਕੀਤਾ ਸੀ। ਦੱਸਿਆ ਸੀ ਕਿ ਇਸ ਬਹੁਰੂਪੀ ਸ਼ਬਦ ਦੀਆਂ ਜੜ੍ਹਾਂ ਗਰੀਕ ਭਾਸ਼ਾ ਵਿਚ ਹਨ। ਇਹ ਚੌੜਾ ਦੇ ਅਰਥਾਂ ਵਾਲੇ ਇਸ ਭਾਸ਼ਾ ਦੇ ਸ਼ਬਦ Platys ਤੋਂ ਬਣਿਆ ਹੈ। ਇਹ ਭਾਰੋਪੀ ਅਸਲੇ ਦਾ ਹੈ ਅਤੇ ਇਸ ਦਾ ਭਾਰੋਪੀ ਮੂਲ 'Plat' ਮੰਨਿਆ ਗਿਆ ਹੈ, ਜਿਸ ਵਿਚ ਫੈਲਣ ਦੇ ਭਾਵ ਹਨ। ਇਹ ਮੂਲ ਇਕ ਹੋਰ ਮੂਲ 'Pele' ਦੇ ਪਿਛੇ 'T' ਪਿਛੇਤਰ ਲਾ ਕੇ ਬਣਾਇਆ ਗਿਆ ਹੈ। ਅੰਗਰੇਜ਼ੀ ਸਮੇਤ ਅਨੇਕਾਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਇਨ੍ਹਾਂ ਮੂਲਾਂ ਤੋਂ ਬਣੇ ਸ਼ਬਦ ਮਿਲਦੇ ਹਨ। ਫੈਲਾਉ, ਚੌੜਾਪਨ ਦੇ ਭਾਵ ਵਾਲੇ ਕੁਝ ਸ਼ਬਦਾਂ ਵਿਚ ਇਸ ਧਾਤੂ ਨੂੰ ਪ੍ਰਤੀਤ ਕਰਦੇ ਹਾਂ। ਅੰਗਰੇਜ਼ੀ ਫਲੈਟ (Flat) ਵਿਸ਼ੇਸ਼ਣ ਦਾ ਅਰਥ ਹੈ-ਚੌਫਾਲ ਲੇਟਿਆ, ਸਮਤਲ, ਪੱਧਰਾ ਆਦਿ। ਇਸ ਵਿਚ ਫੈਲਣ ਦੇ ਭਾਵ ਸਪਸ਼ਟ ਉਜਾਗਰ ਹੁੰਦੇ ਹਨ। ਸਮਤਲ ਜਾਂ ਪੱਧਰੀ ਚੀਜ਼ ਵਿਚ ਵਕਰ ਜਾਂ ਗੁਲਾਈ ਨਹੀਂ ਹੁੰਦੀ, ਇਸ ਲਈ ਫਲੈਟ ਵਿਚ ਵਲ-ਛਲ ਰਹਿਤ, ਕੋਰਾ, ਸਿੱਧਾ ਦੇ ਅਰਥ ਵੀ ਆ ਗਏ ਹਨ। 'ਫਲੈਟ ਟਾਇਰ' ਮਤਲਬ ਗੁਲਾਈ ਖਤਮ ਹੋ ਗਈ। ਨਾਂਵ ਵਜੋਂ ਫਲੈਟ ਮੰਜ਼ਿਲ ਨੂੰ ਵੀ ਆਖਦੇ ਹਨ, ਜੋ ਇਸ ਦੇ ਪੱਧਰ ਦੇ ਅਰਥਾਂ ਤੋਂ ਵਿਕਸਿਤ ਹੋਏ ਹਨ। ਸੋ, ਫਲੈਟ ਸਤਹ/ਪੱਧਰ ਤੇ ਉਸਰੀ ਇਮਾਰਤ ਹੈ। ਇਥੇ ਇਹ ਦੱਸਣਾ ਬਣਦਾ ਹੈ ਕਿ ਗੈਰ-ਜਰਮੈਨਿਕ ਭਾਸ਼ਾਵਾਂ ਦੀ 'ਪ' ਧੁਨੀ ਦੇ ਟਾਕਰੇ ਜਰਮੈਨਿਕ ਭਾਸ਼ਾਵਾਂ ਵਿਚ 'ਫ' ਧੁਨੀ ਆਉਂਦੀ ਹੈ, ਜਿਵੇਂ ਪਿਦਰ ਜਾਂ ਸਾਡੇ ਪਿਤਾ ਦੀ ਥਾਂ ਅੰਗਰੇਜ਼ੀ ਵਿਚ ਫਾਦਰ।

ਫਲੈਟ ਜਿਹੇ ਹੀ ਅਰਥਾਂ ਵਿਚ ਲਾਤੀਨੀ ਵਲੋਂ ਆਇਆ ਸ਼ਬਦ Plane ਹੈ, ਜੋ Pele ਤੋਂ ਬਣਿਆ ਹੈ। ਲਾਤੀਨੀ Plata ਘੁੰਮਦਾ ਘੁੰਮਾਉਂਦਾ ਅੰਗਰੇਜ਼ੀ ਵਿਚ ਆ ਕੇ Plate ਦਾ ਰੂਪ ਧਾਰ ਗਿਆ। ਪਲੇਟ ਮੁਢਲੇ ਤੌਰ 'ਤੇ ਕੁੱਟ ਕੇ ਚੌੜੀ ਕੀਤੀ ਜਾਂ ਫੈਲਾਈ ਧਾਤ ਨੂੰ ਆਖਦੇ ਹਨ। ਮੱਧਕਾਲੀ ਅੰਗਰੇਜ਼ੀ ਵਿਚ ਇਸ ਦਾ ਅਰਥ ਸਿੱਕਾ ਵੀ ਸੀ। ਸਿੱਕਾ ਚਾਂਦੀ ਦਾ ਹੁੰਦਾ ਸੀ, ਇਸ ਲਈ ਸਪੈਨਿਸ਼ ਵਿਚ ਇਸ ਦੇ ਸਜਾਤੀ Plata ਅਤੇ ਪੁਰਤਗੇਜ਼ੀ Prata ਦਾ ਅਰਥ ਚਾਂਦੀ ਵੀ ਹੋ ਗਿਆ। ਯਾਦ ਰਹੇ, ਸਿੱਕੇ ਵਜੋਂ ਅਤੇ ਸ਼ਬਦ ਵਜੋਂ ਵੀ ਭਾਰਤੀ ਰੁਪਿਆ ਮੁਢਲੇ ਤੌਰ 'ਤੇ ਰੂਪਾ (ਚਾਂਦੀ) ਤੋਂ ਬਣੇ ਹਨ। ਥਾਲੀ ਜਿਹੇ ਅਰਥਾਂ ਵਾਲਾ Platter ਵੀ ਇਥੇ ਢੁਕਦਾ ਹੈ।

ਸਪੇਨੀਆਂ ਨੇ ਜਦ 16ਵੀਂ ਸਦੀ ਦੌਰਾਨ ਦੱਖਣੀ ਅਮਰੀਕਾ ਵਿਚ ਪਲਾਟੀਨਮ ਲੱਭਿਆ ਤਾਂ ਉਨ੍ਹਾਂ ਇਸ ਦਾ ਚਿੱਟਾ ਰੰਗ ਹੋਣ ਕਰਕੇ ਇਸ ਨੂੰ ਘਟੀਆ ਚਾਂਦੀ ਹੀ ਸਮਝਿਆ, ਇਸ ਲਈ ਮਿਲਦਾ-ਜੁਲਦਾ ਸ਼ਬਦ ਪਲੈਟੀਨੋ (ਛੋਟੀ ਚਾਂਦੀ) ਰੱਖਿਆ। ਬਾਅਦ ਵਿਚ ਵਿਗਿਆਨੀਆਂ ਨੇ ਇਸ ਦਾ ਨਾਂ ਬਦਲ ਕੇ ਪਲੈਟੀਨਮ ਕਰ ਦਿੱਤਾ। ਕੇਲੇ ਦੇ ਅਰਥ ਵਾਲੇ Plantain ਦਾ ਨਾਂ ਇਸ ਦੇ ਫੈਲੇ ਹੋਏ ਚੌੜੇ ਪੱਤਿਆਂ ਕਾਰਨ ਪਿਆ। ਇਸ ਦਾ ਲਾਤੀਨੀ ਰੂਪ ਸੀ, Platanus. ਪਠਾਰ ਲਈ ਅੰਗਰੇਜ਼ੀ ਸ਼ਬਦ ਹੈ, Plateau, ਜੋ ਲਾਤੀਨੀ Plattus ਦਾ ਵਿਉਤਪਤ ਰੂਪ ਹੈ। ਪਠਾਰ ਮੇਜਨੁਮਾ ਉਚੀ-ਨੀਵੀਂ ਧਰਤੀ ਹੁੰਦੀ ਹੈ। ਪਲਾਜ਼ਾ ਦੇ ਲਾਤੀਨੀ ਮੂਲ ਵਿਚ ਚੌੜੀ ਗਲੀ, ਚੌਕ, ਚੌਪਾਲ ਦੇ ਭਾਵ ਸਨ। ਸਥਾਨ ਦੇ ਅਰਥਾਂ ਵਾਲੇ Place ਦੀ ਤਾਰ ਲਾਤੀਨੀ Platea ਨਾਲ ਜੁੜਦੀ ਹੈ, ਜਿਸ ਦਾ ਅਰਥ ਮੋਕਲੀ ਜਗ੍ਹਾ, ਚੌਕ, ਵਿਹੜਾ ਆਦਿ ਹੈ। ਜਰਮਨ Fladen ਹੁੰਦਾ ਹੈ, ਪਤਲਾ ਪੋਹਾ ਆਖਦੇ ਹਨ। ਇਸ ਦਾ ਪਹਿਲਾ ਰੂਪ ਵੀ ਪਰਿਥੁਕ ਸੀ, ਜੋ ਪ੍ਰਾਕ੍ਰਿਤ ਵਿਚ ਪਿਹੁਯ ਹੋਇਆ ਤੇ ਹੋਰ ਭਾਸ਼ਾਵਾਂ ਵਿਚ ਅੱਡ ਅੱਡ ਰੂਪ ਧਾਰੇ। ਨਾਂ ਵਜੋਂ ਪੋਹਲੂ ਜਿਹੇ ਸ਼ਬਦ ਦਾ ਅਰਥ ਹੈ-ਭਾਰੀ ਭਰਕਮ, ਚੌੜੇ ਚਕਲੇ ਜਿਸਮ ਵਾਲਾ। ਟਰਨਰ ਨੇ ਫੈਲਣਾ ਸ਼ਬਦ ਨੂੰ ਵੀ ਇਥੇ ਫਿਟ ਕੀਤਾ ਹੈ, ਪਰ ਮੇਰੇ ਲਈ ਇਹ ਸ਼ੱਕੀ ਹੈ।



ਕੇਕ, ਜੋ ਘੱਟ ਉਚਾ ਹੋਣ ਕਾਰਨ ਚੌੜਾ ਜਾਪਦਾ ਹੈ। ਲਾਤੀਨੀ Planta ਹੁੰਦੀ ਹੈ, ਪੈਰ ਦੀ ਤਲੀ ਜਾਂ ਜੁੱਤੀ ਦਾ ਤਲਾ। ਧਿਆਨ ਦਿਓ, ਤਲੀ ਵਿਚ ਵੀ ਤਲ ਦੇ ਭਾਵ ਹਨ।

ਉਕਤ ਸ਼ਬਦਾਂ ਦੇ ਭਾਈਵੰਦ ਸਾਡੀਆਂ ਭਾਸ਼ਾਵਾਂ ਵਿਚ ਵੀ ਹਨ। ਸੰਸਕ੍ਰਿਤ ਦਾ ਧਾਤੂ ਹੈ, 'ਪ੍ਰਥ' ਜਿਸ ਵਿਚ, ਲੰਮਾ-ਚੌੜਾ, ਫੈਲਿਆ ਹੋਇਆ, ਵਿਆਪਕ, ਵਿਸਤ੍ਰਿਤ, ਖੁੱਲ੍ਹਾ-ਡੁੱਲਾ ਦੇ ਭਾਵ ਹਨ। ਸੰਸਕ੍ਰਿਤ ਅਤੇ ਹਿੰਦੀ ਦਾ ਸ਼ਬਦ ਪਰਿਥਕ ਇਸੇ ਤੋਂ ਬਣਿਆ, ਜਿਸ ਦਾ ਅਰਥ ਹੈ-ਵੱਖ, ਅਲੱਗ, ਦੂਰ। ਭੁੰਨ ਕੇ ਚੌੜੇ ਕੀਤੇ ਚੌਲਾਂ ਨੂੰ

ਪੰਜਾਬੀ ਵਿਚ ਸਭ ਤੋਂ ਵੱਧ ਜਾਣਿਆ ਜਾਂਦਾ ਸ਼ਬਦ ਹੈ, ਪ੍ਰਿਥਵੀ। ਪ੍ਰਾਚੀਨ ਲੋਕਾਂ ਨੇ ਇਸ ਨੂੰ ਇਕ ਲੰਮੀ-ਚੌੜੀ, ਦੂਰ-ਦੂਰ ਤੱਕ ਫੈਲੀ ਹੋਈ ਭੋਇੰ ਸਮਝਿਆ। ਗੁਰੂ ਅਰਜਨ ਸਾਹਿਬ ਦਾ ਕਥਨ ਹੈ, 'ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ॥' ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਪਿਰਥਮੀ ਰੂਪ ਵੀ ਆਇਆ ਹੈ, 'ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ॥' (ਭਗਤ ਕਬੀਰ)। ਇਥੇ ਪਿਰਥਮੀ ਤੋਂ ਜਗਤ ਦਾ ਵੀ ਭਾਵ ਹੈ। ਸਵੱਈਆਂ ਵਿਚ ਦੇਖੋ, 'ਛਤ੍ਰ ਸਿੰਘਾਸਨੁ ਪਿਰਥਮੀ ਗੁਰੁ ਅਰਜਨ ਕਉ ਦੇ ਆਇਓ॥' ਭਾਈ ਗੁਰਦਾਸ ਨੇ ਗੁਰੂ ਨਾਨਕ ਲਈ ਅਜਿਹੇ ਸ਼ਬਦ ਵਰਤੇ ਹਨ, 'ਬਾਬੇ ਡਿਠੀ ਪਿਰਥਮੀ ਨਵੈ ਖੰਡ ਜਿਥੈ ਤਕ ਆਹੀ।' ਸੰਸਕ੍ਰਿਤ ਵਿਚ ਇਸ ਤੋਂ ਬਣੇ ਅਨੇਕਾਂ ਸਮਾਸੀ ਸ਼ਬਦ ਮਿਲਦੇ ਹਨ, ਪਰ ਉਹ ਪੰਜਾਬੀ ਤੱਕ ਨਹੀਂ ਪਹੁੰਚੇ। ਕੁਝ ਗਿਣ ਲੈਂਦੇ ਹਾਂ-ਪ੍ਰਿਥਵੀਤਵ, ਪ੍ਰਿਥਵੀਭਾਗ, ਪ੍ਰਿਥਵੀ ਲੋਕ, ਪ੍ਰਿਥਵੀਸ਼ਦ (ਧਰਤੀ 'ਤੇ ਬੈਠਾ), ਪ੍ਰਿਥਵੀਕੰਪ (ਭੁਚਾਲ), ਪ੍ਰਿਥਵੀਪਤੀ ਆਦਿ। ਪ੍ਰਥ ਤੋਂ ਬਣੇ ਪ੍ਰਿਥੁ ਸ਼ਬਦ ਵਿਚ ਚੁੜਿੱਤਣ, ਫੈਲਣ ਦੇ ਭਾਵ ਹਨ। ਪਲੈਟੋ ਦੇ ਨਾਂ ਵਿਚ ਚੌੜੇ ਮੋਢੇ ਵੱਲ ਸੰਕੇਤ ਹੈ ਤਾਂ 'ਨਾਨਕ ਪ੍ਰਕਾਸ਼' ਵਿਚ ਚੌੜੇ ਚਿੱਤੜ ਦੀ ਗੱਲ ਹੈ, "ਪ੍ਰਿਥੁ ਨਿਤੰਬ ਜਿਨ ਕੀ ਛਬਿ ਕੋ ਨਾ।"

ਇਤਿਹਾਸ-ਮਿਥਿਹਾਸ ਵਿਚ ਪ੍ਰਿਥੁ/ਪ੍ਰਿਥੀ/ਪ੍ਰਿਥੂਵੇਨ ਨਾਂ ਦੇ ਰਾਜੇ ਦਾ ਅਨੇਕਾਂ ਪ੍ਰਸੰਗਾਂ ਵਿਚ ਜ਼ਿਕਰ ਆਉਂਦਾ ਹੈ। ਦੇਵਨਾਗਰੀ ਅਨੁਸਾਰ ਇਸ ਨੂੰ 'ਪਰਿਥੁ' ਲਿਖਣਾ ਵਧੇਰੇ ਉਚਿਤ ਹੈ, ਪਰ ਅਸੀਂ ਪ੍ਰਿਥੁ ਹੀ ਲਿਖਾਂਗੇ, ਕਿਉਂਕਿ ਪੰਜਾਬੀ ਵਿਚ ਇਹੋ ਚਲਦਾ ਹੈ। ਰਿਗ ਵੇਦ ਵਿਚ ਵੇਣ ਦੇ ਪੁੱਤਰ ਨੂੰ ਪ੍ਰਿਥੁ ਕਿਹਾ ਗਿਆ ਹੈ, ਜੋ ਇਕ ਮੰਤਰ ਦਾ ਕਰਤਾ ਵੀ ਹੈ। ਸ਼ਤਪਥ ਬ੍ਰਾਹਮਣ ਅਨੁਸਾਰ ਧਰਤੀ ਦਾ ਸਭ ਤੋਂ ਪਹਿਲਾ ਸਮਰਾਟ ਪ੍ਰਿਥੁ ਹੋਇਆ, ਜੋ ਬਿਨਾ ਮਾਂ ਤੋਂ ਜਨਮਿਆ। ਪੁਰਾਣਾਂ ਅਨੁਸਾਰ ਇਸ ਦੇ ਨਾਂ ਤੋਂ ਪ੍ਰਿਥਵੀ ਦਾ ਨਾਂ ਪਿਆ। ਇਸ ਪ੍ਰਸੰਗ ਦਾ ਥੋੜਾ ਬਿਆਨ ਜ਼ਰੂਰੀ ਜਾਪਦਾ ਹੈ।

ਆਦਿ ਕਾਲ ਵਿਚ ਇੱਕ ਅਧਰਮੀ ਰਾਜਾ ਵੇਣ ਹੋਇਆ, ਜੋ ਆਪਣੇ ਆਪ ਨੂੰ ਵਿਸ਼ਨੂੰ ਤੋਂ ਵੀ ਉਪਰ ਸਮਝਦਾ ਸੀ। ਧਰਮ ਕਰਮ ਤੋਂ ਅਣਗਹਿਲੀ ਕਾਰਨ ਧਰਤੀ ਵਿਚ ਕਾਲ ਜਿਹੀ ਸਥਿਤੀ ਪੈਦਾ ਹੋ ਗਈ। ਰਿਸ਼ੀਆਂ ਨੇ ਤੰਗ ਆ ਕੇ ਮੰਤਰ ਪੜ੍ਹਦਿਆਂ ਉਸ ਨੂੰ ਕੁਸ਼ਾ ਨਾਲ ਮਾਰ ਦਿੱਤਾ। ਧਰਤੀ 'ਤੇ ਕੋਈ ਰਾਜਾ ਨਾ ਰਿਹਾ ਤਾਂ ਰਿਸ਼ੀਆਂ ਨੇ ਮਰੇ ਵੇਣ ਦੇ ਪੱਟਾਂ ਨੂੰ ਮਲਣਾ ਸ਼ੁਰੂ ਕੀਤਾ। ਸਿੱਟੇ ਵਜੋਂ ਉਸ ਦੇ ਖੱਬੇ ਪੱਟ ਵਿਚੋਂ ਇਕ ਕਾਲਾ ਬੌਣਾ ਪ੍ਰਗਟ ਹੋਇਆ। ਅਜਿਹਾ ਪੁਰਸ਼ ਰਾਜ-ਭਾਗ ਦੇ ਯੋਗ ਨਹੀਂ ਸੀ, ਇਸ ਲਈ ਉਹ ਵਿੰਧਿਆਚਲ ਦੇ ਜੰਗਲਾਂ ਵਿਚ ਧੱਕ ਦਿੱਤਾ ਗਿਆ। ਉਸ ਤੋਂ ਨਿਸ਼ਾਦ ਜਾਤੀ ਪ੍ਰਗਟ ਹੋਈ।

ਰਿਸ਼ੀਆਂ ਨੇ ਫਿਰ ਵੇਣ ਦਾ ਸੱਜਾ ਹੱਥ ਮਲਿਆ ਤਾਂ ਇਕ ਚਮਕਦਾਰ ਮਨੁੱਖ ਪ੍ਰਗਟ ਹੋਇਆ। ਉਸ ਦੇ ਪੈਰਾਂ ਵਿਚ ਅਰਸ਼ਾਂ ਤੋਂ ਤੀਰ ਕਮਾਨ ਅਤੇ ਕਵਚ ਵਰ੍ਹਾਏ ਗਏ। ਇਹ ਪੁਰਸ਼ ਹੀ ਪ੍ਰਿਥੁ ਰਾਜਾ ਬਣਿਆ। ਉਸ ਦੀ ਤਾਜਪੋਸ਼ੀ 'ਤੇ ਪਹੁੰਚੇ ਬ੍ਰਹਮਾ ਨੇ ਦੇਖਿਆ ਕਿ ਪ੍ਰਿਥੁ ਦੇ ਸੱਜੇ ਹੱਥ 'ਤੇ ਵਿਸ਼ਨੂੰ ਦੇ ਹਥਿਆਰ ਚੱਕਰ ਦਾ ਨਿਸ਼ਾਨ ਹੈ, ਜਿਸ ਦਾ ਮਤਲਬ ਉਹ ਵਿਸ਼ਨੂੰ ਦਾ ਹੀ ਅਵਤਾਰ ਸੀ। ਰਾਜਾ ਬਣਦਿਆਂ ਹੀ ਪ੍ਰਿਥੁ ਨੇ ਆਪਣਾ ਤੀਰ ਕਮਾਨ ਲੈ ਕੇ ਬੰਜਰ ਬਣ ਗਈ ਧਰਤੀ ਦਾ ਪਿਛਾ ਕਰਨਾ ਸ਼ੁਰੂ ਕੀਤਾ। ਧਰਤੀ ਗਾਂ ਦਾ ਰੂਪ ਧਾਰ ਕੇ ਅੱਗੇ ਹੀ ਅੱਗੇ ਜਾਈ ਜਾਵੇ, ਪਰ ਪ੍ਰਿਥੁ ਨੇ ਪਿਛਾ ਨਾ ਛੱਡਿਆ। ਆਖਰ ਗਾਂ ਰੂਪੀ ਧਰਤੀ ਨੇ ਡਾਹ ਦੇ ਦਿੱਤੀ। ਪ੍ਰਿਥੁ ਨੇ ਮਨੂ ਨੂੰ ਵੱਛੇ ਵਜੋਂ ਵਰਤਦਿਆਂ ਉਸ ਵਿਚੋਂ ਸਭ ਨਿਆਮਤਾਂ ਚੋਅ ਲਈਆਂ। ਧਰਤੀ ਫਿਰ ਹਰੀ-ਭਰੀ ਅਤੇ ਦੁਧ-ਦਹੀਂ, ਸ਼ਹਿਦ ਨਾਲ ਭਰਪੂਰ ਹੋ ਗਈ। ਪ੍ਰਿਥੁ ਨੇ ਆਪਣੇ ਤੀਰਾਂ ਨਾਲ ਪਹਾੜਾਂ ਨੂੰ ਵੀ ਪੱਧਰਾ ਕਰ ਦਿੱਤਾ। ਪਿੰਡ, ਸ਼ਹਿਰ ਵਸ ਗਏ, ਵਪਾਰ ਤੇ ਖੇਤੀ ਵੀ ਹੋਣ ਲੱਗ ਗਈ।

ਪੁਰਾਣਾਂ ਅਨੁਸਾਰ ਇਸੇ ਪ੍ਰਿਥੁ ਤੋਂ ਧਰਤੀ ਦਾ ਨਾਂ ਪ੍ਰਿਥਵੀ/ਪਰਿਥਵੀ ਪਿਆ। 'ਦਸਮ ਗ੍ਰੰਥ' ਵਿਚ ਇਕ ਪ੍ਰਿਥੁ ਦੀ ਕਥਾ ਹੈ, ਜੋ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ, 'ਅਥ ਪ੍ਰਿਥੁ ਰਾਜਾ ਕੋ ਰਾਜ ਕਥਨੰ।' ਇਸ ਵਿਚ ਸਾਰੀ ਸ਼ਕੁੰਤਲਾ ਵਾਲੀ ਕਹਾਣੀ ਹੈ। ਪੁਰਾਣਾਂ ਆਦਿ ਵਿਚ ਆਈ ਇਸ ਮਿਥ ਵਿਚ ਬੜਾ ਕੁਝ ਛੁਪਿਆ ਪਿਆ ਹੈ। ਧਰਤੀ ਮਨੁੱਖ ਦੀ ਹਰ ਤਰ੍ਹਾਂ ਦੀ ਪੂਰਤੀ ਕਰਦੀ ਹੈ। ਧਰਤੀ ਤੇ ਗਾਂ ਨੂੰ ਇੱਕ-ਮਿੱਕ ਕਰ ਦਿੱਤਾ ਗਿਆ ਹੈ, ਜੋ ਇੱਕ ਤਰ੍ਹਾਂ ਖੇਤੀ ਦੇ ਧੁਰੇ ਦੀ ਪ੍ਰਤੀਕ ਹੈ। ਰਾਜੇ ਵਿਚ ਆਪਣੇ ਰਾਜ ਖੇਤਰ ਵਿਚ ਵਿਸਥਾਰ ਦੀ ਰੁਚੀ ਹੁੰਦੀ ਹੈ। ਰਾਜੇ ਨੂੰ ਪ੍ਰਿਥੀਸੁਰ/ਪ੍ਰਿਥੀਸ ਕਿਹਾ ਗਿਆ ਹੈ, ਅਰਥਾਤ ਪ੍ਰਿਥਵੀ ਦਾ ਈਸ਼ਵਰੀ ਰਾਜਾ, 'ਪੁਨਿ ਸ੍ਰੀ ਪ੍ਰਿਥਰਾਜ ਪ੍ਰਿਥੀਸ ਭਯੋ ਜਿਨਿ ਬਿਪਨ ਦਾਨ ਦੁਰੰਤ ਦਯੋ।' (ਦਸਮ ਗ੍ਰੰਥ)। ਇਸ ਲਈ ਪ੍ਰਿਥੀਨਾਥ, ਪ੍ਰਿਥੀਪਾਲਕ, ਪ੍ਰਿਥੀਪਤੀ ਜਿਹੇ ਸ਼ਬਦ ਵੀ ਹਨ। ਹਿੰਦੂ ਧਰਮ ਵਿਚ ਗਊ ਨੂੰ ਮਾਤਾ ਸਮਝਣ ਦੇ ਵੀ ਕੁਝ ਸੰਕੇਤ ਮਿਲਦੇ ਹਨ।

ਧਰਮ ਗ੍ਰੰਥਾਂ ਅਨੁਸਾਰ ਕੁਰੂਕਸ਼ੇਤਰ ਕੋਲ ਪਿਹੋਵਾ ਨਾਂ ਦਾ ਨਗਰ ਹੈ ਜਿਸ ਦੇ ਨਾਂ ਦਾ ਸਬੰਧ ਪ੍ਰਿਥੁ ਨਾਲ ਜੁੜਦਾ ਹੈ। ਰਾਜਾ ਪ੍ਰਿਥੁ ਨੇ ਆਪਣੇ ਪਿਤਾ ਦੀ ਮੌਤ ਪਿਛੋਂ ਸਰਸਵਤੀ ਕਿਨਾਰੇ ਵਸੇ ਇਸ ਸਥਾਨ 'ਤੇ ਉਸ ਦੇ ਸ਼ਰਾਧ ਦੀ ਰਸਮ ਨਿਭਾਈ ਸੀ। ਇਸ ਨੂੰ ਪਰਿਥੁਦਕ ਕਿਹਾ ਜਾਂਦਾ ਸੀ, ਜਿਸ ਦਾ ਸ਼ਾਬਦਿਕ ਅਰਥ ਬਣਦਾ ਹੈ, ਪ੍ਰਿਥੂ ਜਲ (ਉਦਕ=ਜਲ), ਅਰਥਾਤ ਇਥੇ ਪਿਰਥੁ ਨੇ ਆਪਣੇ ਪਿਤਾ ਨੂੰ ਜਲ ਦਿੱਤਾ। ਇਹ ਪਰਿਥੁਦਕ ਸ਼ਬਦ ਸਮੇਂ ਨਾਲ ਪਿਹੋਵਾ/ਪੇਹਵਾ ਬਣ ਗਿਆ। ਪਿਰਥੁ ਅਤੇ ਫਿਰ ਪ੍ਰਿਥਵੀ ਸ਼ਬਦਾਂ ਪਿਛੇ ਕਈ ਵਿਅਕਤੀ ਨਾਂ ਰੱਖੇ ਗਏ।

ਚੌਹਾਨ ਵੰਸ਼ ਦਾ ਅੰਤਿਮ ਰਾਜਾ ਸੀ, ਪ੍ਰਿਥਵੀ ਰਾਜ ਚੌਹਾਨ। ਗੁਰੂ ਰਾਮ ਦਾਸ ਦੇ ਵੱਡੇ ਪੁੱਤਰ ਦਾ ਨਾਂ ਪ੍ਰਿਥੀਚੰਦ ਸੀ। ਗੁਰੂ ਨਾਨਕ ਦੇਵ ਦੇ ਇਕ ਸਿੱਖ ਦਾ ਨਾਂ ਪ੍ਰਿਥੀਮੱਲ ਸੀ। ਕੁੰਤੀ ਪੁੱਤਰਾਂ ਨੂੰ ਪਾਰਥ ਕਿਹਾ ਜਾਂਦਾ ਸੀ, ਕਿਉਂਕਿ ਉਸ ਦਾ ਆਪਣਾ ਪਹਿਲਾ ਨਾਂ ਪ੍ਰਿਥ ਸੀ, ਪਾਰਥ=ਪ੍ਰਿਥੁ-ਪੁੱਤਰ। ਪਰ ਇਹ ਨਾਂ ਅਰਜਨ ਲਈ ਰੂੜ੍ਹ ਹੋ ਗਿਆ। 'ਗੁਰੂ ਅਰਜਨ ਪੁਰਖ ਪ੍ਰਮਾਣ ਪਾਰਥਉ ਚਾਲੈ ਨਹੀਂ॥' ਕ੍ਰਿਸ਼ਨ ਨੂੰ ਪਾਰਥਾਸਾਰਥੀ ਕਿਹਾ ਗਿਆ ਹੈ, ਭਾਵ ਅਰਜਨ ਦਾ ਸਾਥੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਕੋ ਮੂਲ ਤੋਂ ਦੋ ਵਿਅਕਤੀਆਂ ਦੇ ਨਾਂ ਰੱਖੇ ਗਏ। ਯੂਨਾਨ ਦਾ ਪਲੈਟੋ ਇਤਿਹਾਸਕ ਪੁਰਖ ਹੈ, ਜਦ ਕਿ ਭਾਰਤ ਦਾ ਪ੍ਰਿਥੁ ਮਿਥਿਹਾਸਕ!

# ਆਸਤਕਤਾ-ਨਾਸਤਕਤਾ

***ਜੋ ਵਿਅਕਤੀ ਜੀਵਨ ਵਿਚ ਵੱਧ ਸ਼ਾਂਤੀ ਅਤੇ ਅਨੰਦ ਚਾਹੁੰਦਾ ਹੈ ਤਾਂ ਉਸ ਨੂੰ ਆਪਣਾ ਰੱਬੀ ਗੁਣਾਂ ਵਾਲਾ ਖਾਤਾ ਵਧਾਉਣਾ ਹੋਵੇਗਾ, ਭਾਵ ਉਸ ਨੂੰ ਵੱਧ ਆਸਤਕ ਬਣਨਾ ਪਵੇਗਾ। ਜਿਉਂ ਜਿਉਂ ਆਸਤਕਤਾ ਵਧਦੀ ਜਾਵੇਗੀ, ਤਿਉਂ ਤਿਉਂ ਜ਼ਿੰਦਗੀ ਦਾ ਅਨੰਦ ਵਧਦਾ ਜਾਵੇਗਾ। ਜੋ ਸੰਪੂਰਨ ਆਸਤਿਕਤਾ ਪ੍ਰਾਪਤ ਕਰ ਲੈਂਦੇ ਹਨ, ਉਨ੍ਹਾਂ ਬਾਰੇ ਹੀ ਕਿਹਾ ਜਾਂਦਾ ਹੈ ਕਿ ਜਿਉਂਦੇ ਜੀਅ ਪਰਮਾਤਮਾ ਵਿਚ ਲੀਨ ਹੋ ਗਏ।***



ਸੁਖਦੇਵ ਸਿੰਘ
ਫੋਨ: 91-94171-91916

ਸਮਾਜ ਦੇ ਲੋਕਾਂ ਨੇ ਆਪਣੇ ਆਪ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ-ਆਸਤਕ ਤੇ ਨਾਸਤਕ। ਵੰਡ ਕਰਨ ਵੇਲੇ ਵਿਅਕਤੀ ਦਾ ਬਾਹਰ ਦਾ ਵਰਤਾਰਾ ਦੇਖਿਆ ਜਾਂਦਾ ਹੈ ਕਿ ਉਹ ਧਰਮ ਅਸਥਾਨਾਂ ਜਿਵੇਂ ਮੰਦਿਰ ਮਸਜਿਦ, ਗੁਰਦੁਆਰੇ ਆਦਿ ਜਾਂਦਾ ਹੈ ਜਾਂ ਨਹੀਂ। ਕੀ ਉਹ ਪੂਜਾ ਪਾਠ ਕਰਦਾ ਹੈ, ਸਿਮਰਨ ਕਰਦਾ ਹੈ, ਮਾਲਾ ਫੇਰਦਾ ਹੈ ਜਾਂ ਨਹੀਂ। ਜਿਸ ਦਾ ਵਰਤਾਰਾ ਹਾਂ ਪੱਖੀ ਹੁੰਦਾ ਹੈ, ਉਸ ਨੂੰ ਆਸਤਕ ਤੇ ਨਾਂਹ ਪੱਖੀ ਵਾਲੇ ਨੂੰ ਸਮਾਜ ਨਾਸਤਕ ਕਹਿਣ ਲੱਗ ਜਾਂਦਾ ਹੈ।

ਹੁਣ ਦੇਖਣਾ ਇਹ ਹੈ ਕਿ ਕੀ ਇਹ ਪੈਮਾਨਾ ਠੀਕ ਹੈ? ਕੀ ਆਸਤਿਕਤਾ ਜਾਂ ਨਾਸਤਿਕਤਾ ਸਿਰਫ ਸਾਡੇ ਬਾਹਰੀ ਵਰਤਾਰੇ ਨਾਲ ਹੀ ਸਬੰਧਤ ਹੈ ਜਾਂ ਇਸ ਵਿਚ ਸਾਡੇ ਅੰਦਰ ਦੀ ਹਾਲਤ ਦਾ ਵੀ ਕੋਈ ਯੋਗਦਾਨ ਹੈ। ਜਦ ਤੱਕ ਅਸੀਂ ਵਿਅਕਤੀ ਦੇ ਅੰਦਰ ਨੂੰ ਨਹੀਂ ਪੜ੍ਹ ਸਕਦੇ ਜਾਂ ਅੰਦਰ ਨੂੰ ਨਹੀਂ ਦੇਖ ਸਕਦੇ ਤਾਂ ਹੋ ਸਕਦਾ ਹੈ ਕਿ ਸਾਡਾ ਫੈਸਲਾ ਗਲਤ ਹੋ ਜਾਵੇ। ਜਰੂਰੀ ਨਹੀਂ ਕਿ ਧਰਮ ਸਥਾਨਾਂ 'ਤੇ ਜਾਣ ਵਾਲਾ ਹਰ ਕੋਈ ਆਸਤਕ ਹੀ ਹੈ ਤੇ ਨਾ ਜਾਣ ਵਾਲਾ ਨਾਸਤਕ। ਬਹੁਤ ਵਾਰ ਧਰਮ ਕ੍ਰਿਆ (ਕਰਮਕਾਂਡ) ਕਰਦੇ ਰਹਿਣ ਵਾਲਾ ਵੀ ਨਾਸਤਕ ਹੋ ਸਕਦਾ ਹੈ ਤੇ ਅਜਿਹਾ ਦਿਖਾਵਾ ਨਾ ਕਰਨ ਵਾਲਾ ਵੀ ਆਸਤਕ ਹੋ ਸਕਦਾ ਹੈ।

'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਕਹਿੰਦੇ ਹਨ, "ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥" ਭਾਵ ਸਰੀਰਕ ਕ੍ਰਿਆ ਨਾਲ ਹੀ ਨਹੀਂ ਸਰਨਾ, ਮਨ ਅਤੇ ਆਤਮਾ ਨੂੰ ਵੀ ਪਵਿੱਤਰ ਰੂਪ ਵਿਚ ਉਸ ਕ੍ਰਿਆ ਵਿਚ ਸ਼ਾਮਲ ਕਰਨਾ ਹੋਵੇਗਾ ਤਾਂ ਹੀ ਸਾਡੀ ਕੋਸ਼ਿਸ਼ ਸਫਲ ਹੋ ਸਕੇਗੀ। ਅਸਲ ਵਿਚ ਆਸਤਕ ਤੇ ਨਾਸਤਕ ਦੀ ਚੋਣ ਦਾ ਇਹੋ ਪੈਮਾਨਾ ਹੀ ਸਹੀ ਹੈ।

ਇਸ ਮਾਮਲੇ ਵਿਚ ਨਾ ਤਾਂ ਸਾਰੇ ਦਾ ਸਾਰਾ ਕੋਈ ਆਸਤਕ ਹੈ ਤੇ ਨਾ ਹੀ ਸਾਰੇ ਦਾ ਸਾਰਾ ਕੋਈ ਨਾਸਤਕ ਹੈ। ਰੱਬੀ ਗੁਣ ਧਾਰਨ ਕਰਨ ਵਾਲਾ ਤੇ ਉਸ 'ਤੇ ਪਹਿਰਾ ਦੇਣ ਵਾਲਾ ਆਸਤਕ ਹੁੰਦਾ ਹੈ ਅਤੇ ਇਹ ਗੁਣ ਅੱਖੋਂ ਪਰੋਖੇ ਕਰਕੇ ਜੀਵਨ ਜਿਉਣ ਵਾਲਾ ਨਾਸਤਕ ਕਹਾਉਂਦਾ ਹੈ। ਇਨ੍ਹਾਂ ਦੋਹਾਂ ਰਸਤਿਆਂ ਵਿਚੋਂ ਇੱਕ ਨੂੰ ਪਕੜਨਾ ਤੇ ਦੂਜੇ ਨੂੰ ਛੱਡ ਦੇਣਾ ਅਸੰਭਵ ਹੈ, ਇਸੇ ਲਈ ਸਮਾਜ ਵਿਚ ਆਮ ਜੀਵਨ ਜਿਉਣ ਵਾਲਾ ਨਾ ਹੀ ਪੂਰਾ ਆਸਤਕ ਹੈ ਤੇ ਨਾ ਹੀ ਪੂਰਾ ਨਾਸਤਕ। ਸਾਡੇ ਵਿਚੋਂ ਬਹੁਤੇ ਇਸੇ ਹੀ ਵਰਗ ਵਿਚ ਆਉਂਦੇ ਹਨ। ਜੇ ਅਸੀਂ ਅੱਧੇ ਆਸਤਕ ਤੇ ਅੱਧੇ ਨਾਸਤਕ ਹਾਂ ਤਾਂ ਸਾਡਾ ਜੀਵਨ ਚਲੇਗਾ।

ਜੋ ਵਿਅਕਤੀ ਜੀਵਨ ਵਿਚ ਵੱਧ ਸ਼ਾਂਤੀ ਅਤੇ ਅਨੰਦ ਚਾਹੁੰਦਾ ਹੈ ਤਾਂ ਉਸ ਨੂੰ ਆਪਣਾ ਰੱਬੀ ਗੁਣਾਂ ਵਾਲਾ ਖਾਤਾ ਵਧਾਉਣਾ ਹੋਵੇਗਾ, ਭਾਵ ਉਸ ਨੂੰ ਵੱਧ ਆਸਤਕ ਬਣਨਾ ਪਵੇਗਾ। ਜਿਉਂ ਜਿਉਂ ਆਸਤਕਤਾ ਵਧਦੀ ਜਾਵੇਗੀ, ਤਿਉਂ ਤਿਉਂ ਜ਼ਿੰਦਗੀ ਦਾ ਅਨੰਦ ਵਧਦਾ ਜਾਵੇਗਾ। ਜੋ ਸੰਪੂਰਨ ਆਸਤਿਕਤਾ ਪ੍ਰਾਪਤ ਕਰ ਲੈਂਦੇ ਹਨ, ਉਨ੍ਹਾਂ ਬਾਰੇ ਹੀ ਕਿਹਾ ਜਾਂਦਾ ਹੈ ਕਿ ਜਿਉਂਦੇ ਜੀਅ ਪਰਮਾਤਮਾ ਵਿਚ ਲੀਨ ਹੋ ਗਏ। ਲੀਨ ਹੋਣ ਦਾ ਭਾਵ ਇਹ ਨਹੀਂ ਕਿ ਉਸ ਦੀ ਆਪਣੀ ਹੋਂਦ ਹੀ ਨਹੀਂ ਰਹੀ। ਉਸ ਵਿਚ ਪਰਮਾਤਮਾ ਵਾਲੇ ਗੁਣ ਆ ਜਾਂਦੇ ਹਨ। ਉਹ ਹੁਣ ਲੋਕਾਂ ਨਾਲ ਕਿਸੇ ਤਰ੍ਹਾਂ ਦਾ ਵਿਤਕਰਾ, ਬੇਇਨਸਾਫੀ, ਧੋਖਾ ਨਹੀਂ ਕਰਦਾ, ਸਗੋਂ ਸਭ ਨਾਲ ਪਿਆਰ ਤੇ ਹਮਦਰਦੀ ਕਰਦਾ ਹੈ। ਨਿਮਰਤਾ ਨਾਲ ਪੇਸ਼ ਆਉਂਦਾ ਹੈ। ਹਰ ਲੋੜਵੰਦ ਦੀ ਮਦਦ ਕਰਨ ਦੀ ਉਸ ਦੀ ਇੱਛਾ ਰਹਿੰਦੀ ਹੈ।

ਹੁਣ ਆਸਤਕ ਤੇ ਨਾਸਤਕ ਦੀ ਅੰਦਰੂਨੀ ਪਰਖ ਕਰਨ ਲਈ ਵਿਚਾਰ ਕਰਾਂਗੇ। ਸਾਡੇ ਅੰਦਰ ਜੋ ਵਿਚਾਰ ਉਠਦੇ ਹਨ, ਉਨ੍ਹਾਂ ਅਨੁਸਾਰ ਜੋ ਵੀ ਸਰੀਰਕ ਕ੍ਰਿਆ ਕਰਦੇ ਹਾਂ, ਉਨ੍ਹਾਂ ਅਨੁਸਾਰ ਹੀ ਸਾਡਾ ਸਰੀਰ ਕੈਮੀਕਲ ਹਾਰਮੋਨ ਬਣਾਉਂਦਾ ਹੈ। ਜਿਸ ਸੋਚ ਜਾਂ ਕ੍ਰਿਆ ਨਾਲ ਸਾਡੇ ਹਾਰਮੋਨ ਨਹੀਂ ਬਦਲਦੇ, ਉਸ ਨੂੰ ਹੀ ਕਰਮਕਾਂਡ ਕਿਹਾ ਗਿਆ ਹੈ। ਜੇ ਸਾਡੇ ਹਾਰਮੋਨ ਸਾਕਾਰਾਤਮਕ ਹਨ ਤਾਂ ਸਾਡਾ ਲੋਕਾਂ ਪ੍ਰਤੀ ਵਰਤਾਓ 'ਹਾਂ ਪੱਖੀ' ਹੋ ਜਾਵੇਗਾ। ਉਨ੍ਹਾਂ ਨਾਲ ਪਿਆਰ ਜਾਗ ਪਵੇਗਾ। ਸਾਨੂੰ ਲੋਕ ਚੰਗੇ ਲੱਗਣਗੇ ਅਤੇ ਅਸੀਂ ਲੋਕਾਂ ਨੂੰ ਚੰਗੇ ਲੱਗਣ ਲੱਗ ਜਾਵਾਂਗੇ, ਜਿਸ ਨਾਲ ਜੀਵਨ ਖੁਸ਼ੀ ਅਤੇ ਅਨੰਦ ਨਾਲ ਭਰਪੂਰ ਮਹਿਸੂਸ ਹੋਵੇਗਾ, ਜੋ ਸਾਡੇ ਸਭ ਦੀ ਦਿਲੀ ਇੱਛਾ ਹੈ ਤੇ ਲੋਕ ਸਾਨੂੰ ਆਸਤਕ ਸਮਝਣ ਲੱਗ ਜਾਣਗੇ।

ਇਸ ਦੇ ਉਲਟ ਜੇ ਸਾਡੇ ਹਾਰਮੋਨ ਨਾਕਾਰਾਤਮਕ ਬਣਨਗੇ ਤਾਂ ਸਾਡਾ ਜੀਵਨ ਬੇਚੈਨ ਤੇ ਅਸ਼ਾਂਤ ਹੋਵੇਗਾ ਅਤੇ ਅਸੀਂ ਹਰ ਇੱਕ ਨਾਲ ਮੰਦਾ ਜਾਂ ਭੈੜਾ ਵਰਤਾਓ ਕਰਾਂਗੇ। ਲੋਕਾਂ ਦੀ ਹਮਦਰਦੀ ਤੇ ਪਿਆਰ ਗੁਆ ਬੈਠਾਂਗੇ। ਹਰ ਕੋਈ ਸਾਥੋਂ ਦੂਰ ਰਹਿਣਾ ਪਸੰਦ ਕਰੇਗਾ। ਲੋਕ ਸਾਨੂੰ ਨਾਸਤਕ ਕਹਿਣ ਲੱਗ ਜਾਣਗੇ।

ਜੀਵਨ ਸ਼ਾਂਤੀ ਨਾਲ ਅਤੇ ਖੁਸ਼ ਖੁਸ਼ ਬਿਤਾਉਣਾ ਹੈ ਜਾਂ ਜੀਵਨ ਵਿਚ ਲੋਕਾਂ ਨਾਲ ਝਗੜੇ ਛੇੜਦੇ ਹੋਏ ਜੀਣਾ ਹੈ, ਇਹ ਸਾਡੇ ਆਪਣੇ ਹੱਥ ਹੈ। ਲੋਕਾਂ ਦੀ ਨਿਗ੍ਹਾ ਵਿਚ ਆਸਤਕ ਬਣਨਾ ਹੈ ਜਾਂ ਨਾਸਤਕ, ਚੋਣ ਸਾਡੇ ਆਪਣੇ ਹੱਥ ਹੈ। ਇਹ ਸਿਰਫ ਫੈਸਲਾ ਲੈ ਲੈਣ ਨਾਲ ਹੀ ਨਹੀਂ ਹੋ ਜਾਣਾ, ਇਸ ਲਈ ਲੋੜੀਂਦੀ ਸੋਚ ਅਤੇ ਨਿਰਮਲ ਵਰਤਾਰੇ ਦੀ ਵੀ ਲੋੜ ਹੈ। ਇਸ ਸੋਚ 'ਤੇ ਪਹਿਰਾ ਦੇਣਾ ਹੋਵੇਗਾ। ਸਾਕਾਰਾਤਮਕ ਵਿਚਾਰਾਂ ਨਾਲ ਸਾਨੂੰ ਸਭ ਨੂੰ ਹਰ ਵਕਤ ਪ੍ਰਗਤੀਸ਼ੀਲ ਰਹਿਣਾ ਹੋਵੇਗਾ। ਇੱਕ ਵਾਰ ਜਦ ਇਸ ਰਾਸਤੇ 'ਤੇ ਚਲਣਾ ਸ਼ੁਰੂ ਹੋ ਗਿਆ ਤਾਂ ਅਸੀਂ ਹਰ ਵਕਤ ਭਰੇ ਭਰੇ ਅਤੇ ਤ੍ਰਿਪਤ ਮਹਿਸੂਸ ਕਰਾਂਗੇ।

# ਮਨੋਰੰਜਨ ਭਰਪੂਰ ਕਾਮੇਡੀ ਦਾ ਨਵਾਂ ਖਜਾਨਾ 'ਨਿੱਕਾ ਜ਼ੈਲਦਾਰ-3'





ਸਿਮਰਜੀਤ ਪੰਜਾਬੀ ਸਿਨਮੇ ਦਾ ਇੱਕ ਜਾਣਿਆ-ਪਛਾਣਿਆ ਨਿਰਦੇਸ਼ਕ ਹੈ, ਜਿਸ ਨੇ ਫਿਲਮ 'ਅੰਗਰੇਜ਼' ਦੀ ਪ੍ਰਸਿੱਧੀ ਪਿਛੋਂ 'ਨਿੱਕਾ ਜੈਲਦਾਰ' ਲੜੀ ਦੀਆਂ ਸੁਪਰਹਿੱਟ ਫਿਲਮਾਂ ਦਾ ਨਿਰਮਾਣ ਕੀਤਾ। ਉਹ ਇਨ੍ਹੀਂ ਦਿਨੀਂ ਇਸੇ ਲੜੀ ਦੀ ਅਗਲੀ ਫਿਲਮ 'ਨਿੱਕਾ ਜ਼ੈਲਦਾਰ-3' ਲੈ



ਕੇ ਆ ਰਿਹਾ ਹੈ।

ਪਟਿਆਲਾ ਮੋਸ਼ਨ ਪਿਕਚਰਜ਼ ਅਤੇ ਵਾਇਓਕੋਮ 18 ਸਟੂਡੀਓ ਦੇ ਬੈਨਰ ਹੇਠ ਇਸ ਫਿਲਮ ਦੀ ਕਹਾਣੀ, ਸਕਰੀਨ ਪਲੇਅ ਅਤੇ ਡਾਇਲਾਗ ਜਗਦੀਪ ਸਿੱਧੂ ਤੇ ਗੁਰਪ੍ਰੀਤ ਸਿੰਘ ਪਲਹੇੜੀ ਨੇ ਲਿਖੇ ਹਨ। ਬੀਤੇ ਦਿਨੀਂ ਰਿਲੀਜ਼ ਹੋਏ ਟਰੇਲਰ ਨੂੰ ਦਰਸ਼ਕਾਂ ਦਾ ਬੇਹੱਦ ਪਿਆਰ ਮਿਲ ਰਿਹਾ ਹੈ। ਫਿਲਮ ਵਿਚ ਨਵੇਂ ਵਿਸ਼ੇ ਦੀ ਤਾਜ਼ਗੀ ਭਰੀ ਕਾਮੇਡੀ ਦੇ ਨਾਲ ਨਾਲ ਵਹਿਮਾਂ-ਭਰਮਾਂ ਦੇ ਚੱਕਰਾਂ ਤੋਂ ਦੂਰ ਰਹਿਣ ਦਾ ਸਮਾਜਿਕ ਸੁਨੇਹਾ ਵੀ ਹੈ।

ਐਮੀ ਵਿਰਕ ਦੇ ਕਿਰਦਾਰ ਦੀ ਗੱਲ ਕਰੀਏ ਤਾਂ ਇਸ ਫਿਲਮ ਵਿਚ ਵੀ 'ਨਿੱਕਾ' ਦੋ ਪਿਆਰਾਂ ਦੇ ਚੱਕਰ ਵਿਚ ਹੈ। ਐਮੀ ਵਿਰਕ ਦੀ ਜੋੜੀ ਵਾਮਿਕਾ ਗੱਬੀ ਨਾਲ ਹੈ, ਜੋ ਆਪਣੇ ਪਿਆਰ ਨੂੰ ਪਾਉਣ ਲਈ ਆਪਣੇ 'ਚ ਦਾਦੇ ਦੀ ਆਤਮਾ ਆਉਣ ਦਾ ਡਰਾਮਾ ਕਰਦਾ ਹੈ। ਇਹ ਡਰਾਮਾ ਸਾਰੇ ਟੱਬਰ ਨੂੰ ਮੁਸੀਬਤ ਵਿਚ ਪਾ ਦਿੰਦਾ ਹੈ, ਜਿਸ ਤੋਂ ਛੁਟਕਾਰਾ ਪਾਉਣ ਲਈ ਪਰਿਵਾਰ ਵਾਲੇ ਉਸ ਨੂੰ ਸੰਗਲ ਪਾ ਕੇ ਰੱਖਦੇ ਹਨ। ਉਸ ਨੂੰ ਝਾੜ ਫੂਕ ਵਾਲੇ ਸੰਤਾਂ, ਪਖੰਡੀਆਂ ਦੇ ਡੇਰੇ ਲੈ ਕੇ ਜਾਂਦੇ ਹਨ ਅਤੇ ਅਖੀਰ ਜਦ ਕੋਈ ਸਿਆਣਾ ਕਹਿੰਦਾ ਹੈ ਕਿ ਇਸ ਦਾ ਵਿਆਹ ਕਰ ਦਿਓ ਤਾਂ ਉਸ ਦਾ ਆਪਣੀ ਵਿਧਵਾ ਦਾਦੀ ਨਾਲ ਵਿਆਹ ਕਰਨ ਦਾ ਅਡੰਬਰ ਰਚਿਆ ਜਾਂਦਾ ਹੈ। ਕੀ ਉਸ ਦਾ ਆਪਣੀ ਦਾਦੀ ਨਾਲ ਸੱਚਮੁਚ ਵਿਆਹ ਹੁੰਦਾ ਹੈ ਜਾਂ ਫਿਰ ਆਪਣੀ ਪ੍ਰੇਮਿਕਾ ਪਾਲੋ ਨਾਲ? ਇਹ ਇੱਕ ਦਿਲਚਸਪ ਕਿੱਸਾ ਹੈ, ਜੋ 20 ਸਤੰਬਰ ਨੂੰ ਸਿਨੇਮੇ ਘਰ ਦੇ ਪਰਦੇ 'ਤੇ ਦੇਖ ਕੇ ਹੀ ਮਜ਼ਾ ਦੇਵੇਗਾ।

ਫਿਲਮ ਰਾਹੀਂ ਦਰਸ਼ਕ ਵਾਮਿਕਾ ਗੱਬੀ ਅਤੇ ਐਮੀ ਵਿਰਕ ਦੀ ਜੋੜੀ ਨੂੰ ਇੱਕ ਵਾਰ ਫਿਰ ਰੁਮਾਂਟਿਕ ਕਿਰਦਾਰਾਂ ਵਿਚ ਦੇਖਣਗੇ। ਇਸ ਤੋਂ ਇਲਾਵਾ ਸੋਨੀਆ ਕੌਰ, ਨਿਰਮਲ ਰਿਸ਼ੀ, ਸਰਦਾਰ ਸੋਹੀ, ਗੁਰਮੀਤ ਸਾਜਨ, ਗੁਰਪ੍ਰੀਤ ਕੌਰ ਭੰਗੂ, ਪਰਮਿੰਦਰ ਕੌਰ ਗਿੱਲ, ਨਿਸ਼ਾ ਬਾਨੋ, ਸੁਖਵਿੰਦਰ ਚਹਿਲ, ਹਰਦੀਪ ਗਿੱਲ, ਜਗਦੀਪ ਰੰਧਾਵਾ, ਬਨਿੰਦਰ ਬਨੀ ਅਤੇ ਦਿਲਾਵਰ ਸਿੱਧੂ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਗੀਤ-ਸੰਗੀਤ ਵੀ ਮਨਮੋਹਕ ਅਤੇ ਕਹਾਣੀ ਮੁਤਾਬਕ ਹੈ। ਨਿਰਮਾਤਾ ਅਮਨੀਤ ਸ਼ੇਰ ਸਿੰਘ, ਰਮਨੀਤ ਸ਼ੇਰ ਸਿੰਘ ਅਤੇ ਵਾਈਕੋਮ 18 ਸਟੂਡੀਓ ਹਨ।

***-ਸੁਰਜੀਤ ਜੱਸਲ***
***ਫੋਨ: 91-98146-07737***

# ਮਨੋਰੰਜਨ ਦੇ ਨਾਲ ਨਾਲ ਪੰਜਾਬ ਦਾ ਗੰਭੀਰ ਮੁੱਦਾ ਵੀ ਦਿਖਾਏਗੀ 'ਦੂਰਬੀਨ'





ਹਾਲ ਹੀ ਵਿਚ ਇਸ ਫਿਲਮ 'ਦੂਰਬੀਨ' ਦਾ ਟੀਜ਼ਰ ਰਿਲੀਜ਼ ਕੀਤਾ ਗਿਆ ਹੈ, ਜਿਸ ਨੇ ਦਰਸ਼ਕਾਂ ਵਿਚ ਫਿਲਮ ਪ੍ਰਤੀ ਹੋਰ ਉਤਸ਼ਾਹ ਵਧਾ ਦਿੱਤਾ ਹੈ। 27 ਸਤੰਬਰ ਨੂੰ ਰਿਲੀਜ਼ ਹੋਣ ਵਾਲੀ ਇਸ ਫਿਲਮ ਦੀ ਚਰਚਾ ਦਾ ਕਾਰਨ ਇਕ ਤਾਂ ਇਸ ਦਾ ਆਮ ਫਿਲਮਾਂ ਨਾਲੋਂ ਬਿਲਕੁਲ ਵੱਖਰਾ ਹੋਣਾ ਹੈ ਅਤੇ ਦੂਜਾ ਇਹ ਕਿ ਇਸ ਵਿਚ ਪੰਜਾਬੀ ਫਿਲਮ ਇੰਡਸਟਰੀ ਦੇ ਦੋ ਦਰਜਨ ਤੋਂ ਵੱਧ ਚਰਚਿਤ ਕਲਾਕਾਰਾਂ ਨੇ ਕੰਮ ਕੀਤਾ ਹੈ। ਦਰਸ਼ਕਾਂ ਦਾ ਮਨੋਰੰਜਨ ਕਰਨ ਦੇ ਨਾਲ ਨਾਲ ਇਹ ਫਿਲਮ ਇਕ ਗੰਭੀਰ ਸਮਾਜਕ ਮੁੱਦੇ ਤੋਂ ਵੀ ਪਰਦਾ ਚੁੱਕੇਗੀ।

'ਆਜ਼ਾਦ ਪਰਿੰਦੇ ਫਿਲਮਜ਼' ਵੱਲੋਂ ਬਣਾਈ ਗਈ ਨਿਰਮਾਤਾ ਜੁਗਰਾਜ ਬੱਲ, ਸੁਖਰਾਜ ਰੰਧਾਵਾ ਅਤੇ ਯਾਦਵਿੰਦਰ ਵਿਰਕ ਦੀ ਇਸ ਫਿਲਮ ਦੀ ਕਹਾਣੀ 'ਭਲਵਾਨ ਸਿੰਘ' ਅਤੇ 'ਪ੍ਰਾਹੁਣਾ' ਵਰਗੀਆਂ ਹਿੱਟ ਫਿਲਮਾਂ ਲਿਖ ਚੁਕੇ ਨਿਰਦੇਸ਼ਕ ਸੁਖਰਾਜ ਸਿੰਘ ਨੇ ਲਿਖੀ ਹੈ। ਫਿਲਮ ਵਿਚ ਪੰਜਾਬੀ ਗਾਇਕ ਨਿੰਜਾ, ਜੱਸ ਬਾਜਵਾ, ਵਾਮਿਕਾ ਗੱਬੀ ਅਤੇ ਜੈਸਮੀਨ ਬਾਜਵਾ ਮੁੱਖ ਭੂਮਿਕਾ ਵਿਚ ਹਨ। ਬਾਕੀ ਕਲਾਕਾਰਾਂ ਵਿਚ ਯੋਗਰਾਜ ਸਿੰਘ, ਕਰਮਜੀਤ ਅਨਮੋਲ, ਪ੍ਰਕਾਸ਼ ਗਾਧੂ, ਹਾਰਬੀ ਸੰਘਾ, ਗੁਰਮੀਤ ਸਾਜਨ, ਹੌਬੀ ਧਾਲੀਵਾਲ, ਗੁਰਿੰਦਰ ਮਕਨਾ, ਰਣਦੀਪ ਭੰਗੂ, ਰੁਪਿੰਦਰ ਕੌਰ ਰੂਪੀ ਸਮੇਤ ਕਈ ਹੋਰ ਚਿਹਰੇ ਸ਼ਾਮਲ ਹਨ।

ਫਿਲਮ ਕਾਮੇਡੀ, ਰੁਮਾਂਸ ਅਤੇ ਡਰਾਮੇ ਦਾ ਮਿਸ਼ਰਣ ਹੈ, ਜੋ ਹਰ ਵਰਗ ਦੇ ਦਰਸ਼ਕਾਂ ਦਾ ਮਨੋਰੰਜਨ ਕਰੇਗੀ। ਇਹ ਇਕ ਅਜਿਹੇ ਪਿੰਡ ਦੀ ਕਹਾਣੀ ਹੈ, ਜਿਸ ਵਿਚ ਕੁਝ ਲੋਕ ਨਾਜਾਇਜ਼ ਸ਼ਰਾਬ ਵੇਚਦੇ ਹਨ, ਜਿਨ੍ਹਾਂ ਦੀ ਗ੍ਰਿਫਤਾਰੀ ਲਈ ਪੁਲਿਸ ਨੂੰ ਵਾਰ ਵਾਰ ਪਿੰਡ ਵਿਚ ਛਾਪਾ ਮਾਰਨਾ ਪੈਂਦਾ ਹੈ। ਪਿੰਡ ਵਿਚ ਬਹੁਤ ਸਾਰੇ ਲੋਕ ਵੀ ਇਸ ਗੱਲ ਦੇ ਖਿਲਾਫ ਹਨ। ਦਰਅਸਲ ਇਹ ਫਿਲਮ ਇਕ ਪਿੰਡ, ਪਿੰਡ ਦੇ ਲੋਕਾਂ, ਪੇਂਡੂ ਸੱਭਿਆਚਾਰ ਅਤੇ ਆਪਸੀ ਮੇਲ ਜੋਲ ਦੀ ਕਹਾਣੀ ਹੈ। ਫਿਲਮ ਵਿਚਲਾ ਪਿੰਡ ਪੰਜਾਬ ਦੇ ਪਿੰਡਾਂ ਦੀ ਗੱਲ ਕਰੇਗਾ। ਗਾਇਕ ਜੱਸ ਬਾਜਵਾ ਦੀ ਬਤੌਰ ਹੀਰੋ ਇਹ ਪਹਿਲੀ ਫਿਲਮ ਹੈ।

ਹਿੰਦੀ ਫਿਲਮਾਂ ਅਤੇ ਵੈਬ ਸੀਰੀਜ਼ ਜ਼ਰੀਏ ਮਸ਼ਹੂਰ ਹੋਈ ਪੰਜਾਬੀ ਮੁਟਿਆਰ ਜੈਸਮੀਨ ਬਾਜਵਾ ਦੀ ਵੀ ਇਹ ਪਹਿਲੀ ਪੰਜਾਬੀ ਫਿਲਮ ਹੈ। ਫਿਲਮ ਵਿਚ ਦੋ ਅਜਿਹੀਆਂ ਮਨਮੋਹਕ ਪ੍ਰੇਮ ਕਹਾਣੀਆਂ ਵੀ ਹਨ, ਜੋ ਸਭਨਾਂ ਦਾ ਦਿਲ ਜਿੱਤਣਗੀਆਂ। ਚੰਡੀਗੜ੍ਹ ਅਤੇ ਪੰਜਾਬ ਦੇ ਨੇੜਲੇ ਇਲਾਕਿਆਂ ਵਿਚ ਬਣੀ ਇਸ ਫਿਲਮ ਦਾ ਸੰਗੀਤ ਗੈਗਜ਼ ਸਟੂਡੀਓ, ਗੋਲਡ ਬੁਆਏ ਅਤੇ ਡੀ. ਜੇ. ਫਲੋਅ ਨੇ ਬਣਾਇਆ ਹੈ। ਫਿਲਮ ਦੇ ਗੀਤ ਹੈਪੀ ਰਾਏਕੋਟੀ, ਵੀਤ ਬਲਜੀਤ, ਜੱਸੀ ਲੋਕਾ ਅਤੇ ਮਨਜਿੰਦਰ ਬਰਾੜ ਨੇ ਲਿਖੇ ਹਨ ਤੇ ਆਵਾਜ਼ ਨਿੰਜਾ, ਜੱਸ ਬਾਜਵਾ, ਡੀ. ਜੇ. ਫਲੋਅ ਤੇ ਗੁਰਲੇਜ ਅਖਤਰ ਨੇ ਦਿੱਤੀ ਹੈ।

***-ਬਲਜਿੰਦਰ ਉਪਲ***
***ਫੋਨ: 91-99141-89080***

# ਰਿਸ਼ਤਿਆਂ ਦੀ ਭਾਵਪੂਰਵਕ ਕਹਾਣੀ ਹੈ, ਫਿਲਮ 'ਸਾਕ'

ਮੈਂਡੀ ਤੱਖਰ ਪੰਜਾਬੀ ਪਰਦੇ ਦੀ ਇੱਕ ਸਰਗਰਮ ਅਦਾਕਾਰਾ ਹੈ। ਉਹ ਭਾਵੇਂ ਵਿਦੇਸ਼ਾਂ ਵਾਲੇ ਪੰਜਾਬੀ ਮਾਹੌਲ 'ਚ ਪਲ ਕੇ ਜਵਾਨ ਹੋਈ ਹੈ, ਪਰ ਪੰਜਾਬ ਅਤੇ ਪੰਜਾਬੀਅਤ ਦਾ ਰੰਗ ਉਸ ਦੇ ਹੁਸਨ ਤੇ ਅਦਾਵਾਂ 'ਚੋਂ ਡੁੱਲ੍ਹ ਡੁੱਲ੍ਹ ਪੈਂਦਾ ਹੈ। ਉਹ ਆਪਣੇ ਮਾਤਾ-ਪਿਤਾ ਤੋਂ ਮਿਲੇ ਪੰਜਾਬੀ ਵਿਰਸੇ ਨਾਲ ਜੁੜੀ ਹੋਈ ਹੈ। ਐਕਟਰ ਬਣਨ ਦਾ ਸੁਪਨਾ ਉਸ ਨੇ ਸਕੂਲ-ਕਾਲਜ ਪੜ੍ਹਦਿਆਂ ਹੀ ਲੈ ਲਿਆ ਸੀ, ਜਿਸ ਨੂੰ ਪੂਰਾ ਕਰਨ ਲਈ ਉਸ ਨੇ ਬਾਲੀਵੁੱਡ ਖੇਤਰ ਵੱਲ ਕਦਮ ਵਧਾਇਆ, ਪਰ ਉਸ ਨੂੰ ਅਸਲ ਪਛਾਣ ਪੰਜਾਬੀ ਸਿਨਮੇ ਨੇ ਹੀ ਦਿੱਤੀ।

ਬੱਬੂ ਮਾਨ ਦੀ ਫਿਲਮ 'ਏਕਮ' ਨਾਲ ਪੰਜਾਬੀ ਪਰਦੇ 'ਤੇ ਦਸਤਕ ਦੇਣ ਵਾਲੀ ਮੈਂਡੀ ਤੱਖਰ ਨੇ ਦਰਜਨਾਂ ਫਿਲਮਾਂ 'ਚ ਕੰਮ ਕੀਤਾ। ਇਸੇ ਦੌਰਾਨ ਕਈ ਫਿਲਮਾਂ ਨੇ ਉਸ ਦੀ ਪਛਾਣ ਨੂੰ ਹੋਰ ਵੀ ਗੂੜ੍ਹਾ ਕੀਤਾ। 'ਅਰਦਾਸ' ਅਤੇ 'ਰੱਬ ਦਾ ਰੇਡੀਓ' ਵਿਚਲੇ ਕਿਰਦਾਰ ਨੂੰ ਦਰਸ਼ਕਾਂ ਨੇ ਬੇਹੱਦ ਪਿਆਰ ਦਿੱਤਾ।

ਇਨ੍ਹੀਂ ਦਿਨੀਂ ਮੈਂਡੀ ਤੱਖਰ ਆਪਣੀ ਨਵੀਂ ਫਿਲਮ 'ਸਾਕ' ਨਾਲ ਇੱਕ ਵਾਰ ਫਿਰ ਚਰਚਾ ਵਿਚ ਹੈ। ਇਸ ਫਿਲਮ 'ਚ ਉਸ ਦਾ ਕਿਰਦਾਰ ਇੱਕ ਨਿਰੋਲ ਪੰਜਾਬਣ ਦਾ ਹੈ, ਜੋ ਆਪਣੇ ਮਾਪਿਆਂ ਅਤੇ ਸਮਾਜ ਦੀ ਲੱਜ ਪਾਲਦੀ ਆਪਣੇ ਦਿਲ 'ਤੇ ਪੱਥਰ ਧਰ ਕੇ ਕਿਵੇਂ ਆਪਣੇ ਪਿਆਰ



ਨੂੰ ਹਾਸਲ ਕਰਦੀ ਹੈ। ਫਿਲਮ ਫੌਜੀ ਜੀਵਨ ਨਾਲ ਸਬੰਧਤ ਮਨੁੱਖੀ ਰਿਸ਼ਤਿਆਂ ਦੀ ਦਿਲਚਸਪ ਕਹਾਣੀ ਹੈ, ਜੋ ਦਰਸ਼ਕਾਂ ਨੂੰ ਬੀਤੇ ਕੱਲ ਅਤੇ ਵਰਤਮਾਨ ਨਾਲ ਜੋੜਦੀ ਹੈ। ਮੈਂਡੀ ਤੱਖਰ ਨਾਲ ਜੋਬਨਪ੍ਰੀਤ ਸਿੰਘ ਮੁੱਖ ਭੂਮਿਕਾ 'ਚ ਨਜ਼ਰ ਆਵੇਗਾ। ਮੈਂਡੀ ਨੇ ਇਸ ਫਿਲਮ ਵਿਚ ਚੰਨ ਕੌਰ ਦਾ ਕਿਰਦਾਰ ਨਿਭਾਇਆ ਹੈ। ਜੋਬਨਪ੍ਰੀਤ ਦੀ ਇਹ ਪਹਿਲੀ ਫਿਲਮ ਹੈ ਤੇ ਉਹ ਫੌਜੀ ਕਰਮ ਸਿੰਘ ਦੇ ਕਿਰਦਾਰ 'ਚ ਨਜ਼ਰ ਆਵੇਗਾ।

ਮੈਂਡੀ ਨੇ ਕਿਹਾ ਕਿ ਦਰਸ਼ਕਾਂ ਦੇ ਪਿਆਰ ਅਤੇ ਹੌਸਲੇ ਸਦਕਾ ਹੀ ਉਹ ਨਿਰੰਤਰ ਅੱਗੇ ਵਧ ਰਹੀ ਹੈ। ਫਿਲਮ 'ਸਾਕ' ਵਿਚ ਉਸ ਦਾ ਕਿਰਦਾਰ ਬਹੁਤ ਹੀ ਵੱਖਰਾ ਤੇ ਦਿਲਚਸਪ ਹੈ।

ਮਿਨਹਾਸ ਫਿਲਮਜ਼ ਦੇ ਬੈਨਰ ਹੇਠ ਜਤਿੰਦਰ ਜੇ. ਮਿਨਹਾਸ ਤੇ ਰੁਪਿੰਦਰ ਮਿਨਹਾਸ ਦੀ ਇਸ ਫਿਲਮ ਦਾ ਨਿਰਦੇਸ਼ਨ ਕੰਵਲਜੀਤ ਸਿੰਘ ਨੇ ਕੀਤਾ ਹੈ। ਫਿਲਮ ਦੀ ਕਹਾਣੀ ਤੇ ਡਾਇਲਾਗ ਕੰਵਲਜੀਤ ਸਿੰਘ ਨੇ ਲਿਖੇ ਹਨ। ਫਿਲਮ 'ਚ ਮੁਕੁਲ ਦੇਵ, ਦਿਲਾਵਰ ਸਿੱਧੂ, ਰੁਪਿੰਦਰ ਰੂਪੀ, ਸੋਨਪ੍ਰੀਤ ਜਵੰਧਾ, ਮਹਾਂਵੀਰ ਭੁੱਲਰ ਆਦਿ ਵੀ ਅਹਿਮ ਕਿਰਦਾਰ 'ਚ ਹਨ। ਸੰਗੀਤ ਜੈ ਦੇਵ ਕੁਮਾਰ ਨੇ ਦਿੱਤਾ ਹੈ। ਗੀਤ ਵੀਤ ਬਲਜੀਤ ਨੇ ਲਿਖੇ ਹਨ।

***-ਸੁਰਜੀਤ ਜੱਸਲ***
***ਫੋਨ: 91-98146-07737***

# 5aab CDL Learning Center

445 Commerce Square, Columbus, OH 43228
Email: info@5aabcdl.com www.5aabcdl.com



ਟਰੱਕ ਟਰੇਲਰ ਚਲਾਉਣਾ 4 ਹਫਤਿਆਂ ਵਿਚ ਸਿੱਖੋ

ਆਪਣੀ ਰਿਹਾਇਸ਼ ਵਾਲੀ ਸਟੇਟ ਤੋਂ ਲਰਨਿੰਗ ਪਰਮਿਟ ਲਿਆਓ ਤੇ ਓਹਾਇਓ 'ਚ ਟਰੇਨਿੰਗ ਲਓ ਤੇ ਟੈਸਟ ਦੇ ਕੇ ਆਪਣੀ ਸਟੇਟ ਤੋਂ ਸੀ.ਡੀ.ਐਲ. ਕਲਾਸ ਏ ਲਾਇਸੈਂਸ ਲਓ।

*ਵਧੀਆ ਇਕੁਇਪਮੈਂਟ ਅਤੇ ਟਰੇਨਿੰਗ ਸੈਂਟਰ
*ਮਾਹਿਰ ਇੰਸਟਰਕਟਰਾਂ ਤੋਂ ਹੱਥੋ ਹੱਥ ਮੁਕੰਮਲ ਟਰੇਨਿੰਗ
*ਛੋਟੇ ਸਾਈਜ਼ ਦੀਆਂ ਕਲਾਸਾਂ ਹੱਥੀਂ ਟਰੇਨਿੰਗ ਲਈ ਚੋਖਾ ਸਮਾਂ
*Small class sizes with plenty of hands on time.

## 5ਆਬ ਸੀ.ਡੀ.ਐਲ. ਲਰਨਿੰਗ ਸੈਂਟਰ

ਸੰਪਰਕ ਕਰੋ, ਫੋਨ: 614-423-6861
614-749-6718



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

## ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900



# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

**One of the Fastest Growing City in America and Best School System...**



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**